ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com
23-29 ਸਤੰਬਰ 2026
ਸਾਲ 17ਵਾਂ - ਅੰਕ 39
email : info@sadelok.com
510-706-1300

## ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਲੈ ਕੇ ਭਾਰਤ-ਪਾਕਿ ਸਰਹੱਦ 'ਤੇ ਤਣਾਅਪੂਰਨ ਤੇ ਭਾਵੁਕ ਪਲ

BSF ਵੱਲੋਂ ਰੋਕੇ ਜਾਣ ਮਗਰੋਂ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜ਼ੀਰੋ ਲਾਈਨ ਨੇੜੇ ਬੈਠ ਕੇ ਕੀਤੀ ਅਰਦਾਸ; ਕੰਡਿਆਲੀ ਤਾਰ ਦੇ ਦੋਵਾਂ ਪਾਸਿਆਂ ਗੂੰਜਿਆ ਗੁਰਬਾਣੀ ਜਾਪ; 'ਗੁਰਧਾਮਾਂ ਦੇ ਦਰਸ਼ਨਾਂ 'ਤੇ ਸਿਆਸੀ ਰੋਕਾਂ ਅਸਹਿਣਯੋਗ'



ਬਾਕੀ ਸਫ਼ਾ 32 'ਤੇ

# ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਿਰੁੱਧ ਦੇਸ਼ ਵਿਆਪੀ ਵਿਰੋਧ ਤੇਜ਼

## ਤੁਰੰਤ ਅਸਤੀਫ਼ੇ ਦੀ ਮੰਗ ਨੂੰ ਲੈ ਕੇ 'ਮਹਾਦੋਸ਼' ਅਤੇ 'ਅੰਦੋਲਨ 2.0' ਦੀ ਚਿਤਾਵਨੀ

**ਵੋਟਰ ਸੂਚੀਆਂ 'ਚੋਂ ਵਿਰੋਧੀ ਧਿਰ ਦੇ ਗੜ੍ਹਾਂ ਵਿੱਚ ਲੱਖਾਂ ਵੋਟਾਂ ਕੱਟਣ ਦੇ ਦੋਸ਼; CJP ਨੇ ਗਿਆਨੇਸ਼ ਕੁਮਾਰ ਨੂੰ ਦੱਸਿਆ 'ਭਾਜਪਾ ਦਾ ਅਸਲ ਰਣਨੀਤੀਕਾਰ'; ਜੰਤਰ-ਮੰਤਰ ਵਿਖੇ ਪੱਕੇ ਮੋਰਚੇ ਦਾ ਐਲਾਨ**

ਨਵੀਂ ਦਿੱਲੀ : ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਅਤੇ ਚੋਣ ਪ੍ਰਕਿਰਿਆ ਬਾਰੇ ਮੀਡੀਆ ਵਿੱਚ ਨਸ਼ਰ ਹੋਈਆਂ ਤਾਜ਼ਾ ਰਿਪੋਰਟਾਂ ਤੋਂ ਬਾਅਦ ਭਾਰਤੀ ਚੋਣ ਕਮਿਸ਼ਨ (ECI) ਦੁਆਲੇ ਖੜ੍ਹਾ ਹੋਇਆ ਵਿਵਾਦ ਬੇਹੱਦ ਗੰਭੀਰ ਰੂਪ ਧਾਰਨ ਕਰ ਗਿਆ ਹੈ। ਵਿਰੋਧੀ ਪਾਰਟੀਆਂ ਤੋਂ ਇਲਾਵਾ ਕਾਕਰੋਚ ਜਨਤਾ ਪਾਰਟੀ (CJP) ਵੱਲੋਂ ਕੌਮੀ ਰਾਜਧਾਨੀ ਵਿਖੇ ਸੱਦੀ ਗਈ ਵਿਸ਼ੇਸ਼ ਪ੍ਰੈੱਸ ਕਾਨਫ਼ਰੰਸ ਦੌਰਾਨ ਮੁੱਖ ਚੋਣ ਕਮਿਸ਼ਨਰ (CEC) ਗਿਆਨੇਸ਼ ਕੁਮਾਰ 'ਤੇ ਨਾਗਰਿਕਾਂ ਦੇ ਵੋਟ ਦੇ ਬੁਨਿਆਦੀ ਹੱਕ ਨੂੰ ਖੋਹਣ ਦੇ ਸਿੱਧੇ ਅਤੇ ਸੰਗੀਨ ਦੋਸ਼ ਲਾਏ ਗਏ ਹਨ। ਆਗੂਆਂ ਨੇ ਦੋਸ਼ ਲਾਇਆ ਕਿ ਮੁੱਖ ਚੋਣ ਕਮਿਸ਼ਨਰ ਲੋਕਤੰਤਰੀ ਢਾਂਚੇ ਲਈ ਸਭ ਤੋਂ ਵੱਡਾ ਖ਼ਤਰਾ ਸਾਬਤ ਹੋ ਰਹੇ ਹਨ ਅਤੇ ਚੋਣਾਂ ਵਿੱਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀ ਕਥਿਤ ਜਿੱਤ ਦੇ ਪਰਦੇ ਪਿੱਛੇ ਬੈਠੇ ਅਸਲ ਰਣਨੀਤੀਕਾਰ ਵਜੋਂ ਕੰਮ ਕਰ ਰਹੇ ਹਨ। CJP ਦੇ ਪ੍ਰਮੁੱਖ ਆਗੂਆਂ ਅਭਿਜੀਤ ਦਿਪਕੇ, (ਦੇਖੋ ਸਫ਼ਾ 48 'ਤੇ)



(ਫੋਟੋ : ਏਐਨਆਈ)

## ਏਸ਼ੀਆਈ ਖੇਡਾਂ 'ਚ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਜਿੱਤਿਆ ਇਤਿਹਾਸਕ ਸੋਨ ਤਗ਼ਮਾ

**ਮੋਗਾ ਦੀ ਧੀ ਤੇ ਕਪਤਾਨ ਹਰਮਨਪ੍ਰੀਤ ਕੌਰ ਦੀ ਅਗਵਾਈ ਹੇਠ ਰਚਿਆ ਇਤਿਹਾਸ**



ਚੰਡੀਗੜ੍ਹ : ਏਸ਼ੀਆਈ ਖੇਡਾਂ ਦੇ ਮਹਿਲਾ ਕ੍ਰਿਕਟ ਮੁਕਾਬਲੇ ਵਿੱਚ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਆਪਣੀ ਦਮਦਾਰ ਖੇਡ ਅਤੇ ਸ਼ਾਨਦਾਰ ਰਣਨੀਤੀ ਦੇ ਦਮ 'ਤੇ ਸੁਨਹਿਰੀ ਇਤਿਹਾਸ ਰਚਦਿਆਂ ਸੋਨ ਤਗ਼ਮਾ (Gold Medal) ਆਪਣੇ ਨਾਂ ਕਰ ਲਿਆ ਹੈ। ਟੀਮ ਦੀ ਕਪਤਾਨੀ ਕਰ ਰਹੀ ਪੰਜਾਬ ਦੇ ਜ਼ਿਲ੍ਹਾ ਮੋਗਾ ਨਾਲ ਸਬੰਧਤ ਸਟਾਰ ਕ੍ਰਿਕਟਰ ਹਰਮਨਪ੍ਰੀਤ ਕੌਰ ਦੀ ਚੁਸਤ ਅਗਵਾਈ ਹੇਠ ਭਾਰਤੀ ਟੀਮ ਨੇ ਵਿਰੋਧੀ ਟੀਮ ਨੂੰ ਚਾਰੇ ਖ਼ਾਨੇ ਚਿੱਤ ਕਰਦਿਆਂ ਪੋਡੀਅਮ ਦੇ ਸਿਖ਼ਰ 'ਤੇ ਤਿਰੰਗਾ ਲਹਿਰਾਇਆ। (ਦੇਖੋ ਸਫ਼ਾ 40 'ਤੇ)

**ਦਿਲ ਮਿਲੇ ਨਾ ਮਿਲੇ, ਹੱਥ ਮਿਲਾਉਣੇ ਪੈਂਦੇ ਨੇ; ਸਿਆਸਤ ਦੇ ਵਿੱਚ ਦੁਸ਼ਮਣ ਵੀ ਯਾਰ ਬਣਾਉਣੇ ਪੈਂਦੇ ਨੇ !**

# ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦਾ ਵ੍ਹਾਈਟ ਹਾਊਸ 'ਚ ਸ਼ਾਹੀ ਸਵਾਗਤ



Photo : The white house/Facebook

**ਕੌਮਾਂਤਰੀ ਕੂਟਨੀਤੀ 'ਚ ਆਰਥਿਕਤਾ ਤੇ ਤਾਕਤ ਦਾ ਬੋਲਬਾਲਾ; 'ਬਿਹਤਰ ਭਵਿੱਖ ਲਈ ਮਿਲ ਕੇ ਕੰਮ ਕਰਾਂਗੇ' : ਟਰੰਪ**

**ਸ਼ੀ ਬੋਲੇ- 'ਮੁਕਾਬਲਾ ਦੌੜ ਵਰਗਾ ਹੋਵੇ, ਕੁਸ਼ਤੀ ਵਰਗਾ ਨਹੀਂ"**

ਵਾਸ਼ਿੰਗਟਨ/ਨਿਊਯਾਰਕ : ਕੌਮਾਂਤਰੀ ਕੂਟਨੀਤੀ ਦੇ ਪਿੜ ਵਿੱਚ ਜਿੱਥੇ ਆਪਸੀ ਮਤਭੇਦਾਂ ਅਤੇ ਤਣਾਅ ਦੀਆਂ ਦੀਵਾਰਾਂ ਉੱਚੀਆਂ ਹੁੰਦੀਆਂ ਹਨ, ਉੱਥੇ ਹੀ ਵਿਸ਼ਵ ਆਰਥਿਕ ਹਿੱਤ ਅਤੇ ਗਲੋਬਲ ਤਾਕਤ ਦੇ ਸਮੀਕਰਨ ਦੁਸ਼ਮਣੀਆਂ ਨੂੰ ਦੋਸਤੀ ਦੇ ਦਸਤੂਰ ਵਿੱਚ ਬਦਲਣ ਲਈ ਮਜਬੂਰ ਕਰ ਦਿੰਦੇ ਹਨ। ਅਜਿਹਾ ਹੀ ਇਤਿਹਾਸਕ ਮੰਜ਼ਰ ਵਾਸ਼ਿੰਗਟਨ ਸਥਿਤ ਵ੍ਹਾਈਟ ਹਾਊਸ ਵਿਖੇ ਦੇਖਣ ਨੂੰ ਮਿਲਿਆ, ਜਿੱਥੇ ਸੰਯੁਕਤ ਰਾਜ ਅਮਰੀਕਾ ਦੇ ਅਧਿਕਾਰਤ ਸਰਕਾਰੀ ਦੌਰੇ 'ਤੇ ਪੁੱਜੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਬੇਹੱਦ ਸ਼ਾਹੀ, ਰਸਮੀ ਅਤੇ ਨਿੱਘਾ ਸਵਾਗਤ ਕੀਤਾ ਗਿਆ।

ਵ੍ਹਾਈਟ ਹਾਊਸ ਦੇ ਸਾਊਥ ਪੋਰਟੀਕੋ (South Portico) ਵਿਖੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਪ੍ਰਥਮ ਮਹਿਲਾ ਮੇਲਾਨੀਆ ਟਰੰਪ ਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਉਨ੍ਹਾਂ ਦੀ ਧਰਮਪਤਨੀ ਪੇਂਗ ਲਿਯੁਆਨ ਦਾ ਰੈੱਡ ਕਾਰਪੇਟ ਅਤੇ ਫ਼ੌਜੀ ਗਾਰਡ ਆਫ਼ ਆਨਰ ਨਾਲ ਸਵਾਗਤ ਕੀਤਾ। (ਬਾਕੀ ਸਫ਼ਾ 51 'ਤੇ)

**ਮਾਮਲਾ ਬਹਿਰੀਨ ਤੋਂ ਆਈ ਬੀਬੀ ਦੀ ਮਹਿਮਾਨ ਨਿਵਾਜ਼ੀ ਅਤੇ ਚਾਵਲਾ 'ਤੇ ਲੱਗੇ ਦੋਸ਼ਾਂ ਦਾ**

## ਪੰਜ ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਦੇ ਘਰ ਦਾ ਘਿਰਾਓ ਕਰਕੇ ਕੀਤੀ ਅਸਤੀਫ਼ੇ ਦੀ ਮੰਗ



ਹੁਸ਼ਿਆਰਪੁਰ : ਪੰਜ ਸਿੱਖ ਜਥੇਬੰਦੀਆਂ ਦੇ ਜਥੇ ਵਲੋਂ ਹੁਸ਼ਿਆਰਪੁਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਘਰ ਦੇ ਘਿਰਾਓ ਦੇ ਕੀਤੇ ਐਲਾਨ ਨੂੰ ਲੈ ਕੇ ਪੁਲਿਸ ਪ੍ਰਸ਼ਾਸਨ ਵਲੋਂ ਜਥੇ ਨੂੰ ਘਰ ਤੋਂ ਕਾਫ਼ੀ ਦੂਰ ਰੋਕ ਦਿੱਤਾ ਗਿਆ। ਇਸ ਮੌਕੇ ਅਲਾਇੰਸ ਆਫ਼ ਸਿੱਖ ਆਰਗੇਨਾਈਜੇਸ਼ਨਜ਼, (ਦੇਖੋ ਸਫ਼ਾ 32 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

COMPLETE SOLAR & BATTERY STARTING AT $23,000
For a standard 5kW Solar & 14kWh Battery system
Price is for installation on code-compliant homes. Electrical panel or roof upgrades are extra.
TSP ROOFING & SOLAR
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ Political Asylum
Deportation of Defense BIA Appeal
9 Circuit Court Federal Court
ਗਰੀਨਕਾਰਡ ਸਿਟੀਜ਼ਨਸ਼ਿਪ
Green Card Citizenship
ਡਾਈਵੋਰਸ ਸਿਵਲ ਐਂਡ ਕਰੀਮੀਨਲ ਕੇਸ
Divorce Civil and Criminal Cases
Family Petition Immigration
Travel document Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
ESQ, Abogado
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਪੰਜਾਬ 'ਚ ਵਿਦੇਸ਼ ਜਾਣ ਦੀ ਆੜ ਵਿੱਚ ਵਧ ਰਹੇ 'ਜਾਅਲੀ ਵਿਆਹਾਂ' ਦੇ ਮਾਮਲੇ; ਕੈਨੇਡਾ ਵੱਲੋਂ Marriage Fraud ਵਿਰੁੱਧ ਸਖ਼ਤ ਚਿਤਾਵਨੀ

## ਪੰਜਾਬ 'ਚ (IELTS) ਠੇਕਾ ਵਿਆਹਾਂ ਦੀ ਠੱਗੀ ਦਰਮਿਆਨ IRCC ਨੇ ਦਿੱਤੀ ਚਿਤਾਵਨੀ; ਸੁਆਰਥੀ ਸਬੰਧ ਬਣਾਉਣ 'ਤੇ ਅਪਰਾਧਿਕ ਕਾਰਵਾਈ ਅਤੇ ਵੀਜ਼ਾ ਰੱਦ ਕਰਨ ਦਾ ਦਿੱਤਾ ਇਸ਼ਾਰਾ

ਕੈਨੇਡਾ : ਇਮੀਗ੍ਰੇਸ਼ਨ ਅਰਜ਼ੀਆਂ ਦੀ ਬਾਰੀਕੀ ਨਾਲ ਜਾਂਚ ਅਤੇ ਵੀਜ਼ਾ ਨਿਯਮਾਂ ਦੀ ਸਖ਼ਤੀ ਦਰਮਿਆਨ, ਕੈਨੇਡਾ ਦੀਆਂ ਇਮੀਗ੍ਰੇਸ਼ਨ ਅਥਾਰਟੀਆਂ ਨੇ ਵਿਆਹਾਂ ਰਾਹੀਂ ਹੁੰਦੀ ਠੱਗੀ (Marriage Fraud) ਵਿਰੁੱਧ ਇੱਕ ਨਵੀਂ ਚਿਤਾਵਨੀ ਜਾਰੀ ਕੀਤੀ ਹੈ। ਅਧਿਕਾਰੀਆਂ ਨੇ ਆਪਣੇ ਨਾਗਰਿਕਾਂ, ਪੱਕੇ ਵਸਨੀਕਾਂ (PR) ਅਤੇ ਵਿਦੇਸ਼ੀ ਨਾਗਰਿਕਾਂ ਨੂੰ ਤਾਕੀਦ ਕੀਤੀ ਹੈ ਕਿ ਸਿਰਫ਼ ਕੈਨੇਡਾ ਦੀ ਇਮੀਗ੍ਰੇਸ਼ਨ ਜਾਂ ਪੱਕੀ ਰਿਹਾਇਸ਼ ਪ੍ਰਾਪਤ ਕਰਨ ਦੇ ਮਕਸਦ ਨਾਲ ਬਣਾਏ ਗਏ ਸੁਆਰਥੀ ਰਿਸ਼ਤਿਆਂ ਦੇ ਗੰਭੀਰ ਕਾਨੂੰਨੀ ਸਿੱਟੇ ਭੁਗਤਣੇ ਪੈ ਸਕਦੇ ਹਨ।



ਇਹ ਐਡਵਾਇਜ਼ਰੀ ਇਮੀਗ੍ਰੇਸ਼ਨ, ਰੈਫ਼ਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (IRCC) ਵੱਲੋਂ ਸੋਸ਼ਲ ਮੀਡੀਆ 'ਤੇ ਜਾਰੀ ਕੀਤੀ ਗਈ ਹੈ, ਜਿਸ ਵਿੱਚ ਝੂਠੇ ਵਿਆਹਾਂ ਅਤੇ 'ਨਫ਼ੇ-ਨੁਕਸਾਨ ਦੇ ਸਬੰਧਾਂ' (relationships of convenience) ਰਾਹੀਂ ਵੀਜ਼ਾ ਹਾਸਲ ਕਰਨ ਦੀਆਂ ਕੋਸ਼ਿਸ਼ਾਂ 'ਤੇ ਡੂੰਘੀ ਚਿੰਤਾ ਪ੍ਰਗਟਾਈ ਗਈ ਹੈ। IRCC ਨੇ ਕੈਨੇਡੀਅਨ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਜੀਵਨ ਸਾਥੀ ਨੂੰ ਸਪਾਂਸਰ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਜਾਂਚ-ਪੜਤਾਲ ਕਰਨ- ਖਾਸ ਕਰਕੇ ਜਦੋਂ ਉਹ ਵਿਅਕਤੀ ਹੁਣੇ-ਹੁਣੇ ਮਿਲਿਆ ਹੋਵੇ, ਤੁਰੰਤ ਵਿਆਹ ਲਈ ਦਬਾਅ ਪਾ ਰਿਹਾ ਹੋਵੇ, ਜਾਂ ਉਸ ਦਾ ਪਹਿਲਾਂ ਵੀ ਕਈ ਵਾਰ ਵਿਆਹ ਹੋ ਚੁੱਕਾ ਹੋਵੇ। ਇਸ ਤੋਂ ਇਲਾਵਾ, ਜੇਕਰ ਕੋਈ ਆਪਣੇ ਪਰਿਵਾਰਕ ਪਿਛੋਕੜ ਜਾਂ ਨਿੱਜੀ ਜਾਣਕਾਰੀ ਸਾਂਝੀ ਕਰਨ ਤੋਂ ਝਿਜਕਦਾ ਹੈ, ਤਾਂ ਵੀ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਗਈ ਹੈ।

ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਮੁਤਾਬਕ, 'ਨਫ਼ੇ-ਨੁਕਸਾਨ ਦਾ ਰਿਸ਼ਤਾ' ਉਹ ਹੁੰਦਾ ਹੈ ਜੋ ਅਸਲ ਜੀਵਨ ਸਾਥੀ ਵਜੋਂ ਰਹਿਣ ਦੀ ਬਜਾਏ ਕੇਵਲ ਵਿਦੇਸ਼ੀ ਨਾਗਰਿਕ ਨੂੰ ਕੈਨੇਡਾ ਪਹੁੰਚਾਉਣ ਦੀ ਨੀਅਤ ਨਾਲ ਕੀਤਾ ਗਿਆ ਹੋਵੇ। ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਇਮੀਗ੍ਰੇਸ਼ਨ ਅਫ਼ਸਰਾਂ ਨੂੰ ਅਜਿਹੇ ਝੂਠੇ ਵਿਆਹਾਂ ਨੂੰ ਪਛਾਣਨ ਦੀ ਵਿਸ਼ੇਸ਼ ਸਿਖਲਾਈ ਦਿੱਤੀ ਗਈ ਹੈ। ਦਸਤਾਵੇਜ਼ਾਂ ਦੀ ਪੜਤਾਲ ਅਤੇ ਇੰਟਰਵਿਊਆਂ ਵਰਗੇ ਅਹਿਮ ਸਾਧਨਾਂ ਰਾਹੀਂ ਅਸਲੀ ਅਤੇ ਨਕਲੀ ਰਿਸ਼ਤਿਆਂ ਦਾ ਪਤਾ ਲਗਾਇਆ ਜਾ ਰਿਹਾ ਹੈ। ਐਡਵਾਇਜ਼ਰੀ 'ਚ ਚਿਤਾਵਨੀ ਦਿੱਤੀ ਗਈ ਹੈ ਕਿ ਝੂਠੇ ਵਿਆਹ ਦੇ ਆਧਾਰ 'ਤੇ ਸਪਾਂਸਰਸ਼ਿਪ ਕਰਨ ਵਾਲੇ ਕੈਨੇਡੀਅਨ ਨਾਗਰਿਕਾਂ ਜਾਂ ਪੀਆਰ ਧਾਰਕਾਂ 'ਤੇ ਅਪਰਾਧਿਕ ਕੇਸ ਵੀ ਦਰਜ ਹੋ ਸਕਦੇ ਹਨ।

**ਲਗਾਤਾਰ ਵਧ ਰਹੇ ਸਨ ਠੇਕਾਂ ਵਿਆਹਾਂ ਦੇ ਮਾਮਲਾ :** ਇਹ ਚਿਤਾਵਨੀ ਅਜਿਹੇ ਸਮੇਂ ਆਈ ਹੈ ਜਦੋਂ ਪੰਜਾਬ ਵਿੱਚ ਆਈ.ਈ.ਐੱਲ.ਟੀ.ਐੱਸ. (IELTS) 'ਠੇਕਾ ਵਿਆਹਾਂ' ਅਤੇ ਲਾੜੀਆਂ ਵੱਲੋਂ ਕੀਤੀ ਜਾਂਦੀ ਠੱਗੀ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਅਕਸਰ ਅਜਿਹੇ ਮਾਮਲਿਆਂ ਵਿੱਚ ਲੜਕਾ ਆਈ.ਈ.ਐੱਲ.ਟੀ.ਐੱਸ. ਵਿੱਚ ਲੋੜੀਂਦੇ ਬੈਂਡ ਪ੍ਰਾਪਤ ਕਰਨ ਵਿੱਚ ਅਸਮਰੱਥ ਹੁੰਦਾ ਹੈ, ਜਿਸ ਕਾਰਨ ਉਹ ਕਿਸੇ ਹੋਸ਼ਿਆਰ ਲੜਕੀ ਦੀ ਪੜ੍ਹਾਈ, ਟਿਕਟ ਅਤੇ ਕੈਨੇਡਾ ਰਹਿਣ ਦਾ ਸਾਰਾ ਖ਼ਰਚਾ ਚੁੱਕਦਾ ਹੈ ਤਾਂ ਜੋ ਉਹ ਲੜਕੀ ਕੈਨੇਡਾ ਪਹੁੰਚ ਕੇ ਉਸ ਨੂੰ 'ਸਪਾਊਸ ਵੀਜ਼ੇ' (Spouse Visa) 'ਤੇ ਬੁਲਾ ਸਕੇ। ਪਰ ਕੈਨੇਡਾ ਪਹੁੰਚਦਿਆਂ ਹੀ ਕਈ ਲੜਕੀਆਂ ਵੱਲੋਂ ਲੜਕੇ ਅਤੇ ਉਸ ਦੇ ਪਰਿਵਾਰ ਨਾਲੋਂ ਸਬੰਧ ਤੋੜ ਲਏ ਜਾਂਦੇ ਹਨ, ਜਿਸ ਨਾਲ ਪੰਜਾਬ ਵਿੱਚ ਪੁਲੀਸ ਕੇਸ ਅਤੇ ਅਦਾਲਤੀ ਲੜਾਈਆਂ ਵਧ ਰਹੀਆਂ ਹਨ। ਕੈਨੇਡਾ ਸਰਕਾਰ ਨੇ ਅਸਥਾਈ ਵਸਨੀਕਾਂ ਅਤੇ ਸਟੂਡੈਂਟ ਵੀਜ਼ਿਆਂ 'ਤੇ ਨਿਗਰਾਨੀ ਸਖ਼ਤ ਕਰਦਿਆਂ ਇਮੀਗ੍ਰੇਸ਼ਨ ਪ੍ਰਣਾਲੀ ਦੀ ਪਾਰਦਰਸ਼ਤਾ ਬਣਾਏ ਰੱਖਣ ਲਈ ਇਹ ਕਦਮ ਚੁੱਕੇ ਹਨ। ਇਸ ਦੇ ਨਾਲ ਹੀ, IRCC ਨੇ ਘਰੇਲੂ ਹਿੰਸਾ ਅਤੇ ਸ਼ੋਸ਼ਣ ਦਾ ਸਾਹਮਣਾ ਕਰ ਰਹੀਆਂ ਔਰਤਾਂ/ਜੀਵਨ ਸਾਥੀਆਂ ਨੂੰ ਰਾਹਤ ਦਿੰਦਿਆਂ ਸਾਫ਼ ਕੀਤਾ ਹੈ ਕਿ ਉਨ੍ਹਾਂ ਦਾ ਇਮੀਗ੍ਰੇਸ਼ਨ ਸਟੇਟਸ ਕਿਸੇ ਜ਼ਾਲਮ ਜਾਂ ਹਿੰਸਕ ਸਾਥੀ 'ਤੇ ਨਿਰਭਰ ਨਹੀਂ ਹੈ। ਉਹ ਕਿਸੇ ਵੀ ਤਸ਼ੱਦਦ ਦੀ ਸੂਰਤ ਵਿੱਚ ਬਿਨਾਂ ਆਪਣਾ ਸਟੇਟਸ ਗੁਆਏ ਕਾਨੂੰਨੀ ਮਦਦ ਲੈ ਸਕਦੇ ਹਨ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS
at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





Balsani Welders & Builders
We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।



S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ਕੈਲੀਫੋਰਨੀਆਂ 'ਚ ਅੰਤਰ-ਰਾਸ਼ਟਰੀ ਪੰਜਾਬੀ ਕਾਨਫਰੰਸ 27 ਨੂੰ


ਡਾ. ਨਬੀਲਾ ਰਹਿਮਾਨ


ਡਾ. ਆਤਮ ਰੰਧਾਵਾ


ਤਾਹਿਰ ਸਰਾ


ਡਾ. ਰਾਜੇਸ਼ ਸ਼ਰਮਾ

ਸਾਨ ਫਰਾਂਸਿਸਕੋ : ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਵੱਲੋਂ 27 ਸਤੰਬਰ 2026 ਨੂੰ ਪੈਰਾਡਾਈਜ਼ ਬਾਲਰੂਮ, ਫਰੀਮਾਂਟ ਵਿਖੇ ਕਰਵਾਈ ਜਾ ਰਹੀ ਪੰਜਾਬੀ ਕਾਨਫ਼ਰੰਸ 'ਚ ਲਹਿੰਦੇ ਪੰਜਾਬ ਤੋਂ ਡਾ. ਨਬੀਲਾ ਰਹਿਮਾਨ ਮੁੱਖ ਮਹਿਮਾਨ ਤੇ ਡਾ. ਆਤਮ ਰੰਧਾਵਾ, ਤਾਹਿਰਾ ਸਰਾ ਤੇ ਡਾ. ਰਾਜੇਸ਼ ਸ਼ਰਮਾ ਵਿਸ਼ੇਸ਼ ਵਕਤਾ ਵਜੋਂ ਸ਼ਿਰਕਤ ਕਰਨਗੇ। ਇਸ ਤੋਂ ਇਲਾਵਾ ਜੰਮੂ ਤੋਂ ਡਾ. ਮਨੋਜੀਤ ਸਿੰਘ, ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਹਰਦਮ ਸਿੰਘ ਮਾਨ, ਪਿਆਰਾ ਸਿੰਘ ਕੁੱਦੋਵਾਲ, ਆਸਟ੍ਰੇਲੀਆ ਤੋਂ ਅਵੀ ਸੰਧੂ, ਨਛੱਤਰ ਭੋਗਲ, ਕਰਨੈਲ ਸਿੰਘ ਕੈਲ, ਗੁਰਪ੍ਰੀਤ ਸੋਹਲ, ਮਾਸੂਦ ਮੱਲ੍ਹੀ, ਡਾ. ਬੀਨਾ ਗੋਂਦੀ ਅਤੇ ਡਾ. ਅਬਦੁਲ ਜ਼ਬਾਰ ਸਮੇਤ ਕਈ ਸਾਹਿਤਕਾਰ ਪੁੱਜਣਗੇ। ਇਸ ਦੌਰਾਨ ਪੁਸਤਕ ਪ੍ਰਦਰਸ਼ਨੀ ਹੋਵੇਗੀ ਤੇ ਨਵ ਪ੍ਰਕਾਸ਼ਿਤ ਪੁਸਤਕਾਂ ਲੋਕ ਅਰਪਣ ਕੀਤੀਆਂ ਜਾਣਗੀਆਂ। ਕਾਨਫ਼ਰੰਸ 'ਚ ਸ਼ਾਮਲ ਹੋਣ ਵਾਲੇ ਮਹਿਮਾਨਾਂ ਦੇ ਸਨਮਾਨ ਤੋਂ ਸਿਵਾ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਅਨੁਸਾਰ ਵਿਪਸਾ ਵੱਲੋਂ ਕਰਵਾਈ ਜਾ ਰਹੀ ਇਹ ਕਾਨਫ਼ਰੰਸ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਵਿਸ਼ਵ ਪੱਧਰ 'ਤੇ ਪ੍ਰਫੁੱਲਤ ਕਰਨ ਵੱਲ ਇਕ ਮਹੱਤਵਪੂਰਨ ਉਪਰਾਲਾ ਹੋਵੇਗੀ। ਇਸ ਮੌਕੇ ਅਮਰਜੀਤ ਕੌਰ ਪੰਨੂੰ, ਸੁਰਜੀਤ ਸਖੀ, ਗੁਲਸ਼ਨ ਦਿਆਲ, ਡਾ. ਪ੍ਰਿਥੀਪਾਲ ਸਿੰਘ ਸੋਹੀ, ਹਰਿੰਦਰ ਕੌਰ ਸੋਹੀ, ਅਮਰਜੀਤ ਸਿੰਘ ਜੌਹਲ, ਪ੍ਰੋ. ਸੁਰਿੰਦਰ ਸੀਰਤ, ਪ੍ਰੋ. ਸੁਖਦੇਵ ਸਿੰਘ, ਕੰਵਲਦੀਪ ਕੌਰ, ਬਰਜਿੰਦਰ ਸਿੰਘ, ਮੁਕੇਸ਼ ਸ਼ਰਮਾ ਤੇ ਲਾਜ ਨੀਲਮ ਸੈਣੀ ਵੀ ਹਾਜ਼ਰੀ ਲਗਵਾਉਣਗੇ।

# ਟਰੰਪ ਨੇ ਰੂਸ ਪਾਬੰਦੀ ਬਿੱਲ 'ਤੇ ਦਸਤਖ਼ਤ ਕੀਤੇ, ਭਾਰਤ ਸਮੇਤ ਹੋਰ ਦੇਸ਼ਾਂ 'ਤੇ 100% ਟੈਰਿਫ ਦਾ ਸੰਕਟ

**Russia Sanctions Bill : ਅਮਰੀਕੀ ਸੈਨੇਟ ਵਿੱਚ 86-11 ਨਾਲ ਪਾਸ ਹੋਣ ਤੋਂ ਬਾਅਦ ਇਸ ਹਫ਼ਤੇ ਦੇ ਸ਼ੁਰੂ ਵਿੱਚ ਪ੍ਰਤੀਨਿਧ ਸਭਾ (ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼) ਵਿੱਚ 262-159 ਨਾਲ ਪਾਸ ਹੋਇਆ ਸੀ**




ਵਾਸ਼ਿੰਗਟਨ ਡੀਸੀ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸ਼ੁੱਕਰਵਾਰ (ਸਥਾਨਕ ਸਮੇਂ ਅਨੁਸਾਰ) ਨੂੰ ਰੂਸ ਅਤੇ ਇਰਾਨ 'ਤੇ ਪਾਬੰਦੀਆਂ ਲਗਾਉਣ ਵਾਲੇ ਲਿੰਡਸੇ ਓ. ਗ੍ਰਾਹਮ ਐਕਟ 2026 ਨੂੰ ਕਾਨੂੰਨ ਵਜੋਂ ਹਸਤਾਖਰ ਕਰ ਦਿੱਤਾ ਹੈ, ਜਿਸ ਨਾਲ ਵ੍ਹਾਈਟ ਹਾਊਸ ਨੇ ਰੂਸ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਕਾਨੂੰਨੀ ਪਾਬੰਦੀਆਂ, ਟੈਰਿਫਾਂ ਅਤੇ ਪਾਬੰਦੀਆਂ ਦਾ ਦਾਇਰਾ ਵਧਾ ਦਿੱਤਾ ਹੈ ਅਤੇ ਇਰਾਨ 'ਤੇ ਮੌਜੂਦਾ ਪਾਬੰਦੀਆਂ ਨੂੰ ਅੱਗੇ ਵਧਾ ਦਿੱਤਾ ਹੈ। ਸ਼ੁੱਕਰਵਾਰ ਨੂੰ ਹਸਤਾਖਰ ਕੀਤਾ ਗਿਆ ਇਹ ਕਾਨੂੰਨ ਅਮਰੀਕੀ ਰਾਸ਼ਟਰਪਤੀ ਨੂੰ ਉਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਸਮਾਨ 'ਤੇ 100 ਫੀਸਦੀ ਤੱਕ ਦੇ ਟੈਰਿਫ ਲਗਾਉਣ ਦਾ ਅਧਿਕਾਰ ਦਿੰਦਾ ਹੈ ਜੋ ਰੂਸੀ ਕੱਚੇ ਤੇਲ ਜਾਂ ਕੁਦਰਤੀ ਗੈਸ ਦੀ ਖਰੀਦ ਅਤੇ ਪਾਬੰਦੀਆਂ ਤੋਂ ਬਚਣ ਨਾਲ ਜੁੜੇ ਨਿਰਧਾਰਤ ਮਾਪਦੰਡਾਂ ਨੂੰ ਪੂਰਾ ਕਰਦੇ ਹਨ।

ਇਹ ਉਪਾਅ ਰੂਸੀ ਅਧਿਕਾਰੀਆਂ, ਵਿੱਤੀ ਸੰਸਥਾਵਾਂ, ਰੱਖਿਆ-ਸਬੰਧਤ ਨੈੱਟਵਰਕਾਂ ਅਤੇ ਪੱਛਮੀ ਪਾਬੰਦੀਆਂ ਨੂੰ ਦਰਕਿਨਾਰ ਕਰਦੇ ਹੋਏ ਊਰਜਾ ਦੀ ਢੋਆ-ਢੁਆਈ ਲਈ ਵਰਤੇ ਜਾਣ ਵਾਲੇ ਦੇਸ਼ ਦੇ "ਸ਼ੈਡੋ ਫਲੀਟ" (ਛੁਪੇ ਹੋਏ ਬੇੜੇ) ਨੂੰ ਵੀ ਨਿਸ਼ਾਨਾ ਬਣਾਉਂਦਾ ਹੈ। ਇਹ ਇਰਾਨ ਪਾਬੰਦੀ ਐਕਟ ਨੂੰ ਪੰਜ ਸਾਲਾਂ ਲਈ ਹੋਰ ਵਧਾਉਂਦਾ ਹੈ।

ਇਹ ਬਿੱਲ ਅਗਸਤ ਵਿੱਚ ਅਮਰੀਕੀ ਸੈਨੇਟ ਵਿੱਚ 86-11 ਨਾਲ ਪਾਸ ਹੋਣ ਤੋਂ ਬਾਅਦ ਇਸ ਹਫ਼ਤੇ ਦੇ ਸ਼ੁਰੂ ਵਿੱਚ ਪ੍ਰਤੀਨਿਧ ਸਭਾ (ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼) ਵਿੱਚ 262-159 ਨਾਲ ਪਾਸ ਹੋਇਆ ਸੀ। ਇਸ ਦਾ ਨਾਮ ਮਰਹੂਮ ਰਿਪਬਲਿਕਨ ਸੈਨੇਟਰ ਲਿੰਡਸੇ ਗ੍ਰਾਹਮ ਦੇ ਨਾਮ 'ਤੇ ਰੱਖਿਆ ਗਿਆ ਸੀ, ਜੋ ਇਸ ਕਾਨੂੰਨ ਦੇ ਪ੍ਰਮੁੱਖ ਸਮਰਥਕ ਸਨ।

ਇੱਕ ਮੁੱਖ ਪ੍ਰਬੰਧ ਰਾਸ਼ਟਰਪਤੀ ਨੂੰ ਰੂਸੀ ਕੱਚੇ ਤੇਲ ਜਾਂ ਕੁਦਰਤੀ ਗੈਸ ਦੇ ਪੰਜ ਸਭ ਤੋਂ ਵੱਡੇ ਦਰਾਮਦਕਾਰਾਂ, ਅਤੇ ਨਾਲ ਹੀ ਰੂਸੀ ਤੇਲ ਪਾਬੰਦੀਆਂ ਤੋਂ ਬਚਣ ਵਿੱਚ ਸਹਾਇਤਾ ਕਰਨ ਵਾਲੇ ਦੇਸ਼ਾਂ 'ਤੇ 100 ਫੀਸਦੀ ਤੱਕ ਦੇ ਨਿਸ਼ਾਨਾਬੱਧ ਡਿਊਟੀ ਲਗਾਉਣ ਦੀ ਇਜਾਜ਼ਤ ਦਿੰਦਾ ਹੈ। ਇਹ ਉਪਾਅ ਆਪਣੇ ਆਪ ਕਿਸੇ ਵੀ ਖਾਸ ਦੇਸ਼ 'ਤੇ 100 ਫੀਸਦੀ ਟੈਰਿਫ ਨਹੀਂ ਲਗਾਉਂਦਾ।

ਇਸ ਕਾਨੂੰਨ ਦਾ ਭਾਰਤ ਅਤੇ ਚੀਨ ਲਈ ਖਾਸ ਮਹੱਤਵ ਹੈ, ਜੋ ਰੂਸੀ ਕੱਚੇ ਤੇਲ ਦੇ ਪ੍ਰਮੁੱਖ ਖਰੀਦਦਾਰ ਬਣੇ ਹੋਏ ਹਨ। ਇਹ ਕਾਨੂੰਨ ਉਨ੍ਹਾਂ ਦੇਸ਼ਾਂ ਤੋਂ ਦਰਾਮਦਾਂ 'ਤੇ ਸੰਭਾਵੀ ਟੈਰਿਫ ਲਈ ਇੱਕ ਕਾਨੂੰਨੀ ਰਸਤਾ ਤਿਆਰ ਕਰਦਾ ਹੈ ਜੋ ਰੂਸੀ ਊਰਜਾ ਦੀ ਨਿਰਧਾਰਤ ਖਰੀਦਦਾਰੀ ਨੂੰ ਜਾਰੀ ਰੱਖਦੇ ਹਨ।

**ਭਾਰਤ 'ਤੇ ਪ੍ਰਭਾਵ**

ਰੂਸ ਪਾਬੰਦੀ ਬਿੱਲ 'ਤੇ ਟਰੰਪ ਦੇ ਦਸਤਖਤ ਕਰਨ ਨਾਲ ਭਾਰਤ ਨੂੰ ਹੁਣ ਨਵੇਂ ਟੈਰਿਫ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਡੈਮੋਕ੍ਰੇਟਿਕ ਕਾਂਗਰਸਮੈਨ ਸਟੈਨੀ ਹੋਇਅਰ ਦੁਆਰਾ ਪੇਸ਼ ਕੀਤੇ ਗਏ ਇੱਕ ਸੋਧ ਪੱਤਰ ਵਿੱਚ ਬਿੱਲ ਦੇ ਸੈਕੰਡਰੀ ਟੈਰਿਫ ਪ੍ਰਬੰਧਾਂ ਤਹਿਤ 10 ਦੇਸ਼ਾਂ-ਚੀਨ, ਭਾਰਤ, ਸੰਯੁਕਤ ਅਰਬ ਅਮੀਰਾਤ (ਯੂ.ਏ.ਈ.), ਤੁਰਕੀ, ਸਿੰਗਾਪੁਰ, ਅਜ਼ਰਬਾਈਜਾਨ, ਕਜ਼ਾਕਿਸਤਾਨ, ਹੰਗਰੀ, ਕਿਰਗਿਸਤਾਨ ਅਤੇ ਸਲੋਵਾਕੀਆ - ਨੂੰ 100 ਫੀਸਦੀ ਤੱਕ ਦੇ ਟੈਰਿਫ ਲਈ ਯੋਗ ਹੋਣ ਵਜੋਂ ਸਪੱਸ਼ਟ ਤੌਰ 'ਤੇ ਨਾਮਜ਼ਦ ਕਰਨ ਦੀ ਮੰਗ ਕੀਤੀ ਗਈ ਸੀ। ਹਾਲਾਂਕਿ, ਇਹ ਸੋਧ ਆਪਣੇ ਆਪ ਭਾਰਤ 'ਤੇ 100 ਫੀਸਦੀ ਡਿਊਟੀ ਨਹੀਂ ਲਗਾਉਂਦੀ।

ਜੇ ਟਰੰਪ ਆਪਣੀ ਤਾਕਤ ਦੀ ਵਰਤੋਂ ਕਰਨ ਦੀ ਚੋਣ ਕਰਦੇ ਹਨ ਤਾਂ ਭਾਰਤ 'ਤੇ ਟੈਰਿਫ ਲਗਾਏ ਜਾ ਸਕਦੇ ਹਨ।

ਜੇ ਟਰੰਪ ਵੱਲੋਂ ਭਾਰਤ 'ਤੇ 100 ਫੀਸਦੀ ਟੈਰਿਫ ਲਗਾਇਆ ਜਾਂਦਾ ਹੈ, ਤਾਂ ਇਹ ਉਸ 10 ਫੀਸਦੀ ਟੈਰਿਫ ਤੋਂ ਉੱਪਰ ਹੋਵੇਗਾ ਜੋ ਅਮਰੀਕਾ ਵਰਤਮਾਨ ਵਿੱਚ ਨਵੀਂ ਦਿੱਲੀ ਤੋਂ ਦਰਾਮਦਾਂ 'ਤੇ ਜ਼ਬਰਦਸਤੀ ਮਜ਼ਦੂਰੀ ਦੀ ਵਰਤੋਂ ਕਰਕੇ ਬਣਾਏ ਗਏ ਸਮਾਨ ਦੀ ਦਰਾਮਦ ਨੂੰ ਰੋਕਣ ਲਈ ਲੋੜੀਂਦਾ ਕੰਮ ਨਾ ਕਰਨ ਦੀ ਸਜ਼ਾ ਵਜੋਂ ਲਗਾਉਂਦਾ ਹੈ। ਹਾਲਾਂਕਿ, ਭਾਰਤੀ ਬਰਾਮਦਾਂ 'ਤੇ ਨਵੇਂ ਟੈਰਿਫਾਂ ਦਾ ਸਹੀ ਪ੍ਰਭਾਵ ਕੇਵਲ ਅਮਰੀਕਾ ਵੱਲੋਂ ਟੈਰਿਫ ਦਰਾਂ ਦਾ ਐਲਾਨ ਕਰਨ ਤੋਂ ਬਾਅਦ ਹੀ ਮੁਲਾਂਕਣ ਕੀਤਾ ਜਾ ਸਕਦਾ ਹੈ।

# ਵ੍ਹਾਈਟ ਹਾਊਸ 'ਚ ਟਰੰਪ ਟੀ.ਵੀ. ਲਾਂਚ




ਵਾਸ਼ਿੰਗਟਨ : ਵ੍ਹਾਈਟ ਹਾਊਸ ਨੇ ਟਰੰਪ ਟੀ.ਵੀ. ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਕਦਮ ਕਈ ਪ੍ਰਮੁੱਖ ਅਮਰੀਕੀ ਮੀਡੀਆ ਘਰਾਣਿਆਂ ਵਲੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਬਾਈਕਾਟ ਕਰਨ ਦੇ ਐਲਾਨ ਤੋਂ ਬਾਅਦ ਆਇਆ ਹੈ। ਵ੍ਹਾਈਟ ਹਾਊਸ ਦੇ ਅਧਿਕਾਰਤ ਯੂਟਿਊਬ ਚੈਨਲ ਨੇ ਟਰੰਪ ਟੀਵੀ: ਦਾ ਇਸੈਂਸ਼ੀਅਲ ਸਟੇਸ਼ਨ ਨਾਮਕ ਇਕ ਲਾਈਵਸਟ੍ਰੀਮ ਸ਼ੁਰੂ ਕਰਨ ਦਾ ਐਲਾਨ ਕੀਤਾ, ਜੋ ਕਿ 23:00 ਜੀ.ਐਮ.ਟੀ. 'ਤੇ ਸ਼ੁਰੂ ਹੋਇਆ ਵੀਡੀਓ ਵਰਣਨ ਵਿਚ ਲਿਖਿਆ ਹੈ ਕਿ ਟਰੰਪ ਪ੍ਰਸ਼ਾਸਨ ਦੇ ਸਭ ਤੋਂ ਮਹੱਤਵਪੂਰਨ ਪਲਾਂ ਨੂੰ ਇੱਕ ਥਾਂ 'ਤੇ ਦੇਖੋ। ਪ੍ਰਮੁੱਖ ਵੀਡੀਓ, ਵਿਸ਼ੇਸ਼ ਬਿਆਨ, ਅਤੇ ਦੇਖਣ ਯੋਗ ਹਾਈਲਾਈਟਸ 24/7 ਸਟ੍ਰੀਮ ਕੀਤੇ ਜਾਣਗੇ ਅਤੇ ਅਸਲ ਸਮੇਂ ਵਿੱਚ ਅਪਡੇਟ ਕੀਤੇ ਜਾਣਗੇ। ਸੂਚਿਤ ਰਹੋ ਅਤੇ ਅਪਡੇਟ ਰਹੋ।

ਪਿਛਲੇ ਹਫ਼ਤੇ, ਟਰੰਪ ਨੇ ਐਲਾਨ ਕੀਤਾ ਸੀ ਕਿ ਉਹ ਸੀ.ਐਨ.ਐਨ., ਐਮ.ਐਸ.ਐਨ.ਬੀ.ਸੀ. ਅਤੇ ਪੋਲੀਟੀਕੋ ਦੇ ਪੱਤਰਕਾਰਾਂ ਨੂੰ ਵ੍ਹਾਈਟ ਹਾਊਸ ਤੋਂ ਪਾਬੰਦੀ ਲਗਾ ਰਹੇ ਹਨ, ਤਿੰਨਾਂ ਨੂੰ ਨਕਲੀ ਪੱਤਰਕਾਰ ਕਹਿੰਦੇ ਹਨ। ਇਨ੍ਹਾਂ ਤਿੰਨਾਂ ਮੀਡੀਆ ਘਰਾਣਿਆਂ ਨੇ ਸੋਮਵਾਰ ਨੂੰ ਕਿਹਾ ਕਿ ਉਹ ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਨੂੰ ਮਾਨਤਾ ਨਾ ਦੇਣ ਲਈ ਅਮਰੀਕੀ ਪ੍ਰਸ਼ਾਸਨ 'ਤੇ ਮੁਕੱਦਮਾ ਕਰਨਗੇ। ਟਰੰਪ ਦੇ ਐਲਾਨ ਦੇ ਜਵਾਬ ਵਿੱਚ, ਕਈ ਪ੍ਰਸਾਰਕਾਂ ਨੇ ਪ੍ਰਸ਼ਾਸਨ 'ਤੇ ਅਮਰੀਕੀ ਸੰਵਿਧਾਨ ਦੇ ਪਹਿਲੇ ਸੋਧ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ, ਜੋ ਬੋਲਣ ਅਤੇ ਪ੍ਰੈਸ ਦੀ ਆਜ਼ਾਦੀ ਦੀ ਗਰੰਟੀ ਦਿੰਦਾ ਹੈ। ਉਨ੍ਹਾਂ ਨੇ ਟਰੰਪ ਦੀਆਂ ਗਤੀਵਿਧੀਆਂ ਦੀ ਕਵਰੇਜ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ। ਫੌਕਸ ਨਿਊਜ਼, ਏ.ਬੀ.ਸੀ., ਸੀ.ਬੀ.ਐਸ., ਐਨ.ਬੀ.ਸੀ., ਦ ਨਿਊਯਾਰਕ ਟਾਈਮਜ਼ ਅਤੇ ਦ ਵਾਸ਼ਿੰਗਟਨ ਪੋਸਟ ਬਾਈਕਾਟ ਵਿਚ ਸ਼ਾਮਲ ਹੋਏ ਹਨ।

# ਹੜ੍ਹ ਪ੍ਰਭਾਵਿਤ ਨੇਪਾਲ ਨੂੰ ਅਮਰੀਕਾ ਦੇਵੇਗਾ 3.1 ਕਰੋੜ ਡਾਲਰ



ਵਾਸ਼ਿੰਗਟਨ : ਅਮਰੀਕਾ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪੁਲਾਂ ਦੇ ਨਿਰਮਾਣ, ਪ੍ਰਭਾਵਿਤ ਭਾਈਚਾਰਿਆਂ ਦੀਆਂ ਬੁਨਿਆਦੀ ਨਾਗਰਿਕ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਭਵਿੱਖ ਵਿੱਚ ਆਫ਼ਤ ਤੋਂ ਬਾਅਦ ਰਾਹਤ ਅਤੇ ਰਿਕਵਰੀ ਦੇ ਯਤਨਾਂ ਵਿੱਚ ਸਹਾਇਤਾ ਲਈ ਡਰੋਨ ਤਾਇਨਾਤ ਕਰਨ ਲਈ ਨੇਪਾਲ ਨੂੰ 3.1 ਕਰੋੜ ਡਾਲਰ ਦੀ ਸਹਾਇਤਾ ਦਾ ਐਲਾਨ ਕੀਤਾ ਹੈ। ਰਾਜਨੀਤਿਕ ਮਾਮਲਿਆਂ ਲਈ ਉਪ ਵਿਦੇਸ਼ ਮੰਤਰੀ ਐਲੀਸਨ ਹੂਕਰ ਨੇ ਮੰਗਲਵਾਰ ਨੂੰ ਨਿਊਯਾਰਕ ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਸੈਸ਼ਨ ਦੇ ਮੌਕੇ 'ਤੇ ਨੇਪਾਲ ਦੇ ਵਿਦੇਸ਼ ਮੰਤਰੀ ਸ਼ਿਸ਼ਿਰ ਖਨਾਲ ਨਾਲ ਮੁਲਾਕਾਤ ਤੋਂ ਬਾਅਦ ਇਹ ਐਲਾਨ ਕੀਤਾ।

ਅਮਰੀਕੀ ਵਿਦੇਸ਼ ਵਿਭਾਗ ਦੇ ਇੱਕ ਬਿਆਨ ਦੇ ਅਨੁਸਾਰ ਹੂਕਰ ਨੇ ਨੇਪਾਲ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਤੋਂ ਪ੍ਰਭਾਵਿਤ ਸਾਰੇ ਲੋਕਾਂ ਪ੍ਰਤੀ ਅਮਰੀਕਾ ਦੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ, ਜਿਸ ਵਿੱਚ ਲਗਭਗ 70 ਅਮਰੀਕੀ ਨਾਗਰਿਕਾਂ ਦੇ ਪਰਿਵਾਰ ਵੀ ਸ਼ਾਮਲ ਹਨ ਜੋ ਅਜੇ ਵੀ ਲਾਪਤਾ ਹਨ। ਮੀਟਿੰਗ ਦੌਰਾਨ ਹੂਕਰ ਨੇ ਕਿਹਾ ਕਿ ਅਮਰੀਕਾ 1 ਕਰੋੜ ਅਮਰੀਕੀ ਡਾਲਰ ਦੀ ਸਹਾਇਤਾ ਪ੍ਰਦਾਨ ਕਰਨ ਲਈ ਕਾਂਗਰਸ ਨਾਲ ਕੰਮ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਸ ਰਕਮ ਦੀ ਵਰਤੋਂ ਸਥਾਈ, ਕਸਟਮ-ਮੇਡ ਪੁਲਾਂ ਦੇ ਨਿਰਮਾਣ ਲਈ ਕੀਤੀ ਜਾਵੇਗੀ, ਜਿਸਨੂੰ ਅਮਰੀਕਾ ਇੱਕ ਅਮਰੀਕੀ ਕੰਪਨੀ ਤੋਂ ਪ੍ਰਾਪਤ ਕਰ ਰਿਹਾ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਪੁਲ ਪ੍ਰਭਾਵਿਤ ਖੇਤਰਾਂ ਵਿੱਚ ਮਹੱਤਵਪੂਰਨ ਆਵਾਜਾਈ ਬੁਨਿਆਦੀ ਢਾਂਚੇ ਨੂੰ ਬਹਾਲ ਕਰਨ ਅਤੇ ਖੇਤਰੀ ਸੰਪਰਕ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਨਗੇ।

ਮੰਤਰੀ ਨੇ ਪ੍ਰਭਾਵਿਤ ਭਾਈਚਾਰਿਆਂ ਨੂੰ ਪਾਣੀ, ਸੈਨੀਟੇਸ਼ਨ ਅਤੇ ਸਫਾਈ ਦੇ ਨਾਲ-ਨਾਲ ਆਸਰਾ, ਸੁਰੱਖਿਆ, ਰੋਜ਼ੀ-ਰੋਟੀ ਅਤੇ ਸਰਦੀਆਂ ਦੀ ਸਹਾਇਤਾ ਪ੍ਰਦਾਨ ਕਰਨ ਲਈ 80 ਲੱਖ ਅਮਰੀਕੀ ਡਾਲਰ ਦੀ ਵਾਧੂ ਸਹਾਇਤਾ ਪ੍ਰਦਾਨ ਕਰਨ ਦੀਆਂ ਯੋਜਨਾਵਾਂ ਦਾ ਵੀ ਐਲਾਨ ਕੀਤਾ। ਮੰਤਰਾਲੇ ਨੇ ਭਵਿੱਖ ਵਿੱਚ ਆਫ਼ਤ ਤੋਂ ਬਾਅਦ ਰਾਹਤ ਅਤੇ ਰਿਕਵਰੀ ਯਤਨਾਂ ਨੂੰ ਬਿਹਤਰ ਢੰਗ ਨਾਲ ਸਮਰਥਨ ਦੇਣ ਲਈ ਅਮਰੀਕੀ-ਨਿਰਮਿਤ ਡਰੋਨ ਪ੍ਰਦਾਨ ਕਰਨ ਲਈ 1.3 ਕਰੋੜ ਅਮਰੀਕੀ ਡਾਲਰ ਖਰਚ ਕਰਨ ਦੀ ਵੀ ਯੋਜਨਾ ਬਣਾਈ ਹੈ। ਇਸ ਸਹਾਇਤਾ ਘੋਸ਼ਣਾ ਦੇ ਨਾਲ, ਨੇਪਾਲ ਵਿੱਚ ਹੜ੍ਹ ਪ੍ਰਤੀਕਿਰਿਆ ਅਤੇ ਰਿਕਵਰੀ ਯਤਨਾਂ ਲਈ ਕੁੱਲ ਅਮਰੀਕੀ ਸਹਾਇਤਾ 3.6 ਕਰੋੜ ਅਮਰੀਕੀ ਡਾਲਰ ਤੋਂ ਵੱਧ ਹੋ ਗਈ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਨੇਪਾਲ ਸਰਕਾਰ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖੇਗਾ ਤਾਂ ਜੋ ਉਨ੍ਹਾਂ ਥਾਵਾਂ ਦੀ ਪਛਾਣ ਕੀਤੀ ਜਾ ਸਕੇ ਜਿੱਥੇ ਇਸਦੀ ਸਭ ਤੋਂ ਵੱਧ ਲੋੜ ਹੈ। 26 ਅਗਸਤ ਨੂੰ ਨੇਪਾਲ ਵਿੱਚ ਤਿੱਬਤੀ ਸਰਹੱਦ ਦੇ ਨੇੜੇ ਰਸੁਵਾਗਧੀ ਖੇਤਰ ਵਿੱਚ ਆਏ ਭਿਆਨਕ ਹੜ੍ਹਾਂ ਵਿੱਚ ਘੱਟੋ-ਘੱਟ 1,451 ਲੋਕਾਂ ਦੀ ਮੌਤ ਹੋ ਗਈ ਅਤੇ 6,000 ਤੋਂ ਵੱਧ ਲਾਪਤਾ ਹਨ।

# ਟਰੰਪ ਦੇ ਬਿਆਨ ਤੋਂ ਨਾਰਾਜ਼ ਕਿਊਬਾ ਦੇ ਵਫ਼ਦ ਨੇ UN ਸੈਸ਼ਨ 'ਚੋਂ ਕੀਤਾ ਵਾਕਆਊਟ

ਸੰਯੁਕਤ ਰਾਸ਼ਟਰ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕਿਊਬਾ ਨੂੰ 'ਅਸਫਲ'



ਦੇਸ਼ ਕਹਿਣ ਤੋਂ ਬਾਅਦ ਕਿਊਬਾ ਦੇ ਵਫ਼ਦ ਨੇ ਸੰਯੁਕਤ ਰਾਸ਼ਟਰ ਸੈਸ਼ਨ ਵਿੱਚੋਂ ਵਾਕਆਊਟ ਕੀਤਾ। ਵਫ਼ਦ ਦੇ ਮੁਖੀ ਕਿਊਬਾ ਦੇ ਵਿਦੇਸ਼ ਮੰਤਰੀ ਬਰੂਨੋ ਰੋਡਰਿਗਜ਼ ਨੇ ਬਾਅਦ ਵਿੱਚ ਟਰੰਪ ਦੇ ਦਾਅਵਿਆਂ ਨੂੰ ਰੱਦ ਕਰਦੇ ਹੋਏ ਉਨ੍ਹਾਂ ਨੂੰ 'ਝੂਠ' ਅਤੇ 'ਨਿੰਦਾ' ਕਿਹਾ।

ਕਿਊਬਾ ਦੇ ਵਿਦੇਸ਼ ਮੰਤਰੀ ਨੇ ਮੰਗਲਵਾਰ ਨੂੰ ਐਕਸ 'ਤੇ ਲਿਖਿਆ, 'ਅਮਰੀਕੀ ਸਰਕਾਰ ਇਹ ਸਵੀਕਾਰ ਕਰਨ ਵਿੱਚ ਅਸਮਰੱਥ ਹੈ ਕਿ ਕਿਊਬਾ ਇੱਕ ਪੂਰੀ ਤਰ੍ਹਾਂ ਸੁਤੰਤਰ ਅਤੇ ਪ੍ਰਭੂਸੱਤਾ ਸੰਪੰਨ ਦੇਸ਼ ਹੈ ਅਤੇ ਉਸਨੂੰ ਅਜਿਹਾ ਹੋਣ ਦਾ ਅਧਿਕਾਰ ਹੈ।' ਉਨ੍ਹਾਂ ਅੱਗੇ ਕਿਹਾ, 'ਊਰਜਾ ਨਾਕਾਬੰਦੀ ਸਮੇਤ ਆਰਥਿਕ ਨਾਕਾਬੰਦੀ, ਕਿਊਬਾ ਅਤੇ ਹੋਰ ਦੇਸ਼ਾਂ ਲਈ ਖ਼ਤਰਾ ਪੈਦਾ ਕਰਦੀ ਹੈ। ਇਹ ਨਸਲਕੁਸ਼ੀ ਅਤੇ ਸਮੂਹਿਕ ਸਜ਼ਾ ਦਾ ਕੰਮ ਹੈ। ਸਾਡਾ ਦੇਸ਼ ਸ਼ਾਂਤੀ-ਪ੍ਰੇਮੀ ਹੈ ਅਤੇ ਅਸੀਂ ਸ਼ਾਂਤੀ ਦੇ ਹੱਕਦਾਰ ਹਾਂ।'

# ਅਮਰੀਕਾ 'ਚ ਪੰਜਾਬੀ ਟਰੱਕ ਡਰਾਈਵਰ 'ਤੇ ਚਾਕੂ ਨਾਲ ਹਮਲਾ

ਨਿਊਯਾਰਕ : ਅਮਰੀਕਾ ਦੇ ਵਾਈਓਮਿੰਗ ਸੂਬੇ ਵਿਚ ਪੰਜਾਬੀ ਸਿੱਖ ਟਰੱਕ ਡਰਾਈਵਰ ਗੁਰਵਿੰਦਰ ਸਿੰਘ 'ਤੇ ਹੋਏ ਜਾਨਲੇਵਾ ਚਾਕੂ ਹਮਲੇ ਨੇ ਸਿੱਖ ਅਤੇ ਪੰਜਾਬੀ ਭਾਈਚਾਰੇ ਵਿਚ ਚਿੰਤਾ ਵਧਾ ਦਿੱਤੀ ਹੈ। ਇੰਟਰਸਟੇਟ-80 ਉਤੇ ਰੌਕ ਸਪ੍ਰਿੰਗਜ਼ ਨੇੜੇ ਬਿਟਰ ਕ੍ਰੀਕ ਰੈਸਟ ਏਰੀਆ ਦੇ ਪਖ਼ਾਨੇ ਵਿਚ ਹੋਏ ਇਸ ਹਮਲੇ ਦੇ ਮਾਮਲੇ ਵਿਚ 45 ਸਾਲਾ ਟਰੱਕ ਡਰਾਈਵਰ ਐਂਡਰਿਊ ਕ੍ਰਿਸ ਬਜ਼ਡਾਕ ਨੂੰ ਗ੍ਰਿਫ਼ਤਾਰ ਕਰਕੇ ਉਸ ਖ਼ਿਲਾਫ਼ ਪਹਿਲੇ ਦਰਜੇ ਦੇ ਕਤਲ ਦੀ ਕੋਸ਼ਿਸ਼ ਦਾ ਦੋਸ਼ ਲਗਾਇਆ ਗਿਆ ਹੈ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਬਜ਼ਡਾਕ ਕਥਿਤ ਤੌਰ 'ਤੇ ਗੁਰਵਿੰਦਰ ਸਿੰਘ ਦੇ ਪਿੱਛੇ ਪਖ਼ਾਨੇ ਵਿਚ ਗਿਆ ਅਤੇ ਪਿੱਛੋਂ ਉਸ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਜਾਂਚ ਅਧਿਕਾਰੀਆਂ ਨੇ ਗੁਰਵਿੰਦਰ ਸਿੰਘ ਦੇ ਸਰੀਰ 'ਤੇ ਚਾਕੂ ਦੇ 17 ਜ਼ਖ਼ਮ ਦਰਜ ਕੀਤੇ ਹਨ, ਜਿਨ੍ਹਾਂ ਵਿਚ ਦੋ ਧੌਣ ਅਤੇ ਦੋ ਛਾਤੀ 'ਤੇ ਸਨ। ਗੰਭੀਰ ਹਾਲਤ ਵਿਚ ਉਸ ਨੂੰ ਹਵਾਈ ਐਂਬੂਲੈਂਸ ਰਾਹੀਂ ਕੈਸਪਰ ਦੇ ਹਸਪਤਾਲ ਪਹੁੰਚਾਇਆ ਗਿਆ। ਹਮਲੇ ਦੌਰਾਨ ਰੈਸਟ ਏਰੀਆ 'ਤੇ ਮੌਜੂਦ ਇਕ ਪਰਿਵਾਰ ਨੇ ਚੀਕਾਂ ਸੁਣੀਆਂ ਅਤੇ ਸ਼ੱਕੀ ਵਿਅਕਤੀ ਨੂੰ ਉਥੋਂ ਨਿਕਲਦੇ ਦੇਖਿਆ। ਪਰਿਵਾਰ ਨੇ ਉਸ ਦੇ ਸੈਮੀ-ਟਰੱਕ ਦਾ ਪਿੱਛਾ ਕਰਕੇ ਵਾਹਨ ਦੀ ਪਛਾਣ ਨਾਲ ਸੰਬੰਧਿਤ ਤਸਵੀਰਾਂ ਖਿੱਚੀਆਂ ਅਤੇ ਪੁਲਿਸ ਨੂੰ ਸੌਂਪ ਦਿੱਤੀਆਂ। ਇਸ ਜਾਣਕਾਰੀ ਦੇ ਆਧਾਰ 'ਤੇ ਵਾਈਓਮਿੰਗ ਹਾਈਵੇ ਪੈਟਰੋਲ ਨੇ ਪਹਿਲੀ 911 ਕਾਲ ਤੋਂ 90 ਮਿੰਟ ਤੋਂ ਵੀ ਘੱਟ ਸਮੇਂ ਵਿਚ ਰੌਲਿਨਜ਼ ਨੇੜੇ ਬਜ਼ਡਾਕ ਦਾ ਟਰੱਕ ਰੋਕ ਕੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਘਟਨਾ ਤੋਂ ਬਾਅਦ ਸਾਹਮਣੇ ਆਈਆਂ ਵੀਡੀਓਜ਼ ਵਿਚ ਰੈਸਟ ਏਰੀਆ ਨੇੜੇ ਖ਼ੂਨ ਦੇ ਨਿਸ਼ਾਨ ਦਿਖਾਈ ਦਿੱਤੇ। ਭਾਈਚਾਰੇ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਗੁਰਵਿੰਦਰ ਸਿੰਘ ਨੇ ਹਮਲੇ ਤੋਂ



ਬਾਅਦ ਆਪਣੀ ਜਾਨ ਬਚਾਉਣ ਲਈ ਉਥੋਂ ਭੱਜਣ ਦੀ ਕੋਸ਼ਿਸ਼ ਕੀਤੀ ਸੀ। ਸ਼ੁਰੂਆਤੀ ਤੌਰ 'ਤੇ ਸੋਸ਼ਲ ਮੀਡੀਆ 'ਤੇ ਉਸ ਦੀ ਮੌਤ ਦੀ ਗਲਤ ਖ਼ਬਰ ਵੀ ਫੈਲੀ ਪਰ ਬਾਅਦ ਵਿਚ ਸਪੱਸ਼ਟ ਕੀਤਾ ਗਿਆ ਕਿ ਉਹ ਜ਼ਿੰਦਾ ਹੈ ਅਤੇ ਹਸਪਤਾਲ ਵਿਚ ਇਲਾਜ ਅਧੀਨ ਹੈ।ਪੰਜਾਬੀ ਭਾਈਚਾਰੇ ਦੇ ਕੁਝ ਮੈਂਬਰਾਂ ਨੇ ਦਾਅਵਾ ਕੀਤਾ ਹੈ ਕਿ ਹਮਲੇ ਤੋਂ ਪਹਿਲਾਂ ਗੁਰਵਿੰਦਰ ਸਿੰਘ ਖ਼ ?ਲਾਫ਼ ਨਸਲੀ ਟਿੱਪਣੀ ਕੀਤੀ ਗਈ ਸੀ। ਹਾਲਾਂਕਿ, ਅਧਿਕਾਰੀਆਂ ਨੇ ਅਜੇ ਹਮਲੇ ਦੇ ਮਕਸਦ ਦੀ ਪੁਸ਼ਟੀ ਨਹੀਂ ਕੀਤੀ ਅਤੇ ਨਾ ਹੀ ਮਾਮਲੇ ਨੂੰ ਅਧਿਕਾਰਤ ਤੌਰ 'ਤੇ ਨਫ਼ਰਤੀ ਅਪਰਾਧ ਕਰਾਰ ਦਿੱਤਾ ਗਿਆ ਹੈ। ਇਸੇ ਦੌਰਾਨ ਅਮਰੀਕਨ ਸਿੱਖ ਕੌਂਸਲ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਹਮਲੇ ਦੀ ਪੂਰੀ ਅਤੇ ਪਾਰਦਰਸ਼ੀ ਜਾਂਚ ਦੀ ਮੰਗ ਕੀਤੀ ਹੈ। ਜਥੇਬੰਦੀਆਂ ਦਾ ਕਹਿਣਾ ਹੈ ਕਿ ਜਾਂਚ ਦੌਰਾਨ ਇਹ ਵੀ ਪਤਾ ਲਗਾਇਆ ਜਾਣਾ ਚਾਹੀਦਾ ਹੈ ਕਿ ਹਮਲੇ ਪਿੱਛੇ ਨਸਲੀ ਜਾਂ ਧਾਰਮਿਕ ਨਫ਼ਰਤ ਦਾ ਕੋਈ ਕਾਰਨ ਸੀ ਜਾਂ ਨਹੀਂ। ਮਾਮਲੇ ਦੀ ਜਾਂਚ ਜਾਰੀ ਹੈ ਅਤੇ ਹਮਲੇ ਦਾ ਅਸਲ ਮਕਸਦ ਅਜੇ ਸਪੱਸ਼ਟ ਨਹੀਂ ਹੋਇਆ। ਐਂਡਰਿਊ ਕ੍ਰਿਸ ਬਜ਼ਡਾਕ ਖ਼ਿਲਾਫ਼ ਲੱਗੇ ਦੋਸ਼ ਅਦਾਲਤ ਵਿਚ ਸਾਬਤ ਹੋਣੇ ਬਾਕੀ ਹਨ।

# ਪੈਨਸਿਲਵੇਨੀਆ 'ਚ 1.87 ਕਰੋੜ ਡਾਲਰ ਦੇ ਕਥਿਤ ਨਸ਼ਾ ਤਸਕਰੀ ਗਿਰੋਹ ਦਾ ਪਰਦਾਫਾਸ਼




ਨਿਊਯਾਰਕ : ਪੈਨਸਿਲਵੇਨੀਆ ਵਿਚ ਲੰਬੇ ਸਮੇਂ ਤੋਂ ਚੱਲ ਰਹੀ ਜਾਂਚ ਤੋਂ ਬਾਅਦ ਮੈਰੀਜੁਆਨਾ ਅਤੇ ਵੱਧ ਮਾਤਰਾ ਵਾਲੇ ਟੀਐਚਸੀ ਉਤਪਾਦਾਂ ਦੀ ਕਥਿਤ ਤਸਕਰੀ ਨਾਲ ਜੁੜੇ ਇੱਕ ਵੱਡੇ ਗਿਰੋਹ ਦੇ 12 ਲੋਕਾਂ ਖ਼ਿਲਾਫ਼ ਅਪਰਾਧਿਕ ਦੋਸ਼ ਲਗਾਏ ਗਏ ਹਨ। ਜਾਂਚਕਰਤਾਵਾਂ ਮੁਤਾਬਕ ਇਸ ਕਥਿਤ ਗੈਰਕਾਨੂੰਨੀ ਕਾਰੋਬਾਰ ਨਾਲ ਜੁੜੀ ਕਰੀਬ 1 ਕਰੋੜ 87 ਲੱਖ ਡਾਲਰ ਦੀ ਕਮਾਈ ਦਾ ਪਤਾ ਲਗਾਇਆ ਗਿਆ ਹੈ। ਅਧਿਕਾਰੀਆਂ ਮੁਤਾਬਕ ਇਸ ਮਾਮਲੇ ਦੀ ਜਾਂਚ ਨੂੰ ਜਨਵਰੀ 2025 ਵਿੱਚ ਚੈਸਟਰ ਕਾਊਂਟੀ ਵਿੱਚ ਇੱਕ ਵਾਹਨ ਰੋਕਣ ਤੋਂ ਬਾਅਦ ਵੱਡੀ ਦਿਸ਼ਾ ਮਿਲੀ। ਉਸ ਵਾਹਨ ਵਿੱਚ ਕਥਿਤ ਤੌਰ 'ਤੇ ਗੈਰਕਾਨੂੰਨੀ ਟੀਐਚਸੀ ਉਤਪਾਦ ਵੱਖ-ਵੱਖ ਦੁਕਾਨਾਂ ਤੱਕ ਪਹੁੰਚਾਏ ਜਾ ਰਹੇ ਸਨ। ਇਸ ਤੋਂ ਬਾਅਦ ਜਾਂਚ ਦਾ ਘੇਰਾ ਵਧਾਇਆ ਗਿਆ ਅਤੇ ਅਧਿਕਾਰੀ ਇਸ ਦੇ ਗੋਦਾਮਾਂ ਤੇ ਵਿਕਰੀ ਕੇਂਦਰਾਂ ਤੱਕ ਪਹੁੰਚੇ। ਜਾਂਚ ਵਿੱਚ ਸਾਹਮਣੇ ਆਇਆ ਕਿ ਮੈਰੀਜੁਆਨਾ ਅਤੇ ਵੱਧ ਮਾਤਰਾ ਵਾਲੇ ਟੀਐਚਸੀ ਉਤਪਾਦ ਪਲਮ ਬੋਰੋ, ਪਿਟਸਟਨ ਅਤੇ ਬੈਂਸਲੇਮ ਸਥਿਤ ਤਿੰਨ ਮੁੱਖ ਗੋਦਾਮਾਂ ਤੋਂ ਪੈਨਸਿਲਵੇਨੀਆ ਭਰ ਦੀਆਂ ਕਨਵੀਨੀਅੰਸ ਦੁਕਾਨਾਂ ਅਤੇ ਸਮੋਕ ਸ਼ਾਪਾਂ ਤੱਕ ਪਹੁੰਚਾਏ ਜਾਂਦੇ ਸਨ। ਇਨ੍ਹਾਂ ਗੋਦਾਮਾਂ ਵਿੱਚੋਂ ਕਰੀਬ 1 ਲੱਖ 50 ਹਜ਼ਾਰ ਉਤਪਾਦ ਜ਼ਬਤ ਕੀਤੇ ਗਏ। ਜਾਂਚਕਰਤਾਵਾਂ ਨੇ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਕਈ ਦੁਕਾਨਾਂ ਦੀ ਵੀ ਤਲਾਸ਼ੀ ਲਈ। ਪੈਨਸਿਲਵੇਨੀਆ ਦੇ ਅਟਾਰਨੀ ਜਨਰਲ ਡੇਵ ਸੰਡੇ ਮੁਤਾਬਕ ਜ਼ਬਤ ਕੀਤੇ ਕਈ ਉਤਪਾਦਾਂ ਦੀ ਪੈਕਿੰਗ ਅਤੇ ਸੁਆਦ ਇਸ ਤਰ੍ਹਾਂ ਤਿਆਰ ਕੀਤੇ ਗਏ ਸਨ ਕਿ ਉਹ ਬੱਚਿਆਂ ਨੂੰ ਵੀ ਆਕਰਸ਼ਿਤ ਕਰ ਸਕਣ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਮਿਲੇ ਸਬੂਤਾਂ ਨੇ ਅਧਿਕਾਰੀਆਂ ਨੂੰ ਕਥਿਤ ਤਸਕਰੀ ਦੇ ਵੱਡੇ ਜਾਲ ਤੱਕ ਪਹੁੰਚਾਇਆ। ਇਸ ਮਾਮਲੇ ਵਿੱਚ ਅਲਬੀਨਾ ਕੁਮਾਰ, ਦੱਤਕੁਮਾਰ ਪਟੇਲ, ਧਰਮੇਸ਼ਕੁਮਾਰ ਪਟੇਲ, ਮਾਧਵ ਪਟੇਲ, ਨਿਰਵ ਪਟੇਲ, ਪਲਕ ਪਟੇਲ, ਦਿਵਯੇਸ਼ ਪਟੇਲ, ਕੇਤਨਕੁਮਾਰ ਪਟੇਲ, ਨਿਰਵਕੁਮਾਰ ਵੋਰਾ, ਰੋਸ਼ਨੀਬੇਨ ਪਟੇਲ, ਅੰਕਿਤਕੁਮਾਰ ਪਟੇਲ ਅਤੇ ਮਿਤੁਲ ਪਟੇਲ ਖ਼ਿਲਾਫ਼ ਦੋਸ਼ ਲਗਾਏ ਗਏ ਹਨ। ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਦਾ ਆਪਸ ਵਿੱਚ ਕੋਈ ਪਰਿਵਾਰਕ ਸਬੰਧ ਹੈ ਜਾਂ ਨਹੀਂ। ਜਾਂਚਕਰਤਾਵਾਂ ਦਾ ਦੋਸ਼ ਹੈ ਕਿ ਗਿਰੋਹ ਦੇ ਕੁਝ ਮੈਂਬਰਾਂ ਨੇ ਕਥਿਤ ਗੈਰਕਾਨੂੰਨੀ ਕਮਾਈ ਨੂੰ ਲੁਕਾਉਣ ਲਈ ਵੱਖ-ਵੱਖ ਐਲ. ਐਲ. ਸੀ ਕੰਪਨੀਆਂ ਦੀ ਵਰਤੋਂ ਕੀਤੀ ਤੇ ਨਕਦੀ ਸਮੇਤ ਵੱਡੀਆਂ ਰਕਮਾਂ ਨੂੰ ਵੱਖ-ਵੱਖ ਬੈਂਕ ਖਾਤਿਆਂ ਰਾਹੀਂ ਘੁਮਾਇਆ। ਅਧਿਕਾਰੀਆਂ ਮੁਤਾਬਕ ਜਾਂਚ ਦੌਰਾਨ ਕਰੀਬ 1 ਕਰੋੜ 87 ਲੱਖ ਡਾਲਰ ਦੀ ਕਥਿਤ ਗੈਰਕਾਨੂੰਨੀ ਕਮਾਈ ਦਾ ਪਤਾ ਲਗਾਇਆ ਗਿਆ। ਸਾਰੇ 12 ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾ ਚੁੱਕਾ ਹੈ। ਉਨ੍ਹਾਂ ਖ਼ ?ਲਾਫ਼ ਸੰਗਠਿਤ ਅਪਰਾਧ ਅਤੇ ਗੈਰਕਾਨੂੰਨੀ ਕਮਾਈ ਨਾਲ ਲੈਣ-ਦੇਣ ਸਮੇਤ ਵੱਖ-ਵੱਖ ਦੋਸ਼ ਹਨ, ਜਦਕਿ ਕਈਆਂ ਖ਼ਿਲਾਫ਼ ਗੰਭੀਰ ਨਸ਼ਾ ਤਸਕਰੀ ਦੇ ਦੋਸ਼ ਵੀ ਲਗਾਏ ਗਏ ਹਨ। ਇਸ ਵੱਡੀ ਜਾਂਚ ਵਿੱਚ ਪੈਨਸਿਲਵੇਨੀਆ ਅਟਾਰਨੀ ਜਨਰਲ ਦਫ਼ਤਰ ਦੇ ਨਾਲ ਸੂਬਾਈ ਗ੍ਰੈਂਡ ਜਿਊਰੀ, ਪੈਨਸਿਲਵੇਨੀਆ ਸਟੇਟ ਪੁਲਿਸ, ਕਈ ਕਾਊਂਟੀਆਂ ਦੇ ਜ਼ਿਲ੍ਹਾ ਅਟਾਰਨੀ ਦਫ਼ਤਰ ਅਤੇ ਸਥਾਨਕ ਪੁਲਿਸ ਵਿਭਾਗ ਸ਼ਾਮਲ ਰਹੇ। ਸੰਘੀ ਪੱਧਰ 'ਤੇ ਡਰੱਗ ਐਨਫੋਰਸਮੈਂਟ ਐਡਮਿਨਿਸਟ੍ਰੇਸ਼ਨ, ਹੋਮਲੈਂਡ ਸਕਿਊਰਿਟੀ ਜਾਂਚ ਏਜੰਸੀ ਅਤੇ ਅਮਰੀਕੀ ਡਾਕ ਜਾਂਚ ਅਧਿਕਾਰੀਆਂ ਨੇ ਵੀ ਸਹਿਯੋਗ ਕੀਤਾ।ਸਾਰੇ ਦੋਸ਼ ਅਜੇ ਅਦਾਲਤ ਵਿੱਚ ਸਾਬਤ ਹੋਣੇ ਬਾਕੀ ਹਨ ਅਤੇ ਕਾਨੂੰਨ ਮੁਤਾਬਕ ਦੋਸ਼ੀ ਸਾਬਤ ਹੋਣ ਤੱਕ ਸਾਰੇ ਮੁਲਜ਼ਮਾਂ ਨੂੰ ਬੇਕਸੂਰ ਮੰਨਿਆ ਜਾਵੇਗਾ।

# ਭਾਰਤੀ ਕਮਿਊਨਿਟੀ ਸਕੂਲ ਦੇ ਕਰਮਚਾਰੀ ਵੱਲ ਬੰਦੂਕ ਤਾਣਨ ਦਾ ਦੋਸ਼ 62 ਸਾਲਾ ਵਿਅਕਤੀ ਖ਼ਿਲਾਫ਼ ਕੇਸ

## ਸੁਰੱਖਿਆ ਵਧਾ ਕੇ ਸਕੂਲ ਮੁੜ ਖੁੱਲ੍ਹਿਆ

ਨਿਊਯਾਰਕ : ਵਿਸਕਾਨਸਿਨ ਦੇ ਫ੍ਰੈਂਕਲਿਨ ਵਿਚ ਇੰਡੀਅਨ ਕਮਿਊਨਿਟੀ ਸਕੂਲ ਦੇ ਇਕ ਕਰਮਚਾਰੀ ਵੱਲ ਕਥਿਤ ਤੌਰ 'ਤੇ ਬੰਦੂਕ ਤਾਣਨ ਦੀ ਘਟਨਾ ਤੋਂ ਬਾਅਦ 62 ਸਾਲਾ ਸਟੀਵਨ ਟਰੂਡੇਲ ਖ਼ਿਲਾਫ਼ ਦੋ ਕੇਸ ਦਰਜ ਕੀਤੇ ਗਏ ਹਨ। ਘਟਨਾ ਮਗਰੋਂ ਸਾਵਧਾਨੀ ਵਜੋਂ ਦੋ ਦਿਨ ਬੰਦ ਰਿਹਾ ਸਕੂਲ ਵਾਧੂ ਸੁਰੱਖਿਆ ਪ੍ਰਬੰਧਾਂ ਨਾਲ ਮੁੜ ਖੋਲ੍ਹ ਦਿੱਤਾ ਗਿਆ। ਅਦਾਲਤੀ ਦਸਤਾਵੇਜ਼ਾਂ ਮੁਤਾਬਕ 51 ਸਾਲਾ ਸਕੂਲ ਕਰਮਚਾਰੀ ਜ਼ਮੀਨ ਦੀ ਹੱਦ ਨੇੜੇ ਮਸ਼ੀਨ ਨਾਲ ਝਾੜੀਆਂ ਅਤੇ ਦਰੱਖਤਾਂ ਦੀ ਸਫ਼ਾਈ ਕਰ ਰਿਹਾ ਸੀ। ਇਸੇ ਦੌਰਾਨ ਸਕੂਲ ਨਾਲ ਲੱਗਦੀ ਜ਼ਮੀਨ ਦੇ ਮਾਲਕ ਟਰੂਡੇਲ ਨਾਲ ਵਿਵਾਦ ਹੋ ਗਿਆ। ਕਰਮਚਾਰੀ ਨੇ ਪੁਲਿਸ ਨੂੰ ਦੱਸਿਆ ਕਿ ਟਰੂਡੇਲ ਜੰਗਲ ਵਾਲੇ ਪਾਸਿਓਂ ਆਇਆ ਅਤੇ ਉਸ ਵੱਲ ਬੰਦੂਕ ਤਾਣ ਦਿੱਤੀ, ਜਿਸ ਕਾਰਨ ਉਸ ਨੇ ਡਰ ਕੇ ਆਪਣੇ ਹੱਥ ਉੱਪਰ ਕਰ ਲਏ। ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਹੈ ਕਿ ਟਰੂਡੇਲ ਨੇ ਟਕਰਾਅ ਦੌਰਾਨ ਸਕੂਲ ਅਤੇ ਮੂਲ ਅਮਰੀਕੀ ਭਾਈਚਾਰੇ ਬਾਰੇ ਅਪਮਾਨਜਨਕ ਅਤੇ ਧਮਕੀ ਭਰੀ ਭਾਸ਼ਾ ਵੀ ਵਰਤੀ। ਸਕੂਲ ਵੱਲੋਂ ਅਦਾਲਤ ਵਿੱਚ ਦਾਖ਼ਲ ਅਰਜ਼ੀ ਵਿੱਚ ਕਿਹਾ ਗਿਆ ਕਿ ਇਸ ਘਟਨਾ ਕਾਰਨ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਪੈਦਾ ਹੋਈ।ਟਰੂਡੇਲ ਨੇ ਪੁਲਿਸ ਨੂੰ ਦੱਸਿਆ ਕਿ ਨਾਲ ਲੱਗਦੀ ਕਰੀਬ ਪੰਜ ਏਕੜ ਜ਼ਮੀਨ ਉਸ ਦੀ ਹੈ ਅਤੇ ਉਥੇ ਦਰੱਖਤ ਕੱਟੇ ਜਾਣ ਕਾਰਨ ਉਹ ਨਾਰਾਜ਼ ਸੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਉਸ ਨੇ ਬਾਅਦ ਵਿੱਚ ਮੰਨਿਆ ਕਿ ਗੱਲਬਾਤ ਦੌਰਾਨ ਉਸ ਦੇ ਹੱਥ ਵਿੱਚ ਬੰਦੂਕ ਸੀ ਅਤੇ ਉਸ ਨੇ ਇਹ ਦਿਖਾਉਣ ਲਈ ਹਥਿਆਰ ਦਿਖਾਇਆ ਕਿ ਉਹ ਕੰਮ ਬੰਦ ਕਰਵਾਉਣ ਲਈ ਗੰਭੀਰ ਸੀ। ਉਸ ਦੇ ਵਕੀਲ ਨੇ ਦਲੀਲ ਦਿੱਤੀ ਕਿ ਸਕੂਲ ਦਾ ਕਰਮਚਾਰੀ ਟਰੂਡੇਲ ਦੀ ਜ਼ਮੀਨ 'ਤੇ ਦਰੱਖਤ ਕੱਟ ਰਿਹਾ ਸੀ। ਪੁਲਿਸ ਨੇ ਟਰੂਡੇਲ ਦੀ ਜੀਪ ਵਿਚੋਂ ਗਲੌਕ 40 ਬੰਦੂਕ ਬਰਾਮਦ ਕੀਤੀ। ਅਦਾਲਤੀ ਸ਼ਿਕਾਇਤ ਮੁਤਾਬਕ ਬੰਦੂਕ ਦੇ ਚੈਂਬਰ ਵਿੱਚ ਗੋਲੀ ਨਹੀਂ ਸੀ, ਪਰ ਮੈਗਜ਼ੀਨ ਵਿੱਚ ਨੌਂ ਗੋਲੀਆਂ ਮੌਜੂਦ ਸਨ।ਟਰੂਡੇਲ 'ਤੇ ਖ਼ਤਰਨਾਕ ਹਥਿਆਰ ਦੀ ਵਰਤੋਂ ਨਾਲ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਅਤੇ ਅਮਨ ਭੰਗ ਕਰਨ ਦੇ ਦੋ ਮਾਮਲੇ ਦਰਜ ਕੀਤੇ ਗਏ ਹਨ। ਉਸ ਨੇ ਅਦਾਲਤ ਵਿੱਚ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਅਦਾਲਤ ਨੇ 5 ਹਜ਼ਾਰ ਡਾਲਰ ਦਾ ਸਿਗਨੇਚਰ ਬਾਂਡ ਤੈਅ ਕਰਦਿਆਂ ਉਸ ਨੂੰ ਸਕੂਲ ਅਤੇ ਸਬੰਧਤ ਕਰਮਚਾਰੀ ਨਾਲ ਸੰਪਰਕ ਨਾ ਕਰਨ ਅਤੇ ਖ਼ਤਰਨਾਕ ਹਥਿਆਰ ਨਾ ਰੱਖਣ ਦਾ ਹੁਕਮ ਦਿੱਤਾ ਹੈ। ਸਕੂਲ ਨੇ ਉਸ ਖ਼ਿਲਾਫ਼ ਅਸਥਾਈ ਰੋਕ ਹੁਕਮ ਵੀ ਹਾਸਲ ਕੀਤਾ ਹੈ। ਘਟਨਾ ਸਕੂਲ ਦੀ ਉਸ ਜ਼ਮੀਨ ਦੇ ਨੇੜੇ ਵਾਪਰੀ ਜੋ ਵਿਦਿਆਰਥੀਆਂ ਵੱਲੋਂ ਆਮ ਤੌਰ 'ਤੇ ਵਰਤੇ ਜਾਣ ਵਾਲੇ ਇਲਾਕੇ ਤੋਂ ਦੂਰ ਹੈ। ਇਸ ਦੇ ਬਾਵਜੂਦ ਸਕੂਲ ਪ੍ਰਬੰਧਕਾਂ ਨੇ ਸੁਰੱਖਿਆ ਦੇ ਮੱਦੇਨਜ਼ਰ ਸਕੂਲ ਦੋ ਦਿਨ ਬੰਦ ਰੱਖਿਆ ਅਤੇ ਵਾਧੂ ਸੁਰੱਖਿਆ ਪ੍ਰਬੰਧ ਕਰਨ ਤੋਂ ਬਾਅਦ ਕਲਾਸਾਂ ਮੁੜ ਸ਼ੁਰੂ ਕਰ ਦਿੱਤੀਆਂ। 1969 ਵਿਚ ਸਥਾਪਤ ਇੰਡੀਅਨ ਕਮਿਊਨਿਟੀ ਸਕੂਲ ਮੂਲ ਅਮਰੀਕੀ ਭਾਈਚਾਰੇ ਦੇ ਬੱਚਿਆਂ ਨੂੰ ਕੇ4 ਤੋਂ ਅੱਠਵੀਂ ਜਮਾਤ ਤੱਕ ਸਿੱਖਿਆ ਦਿੰਦਾ ਹੈ ਅਤੇ ਇਥੇ ਕਰੀਬ 400 ਵਿਦਿਆਰਥੀ ਪੜ੍ਹਦੇ ਹਨ।

# ਟਰੰਪ-ਮਮਦਾਨੀ ਦੀ ਗ੍ਰੇਸੀ ਮੈਨਸ਼ਨ 'ਚ ਤੀਜੀ ਮੁਲਾਕਾਤ 12 ਹਜ਼ਾਰ ਘਰਾਂ ਦੀ ਯੋਜਨਾ ਤੇ ਇਮੀਗ੍ਰੇਸ਼ਨ 'ਤੇ ਅਹਿਮ ਚਰਚਾ



ਨਿਊਯਾਰਕ : ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਨਿਊਯਾਰਕ ਸਿਟੀ ਦੇ ਮੇਅਰ ਜ਼ੋਹਰਾਨ ਮਮਦਾਨੀ ਵਿਚਾਲੇ ਗ੍ਰੇਸੀ ਮੈਨਸ਼ਨ ਵਿੱਚ ਕਰੀਬ ਇੱਕ ਘੰਟੇ ਤੱਕ ਚੱਲੀ ਮੁਲਾਕਾਤ ਦੌਰਾਨ ਕਿਫਾਇਤੀ ਰਿਹਾਇਸ਼, ਇਮੀਗ੍ਰੇਸ਼ਨ ਅਤੇ ਸ਼ਹਿਰ ਨਾਲ ਜੁੜੇ ਹੋਰ ਅਹਿਮ ਮੁੱਦਿਆਂ 'ਤੇ ਵਿਸਥਾਰ ਨਾਲ ਗੱਲਬਾਤ ਹੋਈ। ਪਿਛਲੇ ਇੱਕ ਸਾਲ ਤੋਂ ਵੀ ਘੱਟ ਸਮੇਂ ਵਿੱਚ ਦੋਵਾਂ ਦੀ ਇਹ ਤੀਜੀ ਮੁਲਾਕਾਤ ਸੀ। ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਸ਼ਾਮਲ ਹੋਣ ਲਈ ਨਿਊਯਾਰਕ ਪਹੁੰਚੇ ਟਰੰਪ ਨੂੰ ਮਮਦਾਨੀ ਨੇ ਮੇਅਰ ਦੀ ਸਰਕਾਰੀ ਰਿਹਾਇਸ਼ ਗ੍ਰੇਸੀ ਮੈਨਸ਼ਨ ਆਉਣ ਦਾ ਸੱਦਾ ਦਿੱਤਾ ਸੀ। ਮੁਲਾਕਾਤ ਤੋਂ ਬਾਅਦ ਦੋਵੇਂ ਆਗੂ ਇਕੱਠੇ ਪੱਤਰਕਾਰਾਂ ਸਾਹਮਣੇ ਆਏ। ਕਈ ਰਾਜਨੀਤਿਕ ਅਤੇ ਨੀਤੀਗਤ ਮਸਲਿਆਂ 'ਤੇ ਵੱਖਰੇ ਵਿਚਾਰ ਹੋਣ ਦੇ ਬਾਵਜੂਦ ਦੋਵਾਂ ਨੇ ਨਿਊਯਾਰਕ ਨਾਲ ਸਬੰਧਤ ਮੁੱਦਿਆਂ 'ਤੇ ਗੱਲਬਾਤ ਜਾਰੀ ਰੱਖਣ ਦੀ ਗੱਲ ਕਹੀ। ਬੈਠਕ ਦਾ ਮੁੱਖ ਕੇਂਦਰ ਕਵੀਨਜ਼ ਦੇ ਸਨੀਸਾਈਡ ਯਾਰਡ ਨੂੰ ਇੱਕ ਨਵੇਂ ਰਿਹਾਇਸ਼ੀ ਇਲਾਕੇ ਵਜੋਂ ਵਿਕਸਤ ਕਰਨ ਦੀ ਯੋਜਨਾ ਰਹੀ। ਇਸ ਯੋਜਨਾ ਤਹਿਤ ਰੇਲ ਪਟੜੀਆਂ ਦੇ ਉੱਪਰ ਇੱਕ ਵੱਡਾ ਪਲੇਟਫਾਰਮ ਤਿਆਰ ਕਰਕੇ ਕਰੀਬ 12 ਹਜ਼ਾਰ ਕਿਫਾਇਤੀ ਘਰ ਬਣਾਉਣ ਦੀ ਤਜਵੀਜ਼ ਹੈ। ਮਮਦਾਨੀ ਮੁਤਾਬਕ ਇਸ ਪ੍ਰਾਜੈਕਟ ਨਾਲ ਲਗਭਗ 30 ਹਜ਼ਾਰ ਨੌਕਰੀਆਂ ਪੈਦਾ ਹੋ ਸਕਦੀਆਂ ਹਨ। ਇਸ ਵੱਡੇ ਪ੍ਰਾਜੈਕਟ ਨੂੰ ਅੱਗੇ ਵਧਾਉਣ ਲਈ ਅਰਬਾਂ ਡਾਲਰ ਦੀ ਲਾਗਤ ਦੇ ਨਾਲ ਸੰਘੀ ਸਰਕਾਰ ਦੀਆਂ ਮਨਜ਼ੂਰੀਆਂ ਅਤੇ ਵਿੱਤੀ ਸਹਾਇਤਾ ਦੀ ਲੋੜ ਪਵੇਗੀ। ਮਮਦਾਨੀ ਨੇ ਦੱਸਿਆ ਕਿ ਹੁਣ ਇਸ ਮਾਮਲੇ 'ਤੇ ਸਿਟੀ ਹਾਲ ਦੀ ਰਿਹਾਇਸ਼ ਅਤੇ ਪ੍ਰਸ਼ਾਸਨਿਕ ਟੀਮ ਤੇ ਵ ?ਹਾਈਟ ਹਾਊਸ ਦੀ ਟੀਮ ਵਿਚਾਲੇ ਤਕਨੀਕੀ ਪੱਧਰ 'ਤੇ ਗੱਲਬਾਤ ਅੱਗੇ ਵਧਾਈ ਜਾਵੇਗੀ। ਟਰੰਪ ਨੇ ਵੀ ਇਸ ਯੋਜਨਾ 'ਤੇ ਵਿਚਾਰ ਕਰਨ ਦੇ ਸੰਕੇਤ ਦਿੱਤੇ। ਇਮੀਗ੍ਰੇਸ਼ਨ ਵੀ ਮੁਲਾਕਾਤ ਦਾ ਅਹਿਮ ਵਿਸ਼ਾ ਰਿਹਾ। ਮਮਦਾਨੀ ਨੇ ਨਿਊਯਾਰਕ ਵਿੱਚ ਰਹਿੰਦੇ ਪ੍ਰਵਾਸੀਆਂ ਦੀ ਸੁਰੱਖਿਆ ਅਤੇ ਖਾਸ ਕਰਕੇ ਹੈਤੀ ਮੂਲ ਦੇ ਲੋਕਾਂ ਲਈ ਅਸਥਾਈ ਸੁਰੱਖਿਅਤ ਦਰਜੇ ਦਾ ਮੁੱਦਾ ਟਰੰਪ ਸਾਹਮਣੇ ਚੁੱਕਿਆ। ਇਮੀਗ੍ਰੇਸ਼ਨ ਨੀਤੀ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਕੀਤੀਆਂ ਜਾ ਰਹੀਆਂ ਗ੍ਰਿਫ਼ਤਾਰੀਆਂ ਬਾਰੇ ਦੋਵਾਂ ਦੇ ਵੱਖਰੇ ਵਿਚਾਰ ਹਨ। ਟਰੰਪ ਨੇ ਵੀ ਕਿਹਾ ਕਿ ਮਮਦਾਨੀ ਨੇ ਇਮੀਗ੍ਰੇਸ਼ਨ ਦਾ ਮੁੱਦਾ ਬੈਠਕ ਦੌਰਾਨ ਜ਼ੋਰ ਨਾਲ ਉਠਾਇਆ। ਮੀਡੀਆ ਦੀ ਪਹੁੰਚ ਬਾਰੇ ਵੀ ਦੋਵਾਂ ਵਿਚਾਲੇ ਚਰਚਾ ਹੋਈ। ਮਮਦਾਨੀ ਨੇ ਕਿਹਾ ਕਿ ਉਹ ਗ੍ਰੇਸੀ ਮੈਨਸ਼ਨ ਵਿੱਚ ਵੱਖ-ਵੱਖ ਮੀਡੀਆ ਸੰਸਥਾਵਾਂ ਦੇ ਪੱਤਰਕਾਰਾਂ ਨੂੰ ਮੌਜੂਦ ਰਹਿਣ ਅਤੇ ਸਵਾਲ ਪੁੱਛਣ ਦੀ ਇਜਾਜ਼ਤ ਦੇਣ ਦੇ ਹੱਕ ਵਿੱਚ ਹਨ। ਦੂਜੇ ਪਾਸੇ ਟਰੰਪ ਨੇ ਵ ?ਹਾਈਟ ਹਾਊਸ ਵਿੱਚ ਕੁਝ ਮੀਡੀਆ ਸੰਸਥਾਵਾਂ ਦੀ ਪਹੁੰਚ ਰੋਕਣ ਦੇ ਆਪਣੇ ਫ਼ੈਸਲੇ ਦਾ ਬਚਾਅ ਕੀਤਾ। ਮੁਲਾਕਾਤ ਤੋਂ ਬਾਅਦ ਟਰੰਪ ਨੇ ਕਿਹਾ ਕਿ ਉਹ ਨਿਊਯਾਰਕ ਅਤੇ ਦੇਸ਼ ਲਈ ਚੰਗਾ ਚਾਹੁੰਦੇ ਹਨ ਅਤੇ ਉਮੀਦ ਕਰਦੇ ਹਨ ਕਿ ਮਮਦਾਨੀ ਸ਼ਹਿਰ ਲਈ ਚੰਗਾ ਕੰਮ ਕਰਨਗੇ। ਮਮਦਾਨੀ ਨੇ ਵੀ 12 ਹਜ਼ਾਰ ਘਰਾਂ ਵਾਲੀ ਯੋਜਨਾ ਬਾਰੇ ਗੱਲਬਾਤ ਨੂੰ ਅੱਗੇ ਵਧਾਉਣ ਲਈ ਟਰੰਪ ਦਾ ਧੰਨਵਾਦ ਕੀਤਾ। ਮਮਦਾਨੀ ਨੇ ਕਿਹਾ ਕਿ ਰਾਸ਼ਟਰਪਤੀ ਨਾਲ ਕਈ ਮੁੱਦਿਆਂ 'ਤੇ ਉਨ੍ਹਾਂ ਦੇ ਮਤਭੇਦ ਹਨ, ਪਰ ਜੇਕਰ ਗੱਲਬਾਤ ਰਾਹੀਂ ਨਿਊਯਾਰਕ ਵਾਸੀਆਂ ਨੂੰ ਰਾਹਤ ਮਿਲ ਸਕਦੀ ਹੈ ਅਤੇ ਸ਼ਹਿਰ ਦੇ ਅਹਿਮ ਪ੍ਰਾਜੈਕਟ ਅੱਗੇ ਵਧ ਸਕਦੇ ਹਨ ਤਾਂ ਉਹ ਅਜਿਹੀਆਂ ਮੁਲਾਕਾਤਾਂ ਜਾਰੀ ਰੱਖਣਗੇ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336

hsrotal.64@gmail.com

369 Pine Street, Suite 420, San Francisco, CA 94104

Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਫਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 31ਵੀਂ ਬਰਸੀ ਮੌਕੇ ਮਨੁੱਖੀ ਅਧਿਕਾਰ ਦਿਹਾੜਾ ਮਨਾਇਆ

## ਵੱਖ-ਵੱਖ ਬੁਲਾਰਿਆਂ ਵੱਲੋਂ ਦੁਨੀਆਂ ਭਰ ਵਿੱਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ’ਤੇ ਚਿੰਤਾ ਦਾ ਪ੍ਰਗਟਾਵਾ

ਫਰਿਜ਼ਨੋ (ਕੈਲੀਫੋਰਨੀਆ), (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ/ਸਾਡੇ ਲੋਕ) : ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਸ਼ਹਾਦਤ ਅਤੇ ਮਨੁੱਖੀ ਅਧਿਕਾਰਾਂ ਲਈ ਉਨ੍ਹਾਂ ਵੱਲੋਂ ਲੜੀ ਗਈ ਲੜਾਈ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ‘ਮਨੁੱਖੀ ਅਧਿਕਾਰ ਦਿਹਾੜਾ’ ਲੰਘੇ ਸ਼ਨੀਵਾਰ ਫਰਿਜ਼ਨੋ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਥਾਨਕ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਬਣੇ ਖਾਲੜਾ ਪਾਰਕ ਵਿਖੇ ਪਾਰਕ ਦੀ ਪ੍ਰਬੰਧਕ ਕਮੇਟੀ ਵੱਲੋਂ ਇੰਡੋ-ਯੂ.ਐਸ. ਹੈਰੀਟੇਜ਼ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਵਿੱਚ ਸ਼ਹੀਦ ਖਾਲੜਾ ਦੀ 31ਵੀਂ ਬਰਸੀ ਮੌਕੇ ਉਨ੍ਹਾਂ ਦੀ ਕੁਰਬਾਨੀ ਅਤੇ ਮਨੁੱਖੀ ਅਧਿਕਾਰਾਂ ਲਈ ਕੀਤੇ ਸੰਘਰਸ਼ ਨੂੰ ਯਾਦ ਕੀਤਾ ਗਿਆ।

ਇਸ ਮੌਕੇ 9/11 ਦੀ 25ਵੀਂ ਬਰਸੀ ਨੂੰ ਮੁੱਖ ਰੱਖਦਿਆਂ ਅਮਰੀਕਾ ਵਿੱਚ ਹੋਏ ਅੱਤਵਾਦੀ ਹਮਲਿਆਂ ਦੌਰਾਨ ਮਾਰੇ ਗਏ ਹਜ਼ਾਰਾਂ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਵੱਖ-ਵੱਖ ਬੁਲਾਰਿਆਂ ਨੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ’ਤੇ ਚਿੰਤਾ ਪ੍ਰਗਟ ਕਰਦਿਆਂ ਇਨਸਾਫ਼, ਬਰਾਬਰੀ ਅਤੇ ਮਨੁੱਖੀ ਮਰਿਆਦਾ ਦੀ ਰਾਖੀ ਲਈ ਸਾਂਝੀ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ।

ਸਮਾਗਮ ਦੀ ਸ਼ੁਰੂਆਤ ਸੰਗਤ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਗਈ। ਉਪਰੰਤ ਭਾਈ ਮਹਿਲਾ ਸਿੰਘ ਦੇ ਕਵੀਸ਼ਰੀ ਜਥੇ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਕੁਰਬਾਨੀ ਨੂੰ ਕਵੀਸ਼ਰੀ ਰਾਹੀਂ ਯਾਦ ਕਰਵਾਇਆ। ਸਟੇਜੀ ਪ੍ਰੋਗਰਾਮ ਦੀ ਸ਼ੁਰੂਆਤ ਰਾਜ ਸਿੱਧੂ ਮੋਗਾ ਨੇ ਆਈ ਸੰਗਤ ਨੂੰ ਨਿੱਘੀ ਜੀ ਆਇਆਂ ਆਖਦਿਆਂ ਕੀਤੀ, ਜਦਕਿ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਪੱਤਰਕਾਰ ਨੀਟਾ ਮਾਛੀਕੇ ਨੇ ਨਿਭਾਈ। ਗਾਇਕ ਕਮਲਜੀਤ ਬੈਨੀਪਾਲ ਨੇ ਧਾਰਮਿਕ ਗੀਤ ਨਾਲ ਪ੍ਰੋਗਰਾਮ ਨੂੰ ਅੱਗੇ ਤੋਰਿਆ।



ਇਸ ਮੌਕੇ ਗਾਇਕ ਗੁਰਦੀਪ ਧਾਲੀਵਾਲ, ਕਮਲਜੀਤ ਬੈਨੀਪਾਲ ਅਤੇ ਸ਼ਾਇਰ ਰਣਜੀਤ ਗਿੱਲ ਨੇ “ਮਿੱਟੀ ਪੰਜਾਬ ਦੀ”ਨਾਮਕ ਕਵਿਸ਼ਰੀ ਗਾਕੇ ਸਭਨਾਂ ਨੂੰ ਪ੍ਰਭਾਵਿਤ ਕੀਤਾ।

ਇਸ ਦੌਰਾਨ ਸ. ਮਲਕੀਤ ਸਿੰਘ ਕਿੰਗਰਾ ਨੇ ਸਵ. ਸਰਪੰਚ ਅਵਤਾਰ ਸਿੰਘ ਨੂੰ ਯਾਦ ਕਰਦਿਆਂ ਸਮੂਹ ਸੰਗਤ ਨਾਲ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਸੰਗਤ ਦੀ ਸਹਿਮਤੀ ਨਾਲ ਮਤਾ ਵੀ ਪਾਸ ਕਰਵਾਇਆ ਕਿ ਪੰਜਾਬ ਸਰਕਾਰ ਪਿੰਡ ਖਾਲੜਾ ਦੇ ਸਕੂਲ ਦਾ ਨਾਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਮ ’ਤੇ ਰੱਖੇ ਜਾਂ ਪਿੰਡ ਵਿੱਚ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਕੋਈ ਢੁੱਕਵੀਂ ਯਾਦਗਾਰ ਉਸਾਰੇ।

ਹਰਨੇਕ ਸਿੰਘ ਲੋਹਗੜ੍ਹ ਅਤੇ ਗੁਰਦੀਪ ਸਿੰਘ ਚੰਨਣਵਾਲ ਨੇ ਕਵੀਸ਼ਰੀ ਰਾਹੀਂ ਹਾਜ਼ਰੀ ਲਵਾਈ, ਜਦਕਿ ਗਾਇਕ ਪੱਪੀ ਭਦੌੜ, ਬੀਬਾ ਦਿਲਪ੍ਰੀਤ ਅਤੇ ਰਾਜ ਬਰਾੜ ਸਮੇਤ ਹੋਰ ਕਲਾਕਾਰਾਂ ਨੇ ਇਨਕਲਾਬੀ ਗੀਤਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ

ਸਮਾਗਮ ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਵਿੱਚ ਪੰਜਾਬੀ ਰੇਡੀਓ ਯੂਐਸਏ ਦੇ ਹੋਸਟ ਪ੍ਰਵੀਨ ਕੁਮਾਰ ਸ਼ਰਮਾ, ਪ੍ਰਾਈਮ ਏਸ਼ੀਆ ਟੀਵੀ ਤੋਂ ਜੋਤ ਰਣਜੀਤ ਕੌਰ, ਸੁਖਦੇਵ ਸਿੰਘ ਸਿੱਧੂ, ਸੁਰਿੰਦਰ ਮੰਡਾਲੀ, ਜਸਪ੍ਰੀਤ ਸਿੱਧੂ, ਨੈਣਦੀਪ ਸਿੰਘ ਚੰਨ, ਖਾਲੜਾ ਐਲੀਮੈਂਟਰੀ ਸਕੂਲ ਫਰਿਜ਼ਨੋ ਦੇ ਪ੍ਰਿੰਸੀਪਲ ਰਾਉਲ ਦੀਆਜ, ਡਾ. ਅਰਜਨ ਸਿੰਘ ਜੋਸ਼ਨ, ਸਾਧੂ ਸਿੰਘ ਸੰਘਾ, ਹੈਰੀ ਮਾਨ, ਸ਼ਾਇਰ ਹਰਜਿੰਦਰ ਕੰਗ, ਸਰਬਜੀਤ ਸਿੰਘ ਸਰਾਂ, ਮਨਜੀਤ ਸਿੰਘ ਪੱਤੜ ਅਤੇ ਰੇਡੀਓ ਹੋਸਟ ਗੁਰਦੀਪ ਸਿੰਘ ਸ਼ੇਰਗਿੱਲ ਆਦਿ ਸ਼ਾਮਲ ਸਨ।

ਇਸ ਮੌਕੇ ਫਰਿਜ਼ਨੋ ਸਿਟੀ ਲਈ ਚੋਣ ਲੜ ਰਹੇ ਨੈਣਦੀਪ ਸਿੰਘ ਚੰਨ ਨੇ ਆਪਣੇ ਚੋਣ ਖੇਤਰ ਸਬੰਧੀ ਜਾਣਕਾਰੀ ਸੰਗਤ ਨਾਲ ਸਾਂਝੀ ਕੀਤੀ, ਜਦਕਿ ਸਕੂਲ ਟਰੱਸਟੀ ਜਸਪ੍ਰੀਤ ਸਿੱਧੂ ਨੇ ਸਕੂਲ ਬੋਰਡ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ।

ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਸਰਦਾਰਨੀ ਪਰਮਜੀਤ ਕੌਰ ਖਾਲੜਾ, ਬੇਟੀ ਨਵਕਿਰਨ ਕੌਰ ਖਾਲੜਾ, ਐਡਵੋਕੇਟ ਨਰਿੰਦਰ ਸਿੰਘ ਚਾਹਲ, ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿਤਪਾਲ ਕੌਰ ਉਦਾਸੀ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਾਬਕਾ ਪ੍ਰਿੰਸੀਪਲ ,

ਸਾਬਕਾ ਵਾਈਸ ਚਾਂਸਲਰ ਦਲਜੀਤ ਸਿੰਘ ਉਚੇਚੇ ਤੌਰ ’ਤੇ ਸ਼ਾਮਲ ਹੋਏ। ਇਨ੍ਹਾਂ ਸ਼ਖ਼ਸੀਅਤਾਂ ਨੇ ਸੰਗਤ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ।

ਨਵਕਿਰਨ ਕੌਰ ਖਾਲੜਾ ਨੇ ਆਪਣੇ ਸੰਬੋਧਨ ਦੌਰਾਨ ਆਪਣੇ ਸ਼ਹੀਦ ਪਿਤਾ ਜਸਵੰਤ ਸਿੰਘ ਖਾਲੜਾ ਦੇ ਮਿਸ਼ਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਲੜਾਈ ਦਾ ਮੁੱਖ ਮਕਸਦ ਹਜ਼ਾਰਾਂ ਅਣਪਛਾਤੀਆਂ ਲਾਸ਼ਾਂ ਅਤੇ ਕਥਿਤ ਗੈਰ-ਕਾਨੂੰਨੀ ਸਸਕਾਰਾਂ ਦੇ ਮਾਮਲੇ ਵਿੱਚ ਸੱਚ ਨੂੰ ਲੋਕਾਂ ਸਾਹਮਣੇ ਲਿਆਉਣਾ ਅਤੇ ਜਵਾਬਦੇਹੀ ਯਕੀਨੀ ਬਣਾਉਣਾ ਹੈ।

ਸਰਦਾਰਨੀ ਪਰਮਜੀਤ ਕੌਰ ਖਾਲੜਾ ਨੇ ਕਿਹਾ ਕਿ ਕੁਝ ਲੋਕ ਖਾਲੜਾ ਸਾਹਿਬ ਦੇ ਮਿਸ਼ਨ ਨੂੰ ਸੀਮਤ ਦਾਇਰੇ ਵਿੱਚ ਰੱਖ ਕੇ ਦੇਖਦੇ ਹਨ, ਜਦਕਿ ਉਨ੍ਹਾਂ ਮੁਤਾਬਕ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲੜਾਈ ਧਰਮ, ਜਾਤ-ਪਾਤ ਅਤੇ ਸਰਹੱਦਾਂ ਤੋਂ ਉੱਪਰ ਉੱਠ ਕੇ ਸਮੁੱਚੀ ਮਨੁੱਖਤਾ ਅਤੇ ਮਨੁੱਖੀ ਅਧਿਕਾਰਾਂ ਲਈ ਸੀ। ਉਨ੍ਹਾਂ ਕਿਹਾ ਕਿ ਸੰਗਤ ਦਾ ਸਾਥ ਹੀ ਉਨ੍ਹਾਂ ਦੀ ਅਸਲ ਤਾਕਤ ਹੈ। ਉਨ੍ਹਾਂ ਫਰਿਜ਼ਨੋ ਦੀ ਸੰਗਤ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਇੱਥੇ ਖਾਲੜਾ ਸਾਹਿਬ ਦੀ ਯਾਦ ਵਿੱਚ ਪਾਰਕ ਅਤੇ ਸਕੂਲ ਦਾ ਬਣਨਾ ਉਨ੍ਹਾਂ ਦੇ ਮਿਸ਼ਨ ਪ੍ਰਤੀ ਭਾਈਚਾਰੇ ਦੇ ਸਤਿਕਾਰ ਦਾ ਪ੍ਰਤੀਕ ਹੈ।

ਪ੍ਰਿਤਪਾਲ ਕੌਰ ਉਦਾਸੀ ਨੇ ਆਪਣੇ ਪਿਤਾ ਸਵ. ਸੰਤ ਰਾਮ ਉਦਾਸੀ ਦੀਆਂ ਇਨਕਲਾਬੀ ਕਵਿਤਾਵਾਂ ਗਾ ਕੇ ਸਮਾਗਮ ਵਿੱਚ ਵੱਖਰਾ ਰੰਗ ਬੰਨ੍ਹ ?ਆ। ਐਡਵੋਕੇਟ ਨਰਿੰਦਰ ਸਿੰਘ ਚਾਹਲ ਨੇ ਭਾਵੁਕ ਹੁੰਦਿਆਂ ਸ਼ਹੀਦ ਜਸਵੰਤ ਸਿੰਘ ਖਾਲੜਾ ਨਾਲ ਬਿਤਾਏ ਸਮੇਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਵਿਸ਼ੇ ’ਤੇ ਜੋਸ਼ੀਲੇ ਵਿਚਾਰ ਰੱਖੇ। ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ ਅਮ ?ਰਤਸਰ ਸਾਹਿਬ ,ਡਾ.ਦਲਜੀਤ ਸਿੰਘ ਨੇ ਗੁਰਬਾਣੀ ਦੀ ਰੌਸ਼ਨੀ ਵਿੱਚ ਸ਼ਹੀਦ ਖਾਲੜਾ ਦੇ ਮਿਸ਼ਨ ਅਤੇ ਮਨੁੱਖੀ ਹੱਕਾਂ ਦੀ ਮਹੱਤਤਾ ਬਾਰੇ ਸੰਗਤ ਨਾਲ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਸਮਾਜ ਅਤੇ ਭਾਈਚਾਰੇ ਲਈ ਸੇਵਾਵਾਂ ਨਿਭਾਉਣ ਵਾਲੀਆਂ ਹੋਰ ਕਈ ਸ਼ਖ਼ਸੀਅਤਾਂ ਨੂੰ ਵੀ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਸਮਾਗਮ ਦੇ ਅੰਤ ਵਿੱਚ ਖਾਲੜਾ ਪਾਰਕ ਪ੍ਰਬੰਧਕ ਕਮੇਟੀ ਦੇ ਮੋਢੀ ਮੈਂਬਰ ਸ. ਹਰਦੇਵ ਸਿੰਘ ਸਿੱਧੂ ਨੇ ਦੂਰੋਂ-ਨੇੜਿਓਂ ਪਹੁੰਚੀ ਸੰਗਤ, ਬੁਲਾਰਿਆਂ, ਕਲਾਕਾਰਾਂ ਅਤੇ ਸਹਿਯੋਗੀ ਸੰਸਥਾਵਾਂ ਦਾ ਧੰਨਵਾਦ ਕੀਤਾ। ਪ੍ਰਬੰਧਕਾਂ ਵੱਲੋਂ ਚਾਹ-ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ, ਜਦਕਿ ਨਿਊ ਇੰਡੀਆ ਸਵੀਟ ਐਂਡ ਸਪਾਈਸ ਦੇ ਜਸਵਿੰਦਰ ਸਿੰਘ ਵੱਲੋਂ ਜਲੇਬੀਆਂ ਦਾ ਲੰਗਰ ਲਗਾਇਆ ਗਿਆ।

ਪ੍ਰਬੰਧਕਾਂ ਅਨੁਸਾਰ ਸਮਾਗਮ ਦੀ ਕਾਮਯਾਬੀ ਪਿੱਛੇ ਇੰਡੋ-ਯੂ.ਐਸ. ਹੈਰੀਟੇਜ਼, ਖਾਲੜਾ ਪਾਰਕ ਪ੍ਰਬੰਧਕ ਕਮੇਟੀ ਦੇ ਅਣਥੱਕ ਮੈਂਬਰਾਂ, ਜੈਕਾਰਾ ਮੂਵਮੈਂਟ ਨਾਲ ਜੁੜੇ ਸੱਜਣਾਂ ਅਤੇ ਸਮੂਹ ਵਲੰਟੀਅਰਾਂ ਦਾ ਵੱਡਾ ਯੋਗਦਾਨ ਰਿਹਾ।

ਇੰਡੋ-ਯੂ.ਐਸ. ਹੈਰੀਟੇਜ਼ ਅਤੇ ਖਾਲੜਾ ਪਾਰਕ ਪ੍ਰਬੰਧਕ ਕਮੇਟੀ ਵੱਲੋਂ ਦੱਸਿਆ ਗਿਆ ਕਿ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਨੂੰ ਸਮਰਪਿਤ ਇਹ ਸਮਾਗਮ ਹਰ ਸਾਲ ਸਤੰਬਰ ਦੇ ਤੀਜੇ ਸ਼ਨੀਵਾਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਰਹੇਗਾ। ਪ੍ਰਬੰਧਕਾਂ ਨੇ ਸੰਗਤ ਦੇ ਸਹਿਯੋਗ ਅਤੇ ਵਲੰਟੀਅਰਾਂ ਦੀ ਅਣਥੱਕ ਮਿਹਨਤ ਲਈ ਵਿਸ਼ੇਸ਼ ਧੰਨਵਾਦ ਕੀਤਾ।

ਮਨੁੱਖੀ ਅਧਿਕਾਰਾਂ ਦੀ ਰਾਖੀ, ਸ਼ਹੀਦਾਂ ਦੀ ਯਾਦ ਅਤੇ ਇਨਸਾਫ਼ ਦੀ ਆਵਾਜ਼ ਬੁਲੰਦ ਕਰਨ ਦਾ ਸੁਨੇਹਾ ਦਿੰਦਾ ਇਹ ਸਮਾਗਮ ਅਮਿੱਟ ਪੈੜਾਂ ਛੱਡਦਾ ਹੋਇਆ ਯਾਦਗਾਰੀ ਹੋ ਨਿਬੜਿਆ।

# ਸੰਯੁਕਤ ਰਾਸ਼ਟਰ ’ਚ ਟਰੰਪ ਨੇ ਈਰਾਨ ਵਿਰੁੱਧ ਜੰਗ ਦੇ ਆਪਣੇ ਫ਼ੈਸਲੇ ਦਾ ਕੀਤਾ ਬਚਾਅ

ਸੰਯੁਕਤ ਰਾਸ਼ਟਰ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ’ਚ ਵਿਸ਼ਵ ਨੇਤਾਵਾਂ ਨੂੰ ਸੰਬੋਧਨ ਕਰਦਿਆਂ ਆਪਣੇ ਭਾਸ਼ਣ ਦੀ ਸ਼ੁਰੂਆਤ ਤਰੱਕੀ ਗਿਣਾਉਂਦੇ ਹੋਏ ਕੀਤੀ, ਜਿਸ ’ਚ ਨਿੱਜੀ ਖੇਤਰ ਦੀਆਂ ਨੌਕਰੀਆਂ ਵਿਚ ਵਾਧਾ, ਗੈਰਕਾਨੂੰਨੀ ਪ੍ਰਵਾਸ ਨੂੰ ਰੋਕਣਾ ਤੇ ਅਪਰਾਧ ਨੂੰ ਘਟਾਉਣਾ ਸ਼ਾਮਲ ਸੀ, ਇਸ ਤੋਂ ਪਹਿਲਾਂ ਕਿ ਉਨ੍ਹਾਂ ਈਰਾਨ ਨਾਲ ਜੰਗ ਸ਼ੁਰੂ ਕਰਨ ਦੇ ਆਪਣੇ ਫੈਸਲੇ ਦਾ ਪੂਰੇ ਜ਼ੋਰ ਨਾਲ ਬਚਾਅ ਵੀ ਕੀਤਾ। ਟਰੰਪ ਨੇ ਈਰਾਨ ਦੀ ਸਖ਼ਤ ਆਲੋਚਨਾ ਕਰਦਿਆਂ ਜ਼ੋਰ ਦੇ ਕੇ ਕਿਹਾ ਕਿ ਉਹ ਉਸ ਦੇਸ਼ ਨੂੰ ਕਦੇ ਵੀ ਪ੍ਰਮਾਣੂ ਹਥਿਆਰ ਹਾਸਲ ਨਹੀਂ ਕਰਨ ਦੇਣਗੇ। ਉਨ੍ਹਾਂ ਕਿਹਾ ਕਿ ਈਰਾਨ ਬਾਰੇ ਉਨ੍ਹਾਂ ਨੂੰ ਇਕ ਵੱਡਾ ਫੈਸਲਾ ਲੈਣਾ ਪਵੇਗਾ। ਉਨ੍ਹਾਂ ਕਿਹਾ ਕਿ ਕੀ ਈਰਾਨ ਨਾਲ ਕੋਈ ਅਜਿਹਾ ਸਮਝੌਤਾ ਕੀਤਾ ਜਾਵੇਗਾ ਜੋ ਉਨ੍ਹਾਂ ਨੂੰ ਮੁੜ-ਨਿਰਮਾਣ ਕਰਨ ਤੇ ਪਹਿਲਾਂ ਨਾਲੋਂ ਕਿਤੇ ਬਿਹਤਰ ਦੇਸ਼ ਬਣਾਉਣ ਦੀ ਇਜਾਜ਼ਤ ਦੇਵੇ। ਗੌਰਤਲਬ ਹੈ ਕਿ ਜਦੋਂ ਟਰੰਪ ਨੇ ਇਸਲਾਮੀ ਗਣਰਾਜ ਦੀ ਸਖ਼ਤ ਆਲੋਚਨਾ ਕੀਤੀ, ਤਾਂ ਈਰਾਨੀ ਵਫ਼ਦ ਉੱਥੋਂ ਬਾਹਰ ਚਲਾ ਗਿਆ। ਇਸ ਦੌਰਾਨ ਟਰੰਪ ਨੇ ਇਹ ਵੀ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਰੂਸ ਤੇ ਯੂਕਰੇਨ ਵਿਚਾਲੇ ਟਕਰਾਅ ਨੂੰ ਵੀ ਖਤਮ ਕਰਨ ਲਈ ਦੋਵਾਂ ਦੇਸ਼ਾਂ ਦੇ ਨੇਤਾਵਾਂ ਨਾਲ ਬਹੁਤ ਨੇੜਿਓਂ ਕੰਮ ਕਰ ਰਿਹਾ ਹੈ। ਯੂ.ਐਨ.ਜੀ.ਏ. ਦੇ 81ਵੇਂ ਸੈਸ਼ਨ ਦੀ ਆਮ ਬਹਿਸ (ਜਨਰਲ ਡਿਬੇਟ) ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਹਫ਼ਤੇ ਉਨ੍ਹਾਂ ਨੇ ਕਾਂਗਰਸ ਵਲੋਂ ਪਾਸ ਕੀਤੇ ਗਏ ਇਕ ਸ਼ਕਤੀਸ਼ਾਲੀ ਨਵੇਂ ਕਾਨੂੰਨ ’ਤੇ ਦਸਤਖਤ ਕੀਤੇ, ਜਿਸ ਨਾਲ ਉਨ੍ਹਾਂ ਨੂੰ ਟੈਰਿਫ ਨਾਲ ਸਬੰਧਤ ਬਹੁਤ ਵੱਡੇ ਨਵੇਂ ਅਧਿਕਾਰ ਮਿਲੇ ਹਨ। ਉਨ੍ਹਾਂ ਅੱਗੇ ਕਿਹਾ ਕਿ ਜੇ ਲੋੜ ਪਈ ਤਾਂ ਮੈਂ ਇਨ੍ਹਾਂ ਦੀ ਵਰਤੋਂ ਕਰਾਂਗਾ। ਇਸ ਦੌਰਾਨ ਉਨ੍ਹਾਂ ਆਪਣੇ ਉਸ ਦਾਅਵੇ ਨੂੰ ਦੁਹਰਾਇਆ ਕਿ ਉਨ੍ਹਾਂ ਨੇ ਪਿਛਲੇ ਸਾਲ ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਨੂੰ ਖਤਮ ਕਰਵਾਇਆ ਸੀ। ਟਰੰਪ ਨੇ ਕਿਹਾ ਕਿ ਜਦੋਂ ਤੋਂ ਮੈਂ ਅਹੁਦਾ ਸੰਭਾਲਿਆ ਹੈ, 8 ਜੰਗਾਂ ਨੂੰ ਖਤਮ ਕਰਵਾਉਣਾ ਮੇਰੇ ਲਈ ਬਹੁਤ ਵੱਡੇ ਮਾਣ ਵਾਲੀ ਗੱਲ ਰਹੀ ਹੈ ਤੇ ਅਜਿਹਾ ਕਰਦਿਆਂ ਮੈਂ ਉਨ੍ਹਾਂ ਵਿੱਚੋਂ ਕਈ ਦੇਸ਼ਾਂ ਦੇ ਨੇਤਾਵਾਂ ਨਾਲ ਦੋਸਤਾਨਾ ਸਬੰਧ ਬਣਾਏ ਹਨ। ਅਜਿਹਾ ਕਰਨਾ ਬਹੁਤ ਵੱਡੇ ਮਾਣ ਦੀ ਗੱਲ ਸੀ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਜੰਗਾਂ ਕਈ ਸਾਲਾਂ ਅਤੇ ਕਈ ਦਹਾਕਿਆਂ ਤੱਕ ਚੱਲੀਆਂ ਸਨ। ਜ਼ਿਕਰਯੋਗ ਹੈ ਕਿ ਟਰੰਪ ਲਗਾਤਾਰ ਭਾਰਤ ਤੇ ਪਾਕਿਸਤਾਨ ਵਿਚਕਾਰ ਟਕਰਾਅ ਨੂੰ ਰੋਕਣ ਦਾ ਸਿਹਰਾ ਆਪਣੇ ਸਿਰ ਲੈਂਦੇ ਰਹੇ ਹਨ। ਉਨ੍ਹਾਂ ਨੇ ਇਹ ਦਾਅਵਾ ਪਿਛਲੇ ਸਾਲ 10 ਮਈ ਤੋਂ ਕਈ ਵਾਰ ਦੁਹਰਾਇਆ ਹੈ।



# ਸਮਝੌਤਾ ਕਰੇ ਇਰਾਨ, ਨਹੀਂ ਤਾਂ ਤਬਾਹ ਕਰ ਦੇਵਾਂਗੇ: ਟਰੰਪ

## ਇਰਾਨ ਨੂੰ ਪਰਮਾਣੂ ਹਥਿਆਰ ਬਣਾਉਣ ਦੀ ਇਜਾਜ਼ਤ ਕਦੇ ਵੀ ਨਾ ਦੇਣ ਦਾ ਦਾਅਵਾ; ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਰਾਸ਼ਟਰਪਤੀ ਨੇ ਕਿਹਾ-ਮੱਧਕਾਲੀ ਚੋਣਾਂ ਤੋਂ ਬਾਅਦ ਹੋ ਸਕਦਾ ਹੈ ਸਮਝੌਤਾ

ਨਿਊਯਾਰਕ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੰਯੁਕਤ ਰਾਸ਼ਟਰ ਮਹਾਸਭਾ ਦੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਇਰਾਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਰਾਨ ਨਾਲ ਸ਼ਾਂਤੀ ਸਮਝੌਤਾ ਨਹੀਂ ਹੁੰਦਾ ਤਾਂ ਉਹ ਉਸ ਨੂੰ ‘ਤਬਾਹ’ ਕਰ ਸਕਦੇ ਹਨ। ਹਾਲਾਂਕਿ ਟਰੰਪ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਤੋਂ ਤੁਰੰਤ ਬਾਅਦ ਇਰਾਨ ਨਾਲ ਸਮਝੌਤਾ ਹੋ ਜਾਵੇਗਾ।

ਟਰੰਪ ਨੇ ਕਿਹਾ, “ਮੇਰੇ ਸਾਹਮਣੇ ਇੱਕ ਵੱਡਾ ਫ਼ੈਸਲਾ ਹੈ। ਕੀ ਇਰਾਨ ਨਾਲ ਅਜਿਹਾ ਸਮਝੌਤਾ ਕੀਤਾ ਜਾਵੇ, ਜਿਸ ਨਾਲ ਉਹ ਮੁੜ ਨਿਰਮਾਣ ਕਰ ਸਕੇ ਅਤੇ ਪਹਿਲਾਂ ਨਾਲੋਂ ਵੀ ਵਧੇਰੇ ਤਾਕਤਵਰ ਦੇਸ਼ ਬਣ ਸਕੇ ਜਾਂ ਇਸਲਾਮਿਕ ਰਿਪਬਲਿਕ ਨੂੰ ਤਬਾਹ ਕਰ ਦਿੱਤਾ ਜਾਵੇ।” ਉਨ੍ਹਾਂ ਕਿਹਾ ਕਿ ਜੇਕਰ ਸਮਝੌਤਾ ਹੁੰਦਾ ਹੈ ਤਾਂ ਇਹ ਮੱਧਕਾਲੀ ਚੋਣਾਂ ਤੋਂ ਤੁਰੰਤ ਬਾਅਦ ਹੋ ਸਕਦਾ ਹੈ।

ਟਰੰਪ ਨੇ ਕਿਹਾ ਕਿ ਇਰਾਨ ਇਹ ਦੇਖਣ ਦੀ ਉਡੀਕ ਕਰ ਰਿਹਾ ਹੈ ਕਿ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਵਿੱਚ ਉਨ੍ਹਾਂ ਦਾ ਪ੍ਰਦਰਸ਼ਨ ਕਿਹੋ ਜਿਹਾ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਉਹ ਖ਼ੁਦ ਇਨ੍ਹਾਂ ਚੋਣਾਂ ਵਿੱਚ ਉਮੀਦਵਾਰ ਨਹੀਂ ਹਨ ਅਤੇ ਇਰਾਨ ਬਾਰੇ ਉਨ੍ਹਾਂ ਦੇ ਫ਼ੈਸਲੇ ’ਤੇ ਚੋਣਾਂ ਦਾ ਕੋਈ ਅਸਰ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਰਾਨ ਕੋਲ ਕਦੇ ਵੀ ਪਰਮਾਣੂ ਹਥਿਆਰ ਨਹੀਂ ਹੋਣਾ ਚਾਹੀਦਾ।




ਟਰੰਪ ਨੇ ਕਿਹਾ ਕਿ ਅਮਰੀਕਾ ਦੀ ਜਲ ਸੈਨਾ ਨੇ ਹਰਮੁਜ਼ ਜਲ ਮਾਰਗ ਤੋਂ ਤੇਲ ਦੀ ਆਵਾਜਾਈ ਨੂੰ ਸੁਰੱਖਿਆ ਪ੍ਰਦਾਨ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਮਰੀਕੀ ਜਲ ਸੈਨਾ ਹੁਣ ਤੱਕ ਹਰਮੁਜ਼ ਜਲ ਮਾਰਗ ਤੋਂ ਇੱਕ ਅਰਬ ਬੈਰਲ ਤੋਂ ਵੱਧ ਤੇਲ ਦੀ ਆਵਾਜਾਈ ਲਈ ਸੁਰੱਖਿਆ ਪ੍ਰਦਾਨ ਕਰ ਚੁੱਕੀ ਹੈ ਅਤੇ ਜੰਗ ਸ਼ੁਰੂ ਹੋਣ ਤੋਂ ਬਾਅਦ ਕਿਸੇ ਵੀ ਸਮੇਂ ਨਾਲੋਂ ਹੁਣ ਵੱਧ ਤੇਲ ਦੀ ਆਵਾਜਾਈ ਹੋ ਰਹੀ ਹੈ। ਟਰੰਪ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵੱਲੋਂ ਵਪਾਰਕ ਜਹਾਜ਼ਾਂ ’ਤੇ ਇਰਾਨ ਦੇ ਹਮਲਿਆਂ ਦੀ ਨਿੰਦਾ ਕਰਨ ਵਾਲਾ ਮਤਾ ਵੱਡੇ ਬਹੁਮਤ ਨਾਲ ਪਾਸ ਕੀਤੇ ਜਾਣ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਅਮਰੀਕਾ ਹਰ ਰੋਜ਼ ਅਤੇ ਹਰ ਰਾਤ ਕਈ ਜਹਾਜ਼ਾਂ ਨੂੰ ਹਰਮੁਜ਼ ਜਲ ਮਾਰਗ ਤੋਂ ਬਾਹਰ ਲਿਜਾਣ ਵਿੱਚ ਮਦਦ ਕਰ ਰਿਹਾ ਹੈ।

ਸੰਯੁਕਤ ਰਾਸ਼ਟਰ ਵਿੱਚ ਆਪਣੇ ਸੰਬੋਧਨ ਦੌਰਾਨ ਟਰੰਪ ਨੇ ਇਰਾਨ ਦੀ ਪਰਮਾਣੂ ਸਮਰੱਥਾ ਨੂੰ ਲੈ ਕੇ ਆਪਣੀ ਸਖ਼ਤ ਨੀਤੀ ਦੁਹਰਾਈ। ਉਨ੍ਹਾਂ ਕਿਹਾ ਕਿ ਉਹ ਇਰਾਨ ਨੂੰ ਪਰਮਾਣੂ ਹਥਿਆਰ ਹਾਸਲ ਕਰਨ ਦੀ ਇਜਾਜ਼ਤ ਕਦੇ ਨਹੀਂ ਦੇਣਗੇ। ਉਨ੍ਹਾਂ ਅਮਰੀਕਾ ਅਤੇ ਇਜ਼ਰਾਈਲ ਦੀ ਇਰਾਨ ਵਿਰੁੱਧ ਸਾਂਝੀ ਫ਼ੌਜੀ ਕਾਰਵਾਈ ‘ਆਪਰੇਸ਼ਨ ਐਪਿਕ ਫਿਊਰੀ’ ਦਾ ਵੀ ਜ਼ਿਕਰ ਕੀਤਾ।

ਟਰੰਪ ਨੇ ਇਰਾਨ ’ਤੇ ਹਮਾਸ ਨੂੰ ਫੰਡ ਦੇਣ ਦਾ ਦੋਸ਼ ਲਾਉਂਦਿਆਂ 7 ਅਕਤੂਬਰ ਦੇ ਇਜ਼ਰਾਈਲ ’ਤੇ ਹੋਏ ਹਮਲੇ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਰਾਨ ਵੱਲੋਂ ਸਮਰਥਨ ਪ੍ਰਾਪਤ ਅਤਿਵਾਦੀਆਂ ਨੇ ਇਜ਼ਰਾਈਲ ਵਿੱਚ 1,200 ਲੋਕਾਂ ਦੀ ਹੱਤਿਆ ਕੀਤੀ ਸੀ, ਜਿਨ੍ਹਾਂ ਵਿੱਚ ਕਈ ਅਮਰੀਕੀ ਨਾਗਰਿਕ ਵੀ ਸ਼ਾਮਲ ਸਨ। ਟਰੰਪ ਨੇ ਇਰਾਨ ਦੇ ਸਰਵਉੱਚ ਆਗੂ ਵੱਲੋਂ ਇਸ ਹਮਲੇ ਦੀ ਸ਼ਲਾਘਾ ਕੀਤੇ ਜਾਣ ਦਾ ਵੀ ਦਾਅਵਾ ਕੀਤਾ।

ਇਸੇ ਦੌਰਾਨ ਟਰੰਪ ਨੇ ਅਮਰੀਕਾ ਦੀ ਫ਼ੌਜ ਕੋਲ ਹਥਿਆਰਾਂ ਅਤੇ ਗੋਲਾ-ਬਾਰੂਦ ਦੀ ਕਮੀ ਹੋਣ ਸਬੰਧੀ ਰਿਪੋਰਟਾਂ ਨੂੰ ਵੀ ਰੱਦ ਕੀਤਾ। ਉਨ੍ਹਾਂ ਕਿਹਾ ਕਿ ਅਮਰੀਕਾ ਕੋਲ ਵਰਤੋਂ ਨਾਲੋਂ ਵੀ ਵੱਧ ਗੋਲਾ-ਬਾਰੂਦ ਮੌਜੂਦ ਹੈ ਅਤੇ ਇਸ ਦੇ ਭੰਡਾਰ ਨੂੰ ਹੋਰ ਵਧਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਦੇਸ਼ ਵਿੱਚ 18 ਵੱਡੇ ਗੋਲਾ-ਬਾਰੂਦ ਕਾਰਖਾਨੇ ਬਣ ਰਹੇ ਹਨ। ਸੰਯੁਕਤ ਰਾਸ਼ਟਰ ਮਹਾਸਭਾ ਦੇ 81ਵੇਂ ਸੈਸ਼ਨ ਦਾ ਇਸ ਸਾਲ ਦਾ ਵਿਸ਼ਾ ‘ਭਰੋਸਾ ਬਹਾਲ ਕਰਨਾ, ਬਦਲਾਅ ਦਾ ਪ੍ਰਬੰਧਨ: ਸਾਰਿਆਂ ਲਈ ਕੰਮ ਕਰਨ ਵਾਲਾ ਸੰਯੁਕਤ ਰਾਸ਼ਟਰ’ ਹੈ। ਮਹਾਸਭਾ ਦੀ ਉੱਚ ਪੱਧਰੀ ਆਮ ਬਹਿਸ 22 ਤੋਂ 26 ਸਤੰਬਰ ਅਤੇ 28 ਸਤੰਬਰ ਨੂੰ ਨਿਊਯਾਰਕ ਵਿੱਚ ਹੋ ਰਹੀ ਹੈ। ਇਸ ਦੌਰਾਨ ਦੁਨੀਆ ਭਰ ਦੇ ਆਗੂ ਅੰਤਰਰਾਸ਼ਟਰੀ ਚੁਣੌਤੀਆਂ ਸਮੇਤ ਜਲਵਾਯੂ ਤਬਦੀਲੀ, ਵਿਕਾਸ, ਸਮੁੰਦਰ ਦੇ ਪੱਧਰ ਵਿੱਚ ਵਾਧੇ ਅਤੇ ਮਹਾਮਾਰੀ ਨਾਲ ਨਜਿੱਠਣ ਵਰਗੇ ਮੁੱਦਿਆਂ ’ਤੇ ਵਿਚਾਰ ਰੱਖ ਰਹੇ ਹਨ।

# ਨਸ਼ਿਆਂ ਦਾ ਵਰਤਾਰਾ

ਚੋਣਾਂ ਨੇੜੇ ਆਉਂਦੀਆਂ ਦੇਖ ਕੇ ਪੰਜਾਬ ਵਿਚ ਬਹੁਤੀਆਂ ਸਿਆਸੀ ਪਾਰਟੀਆਂ ਵਲੋਂ ਸੂਬੇ ਵਿਚ ਫੈਲੇ ਨਸ਼ਿਆਂ ਦੇ ਵਰਤਾਰੇ ਨੂੰ ਮੁੱਖ ਮੁੱਦਾ ਬਣਾਇਆ ਜਾ ਰਿਹਾ ਹੈ, ਪਰ ਅਜਿਹਾ ਵਰਤਾਰਾ ਅੱਜ ਕਿਸੇ ਇਕ ਸੂਬੇ ਵਿਚ ਨਹੀਂ, ਸਗੋਂ ਸਮੁੱਚੇ ਦੇਸ਼ ਵਿਚ ਹੀ ਫੈਲਿਆ ਦਿਖਾਈ ਦਿੰਦਾ ਹੈ। ਕੇਂਦਰ ਸਰਕਾਰ ਅਤੇ ਬਹੁਤੀਆਂ ਰਾਜ ਸਰਕਾਰਾਂ ਇਸ ਤੋਂ ਚਿੰਤਤ ਦਿਖਾਈ ਦਿੰਦੀਆਂ ਹਨ, ਪਰ ਇਹ ਵਰਤਾਰਾ ਇਸ ਕਦਰ ਡੂੰਘੀਆਂ ਜੜ੍ਹਾਂ ਫੜ ਚੁੱਕਾ ਹੈ, ਇਸ ਨੂੰ ਉਖਾੜਨਾ ਜੇ ਅਸੰਭਵ ਨਹੀਂ ਤਾਂ ਬੇਹੱਦ ਮੁਸ਼ਕਿਲ ਜ਼ਰੂਰ ਹੈ। ਪਿਛਲੇ ਤਿੰਨ ਕੁ ਦਹਾਕਿਆਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਨੇ ਇਸ ਵਿਰੁੱਧ ਮੁਹਿੰਮ ਆਰੰਭੀ ਹੋਈ ਹੈ, ਪਰ ਇਸ ਦਾ ਸਿਰ ਪੱਤਣ ਨਜ਼ਰ ਨਹੀਂ ਆਉਂਦਾ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਸ਼ਿਆਂ ਦੇ ਇਸ ਨੈੱਟਵਰਕ ਨੂੰ ਤੋੜਨ ਦੇ ਯਤਨਾਂ ਵਜੋਂ ਨਵੀਂ ਦਿੱਲੀ ਵਿਚ ਇਕ ਰਾਸ਼ਟਰੀ ਸੰਮੇਲਨ ਦਾ ਆਯੋਜਨ ਕੀਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਐਂਟੀ ਨਾਰਕੋਟਿਸ ਟਾਸਕ ਫੋਰਸ (ਨਸ਼ਿਆਂ 'ਤੇ ਕਾਬੂ ਪਾਉਣ ਦਾ ਸੰਗਠਨ) ਦੀਆਂ ਕੋਸ਼ਿਸ਼ਾਂ ਵਿਚ ਉਹ ਆਪ ਹਿੱਸਾ ਲੈਣਗੇ, ਜਿਸ ਵਿਚ ਨਸ਼ਿਆਂ ਨੂੰ ਕਾਬੂ ਕਰਨ ਲਈ ਤਿੰਨ ਸਾਲ (2026-29) ਤੱਕ ਲਈ ਇਕ ਵਿਸਥਾਰਤ ਯੋਜਨਾ ਤਿਆਰ ਕੀਤੀ ਗਈ ਹੈ, ਜਿਸ ਦਾ ਮੰਤਵ ਯੋਜਨਾਬੱਧ ਢੰਗ ਨਾਲ ਕੀਤੀ ਜਾ ਰਹੀ ਤਸਕਰੀ ਦੇ ਨੈੱਟਵਰਕ ਨੂੰ ਤੋੜਨਾ ਹੈ। ਜਿੱਥੋਂ ਤੱਕ ਪੰਜਾਬ ਦਾ ਸੰਬੰਧ ਹੈ ਲਗਭਗ ਪਿਛਲੇ 30 ਸਾਲ ਤੋਂ ਇੱਥੇ ਦੀਆਂ ਸਰਕਾਰਾਂ ਇਸ ਚੰਦਰੀ ਬਿਮਾਰੀ 'ਤੇ ਕਾਬੂ ਪਾਉਣ ਲਈ ਯਤਨਸ਼ੀਲ ਰਹੀਆਂ ਹਨ। ਇਸ ਸੰਬੰਧ ਵਿਚ ਲੱਖਾਂ ਹੀ ਕੇਸ ਦਰਜ ਕੀਤੇ ਗਏ ਹਨ। ਜਿਹੜੀ ਵੀ ਸਰਕਾਰ ਬਣਦੀ ਹੈ, ਉਹ ਇਕ ਸੀਮਤ ਸਮੇਂ ਵਿਚ ਪੰਜਾਬੀਆਂ ਨੂੰ ਨਸ਼ਿਆਂ ਦੀ ਅਲਾਮਤ ਤੋਂ ਛੁਟਕਾਰਾ ਦਵਾਉਣ ਦਾ ਵਾਅਦਾ ਕਰਦੀ ਰਹੀ ਹੈ, ਪਰ ਇਹ ਨਾਂਹ-ਪੱਖੀ ਅਮਲ ਲਗਾਤਾਰ ਜਾਰੀ ਹੈ। ਕਿਸੇ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਹੱਥ ਵਿਚ ਫੜ ਕੇ ਇਹ ਕਿਹਾ ਸੀ ਕਿ ਉਹ ਕੁੱਝ ਮਹੀਨਿਆਂ ਵਿਚ ਹੀ ਇਸ ਮਾੜੇ ਅਮਲ ਨੂੰ ਨੱਥ ਪਾ ਲੈਣਗੇ। ਅਕਾਲੀ-ਭਾਜਪਾ ਸਰਕਾਰਾਂ ਨੇ ਵੀ ਇਸ ਸੰਬੰਧੀ ਕਮਰ-ਕੱਸੇ ਕੀਤੇ ਸਨ ਅਤੇ ਤਸਕਰਾਂ 'ਤੇ ਸਖ਼ਤ ਕਾਰਵਾਈਆਂ ਕਰਨ ਦੀਆਂ ਯੋਜਨਾਵਾਂ ਬਣਾਈਆਂ ਸਨ। ਇਸੇ ਹੀ ਤਰ੍ਹਾਂ ਤੱਤਕਾਲੀ ਸਰਕਾਰ ਨੇ ਵੀ ਕੁੱਝ ਮਹੀਨਿਆਂ ਵਿਚ ਇਸ 'ਤੇ ਕਾਬੂ ਪਾਉਣ ਦਾ ਦਾਅਵਾ ਕੀਤਾ ਸੀ। ਉਸ ਨੇ ਇਸ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵੀ ਚਲਾਈ ਹੋਈ ਹੈ, ਜਿਸ ਅਧੀਨ ਪਿਛਲੇ ਸਾਲਾਂ ਵਿਚ ਹਜ਼ਾਰਾਂ ਹੀ ਕੇਸ ਦਰਜ ਕੀਤੇ ਗਏ। ਇੱਥੋਂ ਤੱਕ ਕਿ ਨਸ਼ਾ ਵਪਾਰੀਆਂ ਦੇ ਘਰ ਤੱਕ ਵੀ ਢਾਹ ਦਿੱਤੇ ਗਏ। ਅਜਿਹਾ ਸਿਲਸਿਲਾ ਅੱਜ ਤੱਕ ਵੀ ਜਾਰੀ ਹੈ।

ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਸਰਕਾਰ ਨੇ 'ਬਿਗ-5' ਨਾਂਅ ਦੀ ਇਕ ਯੋਜਨਾ ਵੀ ਬਣਾਈ ਹੈ, ਜਿਸ ਵਿਚ ਹਰ ਪੱਧਰ 'ਤੇ ਸਰਕਾਰੀ ਕਰਮਚਾਰੀਆਂ, ਸੁਸਾਇਟੀਆਂ, ਅਧਿਆਪਕਾਂ ਅਤੇ ਵੱਡੀ ਪੱਧਰ 'ਤੇ ਵਲੰਟੀਅਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਵਿਚ ਪੂਰੀ ਨਜ਼ਰ ਰੱਖਣਾ, ਨਸ਼ੇੜੀਆਂ ਨੂੰ ਕਾਬੂ ਕਰਨਾ ਅਤੇ ਉਨ੍ਹਾਂ ਦੇ ਇਲਾਜ ਦਾ ਪ੍ਰਬੰਧ ਕਰਨਾ ਆਦਿ ਨੁਕਤੇ ਸ਼ਾਮਿਲ ਹਨ। ਇਸ ਵਿਚ ਵੱਡੀ ਪੱਧਰ 'ਤੇ ਸਮਾਜ ਸੇਵੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਸਕੂਲਾਂ ਵਿਚ ਵੀ ਬੱਚਿਆਂ ਨੂੰ ਇਸ ਬਾਰੇ ਜਾਗਰੂਕ ਕਰਨ ਦਾ ਦਾਅਵਾ ਕੀਤਾ ਗਿਆ ਹੈ। ਸੀਨੀਅਰ ਮੰਤਰੀਆਂ ਅਮਨ ਅਰੋੜਾ ਅਤੇ ਹਰਪਾਲ ਸਿੰਘ ਚੀਮਾ ਨੇ ਵੀ ਇਹ ਦਾਅਵਾ ਕੀਤਾ ਹੈ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਦੇ ਨਸ਼ਾ ਤਸਕਰਾਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਦੇ ਗੱਠਜੋੜ ਨੂੰ ਤੋੜਿਆ ਗਿਆ ਹੈ। ਇਸ ਦੇ ਨਾਲ-ਨਾਲ ਹੁਣ ਭਾਜਪਾ ਵਲੋਂ ਵੀ ਪੰਜਾਬ ਭਰ ਵਿਚ ਲੋਕਾਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਨ ਲਈ ਯੋਜਨਾਬੱਧ ਯਾਤਰਾਵਾਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦੀ ਵੱਡੀ ਚਰਚਾ ਹੈ। ਇਨ੍ਹਾਂ ਨੂੰ 'ਨਸ਼ਾ ਮੁਕਤ ਪੰਜਾਬ' ਦਾ ਨਾਂਅ ਦਿੱਤਾ ਗਿਆ ਹੈ। ਭਾਜਪਾ ਆਗੂਆਂ ਨੇ ਵਾਰ-ਵਾਰ ਇਹ ਵੀ ਦਾਅਵਾ ਕੀਤਾ ਹੈ ਕਿ ਪਾਰਟੀ ਕੋਲ ਇਸ ਫੈਲੇ ਨੈੱਟਵਰਕ ਨੂੰ ਪੂਰੀ ਤਰ੍ਹਾਂ ਤੋੜਨ ਦੀ ਸਮਰੱਥਾ ਹੈ ਅਤੇ ਉਹ ਕੁਝ ਮਹੀਨਿਆਂ ਵਿਚ ਹੀ ਅਜਿਹਾ ਕਰ ਕੇ ਦਿਖਾ ਸਕਦੇ ਹਨ। ਉਨ੍ਹਾਂ ਵਲੋਂ ਥਾਂ ਪੁਰ ਥਾਂ ਰੈਲੀਆਂ ਅਤੇ ਯਾਤਰਾਵਾਂ ਕੀਤੀਆਂ ਜਾ ਰਹੀਆਂ ਹਨ। ਚੌਥੀ ਨਸ਼ਾ ਮੁਕਤ ਪੰਜਾਬ ਯਾਤਰਾ ਵਿਚ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਸ਼ਿਰਕਤ ਕੀਤੀ ਹੈ ਅਤੇ ਇਕ ਵਾਰ ਫਿਰ ਇਹ ਦਾਅਵਾ ਕੀਤਾ ਕਿ ਭਾਜਪਾ ਸਰਕਾਰ ਬਣਨ 'ਤੇ ਮਹੀਨਿਆਂ ਦੇ ਅੰਦਰ-ਅੰਦਰ ਇਸ ਵਰਤਾਰੇ ਨੂੰ ਖ਼ਤਮ ਕਰ ਦਿੱਤਾ ਜਾਏਗਾ। ਇਸ ਸੰਬੰਧੀ ਇਹ ਪਾਰਟੀਆਂ ਇਕ ਦੂਜੇ 'ਤੇ ਦੋਸ਼ ਵੀ ਲਗਾ ਰਹੀਆਂ ਹਨ ਅਤੇ ਹਮਲਾਵਰ ਹੁੰਦੀਆਂ ਵੀ ਦਿਖਾਈ ਦੇ ਰਹੀਆਂ ਹਨ।

ਅਸੀਂ ਸਰਕਾਰ ਅਤੇ ਇਨ੍ਹਾਂ ਪਾਰਟੀਆਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ, ਇਹ ਜ਼ਰੂਰ ਕਹਾਂਗੇ ਕਿ ਇਸ ਮਾੜੇ ਅਮਲ ਨੂੰ ਰੋਕਣ ਲਈ ਇਕ ਦੂਸਰੇ 'ਤੇ ਦੂਸ਼ਣ ਲਗਾਉਣ ਦੀ ਬਜਾਏ ਸਾਰੀਆਂ ਪਾਰਟੀਆਂ ਨੂੰ ਇਕੱਠੇ ਹੋ ਕੇ ਹੰਭਲਾ ਮਾਰਨ ਦੀ ਜ਼ਰੂਰਤ ਹੋਵੇਗੀ ਅਤੇ ਲੋਕਾਂ ਦੇ ਸਾਥ ਨਾਲ ਇਸ ਖ਼ਤਰਨਾਕ ਖੇਡ ਨੂੰ ਹਰ ਹੀਲੇ ਭਾਜ ਦੇਣੀ ਹੋਵੇਗੀ। ਜੇਕਰ ਇਸ ਪੱਧਰ 'ਤੇ ਇਹ ਗੱਲ ਚਲ ਹੀ ਪਈ ਹੈ ਤਾਂ ਇਸ ਨੂੰ ਇਸ ਦੇ ਅੰਤ ਤੱਕ ਲਿਜਾਣ ਦੀ ਜ਼ਿੰਮੇਵਾਰੀ ਸਿਆਸੀ ਪਾਰਟੀਆਂ ਅਤੇ ਸਮਾਜ ਦੇ ਸੁਚੇਤ ਵਰਗ ਦੀ ਹੋਣੀ ਚਾਹੀਦੀ ਹੈ, ਤਾਂ ਜੋ ਇਸ ਸੂਬੇ ਦੀ ਪਰੰਪਰਾਗਤ ਆਭਾ ਮੁੜ ਬਹਾਲ ਹੋ ਸਕੇ।

# ਪਾਣੀ ਦੀ ਸੰਭਾਲ ਲਈ ਹਰੀ ਕ੍ਰਾਂਤੀ ਤੋਂ ਟਿਕਾਊ ਖੇਤੀ ਵੱਲ ਕਦਮ



ਗੁਰਸਿਮਰਨ ਕੌਰ

ਕਦੇ ਪੰਜਾਬ ਨੂੰ ਦੇਸ਼ ਦਾ 'ਅੰਨ ਭੰਡਾਰ' ਕਿਹਾ ਜਾਂਦਾ ਸੀ। ਹਰੀ ਕ੍ਰਾਂਤੀ ਨੇ ਨਾ ਸਿਰਫ਼ ਪੰਜਾਬ ਦੀ ਖੇਤੀ ਦਾ ਚਿਹਰਾ ਬਦਲਿਆ, ਸਗੋਂ ਭਾਰਤ ਨੂੰ ਅਨਾਜ ਉਤਪਾਦਨ ਵਿੱਚ ਆਤਮ-ਨਿਰਭਰ ਬਣਾਉਣ ਵਿੱਚ ਵੀ ਇਤਿਹਾਸਕ ਭੂਮਿਕਾ ਨਿਭਾਈ। ਪੰਜਾਬ ਦੇ ਕਿਸਾਨਾਂ ਨੇ ਆਪਣੇ ਖ਼ੂਨ-ਪਸੀਨੇ ਨਾਲ ਦੇਸ਼ ਦੀਆਂ ਅਨਾਜ ਦੀਆਂ ਲੋੜਾਂ ਪੂਰੀਆਂ ਕੀਤੀਆਂ ਅਤੇ ਰਾਸ਼ਟਰੀ ਖ਼ੁਰਾਕ ਸੁਰੱਖਿਆ ਦੀ ਮਜ਼ਬੂਤ ਨੀਂਹ ਰੱਖੀ। ਪਰ ਜਿਸ ਹਰੀ ਕ੍ਰਾਂਤੀ ਨੇ ਪੰਜਾਬ ਨੂੰ ਵਿਕਾਸ ਦੀ ਰਾਹ 'ਤੇ ਲਿਆ ਕੇ ਖੜ੍ਹਾ ਕੀਤਾ, ਉਸੇ ਮਾਡਲ ਨੇ ਹੌਲੀ-ਹੌਲੀ ਅਜਿਹੀਆਂ ਚੁਣੌਤੀਆਂ ਵੀ ਪੈਦਾ ਕਰ ਦਿੱਤੀਆਂ ਜੋ ਅੱਜ ਪੰਜਾਬ ਦੀ ਖੇਤੀ ਦੇ ਭਵਿੱਖ 'ਤੇ ਸਵਾਲ ਖੜ੍ਹੇ ਕਰ ਰਹੀਆਂ ਹਨ। ਇਨ੍ਹਾਂ ਵਿੱਚ ਸਭ ਤੋਂ ਗੰਭੀਰ ਸਮੱਸਿਆ ਧਰਤੀ ਹੇਠਲੇ ਪਾਣੀ ਦਾ ਲਗਾਤਾਰ ਡਿੱਗਦਾ ਪੱਧਰ ਹੈ। ਪੰਜਾਬ ਵਿੱਚ ਕਣਕ ਅਤੇ ਝੋਨੇ ਦੀ ਫ਼ਸਲੀ ਪ੍ਰਣਾਲੀ ਨੇ ਦਹਾਕਿਆਂ ਤੱਕ ਕਿਸਾਨਾਂ ਨੂੰ ਆਰਥਿਕ ਸੁਰੱਖਿਆ ਦਿੱਤੀ। ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ), ਸਰਕਾਰੀ ਖ਼ਰੀਦ ਅਤੇ ਮਜ਼ਬੂਤ ਮੰਡੀ ਪ੍ਰਣਾਲੀ ਕਾਰਨ ਕਿਸਾਨਾਂ ਨੇ ਵੱਡੇ ਪੱਧਰ 'ਤੇ ਇਨ੍ਹਾਂ ਦੋ ਫ਼ਸਲਾਂ ਨੂੰ ਹੀ ਅਪਣਾਇਆ। ਪਰ ਝੋਨਾ ਇੱਕ ਅਜਿਹੀ ਫ਼ਸਲ ਹੈ ਜਿਸ ਨੂੰ ਬਹੁਤ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ। ਇਸ ਦੀ ਲਗਾਤਾਰ ਕਾਸ਼ਤ ਨੇ ਧਰਤੀ ਹੇਠਲੇ ਪਾਣੀ 'ਤੇ ਅਸਾਧਾਰਣ ਦਬਾਅ ਪਾਇਆ ਹੈ। ਹਜ਼ਾਰਾਂ ਟਿਊਬਵੈੱਲਾਂ ਰਾਹੀਂ ਹਰ ਸਾਲ ਲੱਖਾਂ ਲਿਟਰ ਪਾਣੀ ਧਰਤੀ ਹੇਠੋਂ ਕੱਢਿਆ ਜਾ ਰਿਹਾ ਹੈ, ਜਦਕਿ ਮੀਂਹ ਰਾਹੀਂ ਉਸ ਦੀ ਭਰਪਾਈ ਉਸੇ ਅਨੁਪਾਤ ਵਿੱਚ ਨਹੀਂ ਹੋ ਰਹੀ। ਨਤੀਜੇ ਵਜੋਂ ਪੰਜਾਬ ਦੇ ਬਹੁਤ ਸਾਰੇ ਬਲਾਕ ਅੱਜ 'ਓਵਰ-ਐਕਸਪਲੌਇਟਿਡ' (ਵੱਧ-ਵਰਤੇ) ਜਾਂ 'ਡਾਰਕ ਜ਼ੋਨ' ਬਣ ਚੁੱਕੇ ਹਨ।

ਇਸ ਸਮੱਸਿਆ ਨੂੰ ਜਲਵਾਯੂ ਪਰਿਵਰਤਨ ਨੇ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਪੰਜਾਬ ਅਤੇ ਉੱਤਰੀ ਭਾਰਤ ਵਿੱਚ ਗਰਮੀਆਂ ਲੰਬੀਆਂ ਹੋ ਰਹੀਆਂ ਹਨ, ਸਰਦੀਆਂ ਦਾ ਸਮਾਂ ਘਟ ਰਿਹਾ ਹੈ ਅਤੇ ਹੀਟ ਵੇਵ (ਲੂ) ਦੀ ਤੀਬਰਤਾ ਵਧ ਰਹੀ ਹੈ। ਮੌਸਮ ਵਿੱਚ ਆ ਰਹੀਆਂ ਅਣਪਛਾਤੀਆਂ ਤਬਦੀਲੀਆਂ ਕਾਰਨ ਕਦੇ ਬੇਮੌਸਮੀ ਵਰਖਾ ਹੁੰਦੀ ਹੈ, ਕਦੇ ਲੰਮਾ ਸੋਕਾ ਪੈਂਦਾ ਹੈ ਅਤੇ ਕਦੇ ਅਚਾਨਕ ਗੜੇਮਾਰੀ ਕਾਰਨ ਫ਼ਸਲਾਂ ਨੂੰ ਨੁਕਸਾਨ ਪਹੁੰਚਦਾ ਹੈ। ਵਧਦੇ ਤਾਪਮਾਨ ਨਾਲ ਫ਼ਸਲਾਂ ਦੀ ਪਾਣੀ ਦੀ ਮੰਗ ਵੀ ਵਧਦੀ ਹੈ, ਜਿਸ ਕਾਰਨ ਕਿਸਾਨ ਹੋਰ ਵੱਧ ਸਿੰਚਾਈ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਸ ਦਾ ਸਿੱਧਾ ਅਸਰ ਧਰਤੀ ਹੇਠਲੇ ਪਾਣੀ 'ਤੇ ਪੈਂਦਾ ਹੈ।

ਹਰੀ ਕ੍ਰਾਂਤੀ ਦਾ ਇੱਕ ਹੋਰ ਪ੍ਰਭਾਵ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਧਦੀ ਵਰਤੋਂ ਰਿਹਾ ਹੈ। ਅੱਜ ਵੀ ਕਈ ਕਿਸਾਨ ਇਹ ਮੰਨਦੇ ਹਨ ਕਿ ਵੱਧ ਯੂਰੀਆ ਪਾਉਣ ਨਾਲ ਵੱਧ ਉਤਪਾਦਨ ਮਿਲੇਗਾ, ਜਦਕਿ ਵਿਗਿਆਨਕ ਤੌਰ 'ਤੇ ਇਹ ਧਾਰਨਾ ਸਹੀ ਨਹੀਂ ਹੈ। ਲੋੜ ਤੋਂ ਵੱਧ ਨਾਈਟ੍ਰੋਜਨ ਮਿੱਟੀ ਦਾ ਸੰਤੁਲਨ ਵਿਗਾੜਦਾ ਹੈ, ਪਾਣੀ ਵਿੱਚ ਨਾਈਟ੍ਰੇਟ ਪ੍ਰਦੂਸ਼ਣ ਵਧਾਉਂਦਾ ਹੈ ਅਤੇ ਨਾਈਟ੍ਰਸ ਔਕਸਾਈਡ ਵਰਗੀ ਗਰੀਨ ਹਾਊਸ ਗੈਸ ਦੇ ਨਿਕਾਸ ਨੂੰ ਵਧਾਉਂਦਾ ਹੈ। ਇਸੇ ਤਰ੍ਹਾਂ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਨਾਲ ਮਿੱਟੀ ਦੀ ਜੈਵਿਕ ਗੁਣਵੱਤਾ ਪ੍ਰਭਾਵਿਤ ਹੁੰਦੀ ਹੈ ਅਤੇ ਮਧੂ-ਮੱਖੀਆਂ, ਤਿਤਲੀਆਂ, ਪੰਛੀਆਂ ਅਤੇ ਹੋਰ ਲਾਭਕਾਰੀ ਜੀਵਾਂ ਦੀ ਗਿਣਤੀ ਘਟਦੀ ਹੈ। ਖੇਤੀ ਦਾ ਵਾਤਾਵਰਣ ਨਾਲ ਗੂੜ੍ਹਾ ਸੰਬੰਧ ਹੈ ਅਤੇ ਜੇ ਜੈਵ ਵੰਨ-ਸੁਵੰਨਤਾ ਘਟਦੀ ਹੈ ਤਾਂ ਇਸ ਦਾ ਨੁਕਸਾਨ ਆਖ਼ਰਕਾਰ ਖੇਤੀ ਨੂੰ ਹੀ ਝੱਲਣਾ ਪੈਂਦਾ ਹੈ।

ਇਨ੍ਹਾਂ ਹਾਲਾਤ ਵਿੱਚ ਫ਼ਸਲੀ ਵੰਨ-ਸੁਵੰਨਤਾ ਹੁਣ ਇੱਕ ਵਿਕਲਪ ਨਹੀਂ, ਸਗੋਂ ਲਾਜ਼ਮੀ ਬਣ ਚੁੱਕੀ ਹੈ। ਪੰਜਾਬ ਨੂੰ ਹੌਲੀ-ਹੌਲੀ ਕਣਕ-ਝੋਨੇ ਦੇ ਚੱਕਰ 'ਚੋਂ ਬਾਹਰ ਨਿਕਲ ਕੇ ਅਜਿਹੀਆਂ ਫ਼ਸਲਾਂ ਵੱਲ ਵਧਣਾ ਹੋਵੇਗਾ ਜੋ ਘੱਟ ਪਾਣੀ ਲੈਣ ਅਤੇ ਕਿਸਾਨਾਂ ਨੂੰ ਚੰਗੀ ਆਮਦਨ ਵੀ ਦੇ ਸਕਣ। ਮੱਕੀ, ਮੂੰਗ, ਮਾਂਹ, ਛੋਲੇ, ਸਰ੍ਹੋਂ, ਸੂਰਜਮੁਖੀ ਅਤੇ ਹੋਰ ਤੇਲ ਬੀਜ ਇਸ ਦਿਸ਼ਾ ਵਿੱਚ ਮਹੱਤਵਪੂਰਨ ਵਿਕਲਪ ਹਨ। ਖ਼ਾਸ ਕਰਕੇ ਦਾਲਾਂ ਨਾ ਸਿਰਫ਼ ਘੱਟ ਪਾਣੀ ਦੀ ਮੰਗ ਕਰਦੀਆਂ ਹਨ, ਸਗੋਂ ਹਵਾ ਵਿੱਚੋਂ ਨਾਈਟ੍ਰੋਜਨ ਨੂੰ ਮਿੱਟੀ ਵਿੱਚ ਸਥਿਰ ਕਰਕੇ ਉਸ ਦੀ ਉਪਜਾਊ ਸ਼ਕਤੀ ਵੀ ਵਧਾਉਂਦੀਆਂ ਹਨ। ਇਸੇ ਤਰ੍ਹਾਂ ਸਰ੍ਹੋਂ ਅਤੇ ਸੂਰਜਮੁਖੀ ਵਰਗੀਆਂ ਫ਼ਸਲਾਂ ਭਾਰਤ ਦੀ ਖਾਣ ਵਾਲੇ ਤੇਲ ਦੀ ਦਰਾਮਦ 'ਤੇ ਨਿਰਭਰਤਾ ਘਟਾਉਣ ਵਿੱਚ ਵੀ ਮਦਦਗਾਰ ਹੋ ਸਕਦੀਆਂ ਹਨ।

ਗੰਨੇ ਦੀ ਕਾਸ਼ਤ ਬਾਰੇ ਵੀ ਸੰਤੁਲਿਤ ਸੋਚ ਦੀ ਲੋੜ ਹੈ। ਗੰਨਾ ਖੰਡ ਅਤੇ ਈਥਾਨੌਲ ਉਦਯੋਗ ਲਈ ਬਹੁਤ ਮਹੱਤਵਪੂਰਨ ਹੈ, ਪਰ ਇਹ ਪਾਣੀ ਦੀ ਵੱਧ ਖਪਤ ਵਾਲੀ ਫਸਲ ਵੀ ਹੈ। ਇਸ ਲਈ ਗੰਨੇ ਦੀ ਕਾਸ਼ਤ ਉਨ੍ਹਾਂ ਖੇਤਰਾਂ ਤੱਕ ਸੀਮਤ ਰਹਿਣੀ ਚਾਹੀਦੀ ਹੈ ਜਿੱਥੇ ਪਾਣੀ ਦੀ ਉਪਲਬਧਤਾ ਅਤੇ ਉਦਯੋਗਿਕ ਢਾਂਚਾ ਦੋਵੇਂ ਮੌਜੂਦ ਹਨ। ਜਿੱਥੇ ਗੰਨਾ ਲਗਾਇਆ ਜਾਂਦਾ ਹੈ, ਉੱਥੇ ਡਰਿਪ ਸਿੰਚਾਈ ਵਰਗੀਆਂ ਤਕਨੀਕਾਂ ਨੂੰ ਅਪਣਾਉਣਾ ਸਮੇਂ ਦੀ ਲੋੜ ਹੈ।

ਪੰਜਾਬ ਦੇ ਪਾਣੀ ਸੰਕਟ ਦਾ ਇੱਕ ਵੱਡਾ ਹੱਲ ਬਾਗ਼ਬਾਨੀ ਦੇ ਵਿਸਥਾਰ ਵਿੱਚ ਵੀ ਲੁਕਿਆ ਹੋਇਆ ਹੈ। ਕਿੰਨੂ, ਅਮਰੂਦ, ਨਾਸ਼ਪਾਤੀ, ਬੇਰ, ਸਬਜ਼ੀਆਂ, ਫੁੱਲ ਅਤੇ ਹੋਰ ਬਾਗ਼ਬਾਨੀ ਫ਼ਸਲਾਂ ਘੱਟ ਰਕਬੇ ਤੋਂ ਵੱਧ ਆਮਦਨ ਦੇ ਸਕਦੀਆਂ ਹਨ। ਡ੍ਰਿਪ ਸਿੰਚਾਈ, ਮਲਚਿੰਗ, ਪ੍ਰੋਟੈਕਟਡ ਕਲਟੀਵੇਸ਼ਨ ਅਤੇ ਉੱਚ ਮੁੱਲ ਵਾਲੀਆਂ ਫ਼ਸਲਾਂ ਰਾਹੀਂ ਪਾਣੀ ਦੀ ਬੱਚਤ ਦੇ ਨਾਲ-ਨਾਲ ਕਿਸਾਨਾਂ ਦੀ ਆਮਦਨ ਵਿੱਚ ਵੀ ਵਾਧਾ ਕੀਤਾ ਜਾ ਸਕਦਾ ਹੈ। ਬਾਗ਼ਬਾਨੀ ਸਿਰਫ਼ ਖੇਤੀ ਦਾ ਇੱਕ ਵਿਕਲਪ ਨਹੀਂ, ਸਗੋਂ ਪਿੰਡਾਂ ਵਿੱਚ ਰੋਜ਼ਗਾਰ, ਫੂਡ ਪ੍ਰੋਸੈਸਿੰਗ, ਕੋਲਡ ਚੇਨ ਅਤੇ ਨਿਰਯਾਤ ਵਰਗੇ ਨਵੇਂ ਮੌਕੇ ਵੀ ਪੈਦਾ ਕਰਦੀ ਹੈ। ਇਸ ਦੇ ਨਾਲ ਹੀ ਸਾਨੂੰ ਪਾਣੀ ਬਚਾਉਣ ਵਾਲੀਆਂ ਆਧੁਨਿਕ ਤਕਨੀਕਾਂ ਨੂੰ ਵੀ ਵੱਡੇ ਪੱਧਰ 'ਤੇ ਅਪਣਾਉਣਾ ਹੋਵੇਗਾ। ਡ੍ਰਿਪ ਅਤੇ ਸਪ੍ਰਿੰਕਲਰ ਸਿੰਜਾਈ, ਲੇਜ਼ਰ ਲੈਂਡ ਲੈਵਲਿੰਗ, ਡਾਇਰੈਕਟ ਸੀਡਿਡ ਰਾਈਸ (ਡੀ ਐੱਸ ਆਰ), ਮਲਚਿੰਗ ਅਤੇ ਵਰਖਾ ਦੇ ਪਾਣੀ ਦੀ ਸੰਭਾਲ ਵਰਗੀਆਂ ਤਕਨੀਕਾਂ ਪਾਣੀ ਦੀ ਖਪਤ ਨੂੰ ਕਾਫ਼ੀ ਹੱਦ ਤੱਕ ਘਟਾ ਸਕਦੀਆਂ ਹਨ। ਇਨ੍ਹਾਂ ਦੇ ਨਾਲ-ਨਾਲ ਮਿੱਟੀ ਦੀ ਜਾਂਚ ਦੇ ਆਧਾਰ 'ਤੇ ਖਾਦਾਂ ਦੀ ਵਰਤੋਂ, ਇਕਸਾਰ ਪੋਸ਼ਕ ਪ੍ਰਬੰਧਨ ਅਤੇ ਇੰਟੀਗ੍ਰੇਟਿਡ ਪੈਸਟ ਮੈਨੇਜਮੈਂਟ (ਏਕੀਕ੍ਰਿਤ ਕੀਟ ਪ੍ਰਬੰਧਨ) ਨੂੰ ਵੀ ਉਤਸ਼ਾਹਿਤ ਕਰਨ ਦੀ ਲੋੜ ਹੈ।

ਸਰਕਾਰ ਦੀ ਭੂਮਿਕਾ ਵੀ ਇਸ ਪੂਰੇ ਬਦਲਾਅ ਵਿੱਚ ਬਹੁਤ ਮਹੱਤਵਪੂਰਨ ਹੈ। ਜੇਕਰ ਵਿਕਲਪਕ ਫ਼ਸਲਾਂ ਲਈ ਭਰੋਸੇਯੋਗ ਮੰਡੀ, ਵਾਜਬ ਕੀਮਤ, ਪ੍ਰੋਸੈਸਿੰਗ ਉਦਯੋਗ, ਕੋਲਡ ਚੇਨ ਅਤੇ ਨਿਰਯਾਤ ਦੀਆਂ ਸਹੂਲਤਾਂ ਵਿਕਸਿਤ ਕੀਤੀਆਂ ਜਾਣ ਤਾਂ ਕਿਸਾਨ ਆਪਣੇ ਆਪ ਹੀ ਫ਼ਸਲੀ ਵਿਭਿੰਨਤਾ ਵੱਲ ਵਧਣਗੇ। ਇਸੇ ਤਰ੍ਹਾਂ ਕਿਸਾਨਾਂ ਨੂੰ ਵਿਗਿਆਨਕ ਸਲਾਹ, ਆਧੁਨਿਕ ਤਕਨੀਕਾਂ ਅਤੇ ਸਰਕਾਰੀ ਯੋਜਨਾਵਾਂ ਨਾਲ ਜੋੜਨਾ ਵੀ ਜ਼ਰੂਰੀ ਹੈ। ਅੱਜ ਪੰਜਾਬ ਨੂੰ ਇੱਕ ਹੋਰ ਕ੍ਰਾਂਤੀ ਦੀ ਲੋੜ ਹੈ, ਪਰ ਇਹ ਕ੍ਰਾਂਤੀ ਵੱਧ ਪੈਦਾਵਾਰ ਦੀ ਨਹੀਂ, ਸਗੋਂ ਪਾਣੀ ਬਚਾਉਣ, ਮਿੱਟੀ ਸੰਭਾਲਣ ਅਤੇ ਟਿਕਾਊ ਖੇਤੀ ਨੂੰ ਅਪਣਾਉਣ ਦੀ ਕ੍ਰਾਂਤੀ ਹੋਣੀ ਚਾਹੀਦੀ ਹੈ। ਹਰੀ ਕ੍ਰਾਂਤੀ ਨੇ ਦੇਸ਼ ਨੂੰ ਅਨਾਜ ਦਿੱਤਾ ਸੀ, ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੇਸ਼ ਨੂੰ ਟਿਕਾਊ ਖੇਤੀ ਦਾ ਮਾਡਲ ਵੀ ਦੇਵੇ।

ਜੇ ਅਸੀਂ ਅੱਜ ਧਰਤੀ ਹੇਠਲੇ ਪਾਣੀ ਦੀ ਹਰ ਬੂੰਦ ਦੀ ਕਦਰ ਕਰਨੀ ਸਿੱਖ ਲਈ, ਫ਼ਸਲੀ ਵਿਭਿੰਨਤਾ ਨੂੰ ਅਪਣਾਇਆ, ਬਾਗ਼ਬਾਨੀ ਨੂੰ ਉਤਸ਼ਾਹਿਤ ਕੀਤਾ ਅਤੇ ਵਿਗਿਆਨਕ ਖੇਤੀ ਵੱਲ ਕਦਮ ਵਧਾਏ ਤਾਂ ਯਕੀਨਨ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਖ਼ੁਸ਼ਹਾਲ, ਹਰਿਆ-ਭਰਿਆ ਅਤੇ ਪਾਣੀ-ਸੁਰੱਖਿਅਤ ਪੰਜਾਬ ਛੱਡ ਸਕਾਂਗੇ। ਇਹ ਸਿਰਫ਼ ਸਰਕਾਰ ਜਾਂ ਕਿਸਾਨ ਦੀ ਨਹੀਂ, ਸਗੋਂ ਸਾਡੇ ਸਾਰੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ।

ਸਾਡੇ ਲੋਕ SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ 'ਤੇ ਜੈਪਾਲ ਤੇ ਮੁਲਿਨ ਆਹਮੋ-ਸਾਹਮਣੇ

ਨਿਊਯਾਰਕ : ਅਮਰੀਕਾ 'ਚ ਇਮੀਗ੍ਰੇਸ਼ਨ ਕਾਰਵਾਈ ਨੂੰ ਲੈ ਕੇ ਹੋਮਲੈਂਡ ਸਿਕਿਉਰਿਟੀ ਵਿਭਾਗ ਦੇ ਮੁਖੀ ਮਾਰਕਵੇਨ ਮੁਲਿਨ ਤੇ ਡੈਮੋਕ੍ਰੇਟਿਕ ਸੰਸਦ ਮੈਂਬਰ ਪ੍ਰਮੀਲਾ ਜੈਪਾਲ ਵਿਚਾਲੇ ਵਿਵਾਦ ਤੇਜ਼ ਹੋ ਗਿਆ ਹੈ। ਜੈਪਾਲ ਨੇ ਦਾਅਵਾ ਕੀਤਾ ਹੈ ਕਿ ਹਾਲੀਆ ਕਾਰਵਾਈਆਂ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਬਹੁਤੇ ਪ੍ਰਵਾਸੀ ਜਨਤਕ ਸੁਰੱਖਿਆ ਲਈ ਖ਼ਤਰਾ ਨਹੀਂ ਸਨ, ਜਦਕਿ ਮੁਲਿਨ ਨੇ ਇਸ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਕਿ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਕਰਨ ਵਾਲਿਆਂ ਖ਼ ?ਲਾਫ਼ ਕਾਰਵਾਈ ਜਾਰੀ ਰਹੇਗੀ। ਜੈਪਾਲ ਨੇ ਇਕ ਸੁਣਵਾਈ ਦੌਰਾਨ ਕਿਹਾ ਕਿ ਇਸ ਗਰਮੀ ਦੌਰਾਨ ਪਹਿਲੀ ਵਾਰ ਹੋਮਲੈਂਡ ਸਿਕਿਉਰਿਟੀ ਵਿਭਾਗ ਵੱਲੋਂ ਗ੍ਰਿਫ਼ਤਾਰ ਕੀਤੇ ਲੋਕਾਂ 'ਚ ਬਹੁਗਿਣਤੀ ਅਜਿਹੇ ਲੋਕਾਂ ਦੀ ਸੀ, ਜਿਨ੍ਹਾਂ ਤੋਂ ਉਨ੍ਹਾਂ ਮੁਤਾਬਕ ਜਨਤਕ ਸੁਰੱਖਿਆ ਨੂੰ ਕੋਈ ਖ਼ਤਰਾ ਨਹੀਂ ਸੀ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਅਪਰਾਧਿਕ ਸਜ਼ਾਵਾਂ ਵਾਲੇ ਲੋਕਾਂ ਦੀਆਂ ਆਈਸ ਵੱਲੋਂ ਕੀਤੀਆਂ ਗ੍ਰਿਫ਼ਤਾਰੀਆਂ ਦੀ ਗਿਣਤੀ ਘਟੀ ਹੈ। ਜੈਪਾਲ ਦਾ ਕਹਿਣਾ ਹੈ ਕਿ ਗੰਭੀਰ ਅਪਰਾਧਾਂ ਤੇ ਮਨੁੱਖੀ ਤਸਕਰੀ ਦੀ ਜਾਂਚ ਲਈ ਤਾਇਨਾਤ ਅਧਿਕਾਰੀਆਂ ਨੂੰ ਆਮ ਇਮੀਗ੍ਰੇਸ਼ਨ ਕਾਰਵਾਈਆਂ 'ਚ ਲਗਾਉਣ ਨਾਲ ਸੁਰੱਖਿਆ ਪ੍ਰਬੰਧ ਪ੍ਰਭਾਵਿਤ ਹੋ ਸਕਦੇ ਹਨ। ਦੂਜੇ ਪਾਸੇ ਮੁਲਿਨ ਨੇ ਜੈਪਾਲ ਦੇ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਕਿ ਕੌਮੀ ਸੁਰੱਖਿਆ ਲਈ ਸਰਕਾਰ ਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਦੇਸ਼ 'ਚ ਕੌਣ ਦਾਖ਼ਲ ਹੋਇਆ ਹੈ। ਉਨ੍ਹਾਂ ਕਿਹਾ ਕਿ ਗੈਰਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖ਼ਲ ਹੋਏ ਲੋਕਾਂ ਖ਼ ?ਲਾਫ਼ ਇਮੀਗ੍ਰੇਸ਼ਨ ਕਾਨੂੰਨਾਂ ਤਹਿਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਜਿਹੇ ਲੋਕਾਂ ਲਈ ਹੁਣ ਆਪਣੇ ਦੇਸ਼ ਵਾਪਸ ਜਾਣ ਦਾ ਸਮਾਂ ਹੈ। ਹੋਮਲੈਂਡ ਸਿਕਿਉਰਿਟੀ ਵਿਭਾਗ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਅਗਸਤ ਦੌਰਾਨ ਆਈਸ ਨੇ ਦੇਸ਼ ਭਰ ਵਿਚ ਕਰੀਬ 51 ਹਜ਼ਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨੂੰ ਵਿਭਾਗ ਨੇ ਇਕ ਮਹੀਨੇ 'ਚ ਹੋਈਆਂ ਸਭ ਤੋਂ ਵੱਧ ਗ੍ਰਿਫ਼ਤਾਰੀਆਂ ਦੱਸਿਆ ਹੈ। ਹਾਲਾਂਕਿ ਗ੍ਰਿਫ਼ਤਾਰ ਲੋਕਾਂ ਵਿੱਚੋਂ ਕਿੰਨੇ ਅਪਰਾਧਿਕ ਸਜ਼ਾਵਾਂ ਵਾਲੇ ਸਨ ਜਾਂ ਜਨਤਕ ਸੁਰੱਖਿਆ ਲਈ ਖ਼ਤਰਾ ਮੰਨੇ ਗਏ, ਇਸ ਬਾਰੇ ਜੈਪਾਲ ਤੇ ਪ੍ਰਸ਼ਾਸਨ ਵੱਲੋਂ ਵੱਖ-ਵੱਖ ਦਾਅਵੇ ਕੀਤੇ ਜਾ ਰਹੇ ਹਨ।


ਪ੍ਰਮੀਲਾ ਜੈਪਾਲ


ਮਾਰਕਵੇਨ ਮੁਲਿਨ

# 3.5 ਕਰੋੜ ਡਾਲਰ ਦੀ ਪੋਂਜ਼ੀ ਧੋਖਾਧੜੀ ਮਾਮਲੇ 'ਚ ਭਾਰਤੀ ਮੂਲ ਦੇ ਵਿਅਕਤੀ ਨੂੰ 11 ਸਾਲ ਕੈਦ - ਟ੍ਰੈਵਿਸ ਕੇਲਸੀ ਵੀ 64 ਪੀੜਤਾਂ ' ਚ ਸ਼ਾਮਿਲ



ਨਿਊਯਾਰਕ/ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ ਸਾਡੇ ਲੋਕ)-ਅਮਰੀਕਾ ਵਿਚ 3.5 ਕਰੋੜ ਡਾਲਰ ਤੋਂ ਵੱਧ ਦੀ ਪੋਂਜ਼ੀ ਨਿਵੇਸ਼ ਧੋਖਾਧੜੀ ਦੇ ਮਾਮਲੇ ਵਿਚ ਭਾਰਤੀ ਮੂਲ ਦੇ 38 ਸਾਲਾ ਸਿਧਾਰਥ ਜਵਾਹਰ ਨੂੰ 11 ਸਾਲ ਦੀ ਸੰਘੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮਿਸੂਰੀ ਦੇ ਸੇਂਟ ਲੂਇਸ ਦੀ ਸੰਘੀ ਅਦਾਲਤ ਨੇ ਉਸ ਨੂੰ ਪੀੜਤਾਂ ਨੂੰ 31.35 ਮਿਲੀਅਨ ਡਾਲਰ ਵਾਪਸ ਕਰਨ ਦਾ ਹੁਕਮ ਵੀ ਦਿੱਤਾ ਹੈ। ਇਸ ਮਾਮਲੇ ਦੇ 64 ਪੀੜਤਾਂ ਵਿਚ ਕੈਨਸਸ ਸਿਟੀ ਚੀਫ਼ਸ ਦੇ ਮਸ਼ਹੂਰ ਖਿਡਾਰੀ ਟਰੈਵਿਸ ਕੇਲਸੀ ਦਾ ਨਾਂ ਵੀ ਸ਼ਾਮਿਲ ਹੈ। ਸਰਕਾਰੀ ਵਕੀਲਾਂ ਮੁਤਾਬਕ ਜਵਾਹਰ ਟੈਕਸਸ ਸਥਿਤ ਨਿਵੇਸ਼ ਕੰਪਨੀ ਸਵਿਫਟਆਰਕ ਕੈਪੀਟਲ ਚਲਾਉਂਦਾ ਸੀ। ਉਸ ਨੇ 2015 ਵਿਚ ਗਾਹਕਾਂ ਦਾ ਪੈਸਾ ਫਿਲਿਪ ਮੌਰਿਸ ਪਾਕਿਸਤਾਨ ਵਿੱਚ ਲਗਾਉਣਾ ਸ਼ੁਰੂ ਕੀਤਾ ਅਤੇ ਬਾਅਦ ਵਿੱਚ ਗਾਹਕਾਂ ਦੇ ਕਰੀਬ 99 ਫੀਸਦੀ ਫੰਡ ਇਸੇ ਇੱਕ ਨਿਵੇਸ਼ ਵਿੱਚ ਕੇਂਦਰਿਤ ਹੋ ਗਏ। ਜਦੋਂ ਇਸ ਨਿਵੇਸ਼ ਦੀ ਕੀਮਤ ਡਿੱਗੀ ਤਾਂ ਨਿਵੇਸ਼ਕਾਂ ਨੂੰ ਨੁਕਸਾਨ ਬਾਰੇ ਦੱਸਣ ਦੀ ਬਜਾਏ ਉਨ੍ਹਾਂ ਨੂੰ ਮੁਨਾਫ਼ਾ ਹੋਣ ਦੀ ਗਲਤ ਜਾਣਕਾਰੀ ਦਿੱਤੀ ਜਾਂਦੀ ਰਹੀ। ਅਧਿਕਾਰੀਆਂ ਅਨੁਸਾਰ ਜੁਲਾਈ 2016 ਤੋਂ ਦਸੰਬਰ 2023 ਤੱਕ ਜਵਾਹਰ ਨੇ ਨਿਵੇਸ਼ਕਾਂ ਤੋਂ 35 ਮਿਲੀਅਨ ਡਾਲਰ ਤੋਂ ਵੱਧ ਇਕੱਠੇ ਕੀਤੇ, ਪਰ ਇਸ ਵਿੱਚੋਂ ਸਿਰਫ਼ ਕਰੀਬ 10 ਮਿਲੀਅਨ ਡਾਲਰ ਹੀ ਅਸਲ ਵਿੱਚ ਨਿਵੇਸ਼ ਕੀਤੇ। ਕੁਝ ਗਾਹਕਾਂ ਨੂੰ ਇਹ ਵੀ ਦੱਸਿਆ ਗਿਆ ਕਿ ਉਨ੍ਹਾਂ ਦਾ ਪੈਸਾ ਖਾਸ ਕੰਪਨੀਆਂ ਵਿੱਚ ਲਗਾਇਆ ਗਿਆ ਹੈ, ਜਦਕਿ ਉਹ ਨਿਵੇਸ਼ ਕੀਤੇ ਹੀ ਨਹੀਂ ਗਏ ਸਨ। ਜਦੋਂ ਪੁਰਾਣੇ ਨਿਵੇਸ਼ਕਾਂ ਨੇ ਆਪਣਾ ਪੈਸਾ ਵਾਪਸ ਮੰਗਣਾ ਸ਼ੁਰੂ ਕੀਤਾ ਤਾਂ ਸਰਕਾਰੀ ਵਕੀਲਾਂ ਮੁਤਾਬਕ ਉਨ੍ਹਾਂ ਨੂੰ ਨਵੇਂ ਨਿਵੇਸ਼ਕਾਂ ਤੋਂ ਆਈ ਰਕਮ ਨਾਲ ਭੁਗਤਾਨ ਕੀਤਾ ਗਿਆ। ਇਸੇ ਤਰੀਕੇ ਨਾਲ ਇਹ ਪੋਂਜ਼ੀ ਯੋਜਨਾ ਕਈ ਸਾਲ ਚੱਲਦੀ ਰਹੀ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਨਿਵੇਸ਼ਕਾਂ ਦੇ ਪੈਸਿਆਂ ਦਾ ਇੱਕ ਹਿੱਸਾ ਜਵਾਹਰ ਦੀ ਆਲੀਸ਼ਾਨ ਜੀਵਨਸ਼ੈਲੀ 'ਤੇ ਖਰਚ ਹੋਇਆ। ਇਸ ਵਿੱਚ ਨਿੱਜੀ ਜਹਾਜ਼ਾਂ ਦੀਆਂ ਯਾਤਰਾਵਾਂ, ਮਹਿੰਗੇ ਹੋਟਲ, ਨਿਊਯਾਰਕ ਸਿਟੀ ਅਤੇ ਆਸਟਿਨ ਵਿੱਚ ਆਲੀਸ਼ਾਨ ਅਪਾਰਟਮੈਂਟ, ਨਿੱਜੀ ਕਲੱਬਾਂ ਦੀ ਮੈਂਬਰਸ਼ਿਪ, ਮਹਿੰਗੇ ਕੱਪੜਿਆਂ ਦੀ ਖਰੀਦਦਾਰੀ ਅਤੇ ਮਹਿੰਗੇ ਰੈਸਟੋਰੈਂਟਾਂ ਦੇ ਖਰਚੇ ਸ਼ਾਮਿਲ ਸਨ ਅਦਾਲਤੀ ਰਿਕਾਰਡ ਮੁਤਾਬਕ 2022 ਵਿੱਚ ਟੈਕਸਸ ਦੇ ਅਧਿਕਾਰੀਆਂ ਨੇ ਜਵਾਹਰ ਨੂੰ ਧੋਖਾਧੜੀ ਨਾਲ ਜੁੜੀਆਂ ਸਰਗਰਮੀਆਂ ਰੋਕਣ ਦਾ ਹੁਕਮ ਦਿੱਤਾ ਸੀ, ਪਰ ਇਸ ਤੋਂ ਬਾਅਦ ਵੀ ਉਸ ਨੇ ਨਿਵੇਸ਼ਕਾਂ ਤੋਂ ਪੈਸਾ ਲੈਣਾ ਜਾਰੀ ਰੱਖਿਆ। ਟਰੈਵਿਸ ਕੇਲਸੀ ਨੂੰ ਅਦਾਲਤ ਵਿੱਚ ਇਸ ਧੋਖਾਧੜੀ ਦੇ ਇਕ ਪੀੜਤ ਵਜੋਂ ਪਛਾਣਿਆ ਗਿਆ। ਹਾਲਾਂਕਿ, ਉਸ ਨੇ ਕਿੰਨਾ ਪੈਸਾ ਨਿਵੇਸ਼ ਕੀਤਾ ਅਤੇ ਕਿੰਨਾ ਨੁਕਸਾਨ ਹੋਇਆ, ਇਸ ਬਾਰੇ ਕੋਈ ਰਕਮ ਜਨਤਕ ਨਹੀਂ ਕੀਤੀ ਗਈ। ਕੇਲਸੀ 'ਤੇ ਇਸ ਮਾਮਲੇ ਵਿੱਚ ਕਿਸੇ ਤਰ੍ਹਾਂ ਦਾ ਦੋਸ਼ ਨਹੀਂ ਹੈ। ਇਲਜ਼ਾਮ ਲੱਗਣ ਤੋਂ ਬਾਅਦ ਜਵਾਹਰ 'ਤੇ ਜਾਂਚ ਵਿੱਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਵੀ ਲੱਗੇ। ਅਮਰੀਕੀ ਨਿਆਂ ਵਿਭਾਗ ਮੁਤਾਬਕ ਉਸ ਨੇ ਇੱਕ ਪੀੜਤ ਨੂੰ ਐਫਬੀਆਈ ਸਾਹਮਣੇ ਆਪਣੇ ਹੱਕ ਵਿੱਚ ਬਿਆਨ ਦੇਣ ਲਈ ਪ੍ਰਭਾਵਿਤ ਕਰਨ, ਆਪਣੀ ਇਮੀਗ੍ਰੇਸ਼ਨ ਅਤੇ ਵਿੱਤੀ ਸਥਿਤੀ ਬਾਰੇ ਗਲਤ ਜਾਣਕਾਰੀ ਦੇਣ ਅਤੇ ਸਬੂਤ ਲੁਕਾਉਣ ਲਈ ਆਪਣੀ ਭੈਣ ਰਾਹੀਂ ਆਈਫੋਨ ਦਾ ਡਾਟਾ ਦੂਰੋਂ ਮਿਟਾਉਣ ਦੀ ਕੋਸ਼ਿਸ਼ ਕੀਤੀ ਸਜ਼ਾ ਸੁਣਾਉਂਦੇ ਸਮੇਂ ਸੰਘੀ ਜੱਜ ਜ਼ੈਕਰੀ ਐਮ. ਬਲੂਸਟੋਨ ਨੇ ਧੋਖਾਧੜੀ ਨਾਲ ਹੋਏ ਵੱਡੇ ਨੁਕਸਾਨ ਅਤੇ ਇਸ ਦੇ ਲੰਬੇ ਸਮੇਂ ਤੱਕ ਚੱਲਣ ਦਾ ਜ਼ਿਕਰ ਕੀਤਾ। ਜਵਾਹਰ ਨੇ ਅਦਾਲਤ ਵਿੱਚ ਕਿਹਾ ਕਿ ਉਹ ਪੀੜਤਾਂ ਦਾ ਪੈਸਾ ਵਾਪਸ ਕਰਨ ਦੀ ਕੋਸ਼ਿਸ਼ ਜਾਰੀ ਰੱਖੇਗਾ, ਪਰ ਜੱਜ ਨੇ ਕਿਹਾ ਕਿ ਹੁਣ ਤੱਕ ਪੀੜਤਾਂ ਨੂੰ ਰਕਮ ਵਾਪਸ ਨਾ ਕਰਨਾ ਸਜ਼ਾ ਤੈਅ ਕਰਨ ਵਿੱਚ ਅਹਿਮ ਕਾਰਨ ਰਿਹਾ ਜਵਾਹਰ ਨੇ ਜਨਵਰੀ 2026 ਵਿੱਚ ਵਾਇਰ ਧੋਖਾਧੜੀ ਦੇ ਤਿੰਨ ਦੋਸ਼ਾਂ ਵਿੱਚ ਆਪਣਾ ਦੋਸ਼ ਕਬੂਲ ਕਰ ਲਿਆ ਸੀ। ਅਧਿਕਾਰੀਆਂ ਮੁਤਾਬਕ ਉਹ ਭਾਰਤ ਤੋਂ ਹੈ ਅਤੇ ਅਮਰੀਕਾ ਵਿੱਚ ਕਾਨੂੰਨੀ ਇਮੀਗ੍ਰੇਸ਼ਨ ਦਰਜੇ ਤੋਂ ਬਿਨਾਂ ਰਹਿ ਰਿਹਾ ਸੀ। ਕੈਦ ਦੀ ਸਜ਼ਾ ਪੂਰੀ ਕਰਨ ਤੋਂ ਬਾਅਦ ਉਸ ਨੂੰ ਡਿਪੋਰਟੇਸ਼ਨ ਦੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਇਸ ਮਾਮਲੇ ਦੀ ਜਾਂਚ ਐਫਬੀਆਈ ਅਤੇ ਮੈਨਹੈਟਨ ਡਿਸਟ੍ਰਿਕਟ ਅਟਾਰਨੀ ਦਫ਼ਤਰ ਵੱਲੋਂ ਕੀਤੀ ਗਈ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ, ਸ਼ਖਸੀ ਅਤੇ ਪੰਥਕ

ਸ਼ਖਸੀ ਰਹਿਣੀ

(੧) ਨਾਮ ਬਾਣੀ ਦਾ ਅਭਿਆਸ, (੨.) ਗੁਰਮਤ ਦੀ ਰਹਿਣੀ, (੩.) ਸੇਵਾ।

1. ਨਾਮ ਬਾਣੀ ਦਾ ਅਭਿਆਸ

੧. ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੋ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਟਾ ਨਾਮ ਜਪੇ।

੨. ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ :-

ਜਪੁ, ਜਾਪੁ ਅਤੇ ੧੦ ਸਵੱਯੇ ('ਸ੍ਰਾਵਗ ਸੁੱਧ' ਵਾਲ) ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ।

ਸੋਦਰੁ ਰਹਿਰਾਸ-ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ :-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ ('ਸੋਦਰੁ' ਤੋਂ ਲੈ ਕੇ 'ਸਰਣਿ ਪਰੈ ਕੀ ਰਾਖਹੁ ਸਰਮਾ' ਤੱਕ), ਬੇਨਤੀ ਚੌਪਈ ਪਾਤਸ਼ਾਹੀ ੧੦ ('ਹਮਰੀ ਕਰਉ ਹਾਥ ਦੈ ਰਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲਹੁ ਬਚਾਈ' ਤੱਕ), ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ।

ਸੋਹਿਲਾ-ਇਹ ਬਾਣੀ ਰਾਤ ਨੂੰ ਸਾਉਣ ਵੇਲੇ ਪੜ੍ਹਨੀ। ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ।

੩. (ੳ) ਅਰਦਾਸ ਇਹ ਹੈ :

ੴ ਵਾਹਿਗੁਰੂ ਜੀ ਕੀ ਫ਼ਤਹ॥

ਸ੍ਰੀ ਭਗੌਤੀ ਜੀ ਸਹਾਇ।

ਵਾਰ ਸ੍ਰ ਭਗੌਤੀ ਜੀ ਕੀ। ਪਾਤਸ਼ਾਹੀ ੧੦। ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥ ਫਿਰ ਅੰਗਦ ਗੁਰ ਤੇ ਅਮਰ ਦਾਸੁ ਰਾਮਦਾਸੈ ਹੋਈ' ਸਹਾਇ। ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ। ਸ੍ਰੀ ਹਰਿਕਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖ ਜਾਇ। ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ। ਸਭ ਥਾਈਂ ਹੋਇ ਸਹਾਇ। ਦਸਵਾਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ। ਸਭ ਥਾਈਂ ਹੋਇ ਸਹਾਇ। ਦਸਾਂ ਪਾਤਿਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੇ ਜੀ ਵਾਹਿਗੁਰੂ।

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸੰਚਾਰਿਆਂ ਦੀ ਕਮਾਈ ਦਾ ਧਿਆਨ ਧਰਕੇ, ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ।

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ ਚਰਖੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿੰਨ੍ਹਾਂ ਦੀ ਕਮਾਈ ਦਾ ਧਿਆਨ ਧਰਕੇ ਖਾਲਸਾ ਜੀ! ਬੋਲੋ ਜੀ ਵਾਹਿਗੁਰੂ!!

ਚੌਹਾਂ ਤਖਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।

ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ




ਵਾਹਿਗੁਰੂ ਵਾਹਿਗੁਰੂ ਚਿਤ ਆਵੇ, ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੈ। ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ।

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ ਜੁਗੇ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ!!!

ਸਿੱਖਾਂ ਦਾ ਮਨ ਨੀਵਾਂ ਮਤ ਉਚੀ, ਮਤ ਦਾ ਰਾਖਾ ਆਪਿ ਵਾਹਿਗੁਰੂ! ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸਚ ਪਿਤਾ, ਵਾਹਿਗੁਰੂਜ ਆਪ ਦੇ ਹਜ਼ੂਰ.... ਅਰਦਾਸ ਹੈ ਜੀ।

ਅਖਰ ਵਾਧਾ ਘਾਟਾ ਭੁੱਲ ਚੁਕ ਮਾਫ਼ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ। ਸੋਈ ਪਿਆਰੇ ਮੇਲ, ਜਿਨ੍ਹਾਂ ਮਿਲਿਆ ਤੇਰਾ ਨਾਮ ਚਿਤ ਆਵੇ। ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।

ਇਸ ਤੋਂ ਉਪਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜ੍ਹੇ ਹੋ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਵੇ। ਉਪਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।

(ਅ) ਅਰਦਾਸ ਹੋਣ ਸਮੇਂ ਸੰਗਤ ਵਿਚ ਹਾਜ਼ਰ ਸਾਰੇ ਇਸਤਰੀ ਪੁਰਸ਼ਾਂ ਨੂੰ ਹੱਥ ਜੋੜ ਕੇ ਖੜ੍ਹਾ ਹੋਣਾ ਚਾਹੀਦਾ ਹੈ। ਜੋ ਸੱਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਾ ਹੋਵੇ, ਉਹ ਭੀਉਠ ਕੇ ਚੌਰ ਕਰੇ।

(ੲ) ਅਰਦਾਸ ਕਰਨ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਖੜ੍ਹੇ ਹੋ ਕੇ ਤੇ ਹੱਥ ਜੋੜ ਕੇ ਅਰਦਾਸ ਕਰੇ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਮੂੰਹ ਕਰਕੇ ਅਰਦਾਸ ਕਰੇ, ਪ੍ਰਵਾਨ ਹੈ।

**(ਚਲਦਾ)**

# ਫਰਿਜਨੋ ਸਿਟੀ ਕੌਂਸਲ ਚੋਣ 'ਚ ਇਮੀਗ੍ਰੇਸ਼ਨ ਬਣਿਆ ਅਹਿਮ ਮੁੱਦਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ/ਸਾਡੇ ਲੋਕ) : ਫਰਿਜਨੋ ਸਿਟੀ ਕੌਂਸਲ ਦੇ ਜ਼ਿਲਾ 1 ਦੀ ਚੋਣ ਵਿੱਚ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਦਾ ਮਾਮਲਾ ਪਹਿਲਾਂ ਹੀ ਇੱਕ ਅਹਿਮ ਮੁੱਦਾ ਬਣ ਕੇ ਉਭਰਿਆ ਹੈ ਜਦਕਿ ਹੁਣ ਉਮੀਦਵਾਰ ਨੈਨਦੀਪ ਸਿੰਘ ਵੱਲੋਂ ਅਤੀਤ ਵਿੱਚ ਲਏ ਗਏ ਉਸ ਫੈਸਲੇ ਨੂੰ ਲੈ ਕੇ ਸਿੰਘ ਅਤੇ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਰੌਬ ਫੁਏਂਟੇਸ ਵਿਚਕਾਰ ਵਿਵਾਦ ਪੈਦਾ ਹੋ ਗਿਆ ਹੈ, ਜਿਸ ਵਿੱਚ ਉਨਾਂ ਨੇ ਨਿਆਂ ਵਿਭਾਗ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਿਵਲ ਅਧਿਕਾਰਾਂ ਬਾਰੇ ਪ੍ਰਮੁੱਖ ਅਧਿਕਾਰੀ ਹਰਮੀਤ ਢਿੱਲੋਂ ਦਾ ਸਮਰਥਨ ਕੀਤਾ ਸੀ। ਇਸ ਘਟਨਾਕ੍ਰਮ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਜਦੋਂ ਨੀਤੀ ਅਤੇ ਇਤਿਹਾਸਕ ਤੱਥਾਂ ਦੀ ਬਜਾਏ ਹੋਰ ਵਿਚਾਰਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ, ਤਾਂ ਉਸ ਦੇ ਕੀ ਨਤੀਜੇ ਨਿਕਲਦੇ ਹਨ। ਫੁਏਂਟੇਸ, ਸਿੰਘ ਦੀ ਉਸ ਭੂਮਿਕਾ ਨੂੰ ਲੈ ਕੇ ਉਨ੍ਹਾਂ ਨੂੰ ਚੁਣੌਤੀ ਦੇ ਰਹੇ ਹਨ ਜੋ ਉਨ੍ਹਾਂ ਨੇ 2025 ਦੇ ਇੱਕ ਪੱਤਰ ਵਿੱਚ ਨਿਭਾਈ ਸੀ; ਇਸ ਪੱਤਰ ਰਾਹੀਂ ਅਮਰੀਕੀ ਸੈਨੇਟ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਹਰਮੀਤ ਢਿੱਲੋਂ ਨੂੰ ਸਿਵਲ ਅਧਿਕਾਰਾਂ ਲਈ 'ਅਸਿਸਟੈਂਟ ਅਟਾਰਨੀ ਜਨਰਲ' ਵਜੋਂ ਨਿਯੁਕਤ ਕਰਨ ਦੀ ਪ੍ਰਵਾਨਗੀ ਦੇਵੇ। ਇਹ ਦੋਵੇਂ ਪੱਛਮੀ-ਕੇਂਦਰੀ ਫਰਿਜਨੋ ਜ਼ਿਲ੍ਹੇ ਵਿੱਚ ਕੌਂਸਲ ਮੈਂਬਰ ਐਨਾਲੀਸਾ ਪੇਰੀਆ ਦੀ ਜਗਾ ਲੈਣ ਲਈ ਚੋਣ ਲੜ ਰਹੇ ਹਨ। ਢਿੱਲੋਂ,



ਜੋ ਕਿ ਇੱਕ ਰੂੜੀਵਾਦੀ ਸਿਵਲ ਅਧਿਕਾਰ ਵਕੀਲ ਅਤੇ ਟਿੱਪਣੀਕਾਰ ਹਨ ਅਤੇ ਨਿਆਂ ਵਿਭਾਗ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਟਰੰਪ ਦੇ ਪ੍ਰਮੁੱਖ ਸਮਰਥਕ ਸਨ, ਨੂੰ ਸਿੱਖ-ਅਮਰੀਕੀ ਕਾਰਕੁਨਾਂ ਦੇ ਇੱਕ ਵਿਸ਼ਾਲ ਗੱਠਜੋੜ ਦੇ ਹਿੱਸੇ ਵਜੋਂ ਸਿੰਘ ਦਾ ਸਮਰਥਨ ਪ੍ਰਾਪਤ ਸੀ। ਉਕਤ ਪੱਤਰ 'ਤੇ ਦਸਤਖਤ ਕਰਨ ਵਾਲਿਆਂ ਨੂੰ ਦੇਸ਼ ਭਰ ਦੇ ਗੁਰਦੁਆਰਿਆਂ ਅਤੇ ਸਿਵਲ ਅਧਿਕਾਰ ਸੰਸਥਾਵਾਂ ਦੀ ਨੁਮਾਇੰਦਗੀ ਕਰਨ ਵਾਲੇ ਸਿੱਖ-ਅਮਰੀਕੀ ਭਾਈਚਾਰੇ ਦੇ ਆਗੂਆਂ ਵਜੋਂ ਦਰਸਾਇਆ ਗਿਆ ਸੀ ਅਤੇ ਢਿੱਲੋਂ ਦੀ ਨਿਯੁਕਤੀ ਲਈ ਪੁਰਜ਼ੋਰ ਸਮਰਥਨ ਪ੍ਰਗਟਾਇਆ ਗਿਆ ਸੀ ਫਰਿਜਨੋ ਅਧਾਰਤ 'ਜੈਕਾਰਾ ਮੂਵਮੈਂਟ' ਨਾਲ ਜੁੜੇ ਸਿੰਘ ਨੇ ਕਿਹਾ ਕਿ ਪੱਤਰ 'ਤੇ ਦਸਤਖਤ ਕਰਨ ਦਾ ਫੈਸਲਾ ਉਸ ਗੱਠਜੋੜ ਦੇ ਹਿੱਸੇ ਵਜੋਂ ਲਿਆ ਗਿਆ ਸੀ।

# ਐਬੀ ਗੇਟ ਹਮਲੇ 'ਚ ਭੂਮਿਕਾ ਲਈ ਆਈ.ਐਸ.ਆਈ.ਐਸ.-ਕੇ. ਮੈਂਬਰ ਮੁਹੰਮਦ ਸ਼ਰੀਫ਼ੁੱਲਾਹ ਨੂੰ 20 ਸਾਲ ਦੀ ਕੈਦ

ਨਿਊਯਾਰਕ : ਅਫ਼ਗਾਨਿਸਤਾਨ ਦੇ ਕਾਬੁਲ ਹਵਾਈ ਅੱਡੇ 'ਤੇ 2021 ਵਿਚ ਹੋਏ ਭਿਆਨਕ ਐਬੀ ਗੇਟ ਆਤਮਘਾਤੀ ਹਮਲੇ ਸਮੇਤ ਕਈ ਅੱਤਵਾਦੀ ਹਮਲਿਆਂ ਵਿੱਚ ਭੂਮਿਕਾ ਨਿਭਾਉਣ ਵਾਲੇ ਆਈਐਸਆਈਐਸ-ਕੇ ਮੈਂਬਰ ਮੁਹੰਮਦ ਸ਼ਰੀਫ਼ੁੱਲਾਹ ਨੂੰ ਅਮਰੀਕਾ ਵਿਚ 20 ਸਾਲ ਦੀ ਸੰਘੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਮਰੀਕੀ ਨਿਆਂ ਵਿਭਾਗ ਮੁਤਾਬਕ ਅਫ਼ਗਾਨ ਨਾਗਰਿਕ ਸ਼ਰੀਫ਼ੁੱਲਾਹ ਕਰੀਬ ਇੱਕ ਦਹਾਕੇ ਤੱਕ ਇਸ ਅੱਤਵਾਦੀ ਸੰਗਠਨ ਲਈ ਕੰਮ ਕਰਦਾ ਰਿਹਾ ਅਤੇ ਇੱਕ ਦਰਜਨ ਤੋਂ ਵੱਧ ਹਮਲਿਆਂ ਵਿੱਚ ਉਸ ਦੀ ਭੂਮਿਕਾ ਰਹੀ।ਅਦਾਲਤੀ ਰਿਕਾਰਡ ਅਨੁਸਾਰ 26 ਅਗਸਤ 2021 ਨੂੰ ਅਮਰੀਕੀ ਅਤੇ ਸਹਿਯੋਗੀ ਫੌਜਾਂ ਕਾਬੁਲ ਦੇ ਹਾਮਿਦ ਕਰਜ਼ਈ ਅੰਤਰਰਾਸ਼ਟਰੀ ਹਵਾਈ ਅੱਡੇ ਰਾਹੀਂ ਲੋਕਾਂ ਨੂੰ ਅਫ਼ਗਾਨਿਸਤਾਨ ਤੋਂ ਕੱਢ ਰਹੀਆਂ ਸਨ। ਇਸ ਦੌਰਾਨ ਆਈਐਸਆਈਐਸ-ਕੇ ਨੇ ਸ਼ਰੀਫ਼ੁੱਲਾਹ ਨੂੰ ਹਵਾਈ ਅੱਡੇ ਵੱਲ ਜਾਣ ਵਾਲੇ ਰਸਤੇ ਦੀ ਨਿਗਰਾਨੀ ਕਰਨ ਲਈ ਭੇਜਿਆ ਸੀ। ਉਸ ਨੇ ਰਸਤੇ ਦੀ ਜਾਂਚ ਕਰਕੇ ਸੰਗਠਨ ਦੇ ਆਗੂਆਂ ਨੂੰ ਉੱਥੇ ਤਾਲਿਬਾਨ ਦੀਆਂ ਜਾਂਚ ਚੌਕੀਆਂ ਨਾ ਹੋਣ ਦੀ ਜਾਣਕਾਰੀ ਦਿੱਤੀ।ਕੁਝ ਘੰਟਿਆਂ ਬਾਅਦ ਆਈਐਸਆਈਐਸ-ਕੇ ਦੇ ਆਤਮਘਾਤੀ ਹਮਲਾਵਰ ਅਬਦੁਲ ਰਹਿਮਾਨ ਅਲ-ਲੋਗਾਰੀ ਨੇ ਐਬੀ ਗੇਟ 'ਤੇ ਧਮਾਕਾ ਕਰ ਦਿੱਤਾ। ਇਸ ਹਮਲੇ



ਵਿੱਚ 13 ਅਮਰੀਕੀ ਫੌਜੀਆਂ ਸਮੇਤ ਕਰੀਬ 160 ਆਮ ਨਾਗਰਿਕ ਮਾਰੇ ਗਏ ਸਨ। ਸ਼ਰੀਫ਼ੁੱਲਾਹ ਅਤੇ ਅਲ-ਲੋਗਾਰੀ ਪਹਿਲਾਂ ਅਫ਼ਗਾਨਿਸਤਾਨ ਦੀ ਇੱਕ ਜੇਲ੍ਹ ਵਿੱਚ ਇਕੱਠੇ ਰਹਿ ਚੁੱਕੇ ਸਨ। ਨਿਆਂ ਵਿਭਾਗ ਮੁਤਾਬਕ ਸ਼ਰੀਫ਼ੁੱਲਾਹ ਦੀਆਂ ਸਰਗਰਮੀਆਂ ਸਿਰਫ਼ ਐਬੀ ਗੇਟ ਹਮਲੇ ਤੱਕ ਸੀਮਤ ਨਹੀਂ ਸਨ। 2016 ਵਿੱਚ ਕਾਬੁਲ ਵਿੱਚ ਕੈਨੇਡੀਅਨ ਦੂਤਾਵਾਸ ਦੀ ਸੁਰੱਖਿਆ ਕਰ ਰਹੇ ਨੇਪਾਲੀ ਗਾਰਡਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਆਤਮਘਾਤੀ ਹਮਲੇ ਤੋਂ ਪਹਿਲਾਂ ਉਸ ਨੇ ਇਲਾਕੇ ਦੀ ਨਿਗਰਾਨੀ ਕੀਤੀ ਅਤੇ ਹਮਲਾਵਰ ਨੂੰ ਘਟਨਾ ਸਥਾਨ ਤੱਕ ਪਹੁੰਚਾਉਣ ਵਿੱਚ ਮਦਦ ਕੀਤੀ ਸੀ। ਮਾਰਚ 2024 ਵਿੱਚ ਮਾਸਕੋ ਨੇੜੇ ਕ੍ਰੋਕਸ ਸਿਟੀ ਹਾਲ 'ਤੇ ਹੋਏ ਹਮਲੇ ਨਾਲ ਵੀ ਉਸ ਦਾ ਸਬੰਧ ਸਾਹਮਣੇ ਆਇਆ। ਅਧਿਕਾਰੀਆਂ ਅਨੁਸਾਰ ਉਸ ਨੇ ਹਮਲਾਵਰਾਂ ਨੂੰ ਏਕੇ ਕਿਸਮ ਦੀਆਂ ਰਾਈਫਲਾਂ ਅਤੇ ਹੋਰ ਹਥਿਆਰ ਵਰਤਣ ਬਾਰੇ ਜਾਣਕਾਰੀ ਦਿੱਤੀ ਅਤੇ ਹਮਲੇ ਦੌਰਾਨ ਉਨ੍ਹਾਂ ਨਾਲ ਸੰਪਰਕ ਵਿੱਚ ਰਿਹਾ। ਇਸ ਹਮਲੇ ਵਿੱਚ 100 ਤੋਂ ਵੱਧ ਲੋਕ ਮਾਰੇ ਗਏ ਸਨ। ਅਮਰੀਕੀ ਅਧਿਕਾਰੀਆਂ ਮੁਤਾਬਕ 2016 ਤੋਂ 2025 ਤੱਕ ਸ਼ਰੀਫ਼ੁੱਲਾਹ ਨੇ। ਆਈ.ਐਸ.ਆਈ.ਐਸ.-ਕੇ. ਲਈ ਹਮਲਿਆਂ ਤੋਂ ਪਹਿਲਾਂ ਨਿਗਰਾਨੀ ਕਰਨ, ਆਤਮਘਾਤੀ ਹਮਲਾਵਰਾਂ ਨੂੰ ਲਿਜਾਣ, ਹਥਿਆਰ ਪਹੁੰਚਾਉਣ, ਸੰਗਠਨ ਦੇ ਮੈਂਬਰਾਂ ਵਿਚਕਾਰ ਸੁਨੇਹੇ ਪਹੁੰਚਾਉਣ ਅਤੇ ਪ੍ਰਚਾਰ ਲਈ ਧਮਾਕਿਆਂ ਦੀਆਂ ਵੀਡੀਓ ਬਣਾਉਣ ਵਰਗੇ ਕੰਮ ਕੀਤੇ।ਸ਼ਰੀਫ਼ੁੱਲਾਹ ਨੂੰ 2025 ਵਿਚ ਕਾਬੂ ਕੀਤਾ ਗਿਆ ਸੀ। ਮਾਮਲੇ ਦੀ ਜਾਂਚ ਐਫ.ਬੀ.ਆਈ. ਦੇ ਵਾਸ਼ਿੰਗਟਨ ਫੀਲਡ ਦਫ਼ਤਰ ਵਲੋਂ ਕੀਤੀ ਗਈ।

# BASRA

## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਗੁਰਦੁਆਰਾ ਸਾਹਿਬ ਦੀ ਉਸਾਰੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਆਪ ਜੀ ਦਾ ਹੁਕਮ ਮੰਨ ਕੇ ਮੈਂ ਗੜ੍ਹਦੀਵਾਲੇ ਸ. ਸਾਧੂ ਸਿੰਘ ਦੇ ਘਰ ਸੀਮਿੰਟ ਦੇ ਪੈਸੇ ਦੇ ਆਇਆ।

ਵਾਪਿਸ ਆ ਕੇ ਅਸਾਂ ਦੋਵਾਂ ਨੇ ਰਹਿਰਾਸ ਸਾਹਿਬ ਜੀ ਦਾ ਪਾਠ ਕੀਤਾ। ਸਤਿਗੁਰੂ ਜੀ ਦਾ ਸੁੱਖ-ਆਸਨ ਕਰਨ ਤੋਂ ਬਾਅਦ ਬਾਬਾ ਜੀ ਛੰਨ ਤੋਂ ਬਾਹਰ ਮੰਜੇ ਉੱਪਰ ਸਜ ਗਏ ਅਤੇ ਮੈਨੂੰ ਅੰਦਰੋਂ ਕਲਗੀਧਰ ਚਮਤਕਾਰ (ਜੋ ਕਿ ਆਪ ਜੀ ਹਰ ਰੋਜ਼ ਨੇਮ ਨਾਲ ਸੁਣਿਆ ਕਰਦੇ ਸਨ) ਲਿਆਉਣ ਲਈ ਕਿਹਾ। ਮੈਂ ਲਾਲਟੈਨ ਲੈ ਕੇ ਅੰਦਰ ਗਿਆ ਤਦ ਮਨ ਵਿੱਚ ਫੁਰਨਾ ਆਇਆ ਕਿ ਵੇਖੀਏ ਬੋਰੀ ਵਿੱਚ ਕਿੰਨੀ ਕੁ ਮਾਇਆ ਹੈ? ਲਾਲਟੈਨ ਉਸ ਬੋਰੀ ਦੇ ਕੋਲ ਰੱਖ ਕੇ ਵੇਖਿਆ ਤਾਂ ਬੋਰੀ ਬਿਲਕੁਲ ਖ਼ਾਲੀ ਸੀ। ਬੋਰੀ ਖ਼ਾਲੀ ਵੇਖ ਕੇ ਮਨ ਵਿੱਚ ਬੜਾ ਪਛਤਾਵਾ ਆਇਆ ਕਿ ਬਾਬਾ ਜੀ ਨੇ ਤਾਂ ਹੁਕਮ ਕੀਤਾ ਸੀ ਕਿ ਇਹ ਗੁਪਤ ਖ਼ਜ਼ਾਨਾ ਹੈ, ਛੇੜਨਾ ਨਹੀਂ; ਵੇਲੇ-ਕੁਵੇਲੇ ਦੀ ਵਰਤੋਂ ਵਾਸਤੇ ਰੱਖਿਆ ਹੋਇਆ ਹੈ, ਮੈਂ ਗ਼ਲਤੀ ਕੀਤੀ ਹੈ। ਸੋ ਪਛਤਾਵੇ ਸਹਿਤ ਮੈਂ ਗ੍ਰੰਥ ਲੈ ਕੇ ਬਾਹਰ ਆ ਗਿਆ ਅਤੇ ਆਪ ਜੀ ਨੂੰ ਬੇਨਤੀ ਕੀਤੀ ਕਿ ਮੈਂ ਇਸ ਤਰ੍ਹਾਂ ਗ਼ਲਤੀ ਕਰ ਬੈਠਾ ਹਾਂ, ਇਹ ਦੇਖਣ ਵਾਸਤੇ ਕਿ ਹੋਰ ਕਿੰਨੀ ਕੁ ਮਾਇਆ ਹੈ? ਪਰ ਹੁਣ ਬੋਰੀ ਵਿੱਚ ਮਾਇਆ ਨਹੀਂ ਹੈ। ਇਹ ਸਾਰੀ ਵਿੱਥਿਆ ਦੱਸ ਕੇ ਮੈਂ ਬਾਬਾ ਜੀ ਦੇ ਚਰਨ ਫੜ ਲਏ ਅਤੇ ਰੋ ਕੇ ਮੁਆਫ਼ੀ ਮੰਗੀ। ਬਾਬਾ ਜੀ ਨੇ ਬੜੇ ਪਿਆਰ ਨਾਲ ਦਿਲਾਸਾ ਦਿੱਤਾ ਅਤੇ ਕਿਹਾ ਸੇਵਾ ਸਿੰਘ! ਅਗਾਂਹ ਤੋਂ ਇਸ ਤਰ੍ਹਾਂ ਗ਼ਲਤੀ ਨਹੀਂ ਕਰਨੀ। ਇਹ ਸਤਿਗੁਰੂ ਜੀ ਦਾ ਗੁਪਤ ਖ਼ਜ਼ਾਨਾ ਹੈ। ਜਦੋਂ ਸੰਗਤ ਦੀ ਮਾਇਆ ਵਿੱਚ ਤੋਟ ਆ ਜਾਵੇ ਤਾਂ ਗੁਰੂ ਸੇਵਾ ਲਈ ਇਸ ਨੂੰ ਵਰਤਣ ਦਾ ਸਾਨੂੰ ਹੁਕਮ ਹੈ, ਸੋ ਵਰਤ ਲਈਦਾ ਹੈ। ਅਸੀਂ, ਆਪਣੇ ਅਤੇ ਤੇਰੇ ਵਿੱਚ ਕੋਈ ਫ਼ਰਕ ਨਹੀਂ ਸਮਝਦੇ, ਜਿਸ ਕਰਕੇ ਤੈਨੂੰ ਇਹ ਮਾਇਆ ਲਿਆਉਣ ਲਈ ਕਿਹਾ ਸੀ।

ਜੋ ਹੋ ਗਿਆ ਉਸ ਦਾ ਪਛਤਾਵਾ ਕਰਨ ਦੀ ਲੋੜ ਨਹੀਂ। ਗੁਰੂ ਮਹਾਰਾਜ ਜੀ ਦੇ ਚਮਤਕਾਰ ਵਿੱਚੋਂ ਕੌਤਕ ਸੁਣਾਉ ਕਿ ਕਿਵੇਂ ਸਤਿਗੁਰੂ ਜੀ ਨੇ ਕਲਯੁਗੀ ਜੀਵਾਂ ਉੱਪਰ ਮਹਾਨ ਪਰਉਪਕਾਰ ਕਰ ਕੇ ਉਨ੍ਹਾਂ ਦੀ ਕਲਿਆਣ ਕੀਤੀ ਹੈ। ਮੈਂ ਗ੍ਰੰਥ ਪੜ੍ਹਨਾ ਅਰੰਭ ਕਰ ਦਿੱਤਾ। ਐਸੇ ਪਿਆਰ ਵਿੱਚ ਦੋ-ਤਿੰਨ ਸਾਖੀਆਂ ਪੜ੍ਹ ਹੋਈਆਂ, ਜਿਨ੍ਹਾਂ ਦਾ ਅਨੰਦ ਹੀ ਪਹਿਲਾਂ ਨਾਲੋਂ ਵੱਖਰਾ ਸੀ। ਦਾਸ ਪਿਆਰ ਤੇ ਵੈਰਾਗ ਸਹਿਤ ਪੜ੍ਹੀ ਗਿਆ। ਬਾਬਾ ਜੀ ਧਿਆਨ ਮਗਨ ਸ੍ਰਵਣ ਕਰੀ ਗਏ। ਪਤਾ ਉਦੋਂ ਲੱਗਾ ਜਦੋਂ ਰਾਤ ਦੇ ਗਿਆਰਾਂ ਵੱਜ ਗਏ।

ਇਸੇ ਪ੍ਰਕਾਰ ਜਦੋਂ ਵੀ ਕਦੀ ਮਾਇਆ ਦੀ ਲੋੜ ਪਈ ਜਾਂ ਸੰਗਤ ਦੀ ਮਾਇਆ ਘਟੀ ਤਾਂ ਉਸ ਵਿੱਚ ਗੁਪਤ ਖ਼ਜ਼ਾਨੇ ਦੀ ਮਾਇਆ ਰਲਾ ਕੇ ਪੂਰੀ ਕਰ ਲੈਂਦੇ। ਜਿਉਂ ਗੁਰਦੁਆਰਾ ਸਾਹਿਬ ਜੀ ਦੀ ਉਸਾਰੀ ਸ਼ੁਰੂ ਹੋਈ, ਕਿਸੇ ਕਿਸਮ ਦੀ ਕੋਈ ਵੀ ਤੋਟ ਨਹੀਂ ਆਈ, ਨਿਰੰਤਰ ਕੰਮ ਚਲਦਾ ਰਿਹਾ। ਬਾਬਾ ਜੀ ਆਪਣੀ ਮੌਜ ਨਾਲ ਭਾਵੇਂ ਕਿਤੇ ਕੰਮ ਬੰਦ ਕਰਵਾ ਦੇਣ।

ਹੁਣ ਸੱਠ ਫੁੱਟ ਲੰਬਾ, ਚਾਲ੍ਹੀ ਫੁੱਟ ਚੌੜਾ ਹਾਲ ਕਮਰਾ ਅਤੇ ਇਸ ਦੇ ਅੰਦਰ ਹੀ ਬਾਰਾਂ ਫੁੱਟ ਮੁਰੱਬੇ ਦਾ ਅਸਥਾਨ (ਜਿੱਥੇ ਸਤਿਗੁਰੂ ਜੀ ਨੇ ਪੁਰਾਤਨ ਤਪ ਅਸਥਾਨ ਅਤੇ ਆਪਣੇ ਚਰਨ ਪਾਉਣ ਦਾ ਇਸ਼ਾਰਾ ਕੀਤਾ ਸੀ) ਮਹਾਰਾਜ ਜੀ ਦੇ ਪ੍ਰਕਾਸ਼ ਲਈ ਅਤੇ ਉੱਪਰ ਸਤਿਗੁਰੂ ਜੀ ਦੇ ਸੁੱਖ-ਆਸਨ ਲਈ ਕਮਰਾ ਤਿਆਰ ਹੋ ਗਿਆ। ਤੀਸਰੀ ਮੰਜ਼ਲ ਉੱਪਰ ਗੁੰਬਦ ਦੀ ਤਿਆਰੀ ਵੀ ਛੇਤੀ ਹੀ ਹੋ ਗਈ। ਇਸ ਸਾਰੀ ਤਿਆਰੀ ਨੂੰ ਤਕਰੀਬਨ ਦੋ ਕੁ ਸਾਲ ਦਾ ਸਮਾਂ ਲੱਗਾ। ਹੁਣ ਗੁਰਦੁਆਰਾ ਸਾਹਿਬ ਅੰਦਰ ਮੀਂਹ ਹਨੇਰੀ ਨਾਲ ਵਾਛੜ ਅਤੇ ਧੁੱਪ ਤੋਂ ਬਚਾਉ ਲਈ ਜਾਂ ਜੇਕਰ ਜ਼ਿਆਦਾ ਸੰਗਤ ਹੋ ਜਾਵੇ ਤਾਂ ਉਸ ਦੀ ਸਹੂਲਤ ਵਾਸਤੇ ਹਾਲ ਕਮਰੇ ਦੇ ਚਾਰੋਂ ਪਾਸੇ ਦਸ ਫੁੱਟ ਚੌੜਾ ਬਰਾਂਡਾ ਵੀ ਜਲਦੀ ਹੀ ਤਿਆਰ ਹੋ ਗਿਆ। ਗੁਰਦੁਆਰਾ ਸਾਹਿਬ ਦੀ ਸੰਪੂਰਨਤਾ ਦੇ ਨਾਲ ਹੀ ਸੰਗਤ ਦੀ ਰਿਹਾਇਸ਼ ਵਾਸਤੇ ਅੱਠ ਕਮਰੇ 15×20 ਫੁੱਟ ਦੇ ਤਿਆਰ ਕਰਨ ਦੀ ਯੋਜਨਾ ਬਣਾਈ ਗਈ, ਜੋ ਥੋੜ੍ਹੇ ਸਮੇਂ ਵਿੱਚ ਹੀ ਗੁਰੂ ਕ੍ਰਿਪਾ ਨਾਲ ਮੁਕੰਮਲ ਹੋ ਗਈ।




ਗੁਰਦੁਆਰਾ ਸਾਹਿਬ ਦੀ ਤਿਆਰੀ ਹੋ ਜਾਣ ਉਪ੍ਰੰਤ ਆਪ ਜੀ ਨੇ ਸਰਬ ਸੰਗਤ ਨੂੰ ਸੱਦਾ ਪੱਤਰ ਭੇਜ ਕੇ ਸਤਿਗੁਰੂ ਜੀ ਦਾ ਧੰਨਵਾਦ ਕਰਨ ਵਾਸਤੇ ਸ੍ਰੀ ਅਖੰਡ ਪਾਠ ਸਾਹਿਬ ਰਖਵਾਇਆ। ਆਪ ਜੀ ਨੇ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ ਕਿ, ਹੇ ਸਤਿਗੁਰੂ ਜੀ! ਆਪ ਜੀ ਨੇ ਅਪਾਰ ਮਿਹਰ ਬਖ਼ਸ਼ਿਸ਼ ਕਰਕੇ

ਜਿਸ ਕਾ ਕਾਰਜੁ ਤਿਨ ਹੀ ਕੀਆ
ਮਾਣਸੁ ਕਿਆ ਵੇਚਾਰਾ ਰਾਮ॥
(ਸੂਹੀ ਮ: ੫, ਅੰਗ ੭੮੪)

ਦੇ ਮਹਾਂਵਾਕ ਅਨੁਸਾਰ ਆਪ ਵਿੱਚ ਹੋ ਕੇ ਸਾਰਾ ਕਾਰਜ ਨਿਰਵਿਘਨਤਾ ਸਹਿਤ ਸੰਪੂਰਨ ਕਰਵਾਇਆ ਹੈ। ਇਸ ਸੰਪੂਰਨਤਾ ਲਈ ਆਪ ਜੀ ਦਾ ਸਰਬ ਸੰਗਤ ਵੱਲੋਂ ਕੋਟਾਨ-ਕੋਟ ਧੰਨਵਾਦ ਹੈ ਜੀ। ਅਗਾਂਹ ਇਸ ਅਸਥਾਨ ਤੋਂ ਜੋ ਗੁਰਸਿੱਖੀ ਪ੍ਰਚਾਰ ਦੀ ਸੇਵਾ ਆਪ ਜੀ ਨੇ ਲੈਣੀ ਹੈ, ਉਸ ਨੂੰ ਵੀ ਆਪ ਜੀ ਨੇ ਆਪਣੇ ਆਸ਼ੇ ਅਨੁਸਾਰ ਲੈ ਲੈਣਾ ਕਿਉਂਕਿ ਗੁਰ-ਅਸਥਾਨ ਬਣੇ ਤਦ ਹੀ ਸਫਲ ਹਨ ਅਤੇ ਸ਼ੋਭਾ ਪਾਉਂਦੇ ਹਨ, ਜੇ ਇਹਨਾਂ ਅਸਥਾਨਾਂ ਵਿੱਚੋਂ ਸੰਗਤਾਂ, ਆਪ ਜੀ ਦੇ ਉਪਦੇਸ਼ ਨੂੰ ਗ੍ਰਹਿਣ ਕਰਕੇ ਆਪਣੇ ਜੀਵਨ ਨੂੰ ਉੱਚਾ-ਸੁੱਚਾ ਬਣਾ ਕੇ ਆਪਣੇ ਲੋਕ ਸੁਖੀਏ ਪ੍ਰਲੋਕ ਸੁਹੇਲੇ ਕਰਨ। ਸੋ ਇਸ ਮੰਤਵ ਨੂੰ ਵੀ ਆਪਣੀ ਅਗਵਾਈ ਬਖ਼ਸ਼ ਕੇ ਆਪ ਜੀ ਨੇ ਹੀ ਪੂਰਾ ਕਰਨਾ ਜੀ।

**ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ**

ਗੁਰਦੁਆਰਾ ਸਾਹਿਬ ਜੀ ਦੀ ਉਸਾਰੀ ਦਾ ਕਾਰਜ ਚੱਲ ਰਿਹਾ ਸੀ। ਭੱਠੇ ਤੋਂ ਇੱਟਾਂ ਲਿਆਉਣ ਦਾ ਸਾਧਨ ਨਾ ਹੋਣ ਕਾਰਨ ਇੱਟਾਂ ਮੁੱਕ ਗਈਆਂ। ਅਗਲੇ ਦਿਨ ਇੱਟਾਂ ਦੇ ਮੁੱਕ ਜਾਣ ਕਾਰਨ ਉਸਾਰੀ ਦਾ ਕੰਮ ਖੜ੍ਹਾ ਹੋ ਜਾਣਾ ਸੀ। ਮਿਸਤਰੀਆਂ ਅਤੇ ਮਜ਼ਦੂਰਾਂ ਦੇ ਕਰਨ ਲਈ ਹੋਰ ਕੋਈ ਕੰਮ ਨਹੀਂ ਸੀ। ਮਿਸਤਰੀਆਂ ਨੇ ਵੀ ਜਾਣ ਲਗਿਆਂ ਬਾਬਾ ਜੀ ਨੂੰ ਕਹਿ ਦਿੱਤਾ, ਕਿ ਕੱਲ੍ਹ ਵਾਸਤੇ ਇੱਟਾਂ ਨਹੀਂ ਹਨ, ਲਿਆਉਣ ਦਾ ਪ੍ਰਬੰਧ ਕਰ ਲਵੋ। ਜੇ ਇੱਟਾਂ ਨਾ ਆਈਆਂ ਤਾਂ ਉਸਾਰੀ ਦਾ ਕੰਮ ਰੁਕ ਜਾਵੇਗਾ। ਬਾਬਾ ਜੀ ਨੇ ਰਾਜਾਂ ਨੂੰ ਉੱਤਰ ਦਿੱਤਾ ਕਿ ਮਿਸਤਰੀ ਜੀ! ਅਸੀਂ ਆਪਣਾ ਯਤਨ ਕਰ ਵੇਖਦੇ ਹਾਂ, ਬਾਕੀ ਕਾਰਜ ਗੁਰੂ ਜੀ ਦਾ ਚੱਲ ਰਿਹਾ ਹੈ, ਆਪ ਹੀ ਕਿਸੇ ਨਾ ਕਿਸੇ ਨੂੰ ਪ੍ਰੇਰਨਾ ਦੇ ਦੇਣਗੇ।

ਮਿਸਤਰੀਆਂ ਦੇ ਛੁੱਟੀ ਕਰ ਜਾਣ ਪਿਛੋਂ ਸ਼ਾਮ ਨੂੰ ਆਪ ਜੀ ਹਰ ਰੋਜ਼ ਦੀ ਤਰ੍ਹਾਂ ਸੈਰ ਕਰਨ ਚੱਲ ਪਏ। ਜਦੋਂ ਰਸਤੇ ਵਿੱਚ ਪੁੱਜੇ ਤਾਂ, ਤਲਵੰਡੀ ਪਿੰਡ ਵਲ ਸੈਰ ਕਰਨ ਦੀ ਥਾਂ (ਜਿਧਰ ਆਪ ਜੀ ਹਰ ਰੋਜ਼ ਜਾਂਦੇ ਸਨ) ਆਪ ਜੀ ਕਹਿਣ ਲਗੇ ਅੱਜ ਆਪਾਂ ਸ. ਬਾਵਾ ਸਿੰਘ ਜੀ ਦੇ ਡੇਰੇ ਵੱਲ ਚਲਦੇ ਹਾਂ। ਜੇ ਡੇਰੇ ਜਾਂ ਖੇਤ ਵਿੱਚ ਸ. ਬਾਵਾ ਸਿੰਘ ਜੀ ਜਾਂ ਉਹਨਾਂ ਦਾ ਕੋਈ ਪੁੱਤਰ ਮਿਲ ਪਿਆ ਤਾਂ ਉਹਨਾਂ ਨੂੰ ਗੁਰਦੁਆਰਾ ਸਾਹਿਬ ਲਈ ਇੱਟਾਂ ਲਿਆਉਣ ਦੀ ਸੇਵਾ ਲਈ ਕਹਿ ਦੇਵਾਂਗੇ। ਇਸ ਤਰ੍ਹਾਂ ਆਪਣੇ ਦੋਵੇਂ ਕਾਰਜ ਹੋ ਜਾਣਗੇ।

(ਚਲਦਾ)

## ਬਾਲ ਜਿਨਸੀ ਸ਼ੋਸ਼ਣ ਸਮੱਗਰੀ ਮਾਮਲੇ 'ਚ ਗੁਆਟੇਮਾਲਾ ਦੇ ਨਾਗਰਿਕ ਨੂੰ 6 ਸਾਲ 5 ਮਹੀਨੇ ਦੀ ਕੈਦ

ਨਿਊਯਾਰਕ : ਅਮਰੀਕਾ ਦੇ ਵਰਜੀਨੀਆ ਸੂਬੇ ਵਿਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਸਬੰਧਤ ਸਮੱਗਰੀ ਦੇ ਮਾਮਲੇ ਵਿੱਚ ਗੁਆਟੇਮਾਲਾ ਦੇ ਰੋਨੀ ਮੇਂਡੇਜ਼-ਐਸਕੋਬਾਰ ਨੂੰ 6 ਸਾਲ 5 ਮਹੀਨੇ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ ਬਾਲ ਜਿਨਸੀ ਸ਼ੋਸ਼ਣ ਸਮੱਗਰੀ ਪ੍ਰਾਪਤ ਕਰਨ ਦੇ ਨਾਲ ਅਮਰੀਕਾ ਵਿੱਚ ਗੈਰਕਾਨੂੰਨੀ ਤਰੀਕੇ ਨਾਲ ਮੁੜ ਦਾਖ਼ਲ ਹੋਣ ਲਈ ਦੋਸ਼ੀ ਠਹਿਰਾਇਆ ਗਿਆ ਸੀ।ਸਰਕਾਰੀ ਜਾਣਕਾਰੀ ਅਨੁਸਾਰ ਮੇਂਡੇਜ਼-ਐਸਕੋਬਾਰ ਨੂੰ ਅਕਤੂਬਰ 2025 ਵਿੱਚ ਫੇਅਰਫੈਕਸ ਕਾਊਂਟੀ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਬਾਅਦ 'ਆਈਸ' ਨੇ ਉਸ ਨੂੰ ਆਪਣੀ ਹਿਰਾਸਤ ਵਿੱਚ ਲੈਣ ਲਈ ਡਿਟੇਨਰ ਜਾਰੀ ਕੀਤਾ । ਡੀ.ਐਚ.ਐਸ. ਦਾ ਦਾਅਵਾ ਹੈ ਕਿ ਸਥਾਨਕ ਅਧਿਕਾਰੀਆਂ ਨੇ ਇਸ ਡਿਟੇਨਰ ਦੇ ਬਾਵਜੂਦ ਉਸ ਨੂੰ 27 ਅਕਤੂਬਰ ਨੂੰ ਰਿਹਾਅ ਕਰ ਦਿੱਤਾ ਅਤੇ 'ਆਈਸ' ਨੂੰ ਪਹਿਲਾਂ ਸੂਚਨਾ ਨਹੀਂ ਦਿੱਤੀ।ਮਾਮਲੇ ਦੀ ਜਾਂਚ ਅੱਗੇ ਵਧਣ ਤੋਂ ਬਾਅਦ ਇਮੀਗ੍ਰੇਸ਼ਨ ਅਧਿਕਾਰੀਆਂ ਨੇ 22 ਅਪ੍ਰੈਲ 2026 ਨੂੰ ਅਦਾਲਤ ਵਿੱਚ ਪੇਸ਼ੀ



ਮਗਰੋਂ ਮੇਂਡੇਜ਼-ਐਸਕੋਬਾਰ ਨੂੰ ਦੁਬਾਰਾ ਗ੍ਰਿਫ਼ਤਾਰ ਕਰ ਲਿਆ। ਜਾਂਚ ਦੌਰਾਨ ਬੱਚਿਆਂ ਨਾਲ ਸਬੰਧਤ ਅਪਰਾਧ ਅਤੇ ਉਸ ਦੇ ਇਮੀਗ੍ਰੇਸ਼ਨ ਰਿਕਾਰਡ ਦੋਵਾਂ ਦੀ ਜਾਂਚ ਕੀਤੀ ਗਈ।ਅਧਿਕਾਰੀਆਂ ਮੁਤਾਬਕ ਮੇਂਡੇਜ਼-ਐਸਕੋਬਾਰ ਨੂੰ 2015 ਵਿੱਚ ਤਿੰਨ ਵਾਰ ਅਮਰੀਕਾ ਤੋਂ ਡਿਪੋਰਟ ਕੀਤਾ ਜਾ ਚੁੱਕਾ ਸੀ। ਇਸ ਦੇ ਬਾਵਜੂਦ ਉਹ ਬਾਅਦ ਵਿੱਚ ਚੌਥੀ ਵਾਰ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖ਼ਲ ਹੋ ਗਿਆ। ਉਸ ਦੇ ਇਸ ਵਾਰ ਦਾਖ਼ਲ ਹੋਣ ਦੀ ਤਾਰੀਖ ਅਤੇ ਥਾਂ ਦਾ ਪਤਾ ਨਹੀਂ ਲੱਗ ਸਕਿਆ। ਡੀ.ਐਚ.ਐਸ. ਨੇ ਕਿਹਾ ਹੈ ਕਿ ਜੇਲ੍ਹ ਦੀ ਸਜ਼ਾ ਪੂਰੀ ਕਰਨ ਤੋਂ ਬਾਅਦ ਉਸ ਨੂੰ ਮੁੜ ਅਮਰੀਕਾ ਤੋਂ ਡਿਪੋਰਟ ਕਰਨ ਦੀ ਕਾਰਵਾਈ ਕੀਤੀ ਜਾਵੇਗੀ।

## ਬਹੁਪੱਖੀਵਾਦ ਨੂੰ ਹੋਰ ਮਜ਼ਬੂਤ ਤੇ ਕੌਮਾਂਤਰੀ ਸੰਸਥਾਵਾਂ 'ਚ ਸੁਧਾਰ ਦੀ ਲੋੜ-ਜੈਸ਼ੰਕਰ

### 'ਪਾਰਟਨਰਜ਼ ਫਾਰ ਮਲਟੀਲੇਟਰਲਿਜ਼ਮ' (ਪੀ4ਐਮ) ਸੰਮੇਲਨ ਨੂੰ ਕੀਤਾ ਸੰਬੋਧਨ

ਨਿਊਯਾਰਕ : ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਹੈ ਕਿ ਮੌਜੂਦਾ ਸਮੇਂ ਵਿਸ਼ਵ ਵਿਵਸਥਾ ਕਈ ਚੁਣੌਤੀਆਂ ਤੇ ਭੂ-ਰਾਜਨੀਤਿਕ ਤਣਾਅ ਕਾਰਨ ਦਬਾਅ ਹੇਠ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ 'ਚ ਬਹੁਪੱਖੀਵਾਦ ਨੂੰ ਹੋਰ ਮਜ਼ਬੂਤ ਕਰਨ ਤੇ ਕੌਮਾਂਤਰੀ ਸੰਸਥਾਵਾਂ 'ਚ ਸੁਧਾਰ ਕਰਨ ਦੀ ਲੋੜ ਹੈ। ਜੈਸ਼ੰਕਰ ਨੇ ਨਿਊਯਾਰਕ 'ਚ ਸੰਯੁਕਤ ਰਾਸ਼ਟਰ ਮਹਾਸਭਾ ਦੇ 81ਵੇਂ ਸੈਸ਼ਨ ਤੋਂ ਪਹਿਲਾਂ ਹੋਏ ਪਹਿਲੇ 'ਪਾਰਟਨਰਜ਼ ਫਾਰ ਮਲਟੀਲੇਟਰਲਿਜ਼ਮ' (ਪੀ4ਐਮ) ਸੰਮੇਲਨ ਨੂੰ ਸੰਬੋਧਨ ਕਰਦਿਆਂ ਇਹ ਗੱਲ ਕਹੀ। ਉਨ੍ਹਾਂ ਕਿਹਾ ਕਿ ਦੁਨੀਆ ਇਸ ਸਮੇਂ ਵੱਡੀਆਂ ਸੰਰਚਨਾਤਮਕ ਤਬਦੀਲੀਆਂ, ਵਧ ਰਹੇ ਮੁਕਾਬਲੇ ਤੇ ਭੂ-ਰਾਜਨੀਤਿਕ ਤਣਾਅ ਦੇ ਦੌਰ 'ਚੋਂ ਲੰਘ ਰਹੀ ਹੈ। ਭਾਰਤ ਨੇ ਇਸ ਸੰਮੇਲਨ ਦੀ ਸਹਿ-ਮੇਜ਼ਬਾਨੀ ਕੀਤੀ ਤੇ ਜੈਸ਼ੰਕਰ ਨੇ ਇਸ ਦੀ ਸਹਿ-ਪ੍ਰਧਾਨਗੀ ਕੀਤੀ। ਸੰਮੇਲਨ 'ਚ ਬਹੁਪੱਖੀ ਸਹਿਯੋਗ, ਕੌਮਾਂਤਰੀ ਕਾਨੂੰਨ ਤੇ ਵਿਸ਼ਵ ਪੱਧਰੀ ਸੰਸਥਾਵਾਂ 'ਚ ਸੁਧਾਰ ਵਰਗੇ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਹੋਇਆ। ਇਸ ਦੌਰਾਨ ਜੈਸ਼ੰਕਰ ਨੇ ਕਈ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨਾਲ ਦੁਵੱਲੀਆਂ ਬੈਠਕਾਂ ਵੀ ਕੀਤੀਆਂ। ਫਰਾਂਸ ਦੇ ਵਿਦੇਸ਼ ਮੰਤਰੀ ਜੀਨ-



ਨਿਊਯਾਰਕ ਵਿਖੇ ਸੰਯੁਕਤ ਰਾਸ਼ਟਰ ਦੇ ਸੈਸ਼ਨ ਤੋਂ ਪਹਿਲਾਂ ਵਿਦੇਸ਼ ਮੰਤਰੀ ਐਸ. ਜੈਸ਼ੰਕਰ (ਖੱਬੇ ਤੋਂ ਦੂਜੇ), ਪੋਲੈਂਡ ਦੇ ਉਪ ਪ੍ਰਧਾਨ ਮੰਤਰੀ ਰਾਦੇਕ ਸਿਕੋਰਸਕੀ (ਖੱਬੇ), ਹੰਗਰੀ ਦੀ ਉਪ ਪ੍ਰਧਾਨ ਮੰਤਰੀ ਅਨੀਤਾ ਓਰਬਾਨ (ਸੱਜੇ), ਸਲੋਵਾਕੀਆ ਦੇ ਵਿਦੇਸ਼ ਮੰਤਰੀ ਜੁਰਾਗ ਬਲਾਨਾਰ (ਵਿਚਕਾਰ) ਤੇ ਚੈਕ ਗਣਰਾਜ ਦੇ ਵਿਦੇਸ਼ ਮੰਤਰੀ ਪੇਤਰ ਮਾਕਿੰਕਾ।

ਨੋਏਲ ਬਾਰੋ ਨਾਲ ਮੁਲਾਕਾਤ ਦੌਰਾਨ ਯੂਕਰੇਨ ਤੇ ਖਾੜੀ ਖੇਤਰ ਦੇ ਸੰਕਟ ਤੋਂ ਇਲਾਵਾ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ 'ਚ ਸੁਧਾਰ ਬਾਰੇ ਵੀ ਚਰਚਾ ਹੋਈ। ਜੈਸ਼ੰਕਰ ਨੇ ਇਕਵਾਡੋਰ, ਸਲੋਵਾਕੀਆ ਤੇ ਹੰਗਰੀ ਦੇ ਨੁਮਾਇੰਦਿਆਂ ਨਾਲ ਵੀ ਮੁਲਾਕਾਤਾਂ ਕੀਤੀਆਂ। ਇਨ੍ਹਾਂ ਗੱਲਬਾਤਾਂ 'ਚ ਆਰਥਿਕ ਸਹਿਯੋਗ, ਊਰਜਾ, ਦਵਾਈਆਂ, ਤਕਨਾਲੋਜੀ, ਰੱਖਿਆ, ਸਿੱਖਿਆ ਤੇ ਬਹੁਪੱਖੀ ਮੰਚਾਂ 'ਤੇ ਸਹਿਯੋਗ ਵਧਾਉਣ ਬਾਰੇ ਵਿਚਾਰ ਕੀਤਾ ਗਿਆ। ਇਸ ਤੋਂ ਇਲਾਵਾ ਭਾਰਤ ਤੇ ਵਿਸੇਗਰਾਡ ਗਰੁੱਪ (ਵੀ 4)—ਪੋਲੈਂਡ, ਹੰਗਰੀ, ਸਲੋਵਾਕੀਆ ਤੇ ਚੈੱਕ ਗਣਰਾਜ ਦੇ ਵਿਦੇਸ਼ ਮੰਤਰੀਆਂ ਦੀ ਪਹਿਲੀ ਬੈਠਕ ਵੀ ਹੋਈ। ਇਸ 'ਚ ਰਾਜਨੀਤਿਕ, ਆਰਥਿਕ, ਤਕਨਾਲੋਜੀ, ਰੱਖਿਆ, ਸਿੱਖਿਆ ਤੇ ਲੋਕਾਂ ਵਿਚਕਾਰ ਸੰਪਰਕ ਵਧਾਉਣ 'ਤੇ ਸਹਿਮਤੀ ਬਣੀ।

# ਕਾਂਗਰਸ ਮੈਂਬਰ ਖੰਨਾ ਵਲੋਂ ਜੋਤ ਸਿੰਘ ਦਾ ਸਮਰਥਨ




ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਜਾਰਜੀਆ ਸਟੇਟ ਹਾਊਸ ਦੇ ਜ਼ਿਲ੍ਹਾ 97 ਤੋਂ ਉਮੀਦਵਾਰ ਜੋਤ ਸਿੰਘ ਨੂੰ ਉਨ੍ਹਾਂ ਦੀ 2026 ਦੀ ਚੋਣ ਮੁਹਿੰਮ ਲਈ ਅਮਰੀਕੀ ਪ੍ਰਤੀਨਿਧੀ ਕਾਂਗਰਸ ਮੈਂਬਰ ਆਰ ਓ ਖੰਨਾ ਦਾ ਸਮਰਥਨ ਪ੍ਰਾਪਤ ਹੋਇਆ ਹੈ। ਖੰਨਾ (ਡੈਮੋਕ੍ਰੇਟ-ਕੈਲੀਫੋਰਨੀਆ) ਨੇ ਐਕਸ 'ਤੇ ਇਕ ਪੋਸਟ ਰਾਹੀਂ ਸਿੰਘ ਲਈ ਆਪਣੇ ਸਮਰਥਨ ਦਾ ਐਲਾਨ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਸਿੰਘ ਦੀ ਹਮਾਇਤ ਕਰਨ 'ਤੇ ਮਾਣ ਹੈ। ਇਸ ਦੇ ਜਵਾਬ ਵਿੱਚ ਸਿੰਘ ਨੇ ਇਕ ਪੋਸਟ ਵਿਚ ਕਿਹਾ ਹੈ ਕਿ ਕਾਂਗਰਸਮੈਨ ਆਰ ਓ ਖੰਨਾ ਦਾ ਸਮਰਥਨ ਮਿਲਣਾ ਬਹੁਤ ਮਾਇਨੇ ਰੱਖਦਾ ਹੈ। ਖੰਨਾ ਕਾਂਗਰਸ ਵਿੱਚ ਕਾਮਿਆਂ ਦੇ ਹੱਕਾਂ ਲਈ ਲੜਨ ਵਾਲੇ ਆਗੂ ਹਨ, ਜਿੱਥੇ ਉਹ ਅਜਿਹੀ ਸਰਕਾਰ ਬਣਾਉਣ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ ਜੋ ਕਿਰਤੀ ਲੋਕਾਂ ਲਈ ਕੰਮ ਕਰੇ ਅਤੇ ਹਰ ਕਿਸੇ ਲਈ ਮੌਕੇ ਪੈਦਾ ਕਰ੍ਹੇ ਸਿੰਘ ਨੂੰ ਕਾਂਗਰਸਮੈਨ ਹੈਂਕ ਜੌਹਨਸਨ ਅਤੇ ਜੋਨਾਥਨ ਜੈਕਸਨ, ਜਾਰਜੀਆ ਸਟੇਟ ਸੈਨੇਟਰ ਜੋਸ਼ ਮੈਕਲੌਰਿਨ ਅਤੇ ਸਟੇਟ ਪ੍ਰਤੀਨਿਧੀਆਂ ਐਰਿਕ ਬੈੱਲ, ਸੈਮ ਪਾਰਕ, ਬ੍ਰਾਇਸ ਬੇਰੀ ਅਤੇ ਲੌਂਗ ਟਰਾਨ ਦੇ ਨਾਲ-ਨਾਲ ਹੋਰ ਕਈ ਸੰਘੀ, ਰਾਜ ਅਤੇ ਸਥਾਨਕ ਅਧਿਕਾਰੀਆਂ ਤੇ ਸੰਸਥਾਵਾਂ ਦਾ ਸਮਰਥਨ ਹਾਸਲ ਹੈ।

# ਕੈਨੇਡਾ 'ਚ ਹੋਏ ਕਾਮਨਵੈਲਥ ਪਾਵਰਲਿਫਟਿੰਗ ਦੇ ਮੁਕਾਬਲਿਆਂ 'ਚ ਤੇਜ਼ਬੀਰ ਸਿੰਘ ਰਾਣਾ ਨੇ ਜਿੱਤਿਆ ਕਾਸ਼ੀ ਦਾ ਤਮਗਾ




ਟੌਰਾਂਟੋ, (ਰਾਜ ਗੋਗਨਾ) : ਪਾਵਰਲਿਫਟਿੰਗ ਇੰਡੀਆ ਵੱਲੋਂ ਕੈਨੇਡਾ ਦੇ ਸ਼ਹਿਰ ਵਿਨੀਪੈਗ ਵਿੱਖੇਂ ਹੋਈ ਪਾਵਰਲਿਫਟਿੰਗ ਬੈਂਚ ਪ੍ਰੈੱਸ ਕਾਮਨਵੈਲਥ ਚੈਪੀਅਨਸ਼ਿਪ ਦੇ ਮੁਕਾਬਲਿਆਂ ਹੋਏ। ਜਿਸ ਵਿੱਚ 20 ਦੇ ਕਰੀਬ ਦੇਸ਼ਾਂ ਦੇ ਖਿਡਾਰੀਆਂ ਨੇ ਹਿੱਸਾ ਲਿਆ। ਭਾਰਤੀ ਟੀਮ ਵੱਲੋਂ ਤੇਜ਼ਬੀਰ ਸਿੰਘ ਰਾਣਾ' ਵਾਸੀ ਅੰਮ੍ਰਿਤਸਰ ਵਲੋਂ ਤੀਸਰਾ ਸਥਾਨ ਹਾਸਲ ਕਰਕੇ ਕਾਸ਼ੀ ਦਾ ਤਮਗਾ ਜਿੱਤਿਆ। ਪਾਵਰਲਿਫਟਰ (ਬੈਂਚ ਪ੍ਰੈੱਸ) ਦੇ ਹੋਏ ਮੁਕਾਬਲਿਆਂ 'ਚ ਜਿੱਥੇ 400 ਦੇ ਕਰੀਬ ਖਿਡਾਰੀਆਂ ਨੇ ਹਿੱਸਾ ਲਿਆ, ਇਸ ਮੁਕਾਬਲਿਆ 'ਚ ਤੀਸਰੇ ਸਥਾਨ ਤੇ ਰਿਹਾ ਅਤੇ ਉਹ ਪੰਜਾਬ ਦਾ ਇਕਲੌਤਾ ਖਿਡਾਰੀ ਸੀ ਜਿਸ ਦੀ ਕਾਮਨਵੈਲਥ ਦੀ ਨਿਯੁਕਤੀ ਹੋਈ ਸੀ, ਜੋ ਪਾਵਰਲਿਫਟਿੰਗ ਇੰਡੀਆ ਵੱਲੋਂ ਖੇਡਿਆ ਸੀ। ਤੇਜ਼ਬੀਰ ਸਿੰਘ ਰਾਣਾ ਦੀ ਇਸ ਪ੍ਰਾਪਤੀ ਲਈ ਦੋ ਟਾਈਮ ਕਾਮਨਵੈਲਥ ਚੈਂਪੀਅਨ ਅਤੇ ਭਾਰਤੀ ਟੀਮ ਦੇ ਕੋਚ ਅਜੈ ਗੋਗਨਾ ਭੁਲੱਥ ਨੇ ਰਾਣਾ ਦੀ ਪ੍ਰਾਪਤੀ ਲਈ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਠੱਠਗੜਵ ਅੰਮ੍ਰਿਤਸਰ ਦੇ ਜੰਮਪਲ ਪੰਜਾਬ ਦੇ ਖਿਡਾਰੀ ਤੇਜ਼ਬੀਰ ਸਿੰਘ ਰਾਣਾ' ਇਸ ਤੋਂ ਪਹਿਲਾ ਆਸਟ੍ਰੇਲੀਆ ਤੋ ਵੀ ਪਾਵਰਲਿਫਟਿੰਗ ਦੇ ਹੋਏ ਮੁਕਾਬਲਿਆਂ ਚ' ਗੋਲਡ ਮੈਡਲ ਕਰ ਚੁੱਕਾ ਹੈ।

# ਮੱਧਕਾਲੀ ਚੋਣਾਂ 'ਚ ਸੰਘੀ ਦਖਲਅੰਦਾਜ਼ੀ ਰੋਕਣ ਲਈ 13 ਬਿੱਲਾਂ ਦੇ ਪੈਕੇਜ 'ਤੇ ਦਸਤਖ਼ਤ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਨੇ 13 ਬਿੱਲਾਂ ਦੇ ਪੈਕੇਜ 'ਤੇ ਦਸਤਖ਼ਤ ਕੀਤੇ ਹਨ, ਜਿਸ ਦਾ ਉਦੇਸ਼ ਰਾਜ ਦੀਆਂ ਨਵੰਬਰ ਦੀਆਂ ਮੱਧਕਾਲੀ ਚੋਣਾਂ ਨੂੰ ਸੰਘੀ ਦਖਲਅੰਦਾਜ਼ੀ ਤੋਂ ਬਚਾਉਣਾ ਹੈ। ਗਵਰਨਰ ਦੇ ਦਫਤਰ ਅਨੁਸਾਰ ਬਿੱਲਾਂ ਰਾਹੀਂ ਮੇਲ ਵੋਟਿੰਗ ਅਤੇ ਵੋਟਰ ਡੇਟਾ ਲਈ ਸੰਘੀ ਮੰਗਾਂ ਸੰਬੰਧੀ ਉਪਾਅ ਕੀਤੇ ਗਏ ਹਨ੍ਹ ਅਸੈਂਬਲੀ ਬਿੱਲ 282 ਚੋਣ ਨਤੀਜਿਆਂ ਦੇ ਪ੍ਰਮਾਣਿਤ ਹੋਣ ਤੋਂ ਪਹਿਲਾਂ ਬੈਲਟ, ਚੋਣ ਰਿਕਾਰਡ ਜਾਂ ਪ੍ਰਮਾਣਿਤ ਵੋਟਿੰਗ ਤਕਨਾਲੋਜੀ ਨੂੰ ਜ਼ਬਤ ਕਰਨਾ ਇੱਕ ਘੋਰ ਅਪਰਾਧ ਬਣਾਉਂਦਾ ਹੈ। ਸੈਨੇਟ ਬਿੱਲ 259 ਅਨੁਸਾਰ ਕਿਸੇ ਅਥਾਰਟੀ ਸ਼ਖਸੀਅਤ ਲਈ ਕਿਸੇ ਨੂੰ ਡਾਕ ਬੈਲਟ ਦੀ ਡਿਲੀਵਰੀ ਜਾਂ ਵਾਪਸੀ ਵਿੱਚ ਦਖਲ ਦੇਣ ਲਈ ਨਿਰਦੇਸ਼ ਦੇਣਾ ਇੱਕ ਗੰਭੀਰ ਅਪਰਾਧ ਹੋਵੇਗਾ। ਅਸੈਂਬਲੀ ਬਿੱਲ 1664 ਤਹਿਤ ਸਥਾਨਕ ਏਜੰਸੀਆਂ ਅਤੇ ਚੋਣ ਅਧਿਕਾਰੀਆਂ ਨੂੰ ਚੋਣ ਰਿਕਾਰਡਾਂ ਜਾਂ ਪ੍ਰਮਾਣਿਤ ਵੋਟਿੰਗ ਤਕਨਾਲੋਜੀ ਨਾਲ ਸਬੰਧਤ ਖਾਸ ਕਾਨੂੰਨ-ਲਾਗੂ ਕਰਨ ਵਾਲੀਆਂ ਕਾਰਵਾਈਆਂ ਦੀ ਸਥਿਤੀ ਨੂੰ ਤੁਰੰਤ ਸੂਚਿਤ ਕਰਨ ਨੂੰ ਨਿਸ਼ਚਤ ਕੀਤਾ ਗਿਆ ਹੈ। ਇਹ ਕਾਨੂੰਨ ਕੈਲੀਫੋਰਨੀਆ ਅਤੇ ਟਰੰਪ ਪ੍ਰਸ਼ਾਸਨ ਵਿਚਕਾਰ ਸੰਘੀ ਚੋਣ ਨੀਤੀਆਂ ਨੂੰ ਲੈ ਕੇ ਵਿਵਾਦ ਦੇ ਵਿਚਕਾਰ ਆਇਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮਾਰਚ ਵਿੱਚ ਇੱਕ ਕਾਰਜਕਾਰੀ ਆਦੇਸ਼ ਜਾਰੀ ਕੀਤਾ ਸੀ ਜਿਸ ਵਿੱਚ ਸੰਘੀ ਏਜੰਸੀਆਂ ਨੂੰ ਰਾਜਾਂ ਨੂੰ ਵੋਟ ਪਾਉਣ ਦੀ ਉਮਰ ਦੇ ਪ੍ਰਸ਼ਟੀ ਕੀਤੇ ਨਾਗਰਿਕਾਂ ਦੀਆਂ ਸੂਚੀਆਂ ਪ੍ਰਦਾਨ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ ਅਤੇ ਅਮਰੀਕੀ ਡਾਕ ਸੇਵਾ ਨੂੰ ਮੇਲ-ਇਨ ਅਤੇ ਗੈਰਹਾਜ਼ਰ ਬੈਲਟ ਲਈ ਮਿਆਰਾਂ 'ਤੇ ਨਿਯਮ-ਨਿਰਮਾਣ ਸ਼ੁਰੂ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਕੈਲੀਫੋਰਨੀਆ ਅਤੇ ਹੋਰ ਰਾਜਾਂ ਨੇ ਸੰਘੀ ਅਦਾਲਤ ਵਿੱਚ ਟਰੰਪ ਦੇ ਇਸ ਆਦੇਸ਼ ਨੂੰ ਚੁਣੌਤੀ ਦਿੱਤੀ ਸੀ। ਬਾਅਦ ਵਿੱਚ ਅਮਰੀਕੀ ਸੁਪਰੀਮ ਕੋਰਟ ਨੇ ਪ੍ਰਸ਼ਾਸਨ ਨੂੰ ਨਵੰਬਰ ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਡਾਕ ਬੈਲਟ 'ਤੇ ਨਵੀਆਂ ਪਾਬੰਦੀਆਂ ਲਾਗੂ ਕਰਨ ਤੋਂ ਰੋਕ ਦਿੱਤਾ ਸੀ। ਗਵਰਨਰ ਨਿਊਸੋਮ, ਕੈਲੀਫੋਰਨੀਆ ਦੇ ਸਕੱਤਰ ਰਾਜ ਸ਼ਰਲੀ ਵੇਬਰ ਅਤੇ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰੌਬ ਬੋਂਟਾ ਨੇ ਕਿਹਾ ਹੈ ਕਿ ਪੈਕੇਜ ਰਾਜ ਚੋਣ ਪ੍ਰਸ਼ਾਸਨ ਵਿੱਚ ਸੰਘੀ ਦਖਲਅੰਦਾਜ਼ੀ ਤੋਂ ਬਚਾਅ ਕਰੇਗਾ। ਵੈਬਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਵਿਧਾਨਕ ਪੈਕੇਜ ਇਹ ਯਕੀਨੀ ਬਣਾਉਂਦਾ ਹੈ ਕਿ ਕੈਲੀਫੋਰਨੀਆ ਦੇ ਵੋਟਰਾਂ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ ਤੇ ਨਾ ਹੀ ਉਨਾਂ ਨੂੰ ਡਰਾਇਆ ਜਾ ਸਕਦਾ ਹੈ।

# ਕੈਨੇਡਾ 'ਚ ਗੈਰ-ਕਾਨੂੰਨੀ ਹਥਿਆਰਾਂ ਦੇ ਤਸਕਰ ਗਰੋਹ ਦਾ ਪਰਦਾਫਾਸ਼, ਇੱਕ ਔਰਤ ਸਮੇਤ ਚਾਰ ਗ੍ਰਿਫ਼ਤਾਰ

## 'ਪ੍ਰੋਜੈਕਟ ਰੈੱਡ ਜ਼ੋਨ' ਤਹਿਤ ਅੰਡਰਕਵਰ ਪੁਲਿਸ ਨੇ 23 ਹਥਿਆਰ, ਨਸ਼ੀਲੇ ਪਦਾਰਥ ਤੇ 950 ਤੋਂ ਵੱਧ ਕਾਰਤੂਸ ਕੀਤੇ ਬਰਾਮਦ




ਚੰਡੀਗੜ੍ਹ : ਕੈਨੇਡਾ ਦੀ ਪੀਲ ਰੀਜਨਲ ਪੁਲੀਸ ਨੇ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ ਗ੍ਰੇਟਰ ਟੋਰਾਂਟੋ ਏਰੀਆ (GTA) ਵਿੱਚ ਸਰਗਰਮ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਇੱਕ ਨੈੱਟਵਰਕ ਨੂੰ ਦਾ ਪਰਦਾਫਾਸ਼ ਕਰ ਦਿੱਤਾ ਹੈ। ਲੰਬੇ ਸਮੇਂ ਤੋਂ ਚੱਲ ਰਹੀ ਗੁਪਤ (ਅੰਡਰਕਵਰ) ਜਾਂਚ ਤੋਂ ਬਾਅਦ ਪੁਲੀਸ ਨੇ ਇੱਕ ਔਰਤ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਕਾਰਵਾਈ ਦੌਰਾਨ ਪੁਲੀਸ ਨੇ 23 ਗੈਰ-ਕਾਨੂੰਨੀ ਹਥਿਆਰ, ਲਗਭਗ 825 ਗ੍ਰਾਮ ਕੋਕੀਨ ਅਤੇ 950 ਤੋਂ ਵੱਧ ਜਿਊਂਦੇ ਕਾਰਤੂਸ ਬਰਾਮਦ ਕੀਤੇ ਹਨ। 'ਪ੍ਰੋਜੈਕਟ ਰੈੱਡ ਜ਼ੋਨ' ਨਾਂ ਦੇ ਇਸ ਵਿਸ਼ੇਸ਼ ਅਪਰੇਸ਼ਨ ਨੂੰ ਪੀਲ ਰੀਜਨਲ ਪੁਲੀਸ ਦੇ ਸਪੈਸ਼ਲਾਈਜ਼ਡ ਐਨਫੋਰਸਮੈਂਟ ਬਿਊਰੋ ਵੱਲੋਂ ਅਮਰੀਕਾ ਦੇ ਹੋਮਲੈਂਡ ਸਿਕਿਓਰਿਟੀ ਵਿਭਾਗ ਅਤੇ ਕ੍ਰਿਮੀਨਲ ਇੰਟੈਲੀਜੈਂਸ ਸਰਵਿਸ ਓਂਟਾਰੀਓ (CISO) ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਗਿਆ। ਪੁਲੀਸ ਅਨੁਸਾਰ ਇਹ ਜਾਂਚ ਅਕਤੂਬਰ 2025 ਵਿੱਚ ਸ਼ੁਰੂ ਕੀਤੀ ਗਈ ਸੀ ਜੋ ਜੁਲਾਈ 2026 ਤੱਕ ਲਗਾਤਾਰ ਜਾਰੀ ਰਹੀ। ਪੁਲੀਸ ਨੇ ਦਾਅਵਾ ਕੀਤਾ ਹੈ ਕਿ ਬਰਾਮਦ ਕੀਤੇ ਗਏ ਹਥਿਆਰਾਂ ਵਿੱਚੋਂ 15 ਹਥਿਆਰ ਅਮਰੀਕਾ ਤੋਂ ਲਿਆਂਦੇ ਗਏ ਸਨ, ਜਦਕਿ ਕਈ ਹਥਿਆਰ ਕੈਨੇਡਾ ਵਿੱਚ ਪੂਰੀ ਤਰ੍ਹਾਂ ਬੈਨ ਹਨ। ਪੁਲੀਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਬਰਾਮਦ ਕੀਤੇ ਹਥਿਆਰਾਂ ਵਿੱਚੋਂ ਇੱਕ ਹਥਿਆਰ ਮਾਰਚ 2024 ਵਿੱਚ ਮਿਸੀਸਾਗਾ ਵਿੱਚ ਹੋਏ ਇੱਕ ਕਤਲ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ ਅਤੇ ਇੱਕ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਇਆ ਸੀ। ਫੋਰੈਂਸਿਕ ਜਾਂਚ ਰਾਹੀਂ ਇਸ ਪ੍ਰੋਜੈਕਟ ਤਹਿਤ ਫੜੇ ਗਏ ਹਥਿਆਰਾਂ ਦਾ ਸਬੰਧ ਜੀਟੀਏ ਵਿੱਚ ਹੋਈਆਂ 14 ਵੱਖ-ਵੱਖ ਗੋਲੀਬਾਰੀ ਦੀਆਂ ਘਟਨਾਵਾਂ ਨਾਲ ਵੀ ਜੋੜਿਆ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸਟੀਫ਼ਨ ਪ੍ਰਕਾਸ਼ ਕੰਸਾਲਾ (24, ਨਿਵਾਸੀ ਸਕੁਆਰਬਰੋ), ਅਕਸ਼ੈ ਸ਼੍ਰੀਕਾਂਤਨ (24, ਨਿਵਾਸੀ ਐਜੈਕਸ), ਸਮੀ ਸ਼ੇਖ (28, ਨਿਵਾਸੀ ਮਿਸੀਸਾਗਾ) ਅਤੇ ਜਨੋਜ ਧਿਆਬਰਨ (23, ਨਿਵਾਸੀ ਟੋਰਾਂਟੋ) ਵਜੋਂ ਹੋਈ ਹੈ। ਇਹ ਸਾਰੇ ਮੁਲਜ਼ਮ 20-25 ਸਾਲ ਦੀ ਉਮਰ ਦੇ ਹਨ ਅਤੇ ਇਹਨਾਂ 'ਤੇ ਹਥਿਆਰਾਂ ਤੇ ਕਾਰਤੂਸਾਂ ਦੀ ਤਸਕਰੀ ਦੇ ਦੋਸ਼ ਲੱਗੇ ਹਨ। ਪੁਲੀਸ ਨੇ ਦੱਸਿਆ ਕਿ ਸਟੀਫ਼ਨ ਪ੍ਰਕਾਸ਼ ਕੰਸਾਲਾ ਅਤੇ ਜਨੋਜ ਧਿਆਬਰਨ ਨੂੰ ਜ਼ਮਾਨਤ ਦੀ ਸੁਣਵਾਈ ਤੱਕ ਹਿਰਾਸਤ ਵਿੱਚ ਰੱਖਿਆ ਗਿਆ ਹੈ, ਜਦਕਿ ਅਕਸ਼ੈ ਸ਼੍ਰੀਕਾਂਤਨ ਅਤੇ ਸਮੀ ਸ਼ੇਖ ਨੂੰ ਰਿਹਾਅ ਕਰ ਦਿੱਤਾ ਗਿਆ ਹੈ ਅਤੇ ਉਹ ਬਾਅਦ ਵਿੱਚ ਓਂਟਾਰੀਓ ਕੋਰਟ ਆਫ਼ ਜਸਟਿਸ ਅੱਗੇ ਪੇਸ਼ ਹੋਣਗੇ। ਪੁਲੀਸ ਨੇ ਮੁਲਜ਼ਮਾਂ ਦੀ ਨਸਲ, ਕੌਮੀਅਤ ਜਾਂ ਪਿਛੋਕੜ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ। ਪੁਲੀਸ ਨੇ ਇਹ ਵੀ ਦੱਸਿਆ ਕਿ ਇਸ ਸਾਲ ਹੁਣ ਤੱਕ ਉਹ 125 ਅਪਰਾਧਿਕ ਹਥਿਆਰ ਬਰਾਮਦ ਕਰ ਚੁੱਕੇ ਹਨ।



CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਉੱਥੇ ਇਸ ਨੂੰ ਉਨ੍ਹਾਂ 'ਤੇ ਲਾਗੂ ਕਰਨ ਦਾ ਪ੍ਰਸ਼ਨ ਨਹੀਂ ਸੀ, ਜਿਨ੍ਹਾਂ ਨੇ ਹਿੰਦੂਆਂ ਦੇ ਘੇਰੇ ਨੂੰ ਛੱਡਿਆ ਜਾਂ ਛੱਡ ਰਹੇ ਸਨ। ਡਾ. ਅੰਬੇਡਕਰ ਨੇ (ਪੂਨਾ ਪੈਕਟ) ਮਿਤੀ 24 ਸਤੰਬਰ, 1932 ਨੂੰ ਸਮਝੌਤੇ ਵੇਲੇ ਇਕ ਵਾਰ ਵੀ ਧਰਮ ਬਦਲੀ ਦਾ ਸਵਾਲ ਨਹੀਂ ਉਠਾਇਆ।

ਮੈਂ ਸੋਚਦਾ ਹਾਂ 'ਉਹ ਕਹਿੰਦਾ ਹੈ' ਹੁਣ ਰੋਣਾ (ਚੀਕਣਾ) ਜ਼ਿਆਦਾ ਰਿਆਇਤਾਂ ਪ੍ਰਾਪਤ ਕਰਨ ਲਈ ਉਠਾਉਣਾ ਹੈ।

(The Bombay Chronicle, dated AEth Aug. 1936)

ਹਵਾਲਾ (ਪੰਨਾ-152/171) Source Material Vol. One

**ਬੇਹੂਦਾ ਦਲੀਲ** (ਸਫ਼ਾ-153)

ਅੱਗੇ ਵਧਦਿਆਂ ਮਿਸਟਰ ਰਾਜ-ਭੋਜ ਪੁੱਛਦਾ ਹੈ ਜੇ ਹਿੰਦੂਵਾਦ ਤੋਂ ਨਵੇਂ (ਆਦਮੀ ਸਮੂਹ) ਧਰਮ ਬਦਲੀ ਕਰਦੇ ਹਨ, ਪੂਨਾ ਪੈਕਟ ਅਧੀਨ ਪ੍ਰਾਪਤ ਕੀਤੇ ਗਏ ਲਾਭ ਦਿੱਤੇ ਜਾਣੇ ਹਨ ਪੁਰਾਣੇ ਧਰਮ ਤਬਦੀਲ ਕਰੇ ਹੋਇਆਂ ਨੇ ਜੇਕਰ ਧਾਰਮਿਕ ਨਹੀਂ ਜੋ ਹੋ ਸਕਦਾ ਰਾਜਨੀਤੱਕ ਹੋਣ ਕਾਰਨ ਉਨ੍ਹਾਂ 'ਚੋਂ ਮੰਗ ਕਰਦੇ ਹਨ? ਉਹ ਕਹਿੰਦਾ ਹੈ ਕਿ ਉੱਥੇ ਦੱਬੀਆਂ ਕੁਚਲੀਆਂ ਜਾਤਾਂ ਜੋ ਵੱਡੀ ਗਿਣਤੀ ਵਿਚ ਦੂਸਰੇ ਧਰਮ ਬਦਲੀ ਕਰ ਚੁੱਕੀਆਂ ਹਨ, ਪ੍ਰੰਤੂ ਅਛੂਤ ਕਮਿਊਨਿਟੀ ਨਾਲ ਜੁੜੀਆਂ ਮੁਹਥਾਜਗੀਆਂ ਨੂੰ ਪਰੇ ਸੁੱਟਣ ਦੇ ਯੋਗ ਨਹੀਂ ਹੋਏ ਅਤੇ ਮਦਰਾਸ ਦੇ ਕੁਝ ਹਿੱਸਿਆਂ ਵਿਚ ਕ੍ਰਿਸਚੀਅਨ ਦੇ ਮਸਲੇ ਪ੍ਰਗਟਾਉਂਦੇ ਹਨ, ਕਿਉਂਕਿ ਉਨ੍ਹਾਂ ਦੁਆਰਾ ਪ੍ਰਾਪਤ ਕੀਤੀਆਂ ਰਿਆਇਤਾਂ ਅਤੇ ਲਾਭ ਜਿਨ੍ਹਾਂ ਨੇ ਘਾਟਿਆਂ ਅਤੇ ਮੁਸ਼ਕਲਾਂ 'ਚ ਮਸ਼ੱਕਤਾਂ ਕੀਤੀਆਂ ਨੂੰ ਕਿਉਂ ਨਾ ਦਿੱਤੇ ਜਾਣ, ਜੋ ਉਹ ਘਾਟੇ ਨਹੀਂ ਚਾਹੁੰਦੇ। ਪ੍ਰੰਤੂ ਦੂਜਿਆਂ ਮਜ਼ਦੂਰਾਂ ਦੇ ਸਿਰਫ਼ ਲਾਭ ਚਾਹੁੰਦੇ ਹਨ। ਪੂਨੇ ਦੇ ਲੀਡਰ ਕਹਿੰਦੇ ਹਨ- 'ਫ਼ਾਰਮੂਲਾ ਪਾਪੀ ਫ਼ਾਰਮੂਲਾ ਹੈ' ਅਤੇ ਜ਼ਿਆਦਾ ਉਲਝਣਾ ਅਤੇ ਨਾ ਖ਼ਤਮ ਹੋਣ ਵਾਲੇ ਦੁੱਖ ਵੱਲ ਲੈ ਜਾਵੇਗਾ ਇਹ ਕਿਸੇ ਵਿਅਕਤੀ ਜਾਂ ਹਿੰਦੂਆਂ ਦੁਆਰਾ ਪ੍ਰਵਾਨ ਨਹੀਂ ਕੀਤਾ ਜਾਣਾ ਚਾਹੀਦਾ। ਅਸੀਂ ਹਿੰਦੂ ਹਾਂ ਜਾਂ ਹਿੰਦੂ ਨਹੀਂ ਜੇਕਰ ਅਸੀਂ ਹਿੰਦੂਆਂ ਦੇ ਵਾੜੇ ਵਿਚ ਰਹਿਣ ਦੀ ਚੋਣ ਕਰਦੇ ਹਾਂ ਅਸੀਂ ਹਿੰਦੂ ਹੋਣ ਦੇ ਨਾਤੇ ਆਪਣੇ ਹੱਕਾਂ ਅਤੇ ਵਿਸ਼ੇਸ਼ ਰਿਆਇਤਾਂ ਦੇ ਹੱਕਦਾਰ ਹਾਂ ਅਤੇ ਕੋਈ ਹੱਕ ਨਹੀਂ ਰੱਖਦੇ ਹਾਂ (ਜੇਕਰ) ਇਕ ਵਾਰ ਹਿੰਦੂਆਂ ਦੇ ਵਾੜੇ ਨੂੰ ਛੱਡਦੇ ਹਾਂ।




ਬਿਆਨ ਨੂੰ ਰੱਦ ਕਰਦਿਆਂ ਕਿ ਹਿੰਦੂਆਂ ਨੇ ਪੂਨਾ ਪੈਕਟ ਨੂੰ ਪ੍ਰਵਾਨ ਕਰਦਿਆਂ ਕੋਈ ਵੀ ਕੁਰਬਾਨੀ ਨਹੀਂ ਕੀਤੀ। ਮਿਸਟਰ ਰਾਜ-ਭੋਜ ਕਹਿੰਦਾ ਹੈ ਕਿ ਕਮਿਊਨਲ ਐਵਾਰਡ ਦੇ ਅਧੀਨ ਦੱਬੀਆਂ ਕੁਚਲੀਆਂ ਜਾਤਾਂ ਨੂੰ 71 (Seventy one) ਸੀਟਾਂ ਦੇਣ ਦੇ ਬਾਵਜੂਦ ਫ਼ਿਰਕੂ ਐਵਾਰਡ ਦੇ ਸਮਝੌਤੇ ਅਧੀਨ ਉਨ੍ਹਾਂ ਨੂੰ 148-ਸੀਟਾਂ ਦਿੱਤੀਆਂ। ਮਿਸਟਰ ਰਾਜ-ਭੋਜ ਨੇ ਜੋਸ਼ ਨਾਲ ਭਾਸ਼ਣ ਸਮੇਟਦਿਆਂ ਕਿਹਾ ਕਿ ਰਵਿਦਾਸੀਆ ('ਚਮਾਰ') ਕਮਿਊਨਿਟੀ ਦਰਮਿਆਨ ਧਰਮ ਬਦਲੀ ਦੇ ਵਿਚਾਰ ਦੀ ਅਪੀਲ ਇਕਸਾਰ ਨਹੀਂ ਹੈ।

ਮਹਾਰਾਸ਼ਟਰ ਸਿਰਫ਼ ਅਜਿਹੇ ਵਿਚਾਰ ਦੇ ਹੱਕ ਵਿਚ ਹੈ ਪ੍ਰੰਤੂ ਰਵਿਦਾਸੀਏ ('ਚਮਾਰ') ਪੱਕੇ ਤੌਰ 'ਤੇ ਕਿਸੇ ਧਰਮ ਬਦਲੀ ਦਾ ਵਿਰੋਧ ਕਰਦੇ ਹਨ ਤੇ ਦੂਜੇ (ਇਲਾਕਿਆਂ) ਸੂਬਿਆਂ ਵਿਚ ਇਸ ਵਿਚਾਰ ਨੂੰ ਕੋਈ ਸਮਰਥਨ ਨਹੀਂ ਸੀ ਅਤੇ ਉਹ ਹੈਰਾਨ ਸੀ ਕਿ ਕਿਸ ਤਰ੍ਹਾਂ (ਫ਼ਾਰਮੂਲਾ ਤਿਆਰ ਕਰਨ ਲਈ) ਹਿੰਦੂ ਲੀਡਰ ਇਹਦੇ ਵਿਚ ਸ਼ਾਮਿਲ ਕਰ ਲਏ ਗਏ ਸਨ?

-P.N. Raj Bhoj S/C. member

(The Bombay Chronicle, dated AEth August. 1936)

ਹਵਾਲਾ (ਪੰਨਾ-153) Source Material Vol. I

Source Material Vol. I

**ਬੰਬਈ ਵਾਸਤੇ ਨਵਾਂ ਆਰਟਸ ਕਾਲਜ**

(To be Run by a purely Indian Body)

**(ਇਕ ਪੱਤਰਕਾਰ ਦੀ ਕਲਮ ਤੋਂ)**

September 1936

"The Bombay Chronicle" ਇਕ ਪਹਿਲਾ ਅਖਬਾਰ ਸੀ ਜਿਹੜੇ ਆਪਣੇ ਪਾਠਕਾਂ (ਪੜ੍ਹਨ ਵਾਲਿਆਂ) ਨੂੰ ਬੰਬਈ ਵਿਚ ਇਕ ਨਵੇਂ ਆਰਟਸ ਕਾਲਜ ਦੇ ਸ਼ੁਰੂ ਹੋਣ ਬਾਰੇ ਤਸੱਲੀ ਬਖ਼ਸ਼

ਖ਼ਬਰ ਦਿੱਤੀ ਕਿ ਬਹੁਤ ਜ਼ਰੂਰੀ ਅਤੇ ਭਾਰਤ ਵਿਚ ਪਹਿਲੇ ਸ਼ਹਿਰ ਲਈ ਚਿਰੋਕਣੀ ਮੰਗ ਸੀ। ਇਹ ਸੱਚਮੁੱਚ ਅਫ਼ਸੋਸਨਾਕ ਕਿ ਇਕ ਬੰਬੇ ਵਰਗੇ ਵੱਡੇ ਸ਼ਹਿਰ, ਜਿਹੜਾ ਪ੍ਰੈਜ਼ੀਡੈਂਸੀ ਦੀ ਯੂਨੀਵਰਸਿਟੀ ਦਾ ਹੈੱਡਕੁਆਟਰ ਵੀ ਹੈ। ਇਕ ਨਿਰੋਲ ਭਾਰਤੀ ਸੰਸਥਾ ਦੁਆਰਾ ਚਲਾਉਣ ਤੋਂ ਅਜੇ ਵਾਂਝਿਆਂ ਰਹਿਣਾ ਚਾਹੀਦਾ ਹੈ।

**(ਚਲਦਾ)**



ਗੁਰਦੁਆਰਾ ਨਾਨਕ ਦਰਬਾਰ ਸਾਹਿਬ ਓਲੇਥਾ ਕੈਨਸਾਸ

126 S Cherry Street Olathe, Kansas 66061



ਲਾਂਗਰੀ ਦੀ ਲੋੜ

ਗੁਰਦੁਵਾਰਾ ਸਾਹਿਬ ਵਿਖੇ ਲੰਗਰ ਤਿਆਰ ਕਰਨ ਲਈ ਯੋਗ ਅਤੇ ਸੇਵਾਭਾਵੁਕ ਲਾਂਗਰੀ ਸਿੰਘ ਦੀ ਲੋੜ ਹੈ

ਤਨਖਾਹ ਯੋਗਤਾ ਅਨੁਸਾਰ

ਅਮਰੀਕਾ ਜਾਂ ਕੈਨੇਡਾ ਵੀਜ਼ਾ 'ਤੇ ਆਇਆ ਬੰਦਾ ਵੀ ਵਿਚਾਰਿਆ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਸ: ਸੁੱਚਾ ਸਿੰਘ ਕੈਨਸਾਸ ਫੋਨ : (913) 256-9498



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੇਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੇਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸੰਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸੰਬਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸੰਬਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਸਿਰ ਦਰਦ**

ਸਿਰ ਦਰਦ ਆਮ ਤੌਰ 'ਤੇ ਇੱਕ ਮਾਮੂਲੀ ਸ਼ਿਕਾਇਤ ਹੈ, ਪਰ ਸਿਰ ਦਰਦ ਕਿਸੇ ਗੰਭੀਰ ਬਿਮਾਰੀ ਦੀ ਨਿਸ਼ਾਨੀ ਵੀ ਹੋ ਸਕਦਾ ਹੈ।

**ਬੱਚਿਆਂ ਵਿੱਚ ਸਿਰ ਦਰਦ**

ਬੱਚਿਆਂ ਵਿੱਚ ਸਿਰ ਦਰਦ, ਆਮ ਤੌਰ 'ਤੇ ਕੋਈ ਗੰਭੀਰ ਸਮੱਸਿਆ ਨਹੀਂ ਹੁੰਦੀ। ਬੱਚਿਆਂ ਵਿੱਚ ਸਿਰ ਦਰਦ ਸਕੂਲ ਜਾਂ ਘਰ ਵਿੱਚ ਮਾਨਸਿਕ ਤਣਾਓ ਦੇ ਕਾਰਨ ਹੋ ਸਕਦਾ ਹੈ।

**ਰੋਕਥਾਮ/ਬਚਾਅ :**

1. ਜੋ ਮੁਸ਼ਕਲਾਂ ਬੱਚਿਆਂ ਨੂੰ ਆ ਰਹੀਆਂ ਹਨ, ਦੇ ਸੰਬੰਧ ਵਿੱਚ ਉਹਨਾਂ ਦੇ ਨਾਲ ਗੱਲਬਾਤ ਕਰਨ ਨਾਲ ਸਿਰ ਦਰਦ ਦੀ ਸਮੱਸਿਆ ਨੂੰ ਦੂਰ ਕਰਨ ਵਿੱਚ ਮੱਦਦ ਮਿਲਦੀ ਹੈ।
2. ਇਹ ਪੱਕਾ ਕਰੋ ਕਿ ਬੱਚਾ ਸਮੇਂ ਸਿਰ ਖਾਣਾ ਖਾਵੇ, ਕਿਉਂਕਿ ਭੁੱਖੇ ਰਹਿਣ ਨਾਲ ਵੀ ਸਿਰ ਦਰਦ ਹੋ ਸਕਦਾ ਹੈ।
3. ਬੱਚਿਆਂ ਦੀ ਅੱਖਾਂ ਦੀ ਨਿਗਾਹ ਦੀ ਜਾਂਚ ਕਰਵਾਓ, ਕਿਉਂਕਿ ਘੱਟ ਦਿੱਸਣਾ ਵੀ ਅੱਖਾਂ ਉੱਤੇ ਤਣਾਓ ਪੈਦਾ ਕਰਦਾ ਹੈ ਅਤੇ ਇਹ ਸਿਰ ਦਰਦ ਦਾ ਕਾਰਨ ਹੋ ਸਕਦਾ ਹੈ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਸਿਰ ਦਰਦ ਵਾਰ-ਵਾਰ ਹੋਵੇ।
2. ਬਹੁਤ ਜ਼ਿਆਦਾ ਸਿਰ ਦਰਦ ਹੋਵੇ।
3. ਸਿਰ ਦਰਦ ਦੇ ਨਾਲ ਬੁਖ਼ਾਰ ਹੋਵੇ, ਉਲਟੀਆਂ ਆਉਣ ਜਾਂ ਧੁੰਦਲਾ ਦਿਖਾਈ ਦੇਵੇ।




**ਸਿਰ ਦਰਦ ਇੱਕ ਐਮਰਜੈਂਸੀ ਹੈ, ਜੇਕਰ : ਤੁਹਾਨੂੰ ਹੇਠ ਲਿਖੇ ਲੱਛਣ ਹਨ :**

1. ਸਿਰ ਦਰਦ ਦੇ ਨਾਲ ਨਾਲ ਬੁਖ਼ਾਰ, ਜੀਅ ਕੱਚਾ ਹੋਣਾ, ਉਲਟੀਆਂ ਅਤੇ ਗਰਦਨ ਦਾ ਅਕੜਾਓ ਹੋਣਾ।
2. ਧੁੰਦਲਾ ਦਿੱਸਣਾ, ਬੋਲਣ ਵਿੱਚ ਮੁਸ਼ਕਲ ਆਉਣੀ ਜਾਂ ਤੁਹਾਡੇ ਸਰੀਰ ਦੇ ਕਿਸੇ ਇੱਕ ਪਾਸੇ ਦਾ ਕਮਜ਼ੋਰ ਹੋਣਾ।
3. ਬਿਨਾਂ ਕਿਸੇ ਖ਼ਾਸ ਕਾਰਨ ਤੋਂ ਅਚਾਨਕ ਬਹੁਤ ਜ਼ਿਆਦਾ ਸਿਰ ਦਰਦ ਹੋਣਾ।
4. ਜੇ ਤੁਸੀਂ ਆਪਣੀ ਠੋਡੀ ਦੇ ਨਾਲ ਆਪਣੀ ਛਾਤੀ ਨੂੰ ਛੂਹਣ ਦੀ ਕੋਸ਼ਿਸ਼ ਕਰੋ ਅਤੇ ਉਦੋਂ ਸਿਰ ਦਰਦ ਵਧੇ।

**ਮਾਈਗ੍ਰੇਨ (ਅੱਧੇ ਸਿਰ ਦਾ ਦਰਦ)**

ਮਾਈਗ੍ਰੇਨ ਜਾਂ ਅੱਧੇ ਸਿਰ ਦਾ ਦਰਦ ਇੱਕ ਥਰੌਬਿੰਗ ਸਿਰ ਦਰਦ ਹੈ। ਇਹ ਔਰਤਾਂ ਵਿੱਚ ਆਮ ਪਾਇਆ ਜਾਂਦਾ ਹੈ ਅਤੇ ਆਮ ਤੌਰ 'ਤੇ 20 ਸਾਲ ਦੀ ਉਮਰ ਤੋਂ ਬਾਅਦ ਸ਼ੁਰੂ ਹੁੰਦਾ ਹੈ।

**ਕਾਰਨ :**

ਬਹੁਤ ਉੱਚੀ ਆਵਾਜ਼ ਜਾਂ ਰੌਲਾ, ਚਮਕਦਾਰ ਰੋਸ਼ਨੀ ਜਾਂ ਭੁੱਖ ਮਾਈਗ੍ਰੇਨ ਦਾ ਕਾਰਨ ਬਣ ਸਕਦੀ ਹੈ। ਉਹ ਲੋਕ ਜਿਨ੍ਹਾਂ ਨੂੰ ਮਾਈਗ੍ਰੇਨ ਹੈ, ਉਹਨਾਂ ਨੂੰ ਇਸਦਾ ਸ਼ੁਰੂ ਵਿੱਚ ਹੀ ਪਤਾ ਲੱਗ ਜਾਂਦਾ ਹੈ। ਸਿਰ ਦਰਦ ਦੇ ਸ਼ੁਰੂ ਹੋਣ 'ਤੇ ਇੱਕਦਮ ਦਵਾਈ ਲੈ ਲੈਣੀ ਚਾਹੀਦੀ ਹੈ।

**ਘਰੇਲੂ ਇਲਾਜ :**

1. ਮਾਈਗ੍ਰੇਨ ਹੋਣ ਦੇ ਪਹਿਲੇ ਚਿੰਨ੍ਹ ਨੂੰ ਦੇਖਦੇ ਹੋਏ ਹੀ ਇੱਕ ਹਨੇਰੇ ਕਮਰੇ ਵਿੱਚ ਲੇਟ ਜਾਓ ਅਤੇ ਆਰਾਮ ਕਰੋ।
2. ਜੀਅ ਕੱਚਾ ਹੋਣਾ, ਉਲਟੀਆਂ ਆਉਣੀਆਂ, ਜੋ ਸਿਰ ਦਰਦ ਨਾਲ ਹੁੰਦੇ ਹਨ, ਨੂੰ ਅਦਰਕ ਠੀਕ ਕਰਨ ਵਿੱਚ ਮੱਦਦਗਾਰ ਹੁੰਦਾ ਹੈ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਸਿਰ ਦਰਦ ਵਾਰ-ਵਾਰ ਜਾਂ ਲਗਾਤਾਰ ਹੋਵੇ।
2. ਬਹੁਤ ਜ਼ਿਆਦਾ ਸਿਰ ਦਰਦ ਹੋਵੇ।
3. ਸਿਰ ਦਰਦ ਦੇ ਨਾਲ ਨਾਲ ਬੁਖ਼ਾਰ ਹੋਵੇ, ਉਲਟੀਆਂ ਆਉਣ ਜਾਂ ਧੁੰਦਲਾ ਦਿਖਾਈ ਦੇਵੇ।

**ਸਿਰ ਦਰਦ ਇੱਕ ਐਮਰਜੈਂਸੀ ਹੈ, ਜੇਕਰ : ਤੁਹਾਨੂੰ ਹੇਠ ਲਿਖੇ ਲੱਛਣ ਹਨ :**

1. ਸਿਰ ਦਰਦ ਦੇ ਨਾਲ ਨਾਲ ਬੁਖ਼ਾਰ, ਜੀਅ ਕੱਚਾ ਹੋਣਾ, ਉਲਟੀਆਂ, ਅਤੇ ਗਰਦਨ ਦਾ ਅਕੜਾਓ ਹੋਣਾ।
2. ਧੁੰਦਲਾ ਦਿੱਸਣਾ, ਬੋਲਣ ਵਿੱਚ ਮੁਸ਼ਕਲ ਆਉਣੀ ਜਾਂ ਤੁਹਾਡੇ ਸਰੀਰ ਦੇ ਕਿਸੇ ਇੱਕ ਪਾਸੇ ਦਾ ਕਮਜ਼ੋਰ ਹੋਣਾ।
3. ਬਿਨਾਂ ਕਿਸੇ ਖ਼ਾਸ ਕਾਰਨ ਤੋਂ ਅਚਾਨਕ ਬਹੁਤ ਜ਼ਿਆਦਾ ਸਿਰ ਦਰਦ ਹੋਣਾ।
4. ਜੇ ਤੁਸੀਂ ਆਪਣੀ ਠੋਡੀ ਦੇ ਨਾਲ ਆਪਣੀ ਛਾਤੀ ਨੂੰ ਛੂਹਣ ਦੀ ਕੋਸ਼ਿਸ਼ ਕਰੋ ਅਤੇ ਉਦੋਂ ਸਿਰ ਦਰਦ ਵਧੇ।

**ਤਣਾਓ ਨਾਲ ਸਿਰ ਦਰਦ**

ਤਣਾਓ ਨਾਲ ਸਿਰ ਦਰਦ ਇੱਕ ਆਮ ਸਿਰ ਦਰਦ ਦੀ ਕਿਸਮ ਹੈ (ਤਕਰੀਬਨ 90%)। ਇਹ ਗਰਦਨ, ਪਿੱਠ ਅਤੇ ਮੋਢਿਆਂ ਦੀਆਂ ਮਾਸਪੇਸ਼ੀਆਂ ਦੇ ਤਣਾਓ ਕਾਰਨ ਹੁੰਦਾ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।


ANY TYPE OF LADIES & GENTS PROBLEM

**Healing Herbs & Healing Massage**

ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?

Cure with Homeopathy or Ayurved Best Natural Way of treatment with no side effects.

ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !

ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।



ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।

**ਸਾਡਾ ਸਮਾਂ:**
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ

ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110

ਪਤਾ: 3038 Castro Valley Blvd, Castro Valley, CA 94546

# ‘ਗਿੱਲ’ ਬਣੇ ਮਿਸ਼ਨ ਦੇ ਮੇਅਰ

ਐਬਟਸਫੋਰਡ : ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਮਿਸ਼ਨ ਦੇ ਕੌਂਸਲਰ ਜਗਜੀਤ ਸਿੰਘ ‘ਜੰਗ’ ਗਿੱਲ ਨਿਰਵਿਰੋਧ ਮਿਸ਼ਨ ਦੇ ਮੇਅਰ ਬਣੇ ਹਨ। ਪੰਜਾਬੀ ਭਾਈਚਾਰੇ ਲਈ ਬੜੇ ਮਾਣ ਵਾਲੀ ਗੱਲ ਹੈ। ਬ੍ਰਿਟਿਸ਼ ਕੋਲੰਬੀਆ ਦੀਆਂ 17 ਅਕਤੂਬਰ ਨੂੰ ਹੋ ਰਹੀਆਂ ਨਗਰਪਾਲਿਕਾ ਦੀਆਂ ਚੋਣਾਂ ਵਾਸਤੇ ਮਿਸ਼ਨ ਤੋਂ 2 ਪੰਜਾਬੀ ਜਗਜੀਤ ਸਿੰਘ ਜੈਗ ਗਿੱਲ ਤੇ ਹਰਕੈਨ ਸਿੰਘ ‘ਕੈਨੀ’ ਬੜੈਚ ਮੇਅਰ ਲਈ ਉਮੀਦਵਾਰ ਸਨ ਪਰ 18 ਸਤੰਬਰ ਨੂੰ ਕੈਨੀ ਬੜੈਚ ਵਲੋਂ ਆਪਣੇ ਨਾਮਜ਼ਦਗੀ ਪੇਪਰ ਵਾਪਿਸ ਲੈਣ ਉਪਰੰਤ ਮੁੱਖ ਚੋਣ ਅਧਿਕਾਰੀ ਟਰਾਈਨ ਹਬਰਡ ਵਲੋਂ ਜੈਗ ਗਿੱਲ ਨੂੰ ਮਿਸ਼ਨ ਦਾ ਅਗਲਾ ਮੇਅਰ ਐਲਾਨਿਆ ਗਿਆ ਹੈ। ਦਿੱਲੀ ਨਾਲ ਸੰਬੰਧਿਤ ਸਿਟੀ ਪੀਜ਼ਾ ਸਟੋਰ ਦੇ ਮਾਲਕ ਪਰਮਜੀਤ ਸਿੰਘ ਗਿੱਲ ਦੇ ਹੋਣਹਾਰ ਫਰਜ਼ੰਦ ਜੈਗ ਗਿੱਲ 23 ਸਾਲ ਦੀ ਉਮਰ ’ਚ ਮਿਸ਼ਨ ਦੇ ਪਹਿਲੀ ਵਾਰ ਕੌਂਸਲਰ ਚੁਣੇ ਗਏ। 2018 ਤੋਂ 2026 ਤੱਕ ਆਪਣੇ ਕੌਂਸਲਰ ਕਾਰਜਕਾਲ ਦੌਰਾਨ ਉਹ ਕੁਝ ਸਮਾਂ ਐਕਟਿੰਗ ਮੇਅਰ ਵੀ ਰਹੇ। ਵਰਨਣਯੋਗ



ਹੈ ਕਿ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਜੋਧਾਂ ਦੇ ਜੰਮਪਲ ਨਰੰਜਣ ਸਿੰਘ ਗਰੇਵਾਲ ਸੰਨ 1954 ਵਿਚ ਮਿਸ਼ਨ ਦੇ ਮੇਅਰ ਬਣੇ ਸਨ ਜਿਨ੍ਹਾਂ ਨੂੰ ਕੈਨੇਡਾ ਦੇ ਕਿਸੇ ਸ਼ਹਿਰ ਦੇ ਪਹਿਲੇ ਪੰਜਾਬੀ ਮੇਅਰ ਬਣਨ ਦਾ ਮਾਣ ਪ੍ਰਾਪਤ ਹੈ ਤੇ ਮਿਸ਼ਨ ਨਗਰਪਾਲਿਕਾ ਦੇ ਇਤਿਹਾਸ ਵਿਚ ਜੈਗ ਗਿੱਲ ਸਭ ਤੋਂ ਛੋਟੀ ਉਮਰ ਦੇ 2018 ’ਚ ਚੁਣੇ ਜਾਣ ਵਾਲੇ ਪਹਿਲੇ ਕੌਂਸਲਰ ਹਨ।

# ਥਾਈਲੈਂਡ ’ਚ ਔਰਤਾਂ ਵੱਲੋਂ ਬਜ਼ੁਰਗ ਸਿੱਖ ਨਾਲ ਕੁੱਟਮਾਰ ਕਰਨ ਅਤੇ ਦਸਤਾਰ ਲਾਹੁਣ ਦੀ ਵੀਡੀਓ ਵਾਇਰਲ; SGPC ਵੱਲੋਂ ਨਿਖੇਧੀ

## ਬਦਸਲੂਕੀ ਦੇ ਇਲਜ਼ਾਮਾਂ ਹੇਠ ਹੋਈ ਤਕਰਾਰ ਦਾ ਦਾਅਵਾ; ਵੀਡੀਓ ਦੀ ਪੁਸ਼ਟੀ ਹੋਣੀ ਅਜੇ ਬਾਕੀ

ਚੰਡੀਗੜ੍ਹ : ਥਾਈਲੈਂਡ ਤੋਂ ਇੱਕ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਵਿੱਚ ਕੁਝ ਔਰਤਾਂ ਵੱਲੋਂ ਇੱਕ ਸਿੱਖ ਬਜ਼ੁਰਗ ਨਾਲ ਬਹਿਸਬਾਜ਼ੀ ਤੋਂ ਬਾਅਦ ਕੁੱਟਮਾਰ ਕੀਤੀ ਜਾ ਰਹੀ ਹੈ। ਇਨ੍ਹਾਂ ਹੀ ਨਹੀਂ ਵੀਡੀਓ ਵਿੱਚ ਕੁੜੀਆਂ ਬਜ਼ੁਰਗ ਦੀ ਦਸਤਾਰ ਦੀ ਉਤਾਰਦੀਆਂ ਵੀ ਨਜ਼ਰ ਆ ਰਹੀਆਂ ਹਨ। ਇਸ ਵੀਡੀਓ ਦੇ ਸਾਹਮਣੇ ਆਉਣ ਤੋਂ ਬਾਅਦ ਇੰਟਰਨੈੱਟ ’ਤੇ ਲੋਕਾਂ ਵੱਲੋਂ ਤਿੱਖੀਆਂ ਪ੍ਰਤੀਕਿਰਿਆਵਾਂ ਦਿੱਤੀਆਂ ਜਾ ਰਹੀਆਂ ਹਨ।

ਵਾਇਰਲ ਹੋ ਰਹੀਆਂ ਰਿਪੋਰਟਾਂ ਅਤੇ ਦਾਅਵਿਆਂ ਅਨੁਸਾਰ, ਇਹ ਘਟਨਾ ਬਜ਼ੁਰਗ ਵੱਲੋਂ ਕੀਤੀ ਗਈ ਕਥਿਤ ਬਦਸਲੂਕੀ ਤੋਂ ਬਾਅਦ ਵਾਪਰੀ ਦੱਸੀ ਜਾ ਰਹੀ ਹੈ, ਜਿਸ ਕਾਰਨ ਮੌਕੇ ’ਤੇ ਮੌਜੂਦ ਔਰਤਾਂ ਨੇ ਉਸ ਦਾ ਵਿਰੋਧ ਕੀਤਾ ਅਤੇ ਹੱਥੋਪਾਈ ਸ਼ੁਰੂ ਹੋ ਗਈ।

ਹਾਲਾਂਕਿ, ਇਸ ਵਾਇਰਲ ਵੀਡੀਓ ਵਿੱਚ ਨਜ਼ਰ ਆ ਰਹੇ ਵਿਅਕਤੀਆਂ ਦੀ ਪਛਾਣ ਅਤੇ ਘਟਨਾ ਦੇ ਅਸਲ ਕਾਰਨਾਂ ਬਾਰੇ ਅਜੇ ਤੱਕ ਕੋਈ ਅਧਿਕਾਰਤ ਜਾਂ ਸੁਤੰਤਰ ਪੁਸ਼ਟੀ ਨਹੀਂ ਹੋ ਸਕੀ ਹੈ। ਹਾਲਾਂਕਿ ਸਥਾਨਕ ਪ੍ਰਸ਼ਾਸਨ ਜਾਂ ਪੁਲੀਸ ਵੱਲੋਂ ਵੀ ਇਸ ਮਾਮਲੇ ’ਚ ਕੋਈ ਬਿਆਨ ਸਾਹਮਣੇ ਨਹੀਂ ਆਇਆ ਹੈ।

ਬਜ਼ੁਰਗ ਸਿੱਖ ਵਿਅਕਤੀ ਦੀ ਦਸਤਾਰ ਉਤਾਰਨ ਦੀ ਐਡਵੋਕੇਟ ਧਾਮੀ ਨੇ ਕੀਤੀ ਨਿਖੇਧੀ

ਥਾਈਲੈਂਡ ਵਿੱਚ ਇੱਕ ਬਜ਼ੁਰਗ ਵਿਅਕਤੀ ਨਾਲ ਕੁੱਟਮਾਰ ਕੀਤੇ ਜਾਣ ਅਤੇ ਉਸ ਦੀ ਦਸਤਾਰ ਉਤਾਰੇ ਜਾਣ ਸਬੰਧੀ ਸੋਸ਼ਲ ਮੀਡੀਆ ’ਤੇ ਸਾਹਮਣੇ ਆ ਰਹੀ ਵੀਡੀਓ ’ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਨੂੰ ਬੇਹੱਦ ਮੰਦਭਾਗਾ ਅਤੇ




ਚਿੰਤਾਜਨਕ ਆਖਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਬਜ਼ੁਰਗ ਸਿੱਖ ਦੀ ਦਸਤਾਰ ਦੀ ਜਾਣਬੁੱਝ ਕੇ ਬੇਅਦਬੀ ਕਰਨਾ ਅਤੇ ਉਸ ਨਾਲ ਮਾਰਕੁੱਟ ਕੀਤੇ ਜਾਣ ਦੀ ਘਟਨਾ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਹੈ। ਉਨ੍ਹਾਂ ਕਿਹਾ ਕਿ ਦਸਤਾਰ ਸਿੱਖ ਦੀ ਪਛਾਣ ਅਤੇ ਸਤਿਕਾਰ ਦਾ ਪ੍ਰਤੀਕ ਹੈ, ਇਸ ਲਈ ਇਸ ਨਾਲ ਕਿਸੇ ਵੀ ਤਰ੍ਹਾਂ ਦੀ ਅਪਮਾਨਜਨਕ ਹਰਕਤ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ। ਉਨ੍ਹਾਂ ਜਿੱਥੇ ਭਾਰਤ ਦੇ ਵਿਦੇਸ਼ ਮੰਤਰੀ ਨੂੰ ਇਹ ਮਾਮਲਾ ਕੂਟਨੀਤਕ ਤੌਰ ’ਤੇ ਥਾਈਲੈਂਡ ਸਰਕਾਰ ਕੋਲ ਉਠਾਉਣ ਲਈ ਆਖਿਆ, ਉੱਥੇ ਹੀ ਥਾਈਲੈਂਡ ਦੇ ਸਬੰਧਤ ਅਧਿਕਾਰੀਆਂ ਨੂੰ ਵੀ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਅਪੀਲ ਕੀਤੀ। ਐਡਵੋਕੇਟ ਧਾਮੀ ਨੇ ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਕਿ ਥਾਈਲੈਂਡ ਸਥਿਤ ਭਾਰਤੀ ਦੂਤਾਵਾਸ ਰਾਹੀਂ ਮਾਮਲੇ ਦੀ ਜਾਣਕਾਰੀ ਲੈ ਕੇ ਪੀੜਤ ਨੂੰ ਲੋੜੀਂਦੀ ਕਾਨੂੰਨੀ ਅਤੇ ਕੌਂਸਲਰ ਸਹਾਇਤਾ ਮੁਹੱਈਆ ਕਰਵਾਈ ਜਾਵੇ।

ਇਸੇ ਦੌਰਾਨ ਦਿੱਲੀ ਦੇ ਅਰੁਣ ਜੇਟਲੀ ਸਟੇਡੀਅਮ ਵਿਖੇ ਕ੍ਰਿਕਟ ਮੈਚ ਦੇਖਣ ਗਏ ਸਿੱਖ ਬੱਚਿਆਂ ਨੂੰ ਕੜਾ ਪਾਇਆ ਹੋਣ ਕਾਰਨ ਅੰਦਰ ਜਾਣ ਤੋਂ ਰੋਕਣ ਦੇ ਮਾਮਲੇ ਦੀ ਵੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਆਖਿਆ ਕਿ ਕੜਾ ਸਿੱਖ ਕਕਾਰਾਂ ਦਾ ਅਹਿਮ ਹਿੱਸਾ ਅਤੇ ਸਿੱਖ ਦੀ ਧਾਰਮਿਕ ਪਛਾਣ ਦਾ ਅਟੁੱਟ ਅੰਗ ਹੈ। ਕਿਸੇ ਸਿੱਖ ਬੱਚੇ ਨੂੰ ਸਿਰਫ਼ ਕੜਾ ਪਾਉਣ ਕਰਕੇ ਕਿਸੇ ਜਨਤਕ ਸਥਾਨ ਜਾਂ ਖੇਡ ਮੈਦਾਨ ਵਿੱਚ ਦਾਖ਼ਲ ਹੋਣ ਤੋਂ ਰੋਕਣਾ ਕਦੇ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸੁਰੱਖਿਆ ਪ੍ਰਬੰਧਾਂ ਦੇ ਨਾਮ ’ਤੇ ਕਿਸੇ ਵੀ ਵਿਅਕਤੀ ਨਾਲ ਅਜਿਹਾ ਵਤੀਰਾ ਨਹੀਂ ਹੋਣਾ ਚਾਹੀਦਾ, ਜਿਸ ਨਾਲ ਕਿਸੇ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੇ।

# 16 ਸਾਲਾ ਕੈਨੇਡੀਅਨ ਵਿਦਿਆਰਥਣ ਨੇ ਕਾਰੋਬਾਰੀ ਦੁਨੀਆ ’ਚ ਬਣਾਈ ਪਛਾਣ

ਵੈਨਕੂਵਰ : ਵੈਨਕੂਵਰ ਵਿਖੇ ਹੋਏ ਕੌਮੀ ਮਹਿਲਾ ਮੇਲੇ ਵਿਚ ਸਿਰਫ਼ 16 ਸਾਲ ਦੀ ਕੈਨੇਡੀਅਨ ਵਿਦਿਆਰਥਣ ਚੈਨਲ ਚੈਲਾਜ਼ਨ ਨੇ ਆਪਣੇ ਗਹਿਣਿਆਂ ਦੇ ਕਾਰੋਬਾਰ ਨਾਲ ਦਰਸ਼ਕਾਂ ਅਤੇ ਖਰੀਦਦਾਰਾਂ ਦਾ ਧਿਆਨ ਖਿੱਚਿਆ ਹੈ। ਚੈਨੇਲ ਨੇ ਕੇਵਲ 13 ਸਾਲ ਦੀ ਉਮਰ ’ਚ ਆਪਣਾ ਕਾਰੋਬਾਰ ਸ਼ੁਰੂ ਕੀਤਾ ਸੀ ਅਤੇ ਹੁਣ ਪੜ੍ਹਾਈ ਦੇ ਨਾਲ-ਨਾਲ ਆਪਣਾ ਗਹਿਣਿਆਂ ਦਾ ਬ੍ਰਾਂਡ ਚਲਾ ਰਹੀ ਹੈ। ਵੈਨਕੂਵਰ ਦਾ ਕੌਮੀ ਮਹਿਲਾ ਮੇਲਾ 19 ਅਤੇ 20 ਸਤੰਬਰ ਨੂੰ ਵੈਨਕੂਵਰ ਕਨਵੈਨਸ਼ਨ ਸੈਂਟਰ ਦੇ ਪੱਛਮੀ ਭਵਨ ਵਿਚ ਕਰਵਾਇਆ ਗਿਆ ਸੀ। ਪ੍ਰਬੰਧਕਾਂ ਅਨੁਸਾਰ ਇਹ ਕੈਨੇਡਾ ਵਿੱਚ ਮਹਿਲਾਵਾਂ ਲਈ ਕਰਵਾਏ ਜਾਣ ਵਾਲੇ ਸਭ ਤੋਂ ਵੱਡੇ ਖਪਤਕਾਰ ਮੇਲਿਆਂ ਵਿੱਚੋਂ ਇਕ ਸੀ। ਇਸ ਵਿੱਚ 300 ਤੋਂ ਵੱਧ ਪ੍ਰਦਰਸ਼ਕਾਂ ਅਤੇ ਲਗਭਗ 10,200 ਖਰੀਦਦਾਰਾਂ ਅਤੇ ਮਹਿਮਾਨਾਂ ਦੀ ਸ਼ਮੂਲੀਅਤ ਦਾ ਅਨੁਮਾਨ ਲਗਾਇਆ ਗਿਆ ਹੈ। ਮੇਲੇ ਵਿੱਚ ਫੈਸ਼ਨ, ਸੁੰਦਰਤਾ, ਸਿਹਤ, ਖਾਣ-ਪੀਣ, ਘਰੇਲੂ ਸਜਾਵਟ ਅਤੇ ਹੋਰ ਕਈ ਖੇਤਰਾਂ ਨਾਲ ਸਬੰਧਤ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਸਨ। ਚੈਨੇਲ ਸਸਤੇ ਭਾਅ ’ਤੇ ਚਾਂਦੀ ਦੇ ਗਹਿਣੇ ਵੇਚਣ ਦਾ ਕਾਰੋਬਾਰ ਕਰਦੀ ਹੈ। ਉਸਦਾ ਕਾਰੋਬਾਰ ਵੱਡੇ ਵਪਾਰਕ ਮੇਲਿਆਂ ਅਤੇ ਆਨਲਾਈਨ ਵਿਕਰੀ ਤੱਕ ਫੈਲ ਗਿਆ। ਉਹ ਆਪਣੇ ਗਾਹਕਾਂ ਨਾਲ



ਚੈਨੇਲ ਚਿਲਾਜਨ

ਸੰਪਰਕ, ਇਸ਼ਤਿਹਾਰਬਾਜ਼ੀ, ਗਹਿਣਿਆਂ ਦੇ ਨਮੂਨੇ ਤਿਆਰ ਕਰਨ ਅਤੇ ਵਪਾਰਕ ਮੇਲਿਆਂ ਦੀ ਯੋਜਨਾ ਸਮੇਤ ਕਾਰੋਬਾਰ ਦੇ ਕਈ ਕੰਮ ਖੁਦ ਸੰਭਾਲਦੀ ਹੈ। ਖਾਸ ਗੱਲ ਇਹ ਹੈ ਕਿ ਚੈਨੇਲ ਉੱਚ ਸਕੂਲ ਦੀ ਵਿਦਿਆਰਥਣ ਹੈ। ਉਸ ਨੇ ਆਪਣੀ ਪੜ੍ਹਾਈ ਜਾਰੀ ਰੱਖਦਿਆਂ ਕਾਰੋਬਾਰ ਨੂੰ ਅੱਗੇ ਵਧਾਉਣ ਦਾ ਟੀਚਾ ਰੱਖਿਆ ਹੈ ਅਤੇ ਭਵਿੱਖ ਵਿੱਚ ਕਾਰੋਬਾਰੀ ਵਿਸ਼ੇ ਦੀ ਉੱਚ ਸਿੱਖਿਆ ਹਾਸਲ ਕਰਨ ਦੀ ਯੋਜਨਾ ਵੀ ਦੱਸੀ ਹੈ।

# ‘ਸਭ ਨੂੰ PR ਦਿਓ, ਡਿਪੋਰਟੇਸ਼ਨ ਰੋਕੋ..’; ਟੋਰਾਂਟੋ ਵਿੱਚ ਪਰਵਾਸੀਆਂ ਦਾ ਮਾਰਚ

## ਕੈਨੇਡੀਅਨ ਸੰਸਦ ਦੇ ਨਵੇਂ ਸੈਸ਼ਨ ਤੋਂ ਪਹਿਲਾਂ ਦੇਸ਼ ਭਰ ਦੇ 11 ਸ਼ਹਿਰਾਂ ’ਚ ਗੂੰਜੇ ਨਾਅਰੇ

ਵਿਨੀਪੈੱਗ : ਕੈਨੇਡਾ ਦੀ ਸੰਸਦ ਦਾ ਨਵਾਂ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਐਤਵਾਰ ਨੂੰ ਦੇਸ਼ ਦੇ ਕਈ ਸ਼ਹਿਰਾਂ ਵਿੱਚ ਹਜ਼ਾਰਾਂ ਪਰਵਾਸੀਆਂ, ਕੌਮਾਂਤਰੀ ਵਿਦਿਆਰਥੀਆਂ, ਸ਼ਰਨਾਰਥੀਆਂ ਅਤੇ ਗੈਰ-ਦਸਤਾਵੇਜ਼ੀ ਲੋਕਾਂ ਨੇ ਰੋਸ ਪ੍ਰਦਰਸ਼ਨ ਕੀਤੇ। ਪ੍ਰਦਰਸ਼ਨਕਾਰੀਆਂ ਦੀ ਮੁੱਖ ਮੰਗ ਸੀ ਕਿ ਕੈਨੇਡਾ ਵਿੱਚ ਰਹਿ ਰਹੇ ਸਾਰੇ ਪਰਵਾਸੀਆਂ ਲਈ ਪੱਕੀ ਰਿਹਾਇਸ਼ (PR) ਦਾ ਰਸਤਾ ਖੋਲ੍ਹਿਆ ਜਾਵੇ ਅਤੇ ਡਿਪੋਰਟੇਸ਼ਨ ਰੋਕੀ ਜਾਵੇ।

ਟੋਰਾਂਟੋ ਵਿੱਚ ਮਾਰਚ ਦੁਪਹਿਰ 2 ਵਜੇ ਕ੍ਰਿਸਟੀ ਪਿਟਸ ਪਾਰਕ ਤੋਂ ਸ਼ੁਰੂ ਹੋ ਕੇ ਡਫਰਿਨ ਗਰੋਵ ਪਾਰਕ ਤੱਕ ਗਿਆ। ਟੋਰਾਂਟੋ ਪੁਲੀਸ ਮੁਤਾਬਕ ਕਰੀਬ 600 ਲੋਕਾਂ ਨੇ ਇਸ ਵਿੱਚ ਹਿੱਸਾ ਲਿਆ। ਮਾਈਗ੍ਰੈਂਟ ਵਰਕਰਜ਼ ਅਲਾਇੰਸ ਫਾਰ ਚੇਂਜ ਦੀ ਅਗਵਾਈ ਹੇਠ ਦੇਸ਼ ਭਰ ਵਿੱਚ ਇਸੇ ਮੁੱਦੇ ’ਤੇ 11 ਮਾਰਚ ਕੱਢੇ ਗਏ।

ਜਥੇਬੰਦੀ ਦੀ ਆਗੂ ਸਰੋਮ ਰੋਹ ਨੇ ਕਿਹਾ ਕਿ ਲਗਭਗ 17 ਲੱਖ ਲੋਕ ਇਸ ਸਮੇਂ ਅਸਥਾਈ ਵਰਕ ਜਾਂ ਸਟੱਡੀ ਪਰਮਿਟਾਂ ’ਤੇ ਕੈਨੇਡਾ ਵਿੱਚ ਰਹਿ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਲੋਕ ਖੇਤੀਬਾੜੀ, ਬੱਚਿਆਂ ਅਤੇ ਬਜ਼ੁਰਗਾਂ ਦੀ ਦੇਖਭਾਲ ਅਤੇ ਹੋਰ ਜ਼ਰੂਰੀ ਸੇਵਾਵਾਂ ਵਿੱਚ ਕੰਮ ਕਰ ਰਹੇ ਹਨ, ਪਰ ਆਪਣੇ ਭਵਿੱਖ ਨੂੰ ਲੈ ਕੇ ਅਨਿਸ਼ਚਿਤਤਾ ਦਾ ਸਾਹਮਣਾ ਕਰ ਰਹੇ ਹਨ।

ਰੈਲੀ ਵਿੱਚ ਸ਼ਾਮਲ ਬਿਕਰਮਜੀਤ ਸਿੰਘ, ਜੋ 2019 ਵਿੱਚ ਭਾਰਤ ਤੋਂ ਕੌਮਾਂਤਰੀ ਵਿਦਿਆਰਥੀ ਵਜੋਂ ਕੈਨੇਡਾ ਆਇਆ ਸੀ, ਨੇ ਕਿਹਾ ਕਿ ਇਮੀਗ੍ਰੇਸ਼ਨ ਸਟੇਟਸ ਦੀ ਅਨਿਸ਼ਚਿਤਤਾ ਕਾਮਿਆਂ ਨੂੰ ਸ਼ੋਸ਼ਣ ਲਈ




ਵਧੇਰੇ ਕਮਜ਼ੋਰ ਕਰ ਸਕਦੀ ਹੈ। ਉਸ ਨੇ ਦੱਸਿਆ ਕਿ ਉਹ ਇਸ ਵੇਲੇ ਕਲੋਜ਼ਡ ਵਰਕ ਪਰਮਿਟ ’ਤੇ ਹੈ ਅਤੇ ਉਸ ਨੂੰ ਪੀਆਰ ਲਈ ਕੋਈ ਸਪਸ਼ਟ ਰਸਤਾ ਨਜ਼ਰ ਨਹੀਂ ਆ ਰਿਹਾ। ਪ੍ਰਦਰਸ਼ਨਕਾਰੀਆਂ ਨੇ ਮਹਿੰਗੇ ਕਿਰਾਏ, ਵਧਦੇ ਜੀਵਨ-ਖ਼ਰਚ ਅਤੇ ਕੰਮਕਾਜੀ ਅਸੁਰੱਖਿਆ ਵਰਗੇ ਮੁੱਦੇ ਵੀ ਉਠਾਏ। ਯੁਗਾਂਡਾ ਤੋਂ ਆਈ ਇੱਕ ਗੈਰ-ਦਸਤਾਵੇਜ਼ੀ ਪ੍ਰਵਾਸੀ ਔਰਤ, ਜਿਸ ਨੇ ਆਪਣੀ ਸੁਰੱਖਿਆ ਕਾਰਨ ਆਪਣਾ ਨਾਂ ‘ਜੇਨ’ ਦੱਸਿਆ, ਨੇ ਕਿਹਾ ਕਿ ਉਹ ਛੇ ਸਾਲਾਂ ਤੋਂ ਬਿਨਾਂ ਦਸਤਾਵੇਜ਼ਾਂ ਦੇ ਕੈਨੇਡਾ ਵਿੱਚ ਰਹਿ ਰਹੀ ਹੈ। ਉਸ ਨੇ ਕਿਹਾ ਕਿ ਉਹ ਬਰਾਬਰ ਦੇ ਹੱਕਾਂ ਨਾਲ ਚੰਗੀ ਨੌਕਰੀ ਅਤੇ ਆਪਣੇ ਪਰਿਵਾਰ ਨਾਲ ਮੁੜ ਮਿਲਣ ਦਾ ਮੌਕਾ ਚਾਹੁੰਦੀ ਹੈ।

ਇਹ ਮਾਰਚ ਅਜਿਹੇ ਸਮੇਂ ਹੋਇਆ ਹੈ ਜਦੋਂ ਫੈਡਰਲ ਸਰਕਾਰ ਅਸਥਾਈ ਵਸਨੀਕਾਂ ਦੀ ਗਿਣਤੀ ਘਟਾਉਣ ਅਤੇ ਇਮੀਗ੍ਰੇਸ਼ਨ ਨੂੰ ਹਾਊਸਿੰਗ, ਜਨਤਕ ਸੇਵਾਵਾਂ ਅਤੇ ਲੇਬਰ ਮਾਰਕੀਟ ਦੀ ਸਮਰੱਥਾ ਨਾਲ ਜੋੜਨ ’ਤੇ ਜ਼ੋਰ ਦੇ ਰਹੀ ਹੈ। 2026-2028 ਇਮੀਗ੍ਰੇਸ਼ਨ ਲੈਵਲਜ਼ ਪਲਾਨ ਤਹਿਤ ਹਰ ਸਾਲ 380,000 ਨਵੇਂ ਪਰਮਾਨੈਂਟ ਰੈਜ਼ੀਡੈਂਟ ਦਾਖ਼ਲ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਸ ਤੋਂ ਇਲਾਵਾ, ਸਰਕਾਰ ਨੇ 2026 ਅਤੇ 2027 ਵਿੱਚ 33,000 ਤੱਕ ਅਸਥਾਈ ਕਾਮਿਆਂ ਨੂੰ ਪੀਆਰ ਵਿੱਚ ਤਬਦੀਲ ਕਰਨ ਦੀ ਯੋਜਨਾ ਵੀ ਐਲਾਨੀ ਹੈ।

ਇਸ ਤਰ੍ਹਾਂ, ਸਰਕਾਰ ਵੱਲੋਂ ਇਮੀਗ੍ਰੇਸ਼ਨ ਦੀ ਗਿਣਤੀ ਅਤੇ ਪ੍ਰਬੰਧਨ ’ਤੇ ਜ਼ੋਰ ਦੇਣ ਅਤੇ ਪ੍ਰਵਾਸੀ ਹੱਕਾਂ ਦੀਆਂ ਜਥੇਬੰਦੀਆਂ ਵੱਲੋਂ ਪਹਿਲਾਂ ਤੋਂ ਕੈਨੇਡਾ ਵਿੱਚ ਰਹਿ ਰਹੇ ਲੋਕਾਂ ਲਈ ਪੱਕੇ ਸਟੇਟਸ ਦੀ ਮੰਗ ਵਿਚਕਾਰ ਟਕਰਾਅ ਹੋਰ ਸਪਸ਼ਟ ਹੋ ਰਿਹਾ ਹੈ।

# ਰੂਸੀ ਸੰਸਦੀ ਚੋਣਾਂ ’ਚ ਪੁਤਿਨ ਦੀ ਪਾਰਟੀ ਜਿੱਤੀ

## ਯੂਕਰੇਨ ਜੰਗ ਤੋਂ ਬਾਅਦ ਪਹਿਲੀ ਚੋਣ

ਮਾਸਕੋ : ਰੂਸ ਦੀਆਂ ਸੰਸਦੀ ਚੋਣਾਂ ’ਚ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਸਮਰਥਕ ਯੂਨਾਈਟਿਡ ਰਸ਼ੀਆ ਪਾਰਟੀ ਨੇ ਜਿੱਤ ਦਰਜ ਕਰ ਲਈ ਹੈ। ਇਹ ਫਰਵਰੀ 2022 ’ਚ ਯੂਕਰੇਨ ’ਤੇ ਰੂਸ ਦੇ ਹਮਲੇ ਤੋਂ ਬਾਅਦ ਹੋਣ ਵਾਲੀ ਪਹਿਲੀ ਸੰਸਦੀ ਚੋਣ ਹੈ। ਰਾਸ਼ਟਰਪਤੀ ਪੁਤਿਨ ਨੇ ਇਨ੍ਹਾਂ ਚੋਣਾਂ ਨੂੰ ਯੂਕਰੇਨ ’ਚ ਜੰਗ ਲੜ ਰਹੇ ਰੂਸੀ ਫੌਜੀਆਂ ਦੇ ਸਮਰਥਨ ਨਾਲ ਜੋੜ ਕੇ ਪੇਸ਼ ਕੀਤਾ। ਚੋਣ ਅਧਿਕਾਰੀਆਂ ਨੇ ਸੋਮਵਾਰ ਨੂੰ ਕਿਹਾ ਕਿ ਕ੍ਰੈਮਲਿਨ ਦੀ ਮੁੱਖ ਪਾਰਟੀ ਨੇ ਰੂਸ ਦੀ ਸੰਸਦ ’ਚ ਆਪਣਾ ਬਹੁਮਤ ਬਰਕਰਾਰ ਰੱਖਿਆ ਹੈ। ਵੋਟਿੰਗ ਨੂੰ ਧਿਆਨ ਨਾਲ ਕੀਤਾ ਗਿਆ ਸੀ, ਜ਼ਿਆਦਾਤਰ ਵਿਰੋਧੀ ਉਮੀਦਵਾਰਾਂ ਨੂੰ ਛੱਡ ਕੇ ਅਤੇ ਸਰਕਾਰ ਨੂੰ ਸੱਤਾ ’ਤੇ ਆਪਣੀ ਮਜ਼ਬੂਤ ਪਕੜ ਬਣਾਈ ਰੱਖਣ ਦੀ ਆਗਿਆ ਦਿੱਤੀ ਗਈ ਸੀ। ਕੇਂਦਰੀ ਚੋਣ ਕਮਿਸ਼ਨ ਅਨੁਸਾਰ 95 ਫੀਸਦੀ ਤੋਂ ਵੱਧ ਪੋਲਿੰਗ ਸਟੇਸ਼ਨਾਂ ਦੇ ਨਤੀਜਿਆਂ ਨੇ ਦਿਖਾਇਆ ਕਿ ਕ੍ਰੈਮਲਿਨ ਦੀ ਯੂਨਾਈਟਿਡ ਰਸ਼ੀਆ ਪਾਰਟੀ ਨੇ ਪਾਰਟੀਆਂ ਨੂੰ ਅਲਾਟ ਕੀਤੀਆਂ 225 ਸੀਟਾਂ ’ਚੋਂ ਲਗਭਗ 58 ਫੀਸਦੀ ’ਤੇ ਜਿੱਤ ਪ੍ਰਾਪਤ ਕੀਤੀ ਹੈ। ਬਾਕੀ 225 ਸੰਸਦ ਮੈਂਬਰ ਸਿੰਗਲ-ਬੈਲਟ ਮੁਕਾਬਲਿਆਂ ਵਿੱਚ ਚੁਣੇ ਗਏ ਸਨ, ਅਤੇ ਨਤੀਜਿਆਂ ਨੇ ਦਿਖਾਇਆ ਕਿ ਯੂਨਾਈਟਿਡ ਰਸ਼ੀਆ ਦੇ ਉਮੀਦਵਾਰ ਇਨ੍ਹਾਂ ਮੁਕਾਬਲਿਆਂ ਵਿੱਚੋਂ 208 ’ਤੇ ਅੱਗੇ ਹਨ ਕੇਂਦਰੀ ਚੋਣ ਕਮਿਸ਼ਨ ਦੀ ਮੁਖੀ ਐਲਾ ਪਾਮਫਿਲੋਵਾ ਨੇ ਕਿਹਾ ਕਿ ਸ਼ੁਰੂਆਤੀ ਨਤੀਜਿਆਂ ਤੋਂ ਸੰਕੇਤ ਮਿਲਦਾ ਹੈ ਕਿ ਯੂਨਾਈਟਿਡ ਰਸ਼ੀਆ 450 ਸੀਟਾਂ ਵਿੱਚੋਂ 355 ਸੀਟਾਂ ਜਿੱਤੇਗਾ ਇਹ 2022 ਵਿੱਚ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਯੂਕਰੇਨ ਉੱਤੇ ਵੱਡੇ ਹਮਲੇ ਤੋਂ ਬਾਅਦ ਹੋਈ ਪਹਿਲੀ ਸੰਸਦੀ ਚੋਣ ਸੀ।



# ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਦਰਬਾਰ ਸਾਹਿਬ ਨਤਮਸਤਕ

## ਅਸ਼ਵਨੀ ਕੁਮਾਰ ਮਿਸ਼ਰਾ ਨੂੰ ਸਿੱਖ ਧਰਮ ਦੀ ਅਮੀਰ ਵਿਰਾਸਤ ਤੋਂ ਜਾਣੂ ਕਰਵਾਇਆ



ਅੰਮ੍ਰਿਤਸਰ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਨੇ ਅੱਜ ਸ਼ਾਮ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਮੁੱਖ ਜੱਜ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਦਾ ਸ੍ਰੀ ਦਰਬਾਰ ਸਾਹਿਬ ਦਾ ਇਹ ਪਹਿਲਾ ਦੌਰਾ ਸੀ। ਉਨ੍ਹਾਂ ਨੇ ਗੁਰੂ ਘਰ ਵਿਖੇ ਨਤਮਸਤਕ ਹੋ ਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਅਤੇ ਸ਼ਾਂਤੀ, ਖੁਸ਼ਹਾਲੀ ਤੇ ਸਮੁੱਚੀ ਮਨੁੱਖਤਾ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਵੱਲੋਂ ਮੁੱਖ ਜੱਜ ਦਾ ਸਵਾਗਤ ਕੀਤਾ ਗਿਆ। ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਇਤਿਹਾਸਕ, ਧਾਰਮਿਕ ਅਤੇ ਅਧਿਆਤਮਿਕ ਮਹੱਤਵ ਤੋਂ ਇਲਾਵਾ ਇੱਥੇ ਚੱਲ ਰਹੀਆਂ ਵੱਖ-ਵੱਖ ਸੇਵਾਵਾਂ ਅਤੇ ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ ਗਈ।

ਜਸਟਿਸ ਮਿਸ਼ਰਾ ਨੇ ਸ੍ਰੀ ਦਰਬਾਰ ਸਾਹਿਬ ਦੀ ਅਦੁੱਤੀ ਆਧਿਆਤਮਿਕਤਾ ਅਤੇ ਸਿੱਖ ਧਰਮ ਦੀ ਅਮੀਰ ਵਿਰਾਸਤ ਨਾਲ ਜੁੜੇ ਇਤਿਹਾਸ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੂੰ ਸੰਗਤ ਦੀ ਸਹੂਲਤ ਲਈ ਕੀਤੇ ਗਏ ਪ੍ਰਬੰਧਾਂ ਅਤੇ ਸ਼ਰਧਾਲੂਆਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸੇਵਾਵਾਂ ਬਾਰੇ ਵੀ ਜਾਣੂ ਕਰਵਾਇਆ ਗਿਆ।

ਇਸ ਮੌਕੇ ਗੱਲਬਾਤ ਕਰਦਿਆਂ ਜਸਟਿਸ ਮਿਸ਼ਰਾ ਨੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਅਤੇ ਇਤਿਹਾਸਕ ਮਹੱਤਤਾ ਪ੍ਰਤੀ ਸਤਿਕਾਰ ਪ੍ਰਗਟ ਕਰਦਿਆਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸਮੁੱਚੀ ਮਾਨਵਤਾ ਲਈ ਸ਼ਾਂਤੀ, ਸੇਵਾ, ਬਰਾਬਰੀ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦੇਣ ਵਾਲਾ ਪਾਵਨ ਅਸਥਾਨ ਹੈ, ਜਿੱਥੋਂ ਸਮੁੱਚੀ ਮਨੁੱਖਤਾ ਨੂੰ ਭਲਾਈ ਅਤੇ ਸਦਭਾਵਨਾ ਦੀ ਪ੍ਰੇਰਨਾ ਮਿਲਦੀ ਹੈ।

ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਜਤਿੰਦਰ ਕੌਰ, ਸੀ.ਜੇ. ਐਮ. ਸੁਪ੍ਰੀਤ ਕੌਰ, ਸਿਵਲ ਜੱਜ ਅਮਨਦੀਪ ਸਿੰਘ ਘੁੰਮਣ, ਵਧੀਕ ਕਮਿਸ਼ਨਰ ਜੈ ਇੰਦਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਮੀਰੀ ਪੀਰੀ ਖਾਲਸਾ ਮਾਰਚ ਦਾ ਭਰਵਾਂ ਸਵਾਗਤ

## ਗੜਗੱਜ ਵੱਲੋਂ ਗੁਰੂ ਹਰਿਗੋਬਿੰਦ ਸਾਹਿਬ ਦੇ ਸਿਧਾਂਤਾਂ 'ਤੇ ਚੱਲਣ ਦਾ ਉਪਦੇਸ਼



ਧਾਰੀਵਾਲ/ਕਾਦੀਆਂ : ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਆਰੰਭ ਹੋਏ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ ਪੀਰੀ ਦਿਵਸ ਨੂੰ ਸਮਰਪਿਤ ਮੀਰੀ ਪੀਰੀ ਖ਼ਾਲਸਾ ਮਾਰਚ ਅੱਜ ਇਥੋਂ ਨੇੜੇ ਕਸਬਾ ਹਰਚੋਵਾਲ ਵਿੱਚ ਪੁੱਜਿਆ। ਇਸ ਮੌਕੇ ਨਗਰ ਕੀਰਤਨ ਦਾ ਸਵਾਗਤ ਕਰਦਿਆਂ ਮਿਸ਼ਲ ਸ਼ਹੀਦ ਭਾਈ ਤਾਰੂ ਸਿੰਘ ਤਰਨਾ ਦਲ ਦੇ ਮੁਖੀ ਭਾਈ ਰਣਜੀਤ ਸਿੰਘ ਪੂਹਲਾ, ਸ਼੍ਰੋਮਣੀ ਜਰਨੈਲ ਤਰਨਾ ਦਲ ਬਾਬਾ ਜਰਨੈਲ ਸਿੰਘ ਅਨੰਦਪੁਰ,ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕੌਮੀ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਰਿਆੜ ਵੱਲੋਂ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਗੜਗੱਜ ਨੇ ਸਮੂਹ ਸੰਗਤ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਸਿਧਾਂਤਾਂ 'ਤੇ ਚੱਲਣ ਦਾ ਉਪਦੇਸ਼ ਦਿੱਤਾ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੁਰਜੀਤ ਸਿੰਘ ਤੁਗਲਵਾਲਾ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਇੰਚਾਰਜ ਰਾਜਬੀਰ ਸਿੰਘ ਘੁੰਮਣ, ਨਿਹੰਗ ਸਿੰਘ ਜਥੇਦਾਰ ਰਣਜੀਤ ਸਿੰਘ ਪੂਹਲਾ ਹਾਜ਼ਰ ਸਨ। ਇਸ ਮੌਕੇ ਨਿਹੰਗ ਸਿੰਘ ਜਥੇਬੰਦੀ ਵੱਲੋਂ ਸੰਗਤ ਲਈ ਛਬੀਲ ਲਾਈ ਗਈ। ਇਸੇ ਦੌਰਾਨ ਮੀਰੀ ਪੀਰੀ ਖ਼ਾਲਸਾ ਮਾਰਚ ਵੱਖ ਵੱਖ ਨਗਰਾਂ ਭਾਮੜੀ ਅੱਡਾ, ਬਸਰਾਵਾਂ, ਢੱਪਈ, ਕਾਹਲਵਾਂ ਮੋੜ, ਨੰਗਲ, ਬਿਜਲੀ ਘਰ ਚੌਕ ਤੋਂ ਹੁੰਦਾ ਹੋਇਆ ਕਾਦੀਆਂ ਸ਼ਹਿਰ ਵਿੱਚ ਪੁੱਜਿਆ। ਇਸ ਮੌਕੇ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕੰਵਲਪ੍ਰੀਤ ਸਿੰਘ ਕਾਕੀ ਕੌਮੀ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ, ਗੁਰਤਿੰਦਰ ਪਾਲ ਸਿੰਘ ਭਾਟੀਆ ਐਡੀਸ਼ਨਲ ਮੈਨੇਜਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਪੰਜ ਪਿਆਰਿਆਂ, ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਦਾ ਸਨਮਾਨ ਕੀਤਾ।

# ਕਰਤਾਰਪੁਰ ਲਾਂਘਾ ਖੋਲ੍ਹਣ ਲਈ ਅਰਦਾਸ ਕਰਨ ਜਾ ਰਹੇ ਜਥੇ ਨੂੰ ਰੋਕਿਆ

## ਬੀ ਐੱਸ ਐੱਫ ਦੇ ਬੈਰੀਕੇਡ ਨੇੜੇ ਧਰਨਾ ਲਾਇਆ ਤੇ ਅਰਦਾਸ ਕੀਤੀ; ਪਾਕਿਸਤਾਨ ਦੀ ਸੰਗਤ ਨਾਲ ਸਾਂਝੀ ਅਰਦਾਸ ਦੀ ਸੀ ਯੋਜਨਾ



ਡੇਰਾ ਬਾਬਾ ਨਾਨਕ : ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਸਿੱਖਾਂ ਦੇ ਜਥੇ ਨੂੰ ਕਰਤਾਰਪੁਰ ਲਾਂਘਾ ਮੁੜ ਖੋਲ੍ਹਣ ਲਈ ਅਰਦਾਸ ਕਰਨ ਵਾਸਤੇ ਜ਼ੀਰੋ ਲਾਈਨ ਵੱਲ ਜਾਣ ਤੋਂ ਬੀਐਸਐਫ ਦੇ ਜਵਾਨਾਂ ਨੇ ਰੋਕ ਦਿੱਤਾ।

ਜ਼ਿਕਰਯੋਗ ਹੈ ਕਿ ਗੜਗੱਜ ਭਾਰਤ-ਪਾਕਿਸਤਾਨ ਸਰਹੱਦ ਦੇ ਦੋਵਾਂ ਪਾਸਿਆਂ ਦੀਆਂ ਸਿੱਖ ਸੰਗਤ ਵੱਲੋਂ ਕਰਤਾਰਪੁਰ ਲਾਂਘੇ ਨੂੰ ਜਲਦੀ ਖੋਲ੍ਹਣ ਲਈ ਕਰਵਾਏ ਗਏ ਸਾਂਝੇ ਅਰਦਾਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਡੇਰਾ ਬਾਬਾ ਨਾਨਕ ਪਹੁੰਚੇ ਸਨ। ਇਹ ਸਮਾਗਮ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੱਦੇ 'ਤੇ ਕੀਤਾ ਗਿਆ ਸੀ। ਜਥੇਦਾਰ ਗੜਗੱਜ ਨੇ ਦੱਸਿਆ ਕਿ ਪਾਕਿਸਤਾਨ ਵਾਲੇ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਦਿਵਸ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਤੋਂ ਜ਼ੀਰੋ ਲਾਈਨ ਤੱਕ ਇੱਕ ਨਗਰ ਕੀਰਤਨ ਕੱਢਿਆ ਗਿਆ। ਭਾਰਤੀ ਪਾਸੇ ਵੀ ਸਿੱਖ ਸ਼ਰਧਾਲੂ ਡੇਰਾ ਬਾਬਾ ਨਾਨਕ ਵਿਖੇ ਇਕੱਠੇ ਹੋਏ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਇੱਕ ਜੱਥੇ ਵਜੋਂ ਜ਼ੀਰੋ ਲਾਈਨ ਵੱਲ ਰਵਾਨਾ ਹੋਏ।

ਮੀਡੀਆ ਨਾਲ ਗੱਲਬਾਤ ਕਰਦਿਆਂ ਜਥੇਦਾਰ ਨੇ ਕਿਹਾ ਕਿ ਸਿੱਖਾਂ ਨੂੰ ਜ਼ੀਰੋ ਲਾਈਨ 'ਤੇ ਜਾ ਕੇ ਅਰਦਾਸ ਕਰਨ ਤੋਂ ਰੋਕਣਾ ਬੀਐਸਐਫ ਲਈ ਉਚਿਤ ਨਹੀਂ ਸੀ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਸਿੱਖ ਭਾਵਨਾਵਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਸਤਿਕਾਰ ਕਰਦਿਆਂ ਕਰਤਾਰਪੁਰ ਲਾਂਘਾ ਤੁਰੰਤ ਖੋਲ੍ਹਣਾ ਚਾਹੀਦਾ ਹੈ। ਕਰਤਾਰਪੁਰ ਲਾਂਘਾ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਬੰਦ ਕਰ ਦਿੱਤਾ ਗਿਆ ਸੀ।

**ਜ਼ੀਰੋ ਲਾਈਨ 'ਤੇ ਅਰਦਾਸ ਕਰਨ ਲਈ ਚੱਲ ਰਹੀ ਸੀ ਗੱਲਬਾਤ** : ਜਥੇਦਾਰ ਗੜਗੱਜ ਦੀ ਜ਼ੀਰੋ ਲਾਈਨ ਫੇਰੀ ਦੇ ਮੁੱਦੇ 'ਤੇ ਸਵੇਰ ਤੋਂ ਹੀ ਹਰਿਮੰਦਰ ਸਾਹਿਬ ਦੇ ਮੈਨੇਜਰ ਰਾਜਿੰਦਰ ਸਿੰਘ ਰੂਬੀ ਅਤੇ ਗੁਰਦੁਆਰਾ ਡੇਰਾ ਬਾਬਾ ਨਾਨਕ ਦੇ ਮੈਨੇਜਰ ਰਣਜੀਤ ਸਿੰਘ ਰਾਹੀਂ ਬੀਐਸਐਫ ਅਤੇ ਪੰਜਾਬ ਪੁਲੀਸ ਦੇ ਅਧਿਕਾਰੀਆਂ ਨਾਲ ਗੱਲਬਾਤ ਚੱਲ ਰਹੀ ਸੀ। ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਗੜਗੱਜ, ਕੁਝ ਸਿੱਖ ਸ਼ਰਧਾਲੂਆਂ ਨਾਲ ਜ਼ੀਰੋ ਲਾਈਨ 'ਤੇ ਅਰਦਾਸ ਕਰਨਗੇ। ਜਦੋਂ ਸਿੱਖ ਜੱਥਾ ਜ਼ੀਰੋ ਲਾਈਨ ਦੇ ਨੇੜੇ ਪਹੁੰਚਿਆ ਤਾਂ ਬੀਐਸਐਫ ਅਧਿਕਾਰੀਆਂ ਨੇ ਉਨ੍ਹਾਂ ਨੂੰ ਰੋਕ ਦਿੱਤਾ ਅਤੇ ਕਿਹਾ ਕਿ ਜੇਕਰ ਉਹ ਅਰਦਾਸ ਕਰਨਾ ਚਾਹੁੰਦੇ ਹਨ ਤਾਂ ਉਹ ਨੇੜਲੇ ਗੁਰਦੁਆਰੇ ਵਿੱਚ ਕਰ ਸਕਦੇ ਹਨ। ਗੜਗੱਜ ਨੇ ਬੀਐਸਐਫ ਨੂੰ ਆਪਣੇ ਸੀਨੀਅਰ ਅਧਿਕਾਰੀਆਂ ਨਾਲ ਸਲਾਹ ਕਰਨ ਅਤੇ ਪੰਜ ਸਿੱਖਾਂ ਦੇ ਇੱਕ ਸਮੂਹ ਨੂੰ ਜ਼ੀਰੋ ਲਾਈਨ ਵੱਲ ਜਾਣ ਦੀ ਆਗਿਆ ਦੇਣ ਲਈ ਕਿਹਾ ਤਾਂ ਜੋ ਨਗਰ ਕੀਰਤਨ ਵਿੱਚ ਹਿੱਸਾ ਲੈ ਰਹੀ ਪਾਕਿਸਤਾਨੀ ਸਿੱਖ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਦਾ 'ਰੁਮਾਲਾ ਸਾਹਿਬ' ਅਤੇ 'ਪੰਜ ਪਿਆਰਿਆਂ' ਲਈ 'ਸਿਰਪਾਓ' ਸੌਂਪੇ ਜਾ ਸਕਣ ਜਿਸ ਦੀ ਆਗਿਆ ਨਹੀਂ ਦਿੱਤੀ ਗਈ।

**ਬੀ ਐਸ ਐਫ ਵੱਲੋਂ ਰੋਕਣ 'ਤੇ ਸੰਗਤ ਜ਼ਮੀਨ 'ਤੇ ਬੈਠੀ** : ਇਸ ਤੋਂ ਬਾਅਦ ਸੰਗਤ ਬੀਐਸਐਫ ਬੈਰੀਕੇਡ ਦੇ ਸਾਹਮਣੇ ਜ਼ਮੀਨ 'ਤੇ ਬੈਠ ਗਈ। ਫਿਰ 'ਰਹਿਰਾਸ ਸਾਹਿਬ' (ਸ਼ਾਮ ਦੀ ਅਰਦਾਸ) ਦਾ ਪਾਠ ਕੀਤਾ ਗਿਆ, ਜਿਸ ਤੋਂ ਬਾਅਦ ਲਾਂਘਾ ਮੁੜ ਖੋਲ੍ਹਣ ਅਤੇ ਦੋਵਾਂ ਦੇਸ਼ਾਂ ਵਿੱਚ ਸ਼ਾਂਤੀ ਲਈ 'ਸ਼ਬਦ ਕੀਰਤਨ' ਅਤੇ 'ਅਰਦਾਸ' ਕੀਤੀ ਗਈ। ਗੜਗੱਜ ਨੇ ਕਿਹਾ ਕਿ ਸਿੱਖ ਹਰ ਰੋਜ਼ ਸਾਰਿਆਂ ਦੀ ਭਲਾਈ ਲਈ ਅਰਦਾਸ ਕਰਦੇ ਹਨ ਅਤੇ ਸੋਮਵਾਰ ਨੂੰ ਕੀਤੀ ਗਈ ਅਰਦਾਸ ਵੀ ਕਰਤਾਰਪੁਰ ਲਾਂਘੇ ਨੂੰ ਤੁਰੰਤ ਖੋਲ੍ਹਣ, ਭਾਰਤ ਅਤੇ ਪਾਕਿਸਤਾਨ ਵਿਚਕਾਰ ਸ਼ਾਂਤੀ ਅਤੇ ਪੰਜਾਬ ਰਾਹੀਂ ਸਰਹੱਦ ਪਾਰ ਵਪਾਰ ਨੂੰ ਖੋਲ੍ਹਣ ਲਈ ਸੀ। ਉਨ੍ਹਾਂ ਐਲਾਨ ਕੀਤਾ ਕਿ ਉਹ ਕਰਤਾਰਪੁਰ ਲਾਂਘੇ ਨੂੰ ਜਲਦ ਖੋਲ੍ਹਣ ਲਈ ਅਰਦਾਸ ਕਰਨ ਵਾਸਤੇ ਸਿੱਖ ਸੰਗਤ ਦੇ ਨਾਲ ਹਰ ਮਹੀਨੇ ਡੇਰਾ ਬਾਬਾ ਨਾਨਕ ਆਉਣਗੇ।

# ਇਮਰਾਨ ਖ਼ਾਨ ਦੀਆਂ ਤਿੰਨੇ ਭੈਣਾਂ ਹਿਰਾਸਤ 'ਚ-ਕੋਟ ਲਖਪਤ ਜੇਲ੍ਹ ਭੇਜੀਆਂ



ਅੰਮ੍ਰਿਤਸਰ : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ. ਟੀ. ਆਈ.) ਨੇ ਬਿਆਨ ਜਾਰੀ ਕਰਕੇ ਦੱਸਿਆ ਕਿ ਲਹਿੰਦੇ ਪੰਜਾਬ ਦੀ ਪੁਲਿਸ ਨੇ ਇਮਰਾਨ ਖ਼ਾਨ ਦੀਆਂ ਤਿੰਨ ਭੈਣਾਂ ਨੂੰ ਹਿਰਾਸਤ 'ਚ ਲੈ ਲਿਆ ਹੈ। ਪੀ. ਟੀ. ਆਈ. ਦੇ ਬੁਲਾਰੇ ਜ਼ੁਲਫ਼ੀ ਬੁਖ਼ਾਰੀ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਅਲੀਮਾ ਖ਼ਾਨ ਦੇ ਘਰ ਛਾਪਾ ਮਾਰਿਆ ਅਤੇ ਇਮਰਾਨ ਖ਼ਾਨ ਦੀਆਂ ਦੂਜੀਆਂ ਦੋ ਭੈਣਾਂ, ਉਨ੍ਹਾਂ ਦੇ ਭਾਣਜਿਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਵੀ ਹਿਰਾਸਤ 'ਚ ਲੈ ਲਿਆ। ਪਾਰਟੀ ਦੇ ਸੂਚਨਾ ਸਕੱਤਰ ਸ਼ੇਖ਼ ਵਕਾਸ ਅਕਰਮ ਨੇ ਦੱਸਿਆ ਕਿ ਇਮਰਾਨ ਖ਼ਾਨ ਦੀਆਂ ਭੈਣਾਂ ਅਤੇ ਬੱਚਿਆਂ ਨੂੰ ਹਿਰਾਸਤ 'ਚ ਲੈਣ ਤੋਂ ਕੁੱਝ ਦੇਰ ਬਾਅਦ ਬੱਚਿਆਂ ਨੂੰ ਛੱਡ ਦਿੱਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਤਿੰਨ ਭੈਣਾਂ ਅਲੀਮਾ ਖ਼ਾਨ, ਡਾ. ਉਜ਼ਮਾ ਖ਼ਾਨ ਅਤੇ ਨੂਰੀਨ ਖ਼ਾਨ ਨੂੰ ਲਾਹੌਰ ਦੀ ਕੋਟ ਲਖਪਤ ਜੇਲ੍ਹ ਭੇਜ ਦਿੱਤਾ ਗਿਆ ਹੈ। ਲਾਹੌਰ ਦੇ ਡਿਪਟੀ ਕਮਿਸ਼ਨਰ ਨੇ ਐਤਵਾਰ ਨੂੰ ਪੰਜਾਬ ਸੂਬੇ ਦੇ ਮੇਨਟੇਨੈਂਸ ਆਫ਼ ਪਬਲਿਕ ਆਰਡਰ (ਐੱਮ. ਪੀ. ਓ.) ਕਾਨੂੰਨ ਤਹਿਤ ਤਿੰਨਾਂ ਭੈਣਾਂ ਨੂੰ 30 ਦਿਨਾਂ ਲਈ ਹਿਰਾਸਤ 'ਚ ਰੱਖਣ ਦੇ ਦੋ ਵੱਖ-ਵੱਖ ਹੁਕਮ ਜਾਰੀ ਕੀਤੇ ਸਨ। ਬੇਸ਼ੱਕ, ਪੰਜਾਬ ਪੁਲਿਸ ਨੇ ਇਸ ਕਾਰਵਾਈ ਬਾਰੇ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ ਹੈ। ਇਹ ਗ੍ਰਿਫ਼ਤਾਰੀਆਂ ਅਜਿਹੇ ਵੇਲੇ ਹੋਈਆਂ ਹਨ ਜਦੋਂ ਇਮਰਾਨ ਖ਼ਾਨ ਦੀ ਪਾਰਟੀ ਨੇ 27 ਸਤੰਬਰ ਨੂੰ ਵਿਰੋਧ ਪ੍ਰਦਰਸ਼ਨ ਦਾ ਸੱਦਾ ਦਿੱਤਾ ਹੋਇਆ ਹੈ। ਦੂਜੇ ਪਾਸੇ, ਪਾਕਿ ਦੇ ਸੰਘੀ ਸੂਚਨਾ ਮੰਤਰੀ ਅਤਾਉੱਲ੍ਹਾ ਤਰਾਰ ਨੇ ਇਸ ਪ੍ਰਦਰਸ਼ਨ ਦੇ ਸੱਦੇ ਨੂੰ ਗ਼ੈਰ-ਕਾਨੂੰਨੀ ਕਰਾਰ ਦਿੰਦਿਆਂ ਕਿਹਾ ਕਿ ਕਿਸੇ ਨੂੰ ਵੀ ਸੜਕਾਂ ਜਾਮ ਕਰਨ ਜਾਂ ਆਮ ਜਨਜੀਵਨ ਵਿਚ ਵਿਘਨ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

# ਵਿਰੋਧੀ ਧਿਰ ਪੰਜਾਬ ਪੁਲਿਸ ਅਤੇ ਸਰਕਾਰ ਨੂੰ ਬਦਨਾਮ ਕਰਨ ਦੀ ਕਰ ਰਹੀ ਹੈ ਕੋਸ਼ਿਸ਼: ਹਰਪਾਲ ਚੀਮਾ

ਚੰਡੀਗੜ੍ਹ : ਪੰਜਾਬ ਦੇ ਅੰਮ੍ਰਿਤਸਰ ਵਿਖੇ ਪਿਛਲੇ ਦਿਨੀਂ ਏ.ਐੱਸ.ਆਈ. ਦੇ ਕਤਲ ਤੋਂ ਬਾਅਦ ਪੁਲੀਸ ਵਿਭਾਗ ਵੱਲੋਂ ਮੁਲਾਜ਼ਮਾਂ ਨੂੰ ਵਰਦੀ ਪਾਉਣ ਦੀ ਥਾਂ ਸਿਵਲ ਕੱਪੜੇ ਪਾਉਣ ਸਬੰਧੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਐਡਵਾਈਜ਼ਰੀ ਨੂੰ ਲੈ ਕੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਪਸ਼ਟ ਕੀਤਾ ਕਿ ਪੰਜਾਬ ਪੁਲੀਸ ਵੱਲੋਂ ਅਜਿਹੀ ਕੋਈ ਵੀ ਐਡਵਾਈਜ਼ਰੀ ਜਾਰੀ ਨਹੀਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਪੁਲੀਸ ਅਤੇ ਸੂਬਾ ਸਰਕਾਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੀ ਪੋਸਟ ਸੋਸ਼ਲ ਮੀਡੀਆ 'ਤੇ ਪਾਉਣ ਵਾਲੇ ਦੀ ਜਾਂਚ ਕਰਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਵਿੱਤ ਮੰਤਰੀ ਨੇ ਕਿਹਾ ਕਿ ਅਜਿਹੀ ਪੋਸਟ ਪਾਉਣ ਵਾਲੇ ਵਿਅਕਤੀ ਨੂੰ ਤੁਰੰਤ ਇਹ ਪੋਸਟ ਡਿਲੀਟ ਕਰਨੀ ਚਾਹੀਦੀ ਹੈ।




COMPLETE SOLAR & BATTERY
STARTING AT $23,000
For a standard 5kW Solar & 14kWh Battery system
Price is for installation on code-compliant homes.
Electrical panel or roof upgrades are extra.
TSP
ROOFING & SOLAR
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE | (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

# ਅੰਮ੍ਰਿਤਸਰ 'ਚ Lady SHO ਨਾਲ ਬਦਸਲੂਕੀ; ਨਿਹੰਗਾਂ ਵਿਚਾਲੇ ਝੜਪ ਰੋਕਣ ਪਹੁੰਚੀ ਸੀ ਪੁਲਿਸ

## ਅੰਮ੍ਰਿਤਸਰ 'ਚ ਧਰਨੇ ਦੌਰਾਨ ਦੋ ਨਿਹੰਗ ਧੜਿਆਂ 'ਚ ਝੜਪ ਦੀ ਵੀਡੀਓ ਵਾਇਰਲ



ਅੰਮ੍ਰਿਤਸਰ : ਅੰਮ੍ਰਿਤਸਰ ਦੇ ਝਬਾਲ ਰੋਡ 'ਤੇ ਧਰਨੇ ਦੌਰਾਨ ਦੋ ਨਿਹੰਗ ਧੜਿਆਂ ਵਿਚਾਲੇ ਹਿੰਸਕ ਝੜਪ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲੀਸ ਕਾਰਵਾਈ ਤੋਂ ਅਸਹਿਮਤ ਹੋ ਕੇ ਧਰਨੇ 'ਤੇ ਬੈਠੇ ਨਿਹੰਗ ਸਿੰਘਾਂ ਨੇ ਇੱਕ ਹੋਰ ਨਿਹੰਗ ਨੂੰ ਰੇਕੀ (ਜਾਸੂਸੀ) ਕਰਨ ਦੇ ਸ਼ੱਕ 'ਚ ਘੇਰ ਲਿਆ ਅਤੇ ਉਸ ਦੀ ਡੰਡਿਆਂ ਤੇ ਥੱਪੜਾਂ ਨਾਲ ਕੁੱਟਮਾਰ ਕੀਤੀ। ਵਾਰਦਾਤ ਦੀ ਇਤਲਾਹ ਮਿਲਦਿਆਂ ਹੀ ਮੌਕੇ 'ਤੇ ਪਹੁੰਚੀ ਥਾਣਾ ਗੇਟ ਹਕੀਮਾ ਦੀ ਲੇਡੀ ਐੱਸ.ਐੱਚ.ਓ. ਮਨਜੀਤ ਕੌਰ ਨਾਲ ਵੀ ਪ੍ਰਦਰਸ਼ਨਕਾਰੀਆਂ ਵੱਲੋਂ ਬਦਸਲੂਕੀ ਅਤੇ ਧੱਕਾਮੁੱਕੀ ਕੀਤੀ ਗਈ।

ਮਿਲੀ ਜਾਣਕਾਰੀ ਅਨੁਸਾਰ ਝਬਾਲ ਰੋਡ 'ਤੇ ਜਥੇਦਾਰ ਬਾਬਾ ਦਰਸ਼ਨ ਸਿੰਘ ਦੇ ਸਮਰਥਕ ਨਿਹੰਗ ਸਿੰਘ ਧਰਨੇ 'ਤੇ ਬੈਠੇ ਸਨ। ਉਨ੍ਹਾਂ ਦਾ ਦੋਸ਼ ਸੀ ਕਿ ਇੱਕ ਦਿਨ ਪਹਿਲਾਂ ਵਿਰੋਧੀ ਮੇਜਰ ਸਿੰਘ ਪੇਟੇਵਾੜ (ਭਿੰਡਵਾੜ) ਧੜੇ ਦੇ ਵਿਅਕਤੀਆਂ ਨੇ ਉਨ੍ਹਾਂ ਦੇ ਘਰ ਅੱਗੇ ਗੋਲੀਆਂ ਚਲਾਈਆਂ ਸਨ, ਪਰ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ। ਧਰਨੇ ਦੌਰਾਨ ਜਦੋਂ ਇੱਕ ਮੋਟਰਸਾਈਕਲ ਸਵਾਰ ਨਿਹੰਗ ਉੱਥੋਂ ਲੰਘਿਆ ਤਾਂ ਧਰਨਾਕਾਰੀਆਂ ਨੇ ਉਸ 'ਤੇ ਵਿਰੋਧੀ ਧੜੇ ਲਈ ਰੇਕੀ ਕਰਨ ਦਾ ਸ਼ੱਕ ਜਤਾਉਂਦਿਆਂ ਉਸ ਨੂੰ ਘੇਰ ਲਿਆ। ਬਹਿਸਬਾਜ਼ੀ ਤੋਂ ਬਾਅਦ ਉਸ ਦੀ ਕੁੱਟਮਾਰ ਕੀਤੀ ਗਈ, ਜਿਸ ਵਿੱਚ ਉਸ ਦੇ ਹੱਥ-ਪੈਰ 'ਤੇ ਸੱਟਾਂ ਲੱਗੀਆਂ ਅਤੇ ਹੰਗਾਮੇ ਦੌਰਾਨ ਉਸ ਦਾ ਦੁਮਾਲਾ ਵੀ ਉੱਤਰ ਗਿਆ।

ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਗੇਟ ਹਕੀਮਾ ਦੀ ਐੱਸ.ਐੱਚ.ਓ. ਮਨਜੀਤ ਕੌਰ ਪੁਲੀਸ ਟੀਮ ਨਾਲ ਮੌਕੇ 'ਤੇ ਪੁੱਜੇ। ਜਦੋਂ ਉਹ ਜ਼ਖ਼ਮੀ ਨਿਹੰਗ ਨੂੰ ਭੀੜ ਤੋਂ ਛੁਡਾਉਣ ਲੱਗੇ ਤਾਂ ਪ੍ਰਦਰਸ਼ਨਕਾਰੀਆਂ ਅਤੇ ਪੁਲੀਸ ਵਿਚਾਲੇ ਭਾਰੀ ਧੱਕਾਮੁੱਕੀ ਤੇ ਖਿੱਚੋਤਾਣ ਸ਼ੁਰੂ ਹੋ ਗਈ। ਦੋਸ਼ ਹੈ ਕਿ ਇਸ ਦੌਰਾਨ ਕੁਝ ਲੋਕਾਂ ਨੇ ਲੇਡੀ ਐੱਸ.ਐੱਚ.ਓ. ਨਾਲ ਬਦਸਲੂਕੀ ਕੀਤੀ। ਇਸ ਦੇ ਬਾਵਜੂਦ ਪੁਲੀਸ ਟੀਮ ਨੇ ਮੁਸਤੈਦੀ ਦਿਖਾਉਂਦਿਆਂ ਜ਼ਖ਼ਮੀ ਨਿਹੰਗ ਨੂੰ ਭੀੜ 'ਚੋਂ ਸੁਰੱਖਿਅਤ ਕੱਢਿਆ ਅਤੇ ਆਪਣੀ ਗੱਡੀ 'ਚ ਬਿਠਾ ਕੇ ਥਾਣੇ ਲੈ ਗਈ। ਘਟਨਾ ਤੋਂ ਬਾਅਦ ਇਲਾਕੇ 'ਚ ਤਣਾਅ ਦਾ ਮਾਹੌਲ ਬਣਿਆ ਹੋਇਆ ਹੈ।

ਏ.ਡੀ.ਸੀ.ਪੀ. ਸਿਟੀ-1 ਯੋਗੇਸ਼ਵਰ ਸਿੰਘ ਨੇ ਆਖਿਆ ਕਿ ਇਸ ਮਾਮਲੇ ਵਿੱਚ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਖ਼ਰਾਬ ਕਰਨ ਵਾਲਿਆਂ ਦੇ ਖ਼ਿਲਾਫ਼ ਕਾਨੂੰਨ ਮੁਤਾਬਿਕ ਪੁਲੀਸ ਵੱਲੋਂ ਕਾਰਵਾਈ ਕੀਤੀ ਜਾਵੇਗੀ। ਇਸ ਸਬੰਧੀ ਵਾਇਰਲ ਵੀਡੀਓ ਦਾ ਹਵਾਲਾ ਦਿੰਦਿਆਂ ਉਨ੍ਹਾਂ ਆਖਿਆ ਕਿ ਥਾਣਾ ਗੇਟ ਹਕੀਮਾਂ ਦੇ ਇਲਾਕੇ ਵਿੱਚ ਦੋ ਧਿਰਾਂ ਵਿਚਾਲੇ ਤਕਰਾਰ ਹੋਈ ਸੀ ਅਤੇ ਇਸ ਦੌਰਾਨ ਗੇਟ ਹਕੀਮਾਂ ਥਾਣੇ ਦੀ ਐੱਸ.ਐੱਚ.ਓ. ਮਨਜੀਤ ਕੌਰ ਨੇ ਮੌਕੇ 'ਤੇ ਜਾ ਕੇ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਿਆ ਤੇ ਚੰਗੇ ਢੰਗ ਨਾਲ ਸਥਿਤੀ ਨੂੰ ਸੰਭਾਲਿਆ ਸੀ।

ਉਨ੍ਹਾਂ ਆਖਿਆ ਕਿ ਇਸ ਵੀਡੀਓ ਵਿੱਚ ਕੁਝ ਲੋਕ ਮਹਿਲਾ ਐੱਸ.ਐੱਚ.ਓ. ਨਾਲ ਵੀ ਧੱਕਾ-ਮੁੱਕੀ ਕਰਦੇ ਦਿਖਾਈ ਦਿੰਦੇ ਹਨ। ਉਨ੍ਹਾਂ ਆਖਿਆ ਕਿ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਖ਼ਰਾਬ ਕਰਨ ਵਾਲੀਆਂ ਧਿਰਾਂ ਦੇ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਇਸ ਮੌਕੇ ਲਾਪਰਵਾਹੀ ਵਰਤਣ ਵਾਲੇ ਪੁਲੀਸ ਕਰਮਚਾਰੀਆਂ ਦੇ ਖ਼ਿਲਾਫ਼ ਵੀ ਕਾਰਵਾਈ ਹੋਵੇਗੀ।

# ਜੇਲ੍ਹ 'ਚੋਂ ਚੋਣ ਲੜਨਗੇ ਅੰਮ੍ਰਿਤਪਾਲ ਸਿੰਘ ਦੇ ਸਾਥੀ ਬਸੰਤ ਸਿੰਘ; ਨਿਹਾਲ ਸਿੰਘ ਵਾਲਾ ਤੋਂ ਉਮੀਦਵਾਰ ਐਲਾਨੇ

## 'ਅਕਾਲੀ ਦਲ ਵਾਰਿਸ ਪੰਜਾਬ ਦੇ' ਨੇ ਹਲਕਾ ਨਿਹਾਲ ਸਿੰਘ ਵਾਲਾ ਤੋਂ ਜੇਲ੍ਹ 'ਚ ਬੰਦ ਆਗੂ ਨੂੰ ਬਣਾਇਆ ਉਮੀਦਵਾਰ

ਧਰਮਕੋਟ (ਮੋਗਾ) : 'ਅਕਾਲੀ ਦਲ ਵਾਰਿਸ ਪੰਜਾਬ ਦੇ' ਨੇ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਤੋਂ ਪਿੰਡ ਦੌਲਤਪੁਰਾ ਦੇ ਜੇਲ੍ਹ ਵਿੱਚ ਬੰਦ ਨੌਜਵਾਨ ਨੂੰ ਚੋਣ ਮੈਦਾਨ ਵਿੱਚ ਲਿਆਂਦਾ ਹੈ। ਬਸੰਤ ਸਿੰਘ ਦੌਲਤਪੁਰਾ ਨਾਮੀ ਇਹ ਸ਼ਖ਼ਸ ਅੰਮ੍ਰਿਤਪਾਲ ਸਿੰਘ ਦਾ ਨੇੜਲਾ ਸਾਥੀ ਹੈ ਅਤੇ ਅੱਜ-ਕੱਲ੍ਹ ਬਠਿੰਡਾ ਦੀ ਕੇਂਦਰੀ ਜੇਲ੍ਹ ਵਿੱਚ ਬੰਦ ਹੈ।



ਜਥੇਬੰਦੀ ਨੇ ਦੋ ਦਿਨ ਪਹਿਲਾਂ ਦੌਲਤਪੁਰਾ ਨੂੰ ਹਲਕਾ ਇੰਚਾਰਜ ਐਲਾਨਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਦੀ ਹਲਕੇ ਤੋਂ ਉਮੀਦਵਾਰੀ ਤੈਅ ਹੋ ਗਈ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਹਲਕੇ ਅੰਦਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਵੀ ਵੱਡੀ ਰੈਲੀ ਕਰਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਹਲਕਾ ਇੰਚਾਰਜ ਰਾਜਵਿੰਦਰ ਸਿੰਘ ਧਰਮਕੋਟ ਨੂੰ ਥਾਪੜਾ ਦਿੱਤਾ ਸੀ।

ਬਸੰਤ ਸਿੰਘ ਦੌਲਤਪੁਰਾ ਦੀ ਹਲਕੇ ਤੋਂ ਉਮੀਦਵਾਰੀ ਨੇ ਨਵੇਂ ਸਿਆਸੀ ਸਮੀਕਰਨ ਪੈਦਾ ਕਰ ਦਿੱਤੇ ਹਨ। 'ਅਕਾਲੀ ਦਲ ਵਾਰਿਸ ਪੰਜਾਬ ਦੇ' ਵੱਲੋਂ ਪੰਜਾਬ ਭਰ ਵਿੱਚ ਜਿਸ ਤਰ੍ਹਾਂ ਆਪਣੀਆਂ ਸਿਆਸੀ ਸਰਗਰਮੀਆਂ ਸ਼ੁਰੂ ਕਰਕੇ ਲੋਕ ਲਾਮਬੰਦੀ ਕੀਤੀ ਜਾ ਰਹੀ ਹੈ, ਉਸ ਤੋਂ ਇਹ ਅੰਦਾਜ਼ਾ ਜ਼ਰੂਰ ਲੱਗ ਰਿਹਾ ਹੈ ਕਿ ਜਥੇਬੰਦੀ ਪੂਰੀ ਤਿਆਰੀ ਨਾਲ ਵਿਧਾਨ ਸਭਾ ਚੋਣਾਂ ਵਿੱਚ ਹਿੱਸਾ ਲੈਣ ਜਾ ਰਹੀ ਹੈ।

# ਅਮਰੀਕਾ ਨਾਲ ਸਮਝੌਤਾ ਨਾ ਕਰੇ ਕੇਂਦਰ: ਉਗਰਾਹਾਂ

ਭਵਾਨੀਗੜ੍ਹ, ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਬਲਾਕ ਭਵਾਨੀਗੜ੍ਹ ਦੀ ਮੀਟਿੰਗ ਬਲਾਕ ਜਨਰਲ ਸਕੱਤਰ ਜਸਵੀਰ ਸਿੰਘ ਗੱਗੜਪੁਰ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਫੱਗੂਵਾਲਾ ਵਿੱਚ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਸੂਬਾ ਸਕੱਤਰ ਜਗਤਾਰ ਸਿੰਘ ਕਾਲਾਝਾੜ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਸਾਮਰਾਜੀ ਤਾਕਤਾਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ੇ ਦੇਣ ਲਈ ਲੋਕ ਵਿਰੋਧੀ ਨੀਤੀਆਂ ਲਾਗੂ ਕਰ ਰਹੀਆਂ ਹਨ। ਕੇਂਦਰ ਸਰਕਾਰ ਵੱਲੋਂ ਅਮਰੀਕਾ ਨਾਲ ਕੀਤਾ ਜਾ ਰਿਹਾ ਮੁਕਤ ਵਪਾਰ ਸਮਝੌਤਾ ਰੱਦ ਕਰਵਾਉਣ, ਬਿਜਲੀ ਬਿੱਲ 2025 ਅਤੇ ਬੀਜ ਬਿੱਲ 2025 ਰੱਦ ਕਰਵਾਉਣ, ਪੰਜਾਬ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਲੈਂਡ ਪੂਲਿੰਗ ਨੀਤੀ ਰੱਦ ਕਰਵਾਉਣ, ਕਿਸਾਨਾਂ ਸਿਰ ਚੜ੍ਹ ?ਹਆ ਕਰਜ਼ਾ ਖ਼ਤਮ ਕਰਵਾਉਣ ਅਤੇ ਜ਼ਮੀਨਾਂ ਦੇ ਮਾਲਕੀ ਹੱਕਾਂ ਦਿਵਾਉਣ ਲਈ 5 ਅਕਤੂਬਰ ਨੂੰ ਪੰਜਾਬ ਭਰ ਵਿੱਚ ਡੀ ਸੀ ਦਫ਼ਤਰਾਂ ਦੇ ਘਿਰਾਓ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਕਿਸਾਨ ਆਗੂਆਂ 'ਤੇ ਅੰਦੋਲਨਾਂ ਦੌਰਾਨ ਪਾਏ ਕੇਸ ਅਤੇ ਪਿਛਲੇ ਸਾਲਾਂ ਵਿੱਚ ਪਰਾਲੀ ਫੂਕਣ ਸਬੰਧੀ ਦਰਜ ਕੀਤੇ ਕੇਸ ਰੱਦ ਕਰਵਾਉਣ ਲਈ ਵੀ ਅਵਾਜ਼ ਬੁਲੰਦ ਕੀਤੀ ਜਾਵੇਗੀ। ਇਸ ਮੌਕੇ ਹਰਜਿੰਦਰ ਸਿੰਘ ਘਰਾਚੋਂ, ਰਘਵੀਰ ਸਿੰਘ ਘਰਾਚੋਂ, ਕਸ਼ਮੀਰ ਸਿੰਘ ਆਲੋਅਰਖ, ਸਤਵਿੰਦਰ ਸਿੰਘ ਘਰਾਚੋਂ ਸਣੇ ਅਤੇ ਵੱਡੀ ਗਿਣਤੀ ਔਰਤਾਂ ਹਾਜ਼ਰ ਸਨ।



ਇਸੇ ਦੌਰਾਨ ਬੀ ਕੇ ਯੂ (ਏਕਤਾ)-ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਸਾਨਾਂ ਨੂੰ ਸੰਘਰਸ਼ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ ਹੈ੍ਰ ਉਨ੍ਹਾਂ ਕਿਹਾ ਕਿ ਜੇ ਸਰਕਾਰ ਨੇ ਕਿਸਾਨੀ ਮਸਲਿਆਂ ਨੂੰ ਹੱਲ ਨਾ ਕੀਤਾ ਤਾਂ 5 ਅਕਤੂਬਰ ਨੂੰ ਸਮੂਹ ਡੀ ਸੀ ਦਫ਼ਤਰਾਂ ਦਾ ਘਿਰਾਓ ਕੀਤਾ ਜਾਵੇਗਾ। ਉਹ ਇੱਥੋਂ ਨੇੜਲੇ ਪਿੰਡ ਡਰੌਲੀ ਵਿੱਚ ਜਗਦੀਪ ਸਿੰਘ ਛੀਨਾ ਦੀ ਪ੍ਰਧਾਨਗੀ ਹੇਠ ਰੱਖੀ ਜਥੇਬੰਦੀ ਦੀ ਬੈਠਕ ਦੌਰਾਨ ਸੰਬੋਧਨ ਕਰ ਰਹੇ ਸਨ। ਸ੍ਰੀ ਉਗਰਾਹਾਂ ਨੇ ਕਿਹਾ ਕਿ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਘੋਲ ਵਿੱਚ ਵੱਡੀ ਕਿਸਾਨਾਂ ਦੀ ਸ਼ਮੂਲੀਅਤ ਕਰਨੀ ਲਾਜ਼ਮੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ 5 ਅਕਤੂਬਰ ਨੂੰ ਸਮੂਹ ਜ਼ਿਲ੍ਹਾ ਹੈੱਡ ਕੁਆਰਟਰਜ਼ ਦੇ ਘਿਰਾਓ ਕੀਤੇ ਜਾਣਗੇ। ਮੀਟਿੰਗ ਵਿੱਚ ਵੱਖ-ਵੱਖ ਬਲਾਕ ਆਗੂਆਂ ਨੇ ਪਿੰਡਾਂ ਵਿੱਚ ਪ੍ਰਚਾਰ ਤੇ ਲਾਮਬੰਦੀ ਕਰ ਕੇ ਵੱਡੀ ਗਿਣਤੀ ਵਿੱਚ 5 ਨੂੰ ਪਟਿਆਲਾ ਪੁੱਜਣ ਦਾ ਫ਼ੈਸਲਾ ਕੀਤਾ। ਇਸ ਮੌਕੇ ਪ੍ਰਚਾਰ ਸਕੱਤਰ ਜਗਤਾਰ ਸਿੰਘ ਕਾਲਾ ਝਾੜ, ਜਨਰਲ ਸਕੱਤਰ ਸੁਖਮਿੰਦਰ ਸਿੰਘ ਬਾਰਨ, ਜਗਮੇਲ ਸਿੰਘ ਗਾਜੇਵਾਲ, ਜ਼ਿਲ੍ਹਾ ਸੰਗਠਨ ਸਕੱਤਰ ਬਲਰਾਜ ਜੋਸ਼ੀ, ਭਰਪੂਰ ਸਿੰਘ ਗਾਜੇਵਾਸ, ਹਰਦੀਪ ਡਰੋਲੀ, ਜਸਵਿੰਦਰ ਸਿੰਘ ਸਾਲੂਵਾਲ, ਮਨਦੀਪ ਬਾਰਨ, ਅਵਤਾਰ ਸਿੰਘ ਬੁਰੜ, ਅਵਤਾਰ ਫੱਗਣ ਮਾਜਰਾ ਵੀ ਸ਼ਾਮਲ ਸਨ।

# ਕਿਸਾਨ ਤੇ ਮਜ਼ਦੂਰ ਵਿਰੋਧੀ ਨੀਤੀਆਂ ਖ਼ਿਲਾਫ਼ ਸੰਘਰਸ਼ ਵਿਢਾਂਗੇ: ਟਿਕੈਤ

## ਕਿਸਾਨਾਂ ਆਗੂਆਂ ਨੂੰ ਚੋਣਾਂ ਤੋਂ ਦੂਰ ਰਹਿਣ ਦੀ ਅਪੀਲ; ਵਪਾਰ ਸਮਝੌਤੇ ਦਾ ਵਿਰੋਧ

ਚੰਡੀਗੜ੍ਹ : ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਲਗਾਤਾਰ ਕਿਸਾਨਾਂ ਤੇ ਮਜ਼ਦੂਰਾਂ ਖ਼ ?ਲਾਫ਼ ਨੀਤੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਆਉਣ ਵਾਲੇ ਸਮੇਂ 'ਚ ਖੇਤੀ ਖੇਤਰ ਤਬਾਹ ਹੋ ਜਾਵੇਗਾ। ਇਸ ਲਈ ਕੇਂਦਰ ਤੇ ਸੂਬਾ ਸਰਕਾਰਾਂ ਦੀਆਂ ਕਿਸਾਨ ਵਿਰੋਧੀ ਨੀਤੀਆਂ ਖ਼ਿਲਾਫ਼ ਦੇਸ਼ ਪੱਧਰ 'ਤੇ ਮੁੜ ਤੋਂ ਸੰਘਰਸ਼ ਵਿੱਢਿਆ ਜਾਵੇਗਾ।



ਕਿਸਾਨ ਆਗੂ ਰਾਕੇਸ਼ ਟਿਕੈਤ ਚੰਡੀਗੜ੍ਹ ਦੇ ਕਿਸਾਨ ਭਵਨ ਵਿੱਚ ਚੌਧਰੀ ਘਾਸੀ ਰਾਮ ਨੈਨ ਦੀ 9ਵੀਂ ਬਰਸੀ 'ਤੇ ਸ਼ਰਧਾਂਜਲੀ ਸਮਾਗਮ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਭਾਰਤ ਤੇ ਅਮਰੀਕਾ ਵਪਾਰ ਸਮਝੌਤੇ ਨਾਲ ਸਭ ਤੋਂ ਪਹਿਲਾਂ ਫਲਾਂ ਦੀ ਕਾਸ਼ਤ ਕਰਨ ਵਾਲੇ ਹਿਮਾਚਲ ਪ੍ਰਦੇਸ਼, ਉਤਰਾਖੰਡ ਤੇ ਜੰਮੂ-ਕਸ਼ਮੀਰ ਦੇ ਕਿਸਾਨ ਤਬਾਹ ਹੋਣਗੇ।

ਟਿਕੈਤ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਬਿਜਲੀ ਅਤੇ ਬੀਜ ਬਿੱਲ ਵੀ ਖੇਤੀ ਖੇਤਰ ਦੇ ਉਲਟ ਸਾਬਤ ਹੋਣਗੇ। ਖੇਤੀ ਲਈ ਵਧੀਆਂ ਬੀਜਾਂ ਦੀ ਖੋਜ ਕਰਨ ਦਾ ਕਾਰਜ ਸਥਾਨਕ ਖੇਤੀਬਾੜੀ ਯੂਨੀਵਰਸਿਟੀਆਂ ਨੂੰ ਸੌਂਪਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਨੇ ਕਿਸਾਨਾਂ ਦੀ ਜ਼ਮੀਨ 'ਤੇ ਨਜ਼ਰ ਰੱਖੀ ਹੋਈ ਹੈ, ਜੋ ਕਿ ਸਥਾਨਕ ਸਰਕਾਰਾਂ ਨਾਲ ਮਿਲ ਕੇ ਕਿਸਾਨਾਂ ਨੂੰ ਬੇਜ਼ਮੀਨੇ ਕਰਨ ਦੀ ਤਿਆਰੀ ਕਰ ਰਹੇ ਹਨ। ਇਸ ਲਈ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਬਚਾਉਣ ਲਈ ਸੰਘਰਸ਼ ਵਿੱਢਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਸਮੇਂ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਲਾਗੂ ਕਰਵਾਉਣ ਅਤੇ ਐੱਮ ਐੱਸ ਪੀ ਦੀ ਕਾਨੂੰਨੀ ਗਾਰੰਟੀ ਲਈ ਕਿਸਾਨ ਜਥੇਬੰਦੀਆਂ ਵੱਲੋਂ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਸ ਦੌਰਾਨ ਟਿਕੈਤ ਨੇ ਪੰਜਾਬ ਤੇ ਉੱਤਰ ਪ੍ਰਦੇਸ਼ ਸਣੇ ਵੱਖ-ਵੱਖ ਸੂਬਿਆਂ ਵਿੱਚ ਹੋਣ ਵਾਲੀਆਂ ਚੋਣਾਂ ਤੋਂ ਕਿਸਾਨ ਆਗੂਆਂ ਨੂੰ ਦੂਰ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਕੰਮ ਚੋਣਾਂ ਲੜਨਾ ਨਹੀਂ ਹੈ।

ਕਿਸਾਨਾਂ ਨੂੰ ਲੋਕ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਲੋਕਾਂ ਦੀ ਆਵਾਜ਼ ਨੂੰ ਬੁਲੰਦ ਕਰਨਾ ਚਾਹੀਦਾ ਹੈ।

ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਪਿਛਲੇ ਦਿਨੀਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਚੰਡੀਗੜ੍ਹ ਵਿੱਚ ਲਾਏ ਮੋਰਚੇ ਦੌਰਾਨ ਪੰਜਾਬ ਸਰਕਾਰ ਨੇ ਮੰਨੀਆਂ ਮੰਗਾਂ ਲਾਗੂ ਕਰਨ ਲਈ ਸਮਾਂ ਦਿੱਤਾ ਸੀ, ਪਰ 15 ਦਿਨ ਬੀਤਣ ਦੇ ਬਾਵਜੂਦ ਸਰਕਾਰ ਵੱਲੋਂ ਇਨ੍ਹਾਂ ਮੰਗਾਂ 'ਤੇ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ।

ਇਸ ਤੋਂ ਪਹਿਲਾਂ ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ ਦੇ ਆਗੂ ਸੁਖਦੇਵ ਸਿੰਘ ਨੇ ਕਿਹਾ ਕਿ ਅੱਜ ਦੇ ਸਮੇਂ ਖੇਤੀ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਹੀ ਹੈ। ਇਸ ਸਾਲ ਕੌਮੀ ਪੱਧਰ 'ਤੇ ਮੀਂਹ ਔਸਤਨ 15 ਫ਼ੀਸਦ ਘੱਟ ਅਤੇ ਪੰਜਾਬ ਤੇ ਹਰਿਆਣਾ ਵਿੱਚ 30 ਤੋਂ 35 ਫ਼ੀਸਦ ਤੱਕ ਘੱਟ ਪਿਆ ਹੈ, ਜਿਸ ਕਰ ਕੇ ਕਿਸਾਨਾਂ ਨੂੰ ਵਧੇਰੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਇਸ ਲਈ ਸਾਰਿਆਂ ਨੂੰ ਇਕਜੁੱਟ ਹੋ ਕੇ ਕੇਂਦਰ ਤੇ ਸੂਬਾ ਸਰਕਾਰ 'ਤੇ ਕੁੱਲ ਬਜਟ ਦਾ 50 ਫ਼ੀਸਦ ਹਿੱਸਾ ਖੇਤੀ ਖੇਤਰ ਲਈ ਰਾਖਵਾਂ ਰੱਖਣ ਲਈ ਦਬਾਅ ਬਣਾਉਣ ਦੀ ਜ਼ਰੂਰਤ ਹੈ।

**ਕਿਸਾਨ ਯੂਨੀਅਨਾਂ ਨੂੰ ਇਕਜੁੱਟ ਹੋਣ ਦਾ ਸੱਦਾ**

ਸ਼ਰਧਾਂਜਲੀ ਸਮਾਗਮ ਵਿੱਚ ਵੱਖ-ਵੱਖ ਸੂਬਿਆਂ ਤੋਂ ਪਹੁੰਚੇ ਕਿਸਾਨ ਆਗੂਆਂ ਨੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਸਮੱਸਿਆਂ ਲਈ ਕਿਸਾਨ ਜਥੇਬੰਦੀਆਂ ਨੂੰ ਇਕ ਮੰਚ 'ਤੇ ਇਕੱਠੇ ਹੋਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਵਿੱਚ ਵਖਰੇਵਿਆਂ ਦਾ ਸੂਬਾ ਤੇ ਕੇਂਦਰ ਸਰਕਾਰ ਲਾਭ ਚੁੱਕ ਰਹੀ ਹੈ। ਇਸ ਲਈ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਦਿੱਲੀ ਅੰਦੋਲਨ ਵਾਂਗ ਇਕੱਠੇ ਹੋ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# ਕੇਂਦਰ ਤੇ ਸੂਬਾ ਸਰਕਾਰਾਂ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ : ਪ੍ਰਿਅੰਕਾ ਗਾਂਧੀ

ਵਾਇਨਾਡ (ਕੇਰਲ) : ਕਾਂਗਰਸੀ ਆਗੂ ਪ੍ਰਿਅੰਕਾ ਗਾਂਧੀ ਵਾਡਰਾ ਨੇ ਦਿੱਲੀ ਤੇ ਬਿਹਾਰ 'ਚ ਔਰਤਾਂ ਨਾਲ ਹਾਲ ਹੀ 'ਚ ਵਾਪਰੀਆਂ ਜਿਨਸੀ ਹਿੰਸਾ ਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਅਜਿਹੇ 'ਭਿਆਨਕ' ਹਮਲੇ ਨਾ ਸਿਰਫ਼ ਵਧ ਰਹੇ ਹਨ, ਸਗੋਂ ਔਰਤਾਂ ਵਿਰੁੱਧ ਹਿੰਸਾ ਵੀ ਹੋਰ ਗੰਭੀਰ ਤੇ ਹਿੰਸਕ ਹੁੰਦੀ ਜਾ ਰਹੀ ਹੈ। ਉਨ੍ਹਾਂ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਔਰਤਾਂ ਬਿਨਾਂ ਕਿਸੇ ਡਰ ਦੇ ਸੜਕਾਂ 'ਤੇ ਆ-ਜਾ ਸਕਣ। ਵਾਡਰਾ ਨੇ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਘਟਨਾਵਾਂ ਨੂੰ 'ਭਿਆਨਕ' ਕਰਾਰ ਦਿੰਦਿਆਂ ਕਿਹਾ ਕਿ ਔਰਤਾਂ ਲਈ ਸੁਰੱਖਿਆ ਹਮੇਸ਼ਾ ਇਕ ਚਿੰਤਾ ਦਾ ਵਿਸ਼ਾ ਰਹੀ ਹੈ, ਪਰ ਹੁਣ ਹਾਲਾਤ ਹੋਰ ਵੀ ਗੰਭੀਰ ਹੁੰਦੇ ਜਾ ਰਹੇ ਹਨ। ਉਨ੍ਹਾਂ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, ਇਹ ਭਿਆਨਕ ਹੈ। ਔਰਤਾਂ ਵਿਰੁੱਧ ਅਪਰਾਧ ਲਗਾਤਾਰ ਵੱਧ ਰਹੇ ਹਨ। ਔਰਤਾਂ ਲਈ ਹਮੇਸ਼ਾ ਸੁਰੱਖਿਆ ਦੀ ਸਮੱਸਿਆ ਰਹੀ ਹੈ ਤੇ ਹੁਣ ਉਨ੍ਹਾਂ ਵਿਰੁੱਧ ਹਿੰਸਾ ਲਗਾਤਾਰ ਹੋਰ ਵੱਧਦੀ ਤੇ ਗੰਭੀਰ ਹੁੰਦੀ ਜਾ ਰਹੀ ਹੈ। ਜੇਕਰ ਅਸੀਂ ਆਪਣੀਆਂ ਸੜਕਾਂ 'ਤੇ ਔਰਤਾਂ ਦੀ ਸੁਰੱਖਿਆ ਵੀ ਯਕੀਨੀ ਨਹੀਂ ਬਣਾ ਸਕਦੇ ਤਾਂ ਵੱਡੀਆਂ ਯੋਜਨਾਵਾਂ ਤੇ ਪ੍ਰੋਗਰਾਮਾਂ ਦੀ ਗੱਲ ਕਰਨ ਦਾ ਕੋਈ ਮਤਲਬ ਨਹੀਂ ਹੈ। ਪਿਛਲੇ ਕੁਝ ਹਫ਼ਤਿਆਂ ਦੌਰਾਨ ਕੌਮੀ ਰਾਜਧਾਨੀ ਦਿੱਲੀ 'ਚ ਨਾਬਾਲਗ ਲੜਕੀਆਂ ਨਾਲ ਜਿਨਸੀ ਹਿੰਸਾ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ।



# ਜੈਨ-ਜ਼ੀ ਵੱਲੋਂ ਨਸ਼ਿਆਂ ਖ਼ਿਲਾਫ਼ ਆਵਾਜ਼ ਬੁਲੰਦ

## ਨਸ਼ਿਆਂ ਨੂੰ 'ਨਾਂਹ' ਅਤੇ ਪਰਿਵਾਰਕ ਜ਼ਿੰਮੇਵਾਰੀ ਨੂੰ 'ਹਾਂ' ਕਹਿਣ ਬਾਰੇ ਹਲਫ਼ ਲਿਆ




ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਤੇ ਯੂ ਟੀ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਵੱਲੋਂ 30 ਸਤੰਬਰ ਤੱਕ ਸ਼ਹਿਰ ਨੂੰ ਨਸ਼ਾ ਮੁਕਤ ਕਰਨ ਲਈ ਸ਼ੁਰੂ ਕੀਤੀ ਮੁਹਿੰਮ ਤਹਿਤ ਪੁਲੀਸ ਵੱਲੋਂ ਸਖ਼ਤੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਪੁਲੀਸ ਤੇ ਪ੍ਰਸ਼ਾਸਨ ਵੱਲੋਂ ਵੱਖ-ਵੱਖ ਸਮਾਜ ਸੇਵੀਆਂ ਦੀ ਮਦਦ ਨਾਲ ਲੋਕਾਂ ਨੂੰ ਨਸ਼ਿਆਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸੇ ਮੁਹਿੰਮ ਦੌਰਾਨ ਸੈਕਟਰ 17 ਵਿੱਚ ਵੱਡੀ ਗਿਣਤੀ ਵਿੱਚ ਨਸ਼ਿਆਂ ਖ਼ਿਲਾਫ਼ ਜੈਨ ਜ਼ੀ ਇਕੱਠੇ ਹੋਏ, ਜਿਨ੍ਹਾਂ ਨਸ਼ਿਆਂ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ। ਇਸ ਸਮਾਗਮ ਵਿੱਚ ਹਿਮਾਚਲ ਪ੍ਰਦੇਸ਼ ਦੇ ਪ੍ਰਸਿੱਧ ਨਾਟੀ ਕਲਾਕਾਰ ਕੁਲਦੀਪ ਸ਼ਰਮਾ ਵੀ ਪਹੁੰਚੇ, ਜਿਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਲਈ ਪ੍ਰੇਰਿਆ।

ਸੈਕਟਰ 17 ਵਿੱਚ ਪਹੁੰਚੇ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨਾਂ ਨੇ ਅੱਜ ਇਕਸੁਰ ਹੋ ਕੇ ਨਸ਼ਿਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਅਤੇ ਨਸ਼ਿਆਂ ਨੂੰ ਨਾ ਅਤੇ ਪਰਿਵਾਰਕ ਜ਼ਿੰਮੇਵਾਰੀ ਨੂੰ ਹਾਂ ਕਹਿਣ ਬਾਰੇ ਹਲਫ਼ ਲਿਆ। ਚੰਡੀਗੜ੍ਹ ਦੇ ਸਮਾਜ ਸੇਵੀ ਸੰਜੀਵ ਰਾਣਾ ਨੇ ਕਿਹਾ ਕਿ ਸਮਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ। ਇਸੇ ਲਈ ਉਨ੍ਹਾਂ ਵੱਲੋਂ ਪਿਛਲੇ ਮਹੀਨੇ ਤੋਂ ਸ਼ਹਿਰ ਦੇ ਵੱਖ-ਵੱਖ ਸਕੂਲਾਂ, ਕਾਲਜਾਂ ਤੇ ਹੋਰਨਾਂ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਨੌਜਵਾਨਾਂ ਨੂੰ ਨਸ਼ਿਆਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਸ੍ਰੀ ਰਾਣਾ ਨੇ ਕਿਹਾ ਕਿ ਨਸ਼ਿਆਂ ਕਾਰਨ ਕਈ ਪਰਿਵਾਰ ਤਬਾਹ ਹੋ ਚੁੱਕੇ ਹਨ ਅਤੇ ਇਸ ਦਾ ਅਸਰ ਸਮਾਜ 'ਤੇ ਵੀ ਪੈਂਦਾ ਹੈ। ਇਸ ਮੌਕੇ ਰਾਜਸੀ ਅਤੇ ਸਮਾਜਿਕ ਆਗੂ ਮੌਜੂਦ ਰਹੇ।

# 'ਆਪ' ਸਰਕਾਰ ਤੋਂ ਨਸ਼ਾ ਖ਼ਤਮ ਕਰਨ ਦੀ ਕੋਈ ਉਮੀਦ ਨਹੀਂ: ਰੇਖਾ ਗੁਪਤਾ

## ਦਿੱਲੀ ਦੀ ਮੁੱਖ ਮੰਤਰੀ ਵੱਲੋਂ ਪੰਜਾਬ ਭਾਜਪਾ ਦੀ ਦੂਜੀ ਨਸ਼ਾ ਮੁਕਤ ਪੰਜਾਬ ਯਾਤਰਾ ਫਤਹਿਗੜ੍ਹ ਸਾਹਿਬ ਤੋਂ ਰਵਾਨਾ

ਅਮਲੋਹ : 'ਪੰਜਾਬ ਦੀ ਸੱਤਾ ਵਿੱਚ ਆਉਣ ਸਮੇਂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਤਿੰਨ ਮਹੀਨੇ ਵਿੱਚ ਪੰਜਾਬ ਵਿੱਚੋਂ ਨਸ਼ੇ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ ਅਤੇ ਛੇ ਵਾਰ ਇਹ ਸਮਾਂ-ਸੀਮਾ ਅੱਗੇ ਵਧ ਚੁੱਕੀ ਹੈ ਜਿਸ ਕਾਰਨ ਅਜਿਹੀ ਸਰਕਾਰ ਤੋਂ ਨਸ਼ਾ ਖ਼ਤਮ ਕਰਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ।' ਇਹ ਗੱਲ ਦਿੱਲੀ ਦੀ ਮੁੱਖ ਮੰਤਰੀ ਰੇਖ ਗੁਪਤਾ ਨੇ ਫਤਹਿਗੜ੍ਹ ਸਾਹਿਬ ਤੋਂ ਭਾਜਪਾ ਵੱਲੋਂ ਕੱਢੀ ਜਾ ਰਹੀ 'ਨਸ਼ਾ ਮੁਕਤ ਪੰਜਾਬ' ਦੀ ਦੂਜੀ ਯਾਤਰਾ ਨੂੰ ਰਵਾਨਾ ਕਰਨ ਤੋਂ ਪਹਿਲਾਂ ਸੰਬੋਧਨ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਇਹ 13 ਦਿਨ ਦੀ ਨਸ਼ਾ ਮੁਕਤ ਯਾਤਰਾ ਪੰਜਾਬ ਦੀ 'ਆਪ' ਸਰਕਾਰ ਤੋਂ ਮੁਕਤੀ ਦੀ ਯਾਤਰਾ ਬਣੇਗੀ। ਇਸ ਤੋਂ ਪਹਿਲਾਂ ਉਨ੍ਹਾਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਨਸ਼ਾ ਮੁਕਤੀ ਲਈ ਅਰਦਾਸ ਕੀਤੀ।

ਰੇਖਾ ਗੁਪਤਾ ਨੇ ਕਿਹਾ ਕਿ ਉਹ ਦਿੱਲੀ ਤੋਂ ਪੰਜਾਬ ਦੇ ਸੁਪਰ ਸੀ ਐੱਮ ਬਣੇ ਅਰਵਿੰਦ ਕੇਂਜਰੀਵਾਲ ਦੀ ਪੋਲ ਖੋਲ੍ਹਣ ਆਈ ਹੈ ਜੋ ਪੰਜਾਬ ਦੇ ਲੋਕਾਂ ਦੀ ਮਿਹਨਤ ਦੀ ਕਮਾਈ ਨੂੰ ਦੂਜੇ ਸੂਬਿਆਂ ਵਿੱਚ ਆਪਣੇ ਸਿਆਸੀ ਹਿੱਤ ਲਈ ਖਰਚ ਕਰ ਰਹੇ ਹਨ।



ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਸੂਬਾ ਸਰਕਾਰ ਤੋਂ ਨਸ਼ਾ ਬੰਦ ਨਹੀਂ ਹੋਇਆ ਤਾਂ ਇਹ ਲੋਕਾਂ ਦੀ ਆਵਾਜ਼ ਬੰਦ ਕਰਨ ਲੱਗ ਪਈ। ਰਵਨੀਤ ਬਿੱਟੂ ਉੱਤੇ ਆਂਡੇ ਸੁੱਟ ਕੇ, ਕਾਲੀਆਂ ਝੰਡੀਆਂ ਦਿਖਾ ਤੇ ਅਤੇ ਪੋਸਟਰ ਪਾੜ ਕੇ ਯਾਤਰਾ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਇਸ ਮੌਕੇ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਪੰਜਾਬ ਦੀ ਆਬਾਦੀ ਦੇਸ਼ ਵਿੱਚ 2 ਫੀਸਦ ਪਰ ਫ਼ੌਜ ਵਿੱਚ ਭਰਤੀ 10 ਫੀਸਦ ਹੈ। ਇਸ ਲਈ ਦੁਸ਼ਮਣ ਪੰਜਾਬ ਨੂੰ ਕਮਜ਼ੋਰ ਕਰ ਕੇ ਭਾਰਤ ਨੂੰ ਕਮਜ਼ੋਰ ਕਰਨ ਕੋਸ਼ਿਸ਼ ਵਿੱਚ ਲੱਗੇ ਹੋਏ ਹਨ। ਇਸ ਮੌਕੇ ਭਾਜਪਾ ਆਗੂ ਅਸ਼ਵਨੀ ਸ਼ਰਮਾ, ਅਵਿਨਾਸ਼ ਰਾਏ ਖੰਨਾ, ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ ਅਤੇ ਗੇਜਾ ਰਾਮ ਵਾਲਮੀਕੀ ਆਦਿ ਨੇ ਸੰਬੋਧਨ ਕੀਤਾ।

### 'ਨਸ਼ਿਆਂ ਖ਼ਿਲਾਫ਼ ਜੰਗ 'ਚ ਪੰਜਾਬ ਦੇ ਨਾਲ ਖੜ੍ਹਾ ਹੈ ਪੂਰਾ ਦੇਸ਼'

ਅੰਬਾਲਾ: ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਭਾਜਪਾ ਦੇ ਨਾਲ-ਨਾਲ ਦੇਸ਼ ਦੇ ਹੋਰ ਸੂਬੇ ਵੀ ਸਹਿਯੋਗ ਦੇਣਗੇ। ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ 'ਤੇ ਕਾਬੂ ਪਾਉਣ ਨਾਲ ਹੋਰਨਾਂ ਸੂਬਿਆਂ ਨੂੰ ਵੀ ਲਾਭ ਮਿਲੇਗਾ। ਉਹ ਅੱਜ ਅੰਬਾਲਾ ਵਿੱਚ ਸਾਬਕਾ ਮੰਤਰੀ ਅਸੀਮ ਗੋਇਲ ਦੀ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਰੇਖਾ ਗੁਪਤਾ ਨੇ ਕਿਹਾ ਕਿ ਭਾਜਪਾ ਵੱਲੋਂ ਪੰਜਾਬ ਵਿੱਚ ਨਸ਼ਾ ਮੁਕਤ ਯਾਤਰਾ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਸਾਂਝੇ ਯਤਨਾਂ ਦੀ ਲੋੜ ਹੈ ਅਤੇ ਦੇਸ਼ ਦੀ ਜਨਤਾ ਇਸ ਮਕਸਦ ਲਈ ਪੰਜਾਬ ਦੇ ਨਾਲ ਹੈ।

# ਐਡੇ ਵੱਡੇ ਇਨਸਾਫ਼ ਦੇ ਅਸਥਾਨ ਤੋਂ ਮੇਰੇ ਨਾਲ ਬਹੁਤ ਵੱਡੀ ਬੇਇਨਸਾਫ਼ੀ ਕੀਤੀ ਗਈ : ਚਾਵਲਾ

## ਕਿਹਾ, ਮੈਨੂੰ ਬਲੀ ਦਾ ਬੱਕਰਾ ਬਣਾ ਕੇ, ਸਾਰਾ ਭਾਂਡਾ ਮੇਰੇ ਸਿਰ ਭੰਨ ਕੇ ਬਾਕੀ ਬਰੀ ਕਰ ਦਿੱਤੇ

### ਆਉਣ ਵਾਲੇ ਦਿਨਾਂ 'ਚ ਕਰਾਂਗਾ ਵੱਡੇ ਖੁਲਾਸੇ

ਅੰਮ੍ਰਿਤਸਰ : ਬਹਿਰੀਨ ਤੋਂ ਆਈ ਇਕ ਔਰਤ ਵਲੋਂ ਪੁਲਿਸ ਕੋਲ ਦਰਜ ਕਰਵਾਈ ਐਫ.ਆਈ.ਆਰ. 'ਚ ਨਾਂਅ ਸ਼ਾਮਿਲ ਹੋਣ 'ਤੇ ਮਲਕੀਤ ਸਿੰਘ ਸਮੇਤ ਸਿੱਖ ਪੰਥ 'ਚੋਂ ਛੇਕੇ ਗਏ ਅਮਰਜੀਤ ਸਿੰਘ ਚਾਵਲਾ ਨੇ ਜਾਰੀ ਵੀਡੀਓ 'ਚ ਇਸ ਫੈਸਲੇ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਐਡੇ ਵੱਡੇ ਇਨਸਾਫ ਦੇ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੇਰੇ ਨਾਲ ਬਹੁਤ ਵੱਡੀ ਬੇਇਨਸਾਫੀ ਕੀਤੀ ਗਈ ਹੈ ਤੇ ਘੱਟ ਤੋਂ ਘੱਟ ਇਕ ਵਾਰ ਮੈਨੂੰ ਬੁਲਾ ਕੇ ਮੇਰੇ 'ਤੇ ਲੱਗੇ ਦੋਸ਼ਾਂ ਬਾਰੇ ਪੱਖ ਤਾਂ ਸੁਣਨਾ ਚਾਹੀਦਾ ਸੀ ? ਜਾਰੀ ਵੀਡੀਓ 'ਚ ਅਮਰਜੀਤ ਸਿੰਘ ਚਾਵਲਾ ਨੇ ਕਿਹਾ ਸ੍ਰੀ ਅਕਾਲ ਤਖਤ ਸਾਹਿਬ ਸਿੱਖ ਪੰਥ ਦੀ ਮਹਾਨ ਸੰਸਥਾ ਹੈ, ਜਿਸ ਦਾ ਮਨੋਰਥ ਸਿੱਖ ਪੰਥ 'ਚ ਹੀ ਨਹੀਂ ਬਲਕਿ ਦੁਨੀਆਂ ਨੂੰ ਇਨਸਾਫ ਦੇਣ ਦਾ ਹੈ। ਉਨ੍ਹਾਂ ਕਿਹਾ ਕਿ ਬਹਿਰੀਨ ਤੋਂ ਆਈ ਇਕ ਬੀਬੀ, ਜਿਹੜੀ ਕਾਫੀ ਲੰਬੇ ਸਮੇਂ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਰਹਿ ਰਹੀ ਸੀ, ਉਸ ਨੇ ਜੋ ਸੰਗੀਨ ਦੋਸ਼ ਮੇਰੇ 'ਤੇ ਲਾਏ, ਉਨ੍ਹਾਂ 'ਤੇ ਸਿੰਘ ਸਾਹਿਬ ਨੇ ਨਾ ਕੋਈ ਵਿਚਾਰ ਕੀਤੀ ਨਾ ਉਸ ਨੂੰ ਪੜ੍ਹਿਆ ਸੁਣਿਆ। ਉਨ੍ਹਾਂ ਕਿਹਾ ਕਿ ਇਸ ਮਾਮਲੇ ਸੰਬੰਧੀ ਐੱਫ. ਆਈ. ਆਰ. ਸ੍ਰੀ ਅਨੰਦਪੁਰ ਸਾਹਿਬ ਦੇ ਥਾਣੇ 'ਚ ਹੋ ਚੁੱਕੀ ਹੈ ਤੇ ਉਸ ਤੋਂ ਬਾਅਦ ਅਦਾਲਤ 'ਚ ਜੱਜ ਦੇ ਸਾਹਮਣੇ ਧਾਰਾ 164 ਤਹਿਤ ਬਿਆਨ ਵੀ ਕਲਮਬੱਧ ਹੋ ਚੁੱਕੇ ਹਨ, ਉਹ ਮਾਮਲਾ ਅਦਾਲਤ 'ਚ ਹੈ ਤੇ ਜਦੋਂ ਕੋਈ ਮਾਮਲਾ ਅਦਾਲਤ 'ਚ ਹੁੰਦਾ ਹੈ ਤਾਂ ਅਕਾਲ ਤਖ਼ਤ ਸਾਹਿਬ ਵਿਖੇ ਉਸ ਮਾਮਲੇ ਨੂੰ ਉਦੋਂ ਤੱਕ ਵਿਚਾਰਿਆ ਨਹੀਂ ਜਾਂਦਾ, ਜਿੰਨੀ ਦੇਰ ਤੱਕ ਉਥੇ ਫੈਸਲਾ ਨਹੀਂ ਹੋ ਜਾਂਦਾ, ਪਰ ਇਸ ਕੇਸ ਵਿਚ ਸਿੰਘ ਸਾਹਿਬ ਨੇ ਗੱਲ ਨੂੰ ਦਰਕਿਨਾਰ ਕੀਤਾ। ਭਾਵੁਕ ਹੁੰਦਿਆਂ ਤੇ ਜਥੇਦਾਰ ਨੂੰ ਸੰਬੋਧਨ ਹੁੰਦਿਆਂ ਚਾਵਲਾ ਨੇ ਕਿਹਾ ਕਿ ਸ਼ਿਕਾਇਤ ਕਰਤਾ ਬਹਿਰੀਨ ਵਾਲੀ ਬੀਬੀ ਕੌਣ ਹੈ, ਉਹ ਕਿਵੇਂ ਇਥੇ ਆਈ, ਕਿਸ ਤਰ੍ਹਾਂ ਰਹੀ, ਕਿਸ ਨੇ ਭੇਜਿਆ, ਕਿਸ ਨੇ ਬੁਲਾਇਆ, ਇੰਨਾ ਲੰਬਾ ਸਮਾਂ ਕਿਵੇਂ ਰਹੀ ? ਇਹ ਗੱਲ ਵਿਚਾਰੀ ਜਾਣੀ ਚਾਹੀਦੀ ਸੀ, ਪਰ ਤੁਸੀਂ



ਉਸ ਗੱਲ ਨੂੰ ਬਿਲਕੁਲ ਪਾਸੇ ਰੱਖ ਕੇ ਕੇਵਲ ਮੈਨੂੰ ਬਲੀ ਦਾ ਬੱਕਰਾ ਬਣਾ ਕੇ ਤੇ ਸਾਰਾ ਭਾਂਡਾ ਮੇਰੇ ਸਿਰ ਭੰਨ ਕੇ ਬਾਕੀ ਸਾਰੇ ਬਰੀ ਕਰ ਦਿੱਤੇ। ਉਨ੍ਹਾਂ ਕਿਹਾ ਕਿ ਤੁਸੀਂ ਖੁਦ ਕਿਹਾ ਹੈ ਕਿ ਉਸ ਬੀਬੀ ਨੇ ਤੁਹਾਡੇ ਕੋਲ ਮਲਕੀਤ ਸਿੰਘ ਬਾਰੇ ਗੱਲ ਕੀਤੀ ਸੀ, ਮੇਰੇ (ਚਾਵਲਾ) ਬਾਰੇ ਕੋਈ ਗੱਲ ਨਹੀਂ ਸੀ ਕੀਤੀ, ਫਿਰ ਵੀ ਤੁਸੀਂ ਆਪਣੇ ਕੋਈ ਸਿਆਸੀ ਮਿੱਤਰਾਂ ਦੀ ਰਾਏ ਨਾਲ ਜਲਦੀ ਮਾਮਲਾ ਨਿਪਟਾਉਣ ਤਹਿਤ ਫੈਸਲਾ ਸੁਣਾ ਕੇ ਮੈਨੂੰ ਸਜ਼ਾ ਸੁਣਾ ਦਿੱਤੀ। ਉਨ੍ਹਾਂ ਕਿਹਾ ਕਿ ਜਦੋਂ ਸੁੱਚਾ ਸਿੰਘ ਲੰਗਾਹ ਦੀ ਵੀਡੀਓ ਸਾਹਮਣੇ ਆਈ ਸੀ, ਉਸ ਵੇਲੇ ਇਕ ਵਿਦਵਾਨਾਂ ਦੀ ਕਮੇਟੀ ਬਣਾ ਕੇ ਉਸ ਦੀ ਰਿਪੋਰਟ ਤੋਂ ਬਾਅਦ ਉਸ ਬਾਰੇ ਫੈਸਲਾ ਸੁਣਾਇਆ ਗਿਆ ਸੀ, ਪਰ ਮੇਰੇ 'ਤੇ ਤਾਂ ਕੇਵਲ ਦੋਸ਼ ਹੀ ਲੱਗੇ ਸਨ, ਫਿਰ ਐਨੀ ਕਾਹਲੀ ਕਿਸ ਗੱਲ ਦੀ ਸੀ। ਉਨ੍ਹਾਂ ਕਿਹਾ ਕਿ ਸਾਰਾ ਪੰਥ ਜਾਣਨ ਚਾਹੁੰਦਾ ਕਿ ਦੋਸ਼ ਲਾਉਣ ਵਾਲੀ ਬੀਬੀ ਕਿਸ ਨੇ ਰੱਖੀ, ਕਿਉਂ ਰੱਖੀ, ਮਸਲਾ ਕੀ ਸੀ, ਉਹ ਆਈ ਕਿਸ ਮਾਮਲੇ ਲਈ ਸੀ ? ਇਹ ਬੜੀ ਵੱਡੀ ਤੇ ਅਹਿਮ ਗੱਲ ਹੈ। ਕਿਸੇ ਦਾ ਨਾਂਅ ਲਏ ਬਗੈਰ ਉਨ੍ਹਾਂ ਕਿਹਾ ਕਿ ਜਿਨ੍ਹਾਂ ਵੀਰਾਂ ਨੇ ਉਸ ਬੀਬੀ ਨੂੰ ਬੁਲਾਇਆ, ਉਸ ਬਾਰੇ ਵੀ ਜਲਦ ਸੰਗਤ ਦੇ ਸਾਹਮਣੇ ਖੁਲਾਸਾ ਕਰਾਂਗਾ। ਉਨ੍ਹਾਂ ਕਿਹਾ ਕਿ ਸਾਰੀ ਉਮਰ ਪੰਥ ਦੀ ਸੇਵਾ ਕੀਤੀ ਹੈ ਤੇ ਹੁਣ ਵੀ ਕਰਨੀ ਹੈ, ਪਰ ਇਸ ਗੱਲ ਦਾ ਜ਼ਰੂਰ ਮਨ 'ਚ ਰੋਸ ਹੈ ਕਿ ਤੁਹਾਡਾ ਇਨਸਾਫ ਡੋਲ੍ਹਿਆ ਹੈ, ਤੁਹਾਨੂੰ ਇਕ ਵਾਰ ਸਾਡਾ ਪੱਖ ਸੁਣਨ ਚਾਹੀਦਾ ਸੀ।

# ਮੋਹਨਜੀਤ ਸ਼ੇਰੋਂ ਦੇ ਤਸ਼ੱਦਦ ਮਾਮਲੇ 'ਚ ਨਵਾਂ ਮੋੜ : ਪੁਲਿਸ ਨੇ ਡੋਪ ਟੈਸਟ ਤੇ ਮੈਡੀਕਲ ਰਿਪੋਰਟਾਂ ਨੂੰ ਬਣਾਇਆ ਹਥਿਆਰ

## ਡੀ.ਐਸ.ਪੀ. ਸਣੇ 4 ਅਧਿਕਾਰੀਆਂ ਦਾ ਤਬਾਦਲਾ, ਡੀ.ਜੀ.ਪੀ. ਨੇ ਹਾਈ ਕੋਰਟ ਅੱਗੇ ਰੱਖੀ ਘਟਨਾ ਦੀ ਪੂਰੀ ਕਹਾਣੀ

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਦੇ ਸੁਨਾਮ ਨੇੜਲੇ ਪਿੰਡ ਸ਼ੇਰੋਂ ਵਿਖੇ ਹੋਏ ਪ੍ਰੋਗਰਾਮ ਦੌਰਾਨ ਕਾਲਾ ਝੰਡਾ ਦਿਖਾਉਣ ਵਾਲੇ ਨੌਜਵਾਨ ਮੋਹਨਜੀਤ ਸਿੰਘ 'ਤੇ ਹਿਰਾਸਤ ਦੌਰਾਨ ਹੋਏ ਕਥਿਤ ਤਸ਼ੱਦਦ ਦੇ ਮਾਮਲੇ ਵਿੱਚ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਗੌਰਵ ਯਾਦਵ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਵਿਸਥਾਰਤ ਹਲਫ਼ਨਾਮਾ ਦਾਇਰ ਕੀਤਾ ਗਿਆ ਹੈ। ਪੀੜਤ ਦੇ ਪਿਤਾ ਗੁਰਮੇਲ ਸਿੰਘ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਦੌਰਾਨ ਅਦਾਲਤ ਨੇ ਪੁਲਿਸ ਕਾਰਵਾਈ ਨੂੰ ਲੈ ਕੇ ਜਵਾਬ ਤਲਬ ਕੀਤਾ ਸੀ। ਪਟੀਸ਼ਨਰ ਵੱਲੋਂ ਮਾਮਲੇ ਦੀ ਜਾਂਚ ਸੀ.ਬੀ.ਆਈ. ਜਾਂ ਅਦਾਲਤ ਦੀ ਨਿਗਰਾਨੀ ਹੇਠਲੀ ਵਿਸ਼ੇਸ਼ ਜਾਂਚ ਟੀਮ ਤੋਂ ਕਰਵਾਉਣ ਅਤੇ ਦੋਸ਼ੀ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਐਫ.ਆਈ.ਆਰ. ਦਰਜ ਕਰਨ ਦੀ ਮੰਗ ਕੀਤੀ ਗਈ ਹੈ। ਇਸ ਮਾਮਲੇ ਦੀ ਅਗਲੀ ਅਹਿਮ ਸੁਣਵਾਈ 23 ਸਤੰਬਰ ਨੂੰ ਹੋਣੀ ਹੈ। ਪੁਲਿਸ ਨੇ ਆਪਣੇ ਜਵਾਬ ਵਿੱਚ ਦੱਸਿਆ ਕਿ 2 ਸਤੰਬਰ ਨੂੰ 'ਲੋਕ ਮਿਲਣੀ' ਪ੍ਰੋਗਰਾਮ ਦੌਰਾਨ ਸਟੇਜ ਦੇ ਪਿੱਛੇ ਸਥਿਤ ਇੱਕ ਮਕਾਨ ਤੋਂ ਕਾਲਾ ਕੱਪੜਾ ਲਹਿਰਾਉਣ ਅਤੇ ਨਾਅਰੇਬਾਜ਼ੀ ਕਰਨ ਤੋਂ ਬਾਅਦ ਮੋਹਨਜੀਤ ਸਿੰਘ ਅਤੇ ਉਸਦੇ ਸਾਥੀ ਨੂੰ ਅਮਨ-ਕਾਨੂੰਨ ਬਣਾਈ ਰੱਖਣ ਲਈ ਹਿਰਾਸਤ ਵਿੱਚ ਲਿਆ ਗਿਆ ਸੀ। ਉਸਦੇ ਸਾਥੀ ਨੂੰ ਕਾਊਂਸਲਿੰਗ ਉਪਰੰਤ ਛੱਡ ਦਿੱਤਾ ਗਿਆ, ਜਦਕਿ ਮੋਹਨਜੀਤ ਸਿੰਘ ਵਿਰੁੱਧ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (BNSS) ਦੀ ਧਾਰਾ 126/170 ਤਹਿਤ ਰੋਕਥਾਮ ਕਾਰਵਾਈ ਕਰਕੇ ਥਾਣਾ ਚੀਮਾ ਦੇ ਲਾਕਅੱਪ ਵਿੱਚ ਰੱਖਿਆ ਗਿਆ। 3 ਸਤੰਬਰ ਨੂੰ ਉਸਨੂੰ ਕਾਰਜਕਾਰੀ ਮੈਜਿਸਟ੍ਰੇਟ ਸੁਨਾਮ ਸਾਹਮਣੇ ਪੇਸ਼ ਕੀਤਾ ਗਿਆ, ਜਿੱਥੋਂ ਉਸਨੂੰ ਨਿੱਜੀ ਮੁਚੱਲਕੇ 'ਤੇ ਰਿਹਾਅ ਕਰ ਦਿੱਤਾ ਗਿਆ। ਪੁਲਿਸ ਅਨੁਸਾਰ 3 ਸਤੰਬਰ ਨੂੰ ਕਾਰਜਕਾਰੀ ਮੈਜਿਸਟ੍ਰੇਟ ਅੱਗੇ ਪੇਸ਼ ਕਰਨ ਤੋਂ ਪਹਿਲਾਂ ਸਿਵਲ ਹਸਪਤਾਲ ਸੁਨਾਮ ਵਿਖੇ ਮੋਹਨਜੀਤ ਸਿੰਘ ਦਾ ਮੈਡੀਕਲ ਕਰਵਾਇਆ ਗਿਆ ਸੀ,




ਜਿੱਥੇ ਡਾਕਟਰ ਨੇ ਸਰੀਰ 'ਤੇ ਕਿਸੇ ਤਾਜ਼ਾ ਸੱਟ ਦੀ ਪੁਸ਼ਟੀ ਨਹੀਂ ਕੀਤੀ ।

ਪੁਲੀਸ ਮੁਤਾਬਿਕ ਸ਼ੱਕ ਦੇ ਆਧਾਰ 'ਤੇ ਕਰਵਾਇਆ ਗਿਆ ਡੋਪ ਟੈਸਟ ਦੋ ਵਾਰ 'ਮਾਰਫੀਨ ਪਾਜ਼ੇਟਿਵ' ਆਇਆ। 3 ਸਤੰਬਰ ਦੀ ਸ਼ਾਮ ਨੂੰ ਸਿਵਲ ਹਸਪਤਾਲ ਸੰਗਰੂਰ ਵਿਖੇ ਜਾਰੀ ਐਮ.ਐਲ.ਆਰ. ਵਿੱਚ 10 ਸੱਟਾਂ ਦਰਜ ਕੀਤੀਆਂ ਗਈਆਂ, ਪ੍ਰੰਤੂ ਡਾਕਟਰ ਨੇ ਸੱਟਾਂ ਦਾ ਸਮਾਂ 2 ਤੋਂ 6 ਘੰਟੇ ਪਹਿਲਾਂ ਦਾ ਦੱਸਿਆ ਹੈ। ਪੁਲਿਸ ਨੇ ਹਲਫ਼ਨਾਮੇ ਵਿੱਚ ਦਾਅਵਾ ਕੀਤਾ ਹੈ ਕਿ ਕਥਿਤ ਤਸ਼ੱਦਦ ਦਾ ਸਮਾਂ 2 ਸਤੰਬਰ ਦੀ ਸ਼ਾਮ ਦਾ ਦੱਸਿਆ ਜਾ ਰਿਹਾ ਹੈ, ਜਿਸ ਕਾਰਨ ਸੱਟਾਂ ਦੇ ਸਮੇਂ ਵਿੱਚ ਵੱਡਾ ਅੰਤਰ ਹੈ। ਇਸ ਤੋਂ ਇਲਾਵਾ ਡਾਕਟਰੀ ਰਿਪੋਰਟ ਵਿੱਚ ਸੱਟਾਂ ਦੇ ਖੁਦ ਲਗਾਏ ਜਾਣ ਜਾਂ ਦੋਸਤਾਨਾ ਢੰਗ ਨਾਲ ਲੱਗਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਗਿਆ।

ਜਵਾਬ ਵਿੱਚ ਇਹ ਵੀ ਕਿਹਾ ਗਿਆ ਹੈ ਕੀ ਨਿਰਪੱਖ ਜਾਂਚ ਨੂੰ ਯਕੀਨੀ ਬਣਾਉਣ ਲਈ ਮਾਮਲੇ ਵਿੱਚ ਨਾਮਜ਼ਦ 4 ਪੁਲਿਸ ਅਧਿਕਾਰੀਆਂ ਤਤਕਾਲੀ ਡੀ.ਐਸ.ਪੀ. ਸੁਨਾਮ ਹਰਵਿੰਦਰ ਸਿੰਘ ਖਹਿਰਾ, ਤਤਕਾਲੀ ਐਸ.ਐਚ.ਓ. ਸਿਟੀ ਸੁਨਾਮ ਪ੍ਰਤੀਕ ਜਿੰਦਲ, ਤਤਕਾਲੀ ਐਸ.ਐਚ.ਓ. ਚੀਮਾ ਬਲਜੀਤ ਸਿੰਘ ਅਤੇ ਚੌਕੀ ਇੰਚਾਰਜ ਅਨਾਜ ਮੰਡੀ ਹਰਪ੍ਰੀਤ ਸਿੰਘ ਦਾ ਪ੍ਰਬੰਧਕੀ ਆਧਾਰ 'ਤੇ ਤਬਾਦਲਾ ਕਰ ਦਿੱਤਾ ਗਿਆ ਹੈ।

ਡਾਇਰੈਕਟਰ, ਬਿਊਰੋ ਆਫ਼ ਇਨਵੈਸਟੀਗੇਸ਼ਨ (ਪੰਜਾਬ) ਵੱਲੋਂ ਮਾਮਲੇ ਦੀ ਪੜਤਾਲ ਲਈ ਐਸ.ਪੀ. ਸਿਟੀ ਮੋਹਾਲੀ ਦਿਲਪ੍ਰੀਤ ਸਿੰਘ (ਆਈ.ਪੀ.ਐਸ.), ਐਸ.ਪੀ. (ਇਨਵੈਸਟੀਗੇਸ਼ਨ) ਰੋਪੜ ਪਲਵਿੰਦਰ ਸਿੰਘ ਚੀਮਾ (ਪੀ.ਪੀ.ਐਸ.), ਅਤੇ ਏ.ਐਸ.ਪੀ. ਜ਼ੀਰਕਪੁਰ ਸ਼੍ਰੀਮਤੀ ਗਜ਼ਲਪ੍ਰੀਤ ਕੌਰ (ਆਈ.ਪੀ.ਐਸ.) ਦੀ ਅਗਵਾਈ ਵਾਲੀ ਇੱਕ ਵਿਸ਼ੇਸ਼ ਤੱਥ-ਖੋਜ ਕਮੇਟੀ ਬਣਾਈ ਗਈ ਹੈ। ਪੁਲਿਸ ਨੇ ਅਦਾਲਤ ਨੂੰ ਜਾਣੂ ਕਰਵਾਇਆ ਹੈ ਕਿ ਸਿਵਲ ਹਸਪਤਾਲ ਸੁਨਾਮ, ਸੰਗਰੂਰ ਅਤੇ ਸੰਬੰਧਿਤ ਪੁਲਿਸ ਥਾਣਿਆਂ ਦੀ ਸੀਸੀਟੀਵੀ ਫੁਟੇਜ, ਡੀ.ਡੀ.ਆਰ. ਇੰਦਰਾਜ ਅਤੇ ਪੁਲਿਸ ਮੁਲਾਜ਼ਮਾਂ ਦਾ ਇਲੈਕਟ ?ਰਾਨਿਕ ਡਾਟਾ ਕਾਨੂੰਨੀ ਪ੍ਰਕਿਰਿਆ ਤਹਿਤ ਸੁਰੱਖਿਅਤ ਕਰਕੇ ਜਾਂਚ ਕਮੇਟੀ ਨੂੰ ਸੌਂਪ ਦਿੱਤਾ ਗਿਆ ਹੈ। ਪਰਿਵਾਰਕ ਮੈਂਬਰਾਂ ਨਾਲ ਬਦਸਲੂਕੀ ਦੇ ਦੋਸ਼ਾਂ ਸੰਬੰਧੀ ਪਿੰਡ ਵਾਸੀਆਂ ਦੇ ਬਿਆਨ ਦਰਜ ਕੀਤੇ ਗਏ ਹਨ, ਜਿਨ੍ਹਾਂ ਵੱਲੋਂ ਅਜਿਹੀ ਕਿਸੇ ਘਟਨਾ ਦੀ ਪੁਸ਼ਟੀ ਨਹੀਂ ਕੀਤੀ ਗਈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਵੀ ਇਸ ਮਾਮਲੇ ਦਾ ਨੋਟਿਸ ਲਿਆ ਗਿਆ ਹੈ, ਜਿਸ ਤਹਿਤ ਜ਼ਿਲ੍ਹਾ ਮੈਜਿਸਟ ?ਰੇਟ ਅਤੇ ਐਸ.ਐਸ.ਪੀ. ਸੰਗਰੂਰ ਵੱਲੋਂ ਕਾਰਵਾਈ ਰਿਪੋਰਟ ਭੇਜੀ ਗਈ ਹੈ। ਹਾਈ ਕੋਰਟ ਵੱਲੋਂ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ ਦੌਰਾਨ ਸਰਕਾਰ ਦੇ ਜਵਾਬ ਅਤੇ ਪਟੀਸ਼ਨਰ ਦੀਆਂ ਦਲੀਲਾਂ ਦੀ ਸਮੀਖਿਆ ਕੀਤੀ ਜਾਵੇਗੀ।

**ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼**

**ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼**

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖ਼ਾਲਸਾ



## ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

# ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

(ਲੜੀ-18)

ਬੱਲੇ ਬੱਲੇ ਬਈ ਸੱਸ ਭਾਵੇਂ ਦੇਵੇ ਗਾਲ੍ਹੀਆਂ,
ਤੇਰੀ ਫੌਜ ਨੂੰ ਕਰਾਂ ਵੀਰਾ ਰੋਟੀ।
ਬੱਲੇ ਬੱਲੇ ਬਈ ਵੀਰ ਮੇਰਾ ਸਤਯੁਗੀਆ,
ਕਲਯੁਗ ਦੀ ਜੰਮੀ ਭਰਜਾਈ।
ਬੱਲੇ ਬੱਲੇ ਬਈ ਜਿੱਥੋਂ ਮੇਰਾ ਵੀਰ ਲੰਘਦਾ,
ਓਥੇ ਕਿੱਕਰਾਂ ਨੂੰ ਲੱਗਦੇ ਮੋਤੀ।
ਬੱਲੇ ਬੱਲੇ ਬਈ ਆਉਂਦੇ ਜਾਂਦੇ ਲੈਣ ਵਾਸ਼ਨਾ,
ਮੇਰਾ ਵੀਰ ਧਨੀਏ ਦਾ ਬੂਟਾ।
ਬੱਲੇ ਬੱਲੇ ਬਈ ਕਾਲੀ ਡਾਂਗ ਮੇਰੇ ਵੀਰ ਦੀ,
ਜਿੱਥੇ ਵੱਜਦੀ ਬੱਦਲ ਵਾਂਗੂੰ ਗੱਜਦੀ।
ਬੱਲੇ ਬੱਲੇ ਬਈ ਬਾਪੂ ਮੈਨੂੰ ਮੱਝ ਲੈ ਦੇ,
ਮੈਂ ਜੇਠ ਦੀ ਲੱਸੀ ਨਹੀਂ ਪੀਣੀ।
ਬੱਲੇ ਬੱਲੇ ਬਈ ਵੀਰ ਘਰ ਪੁੱਤ ਜੰਮਿਆਂ,
ਆਓ ਰਲ਼-ਮਿਲ਼ ਸ਼ਗਨ ਮਨਾਈਏ।
ਬੱਲੇ ਬੱਲੇ ਬਈ ਮੁੰਡਾ ਰੋਵੇ ਤੇਰੇ ਵੀਰ ਦਾ,
ਰਤਾ ਚੁੱਕ ਲੈ ਭੈੜੀਏ ਨਣਦੇ।
ਬੱਲੇ ਬੱਲੇ ਬਈ ਚਾਚੇ ਤਾਏ ਮਤਲਬ ਦੇ,
ਸ਼ੱਕਾਂ ਪੂਰਦੇ ਅੰਮਾਂ ਦੇ ਜਾਏ।
ਬੱਲੇ ਬੱਲੇ ਬਈ ਨਿਓਂ ਜੜ੍ਹ ਮਾਪਿਆਂ ਦੀ,
ਪੁੱਤ ਵੀਰ ਦਾ ਭਤੀਜਾ ਮੇਰਾ।
ਬੱਲੇ ਬੱਲੇ ਬਈ ਭੂਆ ਕਹਿ ਕੇ ਮੱਥਾ ਟੇਕਦਾ,
ਪੁੱਤ ਵੀਰ ਦਾ ਭਤੀਜਾ ਮੇਰਾ।
ਬੱਲੇ ਬੱਲੇ ਬਈ ਅੱਜ ਮੇਰੇ ਵੀਰ ਨੇ ਆਉਣਾ,
ਸੱਸੇ ਦੁੱਧ ਨੂੰ ਜਾਗ ਨਾ ਲਾਮੀਂ।
ਬੱਲੇ ਬੱਲੇ ਬਈ ਬੋਤਾ ਤੇਰਾ ਭੁੱਖਾ ਵੀਰਨਾ,
ਵੇ ਮੈਂ ਅਮਰ ਵੇਲ ਪੁੱਟ ਲਿਆਮਾਂ।
ਬੱਲੇ ਬੱਲੇ ਬਈ ਜਿਸ ਘਰ ਵੀਰ ਨਹੀਂ,
ਭੈਣਾਂ ਰੋਂਦੀਆਂ ਪਿਛੋਕੜ ਖੜ੍ਹਕੇ।
ਬੱਲੇ ਬੱਲੇ ਬਈ ਕੱਤਦੀ ਨੂੰ ਆਣ ਮਿਲਦਾ,
ਪੁੱਤ ਵੀਰ ਦਾ ਭਤੀਜਾ ਮੇਰਾ।
ਬੱਲੇ ਬੱਲੇ ਬਈ ਦੁੱਧ ਪੀ ਕੇ ਜਾਮੀ ਵੀਰਨਾ,
ਲੰਮੀ ਬੀਹੀ ਤੇ ਉੱਤੇ ਘਰ ਮੇਰਾ।
ਬੱਲੇ ਬੱਲੇ ਬਈ ਅੱਧੀ ਰਾਤੀਂ ਖ਼ਤ ਲਿਖਿਆ,
ਦਿਨ ਚੜ੍ਹਦੇ ਨੂੰ ਵੀਰ ਸਦਾਇਆ।
ਬੱਲੇ ਬੱਲੇ ਬਈ ਵੀਰ ਦੀ ਸੁਨਿਹਰੀ ਪੱਗ ਦੇ,
ਮੈਨੂੰ ਤ੍ਰਿੰਞਣਾਂ 'ਚ ਪੈਣ ਭੁਲੇਖੇ।
ਬੱਲੇ ਬੱਲੇ ਬਈ ਤੈਨੂੰ ਵੀਰਾ ਦੁੱਧ ਦਾ ਛੰਨਾ,
ਤੇਰੇ ਬੋਤੇ ਨੂੰ ਗੁਵਾਰੇ ਦੀਆਂ ਫ਼ਲੀਆਂ।
ਬੱਲੇ ਬੱਲੇ ਬਈ ਟੁੱਟ ਕੇ ਨਾ ਬਹਿ ਜਾਈਂ ਵੀਰਨਾ,
ਭੈਣਾਂ ਵਰਗਾ ਸਾਕ ਨਾ ਕੋਈ।
ਪਾਲੋ-ਪਾਲ਼ ਨੇ ਲੱਗੀਆਂ ਦਾਖਾਂ,
ਉੱਤੋਂ ਲੰਘ ਗਈ ਤਿੱਤਲੀ।
ਵੀਰ ਦਿਆਂ ਮਹਿਲਾਂ 'ਚੋਂ,
ਮੈਂ ਛਮ-ਛਮ ਕਰਦੀ ਨਿੱਕਲੀ।
ਬੱਲੇ ਬੱਲੇ ਬਈ ਚੁੱਕ ਕੇ ਭਤੀਜੇ ਨੂੰ,
ਬੂਰੀ ਮੱਝ ਦੇ ਦੁਆਲੇ ਹੋਈ।
ਬੱਲੇ ਬੱਲੇ ਬਈ ਚੁੱਕ ਕੇ ਭਤੀਜੇ ਨੂੰ,
ਬਿਨ ਪੌੜੀਓਂ ਚੁਬਾਰੇ ਚੜ੍ਹ ਜਾਵਾਂ।
ਬੱਲੇ ਬਈ ਵੀਰ ਘਰ ਪੁੱਤ ਜੰਮਿਆ,
ਕੁਝ ਮੰਗ ਲੈ ਵੀਰ ਦੀਏ ਭੈਣੇ।
ਪਹਿਲੀ ਵਾਰੀ ਜਦ ਮੇਰਾ ਬਾਪੂ,
ਮੈਨੂੰ ਮਿਲਣ ਸੀ ਆਇਆ।
ਸੇਰ ਰਿਉੜੀਆਂ ਸੇਰ ਪਤਾਸੇ,
ਝੋਲੀ ਮੇਰੀ ਪਾਇਆ।
ਜਾਣ ਲੱਗੇ ਨੇ ਸੱਸ ਮੇਰੀ ਨੂੰ,
ਦਸ ਦਾ ਨੋਟ ਫੜਾਇਆ।
ਸੱਸ ਮੇਰੀ ਨਿੱਤ ਪੁੱਛਦੀ,
ਤੇਰਾ ਬਾਪੂ ਫ਼ੇਰ ਨਾ ਆਇਆ।



ਮਾਛੀਵਾੜੇ ਮਾਛੀਵਾੜੇ ਮੀਂਹ ਪੈਂਦਾ,
ਮੇਰਾ ਭਿੱਜਿਆ ਡੋਰੀਆ ਕਾਲਾ।
ਮੁੰਡਾ ਰੋਵੇ ਮੁੰਡਾ ਰੋਵੇ ਅੰਬੀਆਂ ਨੂੰ,
ਕਿਤੇ ਬਾਗ਼ ਨਜ਼ਰ ਨਾ ਆਵੇ।
ਚੁੱਪ ਕਰ-ਚੁੱਪ ਕਰ ਕੰਜਰਾਂ ਦਿਆ,
ਵੇ ਤੇਰੇ ਮਾਮਿਆਂ ਦੇ ਬਾਗ਼ ਬਥੇਰੇ।
ਸੱਸ ਲੜਦੀ ਜਠਾਣੀ ਗੁੱਤ ਪੁੱਟਦੀ,
ਦਿਓਰ ਮਿਹਣੇ ਮਾਰੇ ਵੀਰਨਾ।
ਨੀ ਮੈਂ ਗੁੜ ਵੰਡਾਂ, ਗੁੜ ਰਿਓੜੀਆਂ ਵੰਡਾਂ।
ਨੀ ਮੈਂ ਵੰਡੀ ਜਾਮਾਂ, ਵੰਡੀ ਵੰਡੀ ਜਾਮਾਂ।
ਰੇਤ ਤਲੇ ਇਕ ਹਰਨੀ ਲੇਟੇ,
ਕਰਦੀ ਏਕੇ ਏਕੇ।
ਨੀ ਸਰਦਾਰ ਵੀਰ ਮੇਰਾ,
ਭੈਣਾਂ ਨੂੰ ਮੱਥਾ ਟੇਕੇ।
ਬੱਲੇ ਬੱਲੇ ਬਈ ਸਹੁਰੇ ਮੇਰੇ ਸ਼ਹਿਰ 'ਚ ਬਣੇ,
ਮਾਏਂ ਲੈ ਦੇ ਨੀ ਰੇਸ਼ਮੀ ਸਾੜੀ।
ਨੀ ਮੈਂ ਕਾਂਟੇ ਕਰਾਉਂਨੀ ਆਂ ਆਪ ਨੂੰ,
*ਢੱਡ ਸਾਰਗੀ ਮੁੰਡੇ ਦੇ ਬਾਪ ਨੂੰ।
ਸਿਰ ਦੁਖ਼ਦਾ ਮੁੰਡੇ ਦਾ ਰਾਤ ਨੂੰ,
ਪਾਲ਼ਾ ਲੱਗਦਾ ਮੁੰਡੇ ਦੇ ਬਾਪ ਨੂੰ।
ਢੱਡ ਸਾਰਗੀ-ਢੱਡ ਸਾਰੰਗੀ
ਜਸਵਿੰਦਰ ਗੁਰਦਵਾਰੇ ਨਾ ਜਾਇਆ ਕਰ,
ਮੁੰਡੇ ਨੂੰ ਨਾ ਲਿਜਾਇਆ ਕਰ।
ਮੁੰਡਾ ਤੇਰਾ ਰੋਊਗਾ,
ਕੰਮ ਖ਼ਰਾਬ ਹੋਊਗਾ।
ਟਿਮਕ ਟਿੱਡੀ ਟੈਂ-ਟੈਂ,
ਟਿਮਕ ਟਿੱਡੀ ਟੈਂ-ਟੈਂ।
ਬਾਸਮਤੀ ਤੇ ਚੌਲ ਰਿੱਧੇ,
ਉੱਤੇ ਪਾਈ ਖੰਡ।
ਖਾਣ-ਪੀਣ ਦਾ ਵੇਲ਼ਾ ਆਇਆ,
ਤੇਰੇ ਮੁੰਡੇ ਨੇ ਪਾ 'ਤੀ ਡੰਡ।
ਤੇਰੇ ਮੁੰਡੇ ਨੂੰ ਚੁੱਕਾਂ,
ਕਿ ਤੇਰਾ ਚਰਖ਼ਾ ਕੱਤਾਂ...2
ਘੜਾ ਵੱਜੇ ਵੱਜੇ, ਨੀ ਘੜਾ ਵੱਜੇ ਵੱਜੇ।
ਥਾਲੀ ਵੱਜੇ ਵੱਜੇ, ਨੀ ਥਾਲੀ ਵੱਜੇ ਵੱਜੇ।
ਭੂਆ ਨੱਚੇ ਨੱਚੇ, ਨੀ ਗਿੱਧਾ ਮੱਚੇ ਮੱਚੇ।
ਨੀ ਸੱਸੀਏ! ਨੀ ਸੱਸੀਏ!

ਮੇਰੇ ਵਿਹੜੇ ਦੌੜੀ-ਦੌੜੀ ਆ।
ਨੀ ਦਾਈਏ! ਨੀ ਦਾਈਏ!
ਲਟ-ਲਟ ਦੀਵਾ ਨੀ ਜਗਾ।
ਨੀ ਸੱਸੀਏ! ਨੀ ਸੱਸੀਏ!
ਜੰਮ ਪਿਆ ਨੰਦ ਪੁੱਤ ਲਾਲ।
ਨੀ ਨਣਦੇ! ਨੀ ਨਣਦੇ!
ਨੱਚ-ਨੱਚ ਪਾ ਲੈ ਨੀ ਧਮਾਲ।
ਤੈਂ ਕਰ ਜੰਮਿਆਂ ਪੁੱਤ ਵੇ ਨਿਰੰਜਣਾ,
ਹੁਣ ਦਾਰੂ ਦੀ ਰੁੱਤ ਵੇ ਨਿਰੰਜਣਾ।
ਬੋਤਲ ਅੰਦਰ ਸੁੱਟ ਵੇ ਨਿਰੰਜਣਾ,
ਮਾਰ ਲਲਕਾਰਾ ਬੁੱਕ ਵੇ ਨਿਰੰਜਣਾ।
ਜਦ ਤੇਰੀ ਮਰ ਗਈ ਮਾਂ ਵੇ ਨਿਰੰਜਣਾ,
ਵਿਹਲੀ ਹੋ ਗਈ ਥਾਂ ਵੇ ਨਿਰੰਜਣਾ।
ਜਦ ਤੇਰਾ ਮਰ ਗਿਆ ਪਿਓ ਵੇ ਨਿਰੰਜਣਾ,
ਮਹਿੰਗਾ ਹੋ ਗਿਆ ਘਿਓ ਵੇ ਨਿਰੰਜਣਾ।
ਜਦ ਤੇਰੀ ਮਰ ਗਈ ਰੰਨ ਵੇ ਨਿਰੰਜਣਾ,
ਸਿਵਿਆਂ 'ਚ ਪਾ ਲਈਂ ਛੰਨ ਵੇ ਨਿਰੰਜਣਾ।
ਬੱਲੇ ਬੱਲੇ ਬਈ ਚਾੜ੍ਹ ਕੇ ਜਹਾਜ ਬਾਬਲਾ,
ਕਿਉਂ ਅੱਖੀਆਂ 'ਚੋਂ ਨੀਰ ਵਹਾਵੇਂ?
ਬੱਲੇ ਬੱਲੇ ਬਈ ਅਮਰੀਕਾ ਨਿਰਮੋਹੀ ਬਾਬਲਾ,
ਤੇਰੀ ਧੀ ਨੂੰ ਰਾਸ ਨਾ ਆਵੇ।
ਬੱਲੇ ਬੱਲੇ ਬਈ ਪੀਜ਼ੇ ਉੱਤੇ ਜਿੰਦ ਰੁਲ਼ ਗਈ,
ਐਮ.ਏ ਪਾਸ ਨਾ ਕਿਸੇ ਕੰਮ ਆਈ।
ਬੱਲੇ ਬੱਲੇ ਬਈ ਉੱਤੇ ਤੇਰੇ ਮਹਿਲ ਬਾਬਲਾ,
ਮੈਂ ਤਾਂ ਸੁਪਨੇ 'ਚ ਫੇਰੀਆਂ ਪਾਵਾਂ।
ਬੱਲੇ ਬੱਲੇ ਬਈ ਵਿਦਿਆ ਪੜ੍ਹਾਉਣ ਵਾਲਿਆ,
ਤੇਰਾ ਜੱਸ ਗਿੱਧਿਆਂ ਵਿਚ ਗਾਵਾਂ।
ਬੱਲੇ ਬੱਲੇ ਬਈ ਅੰਬਰੀਂ ਉਡਾਉਣ ਵਾਲਿਆ,
ਤੇਰੇ ਨਾਂ ਤੇ ਬੋਲੀਆਂ ਪਾਵਾਂ।
ਬੱਲੇ ਨੀ ਮੁੰਡੇ ਦਾ ਦਾਦਾ!
ਸ਼ਾਵਾ ਨੀ ਮੁੰਡੇ ਦਾ ਦਾਦਾ!
ਬੱਲੇ ਨੀ ਮੁੰਡੇ ਦਾ ਦਾਦਾ!
ਸ਼ਾਵਾ ਨੀ ਮੁੰਡੇ ਦਾ ਦਾਦਾ!
ਬੱਲੇ ਨੀ ਮੁੰਡੇ ਦਾ ਦਾਦਾ!
ਕੋਠੇ ਲਾਵੇ ਵਾਜਾ!
ਨੀ ਮੁੰਡੇ ਦਾ ਦਾਦਾ!

(ਚਲਦਾ)



# ਮਾਂ ਦੇ ਹੱਥਾਂ ਦਾ ਜਾਦੂ

**ਕਮਲਜੀਤ ਕੌਰ ਗੁਮਤੀ**

ਜ਼ਿੰਦਗੀ ਦੀ ਇਸ ਭੱਜ-ਦੌੜ ਵਿੱਚ ਕੁਝ ਪਲ ਅਜਿਹੇ ਆਉਂਦੇ ਹਨ, ਜੋ ਮਹਿਜ਼ ਯਾਦਾਂ ਨਹੀਂ ਸਗੋਂ ਰੂਹ ਦਾ ਸਕੂਨ ਬਣ ਜਾਂਦੇ ਹਨ। ਇਹ ਗੱਲ ਲੰਘੀ ਜੂਨ ਮਹੀਨੇ ਦੀਆਂ ਛੁੱਟੀਆਂ ਦੀ ਹੈ, ਜਦੋਂ ਪੇਕੇ ਘਰ ਜਾਣ ਦਾ ਸਬੱਬ ਬਣਿਆ। ਸੋਚਿਆ ਐਤਕੀਂ ਆਪਣੇ ਲਈ ਹੱਥ ਦੀ ਕਢਾਈ ਵਾਲਾ ਇੱਕ ਸੋਹਣਾ ਜਿਹਾ ਸੂਟ ਹੀ ਤਿਆਰ ਕਰਵਾ ਲਵਾਂ। ਮੈਂ ਇੱਕ ਬੁਟੀਕ 'ਤੇ ਗਈ। ਆਪਣੀ ਪਸੰਦ ਦਾ ਡਿਜ਼ਾਈਨ ਦਿਖਾ ਕੇ ਜਦੋਂ ਕਢਾਈ ਦੇ ਮੁੱਲ ਬਾਰੇ ਪੁੱਛਿਆ ਤਾਂ ਕਾਰੀਗਰ ਨੇ ਬੜੀ ਬੇਪਰਵਾਹੀ ਜਿਹੀ ਨਾਲ ਕਿਹਾ, "ਕਢਾਈ ਦੇ ਇੱਕ ਹਜ਼ਾਰ ਰੁਪਏ ਲੱਗਣਗੇ।" ਇਹ ਸੁਣ ਕੇ ਮੈਂ ਇੱਕ ਪਲ ਸੋਚਾਂ 'ਚ ਪੈ ਗਈ। ਕਾਰੀਗਰ ਦੀ ਮਿਹਨਤ ਸਿਰ-ਮੱਥੇ, ਧਾਗਿਆਂ ਦੇ ਕੁਝ ਟਾਂਕਿਆਂ ਲਈ ਇੰਨੀ ਰਕਮ ਤਾਰਨਾ ਮੈਨੂੰ ਵਾਜਬ ਨਾ ਜਾਪਿਆ ਤੇ ਮੈਂ ਇਹ ਕਹਿ ਕੇ ਘਰ ਆ ਗਈ ਕਿ ਮੰਮੀ ਨਾਲ ਸਲਾਹ ਕਰਾਂਗੀ। ਹਾਲਾਂਕਿ ਮਨ 'ਚ ਖ਼ ?ਆਲ ਇਹ ਵੀ ਆਇਆ ਕਿ ਪੈਸੇ ਤਾਂ ਮਾਂ ਨੇ ਹੀ ਦੇਣੇ ਹਨ! ਅੱਜ ਜਦੋਂ ਮੈਂ ਪੇਕੇ ਪੈਰ ਪਾਉਂਦੀ ਹਾਂ ਤਾਂ ਨਿੱਕੇ-ਨਿੱਕੇ ਖ਼ਰਚਿਆਂ ਲਈ ਮਾਂ ਜਾਂ ਭਾਬੀ ਮੇਰੀ ਤਲੀ 'ਤੇ ਪੈਸੇ ਧਰ ਦਿੰਦੀਆਂ ਹਨ। ਉਨ੍ਹਾਂ ਲਈ ਮੈਂ ਅੱਜ ਵੀ ਘਰ ਦੀ ਉਹੀ ਲਾਡਲੀ ਧੀ ਹਾਂ। ਮੇਰੇ ਹੱਥੋਂ ਪੈਸੇ ਖਰਚ ਹੋਣ ਦੇਣ, ਇਹ ਤਾਂ ਸਵਾਲ ਹੀ ਪੈਦਾ ਨ੍ਹੀਂ ਹੁੰਦਾ। ਮੇਰੇ ਵਿਆਹ ਨੂੰ ਹੁਣ ਦੋ ਦਹਾਕੇ ਹੋਣ ਵਾਲੇ ਹਨ, ਪਰ ਸੱਚ ਦੱਸਾਂ ਕਦੇ ਵੀ ਭਾਬੀ ਨੇ ਬੇਗਾਨੇਪਣ ਦਾ ਅਹਿਸਾਸ ਨਹੀਂ ਹੋਣ ਦਿੱਤਾ। ਘਰ ਪਹੁੰਚ ਕੇ ਮਾਂ ਨਾਲ ਬੁਟੀਕ ਵਾਲੀ ਗੱਲ ਸਾਂਝੀ ਕੀਤੀ। ਮੇਰੀ ਗੱਲ ਸੁਣ ਕੇ ਮਾਂ ਦੇ ਚਿਹਰੇ 'ਤੇ ਮੁਸਕਰਾਹਟ ਫੈਲ ਗਈ। ਮਾਂ ਨੇ ਕਿਹਾ, "ਨਿੱਕੀ ਜਿਹੀ ਗੱਲ ਪਿੱਛੇ ਹਜ਼ਾਰ ਰੁਪਏ ਦੇਣ ਦੀ ਕੀ ਲੋੜ ਐ? ਤੇਰੀ ਮਾਂ ਅਜੇ ਜਿਊਂਦੀ ਐ।" ਮਾਂ ਦੇ ਇਹ ਬੋਲ ਜਿਵੇਂ ਮੇਰੇ ਕੰਨਾਂ 'ਚ ਮਿਸ਼ਰੀ ਘੋਲ ਗਏ। ਸੂਟ ਮਾਂ ਕੋਲ ਛੱਡ ਕੇ ਮੈਂ ਸਹੁਰੇ ਘਰ ਆ ਗਈ ਕਿਉਂਕਿ ਪਹਿਲੀ ਜੁਲਾਈ ਤੋਂ ਬੱਚਿਆਂ ਦੇ ਸਕੂਲ ਖੁੱਲ੍ਹਣੇ ਸਨ। ਮਾਂ ਨੇ ਕਢਾਈ ਵਾਲਾ ਫਰੇਮ, ਸੂਈ, ਧਾਗਾ ਸਭ ਚੀਜ਼ਾਂ ਦਾ ਪ੍ਰਬੰਧ ਕਰ ਲਿਆ ਸੀ। ਜਦੋਂ ਭਤੀਜੀ ਨੇ ਮਾਂ ਦੀ ਸੂਟ 'ਤੇ ਕਢਾਈ ਕਰਦਿਆਂ ਦੀ ਵੀਡੀਓ ਬਣਾ ਕੇ ਭੇਜੀ ਤਾਂ ਉਨ੍ਹਾਂ ਦੀਆਂ ਕੰਬਦੀਆਂ ਉਂਗਲਾਂ ਦੀ ਰਫ਼ਤਾਰ, ਟਾਂਕਿਆਂ ਦੀ ਮਹੀਨ ਸਫ਼ਾਈ ਅਤੇ ਕੰਮ ਦਾ ਸਲੀਕਾ ਦੇਖ ਕੇ ਮੇਰੀਆਂ ਉਂਗਲਾਂ ਦੰਦਾਂ ਹੇਠ ਆ ਗਈਆਂ। ਮਾਂ ਦੀ ਉਮਰ ਵੀ ਸੱਤਰ ਸਾਲ ਦੇ ਕਰੀਬ ਹੋ ਗਈ ਹੈ। ਮਾਂ ਨੇ ਆਪਣੇ ਬਚਪਨ ਅਤੇ ਜਵਾਨੀ ਦੇ ਦਿਨਾਂ 'ਚ ਸੂਈ-ਧਾਗੇ ਨਾਲ ਪਤਾ ਨਹੀਂ ਕਿੰਨੇ ਕੁ ਅੰਬਰ ਚਿਤਰੇ ਸਨ। ਉਸ ਦੌਰ ਵਿੱਚ ਧੀਆਂ ਨੂੰ ਸਿਲਾਈ-ਕਢਾਈ ਦੀ ਕਲਾ ਸਿਖਾਉਣਾ ਦਾਜ ਤੋਂ ਵੀ ਵੱਧ ਜ਼ਰੂਰੀ ਮੰਨਿਆ ਜਾਂਦਾ ਸੀ। ਸਿਲਾਈ, ਕਢਾਈ, ਬੁਣਾਈ ਇਹੋ ਜਿਹਾ ਕਿਹੜਾ ਕੰਮ ਹੈ ਜੋ ਮਾਂ ਨੇ ਆਪਣੇ ਹੱਥੀਂ ਨਾ ਕੀਤਾ ਹੋਵੇ। ਪਤਾ ਨ੍ਹੀਂ ਪਿੰਡ ਦੀਆਂ ਕਿੰਨੀਆਂ ਕੁੜੀਆਂ ਨੇ ਮੁਫ਼ਤ 'ਚ ਮਾਂ ਤੋਂ ਇਹ ਸਭ ਕੁਝ ਸਿੱਖਿਆ ਸੀ। ਸ਼ਾਇਦ ਇਸੇ ਲਈ ਉਮਰ ਦੇ ਇਸ ਪੜਾਅ 'ਤੇ ਵੀ ਉਨ੍ਹਾਂ ਦੇ ਹੱਥਾਂ ਦੀ ਉਹ ਪੁਰਾਣੀ ਨਿਪੁੰਨਤਾ ਬਰਕਰਾਰ ਹੈ। ਹਰ ਟਾਂਕਾ ਇੰਨਾ ਬਾਰੀਕ ਤੇ ਸੁਚੱਜਾ, ਜਿਵੇਂ ਕੱਪੜੇ 'ਤੇ ਧਾਗੇ ਨਹੀਂ ਸਗੋਂ ਮਾਂ ਆਪਣੀ ਮਮਤਾ ਦੀ ਇਬਾਰਤ ਲਿਖ ਰਹੀ ਹੋਵੇ। ਕੁਝ ਹੀ ਦਿਨਾਂ ਵਿੱਚ ਸੂਟ ਤਿਆਰ ਹੋ ਕੇ ਮੇਰੇ ਕੋਲ ਪਹੁੰਚ ਗਿਆ। ਜਦੋਂ ਮੈਂ ਉਸ ਨੂੰ ਹੱਥਾਂ 'ਚ ਲਿਆ ਤਾਂ ਮੇਰੀਆਂ ਪਲਕਾਂ ਸੇਜਲ ਹੋ ਗਈਆਂ। ਸੱਚ ਜਾਣਿਓ, ਮੈਨੂੰ ਬਾਜ਼ਾਰ ਦੇ ਕਿਸੇ ਵੱਡੇ ਤੋਂ ਵੱਡੇ ਮਸ਼ਹੂਰ ਬੁਟੀਕ ਦੀ ਕਢਾਈ ਵੀ ਇਸ ਦੇ ਸਾਹਮਣੇ ਫਿੱਕੀ ਜਾਪੀ। ਮਸ਼ੀਨਾਂ ਦੀ ਕਢਾਈ ਵਿੱਚ ਇੱਕ ਬੇਜਾਨ ਸਫ਼ਾਈ ਤਾਂ ਹੋ ਸਕਦੀ ਹੈ, ਪਰ ਮਾਂ ਦੇ ਹੱਥਾਂ ਦੀ ਕਢਾਈ ਵਿੱਚ ਜੋ ਰੂਹ, ਨਿੱਘ ਅਤੇ ਅਪਣੱਤ ਹੈ, ਉਹ ਕਿਸੇ ਨਿਰਜਿੰਦ ਮਸ਼ੀਨ ਵਿੱਚ ਕਿੱਥੇ! ਜਦ ਮੈਂ ਉਹ ਸੂਟ ਪਹਿਨਿਆ ਤਾਂ ਦੇਖਣ ਵਾਲਾ ਕੋਈ ਵੀ ਸ਼ਖ਼ਸ ਕਢਾਈ ਦੀ ਤਾਰੀਫ਼ ਕੀਤੇ ਬਿਨਾਂ ਨਾ ਰਹਿ ਸਕਿਆ। ਕਈਆਂ ਨੇ ਉਤਸੁਕਤਾ ਨਾਲ ਪੁੱਛਿਆ, "ਕਿਹੜੇ ਮਹਿੰਗੇ ਬੁਟੀਕ ਤੋਂ ਤਿਆਰ ਕਰਵਾਇਆ?" ਮੈਂ ਮਾਣ ਨਾਲ ਕਿਹਾ, "ਇਹ ਕਿਸੇ ਬੁਟੀਕ ਤੋਂ ਨਹੀਂ, ਮੇਰੀ ਮਾਂ ਦੇ ਹੱਥਾਂ ਦਾ ਜਾਦੂ ਹੈ।" ਉਸ ਦਿਨ ਮੈਨੂੰ ਸਹੀ ਅਰਥਾਂ ਵਿੱਚ ਅਹਿਸਾਸ ਹੋਇਆ ਕਿ ਬਾਜ਼ਾਰ ਪੈਸਿਆਂ ਦੇ ਬਦਲੇ ਕਲਾ ਤਾਂ ਵੇਚ ਸਕਦਾ ਹੈ, ਪਰ ਮਾਂ ਦੇ ਹੱਥਾਂ ਦੀਆਂ ਅਸੀਸਾਂ, ਲੋਰੀਆਂ ਅਤੇ ਮੋਹ ਕਦੇ ਨਹੀਂ ਦੇ ਸਕਦਾ। ਉਸ ਸੂਟ ਦੇ ਹਰ ਇੱਕ ਟਾਂਕੇ ਵਿੱਚ ਮੇਰੀ ਮਾਂ ਦਾ ਪਿਆਰ, ਮੇਰੇ ਲਈ ਦੁਆਵਾਂ ਅਤੇ ਜ਼ਿੰਦਗੀ ਭਰ ਦੀ ਸਾਧਨਾ ਪਰੋਈ ਹੋਈ ਹੈ। ਉਹ ਸੂਟ ਮੇਰੀ ਅਲਮਾਰੀ ਦਾ ਸਭ ਤੋਂ ਕੀਮਤੀ ਗਹਿਣਾ ਹੈ। ਉਸ ਨੂੰ ਦੇਖਦਿਆਂ ਹੀ ਮੈਨੂੰ ਜੂਨ ਦੀਆਂ ਉਹ ਦੁਪਹਿਰਾਂ, ਮਾਂ ਦੀ ਮਿੱਠੀ ਮੁਸਕਾਨ, ਭਾਬੀ ਦਾ ਲਾਡ-ਪਿਆਰ ਤੇ ਪੇਕੇ ਘਰ ਦਾ ਨਿੱਘ ਚੇਤੇ ਆ ਜਾਂਦਾ ਹੈ। ਉਸ ਦਿਨ ਮੈਨੂੰ ਇਹ ਵੀ ਸਮਝ ਆ ਗਿਆ ਕਿ ਰਿਸ਼ਤਿਆਂ ਦਾ ਸੂਚਕ ਅੰਕ ਪੈਸਾ ਨਹੀਂ ਹੋ ਸਕਦਾ, ਇਹ ਤਾਂ ਸਿਰਫ਼ ਆਪਸੀ ਭਰੋਸੇ ਅਤੇ ਪਿਆਰ ਦੇ ਸਿਰ 'ਤੇ ਜਿਊਂਦੇ ਹਨ। ਸੱਚਮੁੱਚ, ਵਕਤ ਭਾਵੇਂ ਕਿੰਨੀਆਂ ਵੀ ਕਰਵਟਾਂ ਬਦਲ ਲਵੇ, ਫੈਸ਼ਨ ਦੇ ਬਾਜ਼ਾਰ ਵਿੱਚ ਭਾਵੇਂ ਨਵੇਂ ਰੁਝਾਨਾਂ ਦਾ ਹੜ੍ਹ ਆ ਜਾਵੇ, ਪਰ ਮਾਂ ਦੇ ਹੱਥਾਂ ਦਾ ਹੁਨਰ ਅਤੇ ਉਸ ਦੇ ਤੋਪਿਆਂ 'ਚ ਪਰੋਇਆ ਪਿਆਰ ਹਮੇਸ਼ਾ ਹਰ ਬੁਟੀਕ ਅਤੇ ਦੁਨੀਆ ਦੇ ਹਰ ਬ੍ਰਾਂਡ ਤੋਂ ਉੱਚਾ ਰਿਹਾ ਹੈ ਅਤੇ ਹਮੇਸ਼ਾ ਰਹੇਗਾ।

# ਬਹਿਰੀਨ ਵਾਲੀ ਬੀਬੀ ਦੀ ਇਕ ਹੋਰ ਵੀਡੀਓ ਆਈ ਸਾਹਮਣੇ, ਕੀਤੇ ਅਹਿਮ ਖੁਲਾਸੇ

ਜਲੰਧਰ : ਜਬਰ-ਜਨਾਹ ਵਰਗੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਤੇ ਹਾਲ ਹੀ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਛੇਕੇ ਗਏ ਅਮਰਜੀਤ ਸਿੰਘ ਚਾਵਲਾ ਤੇ ਮਲਕੀਤ ਸਿੰਘ ਦੇ ਮਾਮਲੇ 'ਚ ਅੱਜ ਉਸ ਸਮੇਂ ਇਕ ਨਵਾਂ ਮੋੜ ਆ ਗਿਆ, ਜਦੋਂ ਉਕਤ ਦੋਵਾਂ 'ਤੇ ਦੋਸ਼ ਲਗਾਉਣ ਵਾਲੀ ਬਹਿਰੀਨ ਤੋਂ ਆਈ ਔਰਤ ਨੇ ਇਕ ਹੋਰ ਵੀਡੀਓ ਜਾਰੀ ਕਰਕੇ ਨਾ ਕੇਵਲ ਇਸ ਮਾਮਲੇ 'ਚ ਕਈ ਅਹਿਮ ਖੁਲਾਸੇ ਕੀਤੇ ਹਨ, ਬਲਕਿ ਪੁਲਿਸ ਨੂੰ ਸੌਂਪੇ ਆਪਣੇ ਮੋਬਾਈਲ ਫੋਨ ਦੀਆਂ ਕਾਲ ਡਿਟੇਲ ਤੇ ਚੈਟ ਆਦਿ ਨੂੰ ਵੀ ਜਨਤਕ ਕੀਤੇ ਜਾਣ ਦੀ ਮੰਗ ਕੀਤੀ ਹੈ। ਕਰੀਬ ਢਾਈ ਮਿੰਟ ਦੀ ਇਸ ਵੀਡੀਓ ਕਲਿੱਪ 'ਚ ਉਕਤ ਬੀਬੀ ਸੰਗਤ ਨੂੰ ਸੰਬੋਧਿਤ ਹੁੰਦੀ ਹੋਈ ਕਹਿ ਰਹੀ ਹੈ ਕਿ ਉਹ 17 ਨਵੰਬਰ ਨੂੰ ਬਹਿਰੀਨ ਤੋਂ ਪੰਜਾਬ ਆਈ ਸੀ ਤੇ ਇਸ ਸੰਬੰਧੀ ਉਸ ਨੂੰ ਸਰਬਜੀਤ ਸਿੰਘ ਝਿੰਜਰ ਤੇ ਵਿਰਸਾ ਸਿੰਘ ਵਲਟੋਹਾ ਵਲੋਂ ਦੋ ਟਿਕਟਾਂ ਭੇਜੀਆਂ ਗਈਆਂ ਸਨ। ਉਸ ਨੇ ਕਿਹਾ ਕਿ ਜਦੋਂ ਉਹ ਪੰਜਾਬ ਆਈ ਤਾਂ ਉਹ ਦੋਵੇਂ (ਵਲਟੋਹਾ ਤੇ ਝਿੰਜਰ) ਮੇਰੇ ਸੰਪਰਕ 'ਚ ਰਹੇ ਅਤੇ ਮੇਰੇ 'ਤੇ ਸਿਆਸੀ ਆਗੂਆਂ ਦੇ ਖਿਲਾਫ਼ ਬੋਲਣ ਲਈ ਲਗਾਤਾਰ ਦਬਾਅ ਪਾਉਂਦੇ ਰਹੇ ਪਰ ਜਦੋਂ ਮੈਂ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਦੋਵਾਂ ਨੇ ਮੈਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਰਹਿਣ ਲਈ ਕਿਹਾ ਤੇ ਬਾਅਦ 'ਚ ਗੱਲ ਕਰਨ ਲਈ ਆਖਿਆ। ਜਿੱਥੇ ਉਨ੍ਹਾਂ ਮੇਰੇ ਨਾਲ ਗੱਲਬਾਤ ਕਰਨ ਲਈ ਅਮਰਜੀਤ ਸਿੰਘ ਚਾਵਲਾ ਦੀ ਡਿਊਟੀ ਲਗਾ ਦਿੱਤੀ ਤੇ ਮੈਂ ਭਾਈ ਬਚਿੱਤਰ ਸਿੰਘ ਸਰਾਂ ਵਿਖੇ ਰਹੀ ਅਤੇ ਉੱਥੇ ਜੋ ਮੇਰੇ ਨਾਲ ਹੋਇਆ ਉਹ ਸਭ ਦੇ ਸਾਹਮਣੇ ਹੈ। ਉਕਤ ਔਰਤ ਨੇ ਕਿਹਾ ਕਿ ਉਹ ਇਸ ਸੰਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਸ੍ਰੀ



ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਵੀ ਦੋ-ਤਿੰਨ ਵਾਰ ਮਿਲੀ ਤੇ ਇਨ੍ਹਾਂ ਇਲਾਵਾ ਉਸ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਮਿਲ ਕੇ ਸਾਰੀ ਗੱਲ ਦੱਸੀ ਤੇ ਚੈਟਾਂ ਬਾਰੇ ਵੀ ਜਾਣਕਾਰੀ ਦਿੱਤੀ ਪਰ ਕਿਸੇ ਨੇ ਵੀ ਉਸ ਦੀ ਕੋਈ ਗੱਲ ਨਹੀਂ ਸੁਣੀ ਤੇ ਇਹੀ ਕਿਹਾ ਕਿ ਐਫ.ਆਈ.ਆਰ. ਦਰਜ ਕਰਵਾ। ਜਦੋਂ ਕਿਸੇ ਨੇ ਉਸ ਦੀ ਕੋਈ ਗੱਲ ਨਾ ਸੁਣੀ ਤਾਂ ਅਖੀਰ ਉਸ ਨੇ ਐਫ. ਆਈ. ਆਰ. ਦਰਜ ਕਰਵਾ ਦਿੱਤੀ। ਵੀਡੀਓ 'ਚ ਉਕਤ ਬੀਬੀ ਨੇ ਅੱਗੇ ਕਿਹਾ ਹੈ ਕਿ ਉਹ ਆਪਣੇ ਫੋਨ ਪੁਲਿਸ ਨੂੰ ਦੇ ਚੁੱਕੀ ਹੈ, ਜਿਨ੍ਹਾਂ 'ਚ ਵਿਰਸਾ ਸਿੰਘ ਵਲਟੋਹਾ, ਸਰਬਜੀਤ ਸਿੰਘ ਝਿੰਜਰ ਤੇ ਅਮਰਜੀਤ ਸਿੰਘ ਚਾਵਲਾ ਸਮੇਤ ਹੋਰਨਾਂ ਸਿਆਸੀ ਆਗੂਆਂ ਦੀਆਂ ਕਾਲਾਂ ਮੌਜੂਦ ਹਨ ਤੇ ਜੇਕਰ ਇਨ੍ਹਾਂ ਕਾਲਾਂ ਦੀ ਡਿਟੇਲ ਤੇ ਚੈਟ ਜਨਤਕ ਕੀਤੀ ਜਾਵੇ ਤਾਂ ਸਾਰਾ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇਗਾ। ਉਸ ਨੇ ਕਿਹਾ ਕਿ ਉਸ ਨੇ ਆਪਣੇ ਫੋਨ ਖੁਦ ਪੁਲਿਸ ਨੂੰ ਦਿੱਤੇ ਹਨ ਤੇ ਉਸ ਦੀ ਬੇਨਤੀ ਹੈ ਕਿ ਉਸ ਦੇ ਫੋਨ ਕਾਲਾਂ ਦੀ ਡਿਟੇਲ ਤੇ ਚੈਟ ਦਾ ਡਾਟਾ ਸਾਰੀ ਸੰਗਤ ਦੇ ਸਾਹਮਣੇ ਰੱਖਿਆ ਜਾਵੇ ਤਾਂ ਜੋ ਸੰਗਤ ਨੂੰ ਵੀ ਪਤਾ ਲੱਗ ਸਕੇ ਕਿ ਉਸ ਨੂੰ ਕਿਹੜੇ-ਕਿਹੜੇ ਸਿਆਸੀ ਆਗੂਆਂ ਦੇ ਫੋਨ ਆਉਂਦੇ ਸੀ ਤੇ ਕਿਹੜਾ ਉਸ ਨੂੰ ਮੈਸੇਜ ਭੇਜਦਾ ਰਿਹਾ ਹੈ।

# ਚਾਵਲਾ ਮਾਮਲੇ 'ਚ ਸ਼੍ਰੋਮਣੀ ਕਮੇਟੀ ਵਲੋਂ ਚਾਰ-ਮੈਂਬਰੀ ਉੱਚ ਪੱਧਰੀ ਕਮੇਟੀ ਦਾ ਗਠਨ

ਅੰਮ੍ਰਿਤਸਰ : ਸ੍ਰੀ ਅਨੰਦਪੁਰ ਸਾਹਿਬ ਨਾਲ ਸਬੰਧਿਤ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ 'ਤੇ ਆਧਾਰਿਤ ਇਕ ਕਮੇਟੀ ਦਾ ਗਠਨ ਕੀਤਾ ਹੈ। ਇਸ ਕਮੇਟੀ 'ਚ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬਲਦੇਵ ਸਿੰਘ ਕਾਇਮਪੁਰ, ਮੈਂਬਰ ਗੁਰਮੀਤ ਸਿੰਘ ਬੂਹ, ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਤੇ ਬੀਬੀ ਗੁਰਿੰਦਰ ਕੌਰ ਭੋਲੂਵਾਲਾ ਨੂੰ ਸ਼ਾਮਿਲ ਕੀਤਾ ਗਿਆ ਹੈ ਜਦਕਿ ਇਸ ਦੇ ਕੋਆਰਡੀਨੇਟਰ ਸ਼੍ਰੋਮਣੀ ਕਮੇਟੀ ਦੇ ਸਕੱਤਰ



ਬਲਵਿੰਦਰ ਸਿੰਘ ਕਾਹਲਵਾਂ ਹੋਣਗੇ। ਇਸ ਸਬੰਧੀ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਭਾਵੇਂ ਪਹਿਲਾਂ ਵੀ ਵਿਭਾਗੀ ਤੌਰ 'ਤੇ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ, ਪਰ ਬਣਾਈ ਗਈ ਇਹ ਕਮੇਟੀ ਮਾਮਲੇ ਨਾਲ ਸਬੰਧਤ ਹਰ ਪੱਖ ਦੀ ਜਾਂਚ ਕਰਕੇ 15 ਦਿਨਾਂ ਦੇ ਅੰਦਰ-ਅੰਦਰ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਸੌਂਪੇਗੀ। ਉਨ੍ਹਾਂ ਕਿਹਾ ਕਿ ਸੰਗਤਾਂ ਵਲੋਂ ਉਠਾਏ ਜਾ ਰਹੇ ਹਰ ਸਵਾਲ ਦਾ ਜਵਾਬ ਕਮੇਟੀ ਦੀ ਰਿਪੋਰਟ ਆਉਣ ਮਗਰੋਂ ਤੱਥਾਂ ਸਮੇਤ ਦਿੱਤਾ ਜਾਵੇਗਾ। ਬਹਿਰੀਨ ਵਾਲੀ ਬੀਬੀ ਵਲੋਂ ਲਾਏ ਦੋਸ਼ਾਂ ਦੇ ਮਾਮਲੇ 'ਚ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਮਲਕੀਤ ਸਿੰਘ ਨੂੰ ਸੇਵਾਵਾਂ ਤੋਂ ਫਾਰਗ ਕਰਨ ਦੇ ਨਾਲ-ਨਾਲ ਅਮਰਜੀਤ ਸਿੰਘ ਚਾਵਲਾ ਦਾ ਅਸਤੀਫਾ ਵੀ ਪ੍ਰਵਾਨ ਕਰ ਲਿਆ ਗਿਆ ਹੈ। ਜਾਰੀ ਵੀਡੀਓ ਬਿਆਨ 'ਚ ਕਾਫੀ ਨਿਰਾਸ਼ ਲੱਗ ਰਹੇ ਤੇ ਕਾਫ਼ੀ ਦਿਨਾਂ ਬਾਅਦ ਮੀਡੀਆ ਤੇ ਸੰਗਤਾਂ ਦੇ ਸਨਮੁੱਖ ਹੋਏ ਪ੍ਰਧਾਨ ਧਾਮੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਕਤ ਬੀਬੀ ਕਿਥੋਂ ਆਈ, ਕਦੋਂ ਆਈ ਤੇ ਇਸ ਨੂੰ ਕੌਣ ਲੈ ਕੇ ਆਇਆ ? ਇਸ ਸੰਬੰਧੀ ਮੇਰਾ ਕੋਈ ਸਰੋਕਾਰ ਨਹੀਂ ਤੇ ਕੋਈ ਵੀ ਜਾਣਕਾਰੀ ਨਹੀਂ, ਪਰ ਜਥੇਦਾਰ ਗੜਗੱਜ ਵਾਂਗ ਹੀ ਉਨ੍ਹਾਂ ਇਹ ਮੰਨਿਆਂ ਕਿ ਇਹ ਬੀਬੀ ਉਨ੍ਹਾਂ ਨੂੰ ਇਕ-ਦੋ ਵਾਰ ਮਿਲੀ ਜ਼ਰੂਰ ਸੀ, ਪਰ ਉਸ ਨੇ ਅਮਰਜੀਤ ਸਿੰਘ ਚਾਵਲਾ ਵਲੋਂ ਜਬਰ-ਜਨਾਹ ਬਾਰੇ ਕੋਈ ਗੱਲ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਬੀਬੀ ਨੇ ਅਜਿਹੀ ਕੋਈ ਗੱਲ ਕੀਤੀ ਹੁੰਦੀ ਤਾਂ ਉਹ ਚੁੱਪ ਨਾ ਰਹਿੰਦੇ। ਉਨ੍ਹਾਂ ਸੋਸ਼ਲ ਮੀਡੀਆ 'ਤੇ ਕੀਤੇ ਜਾ ਰਹੇ ਪ੍ਰਚਾਰ ਬਾਰੇ ਆਖਿਆ ਕਿ ਇਸ ਦੀ ਇਕ ਮਰਯਾਦਾ ਹੋਣੀ ਜ਼ਰੂਰੀ ਹੈ। ਪ੍ਰਧਾਨ ਧਾਮੀ ਨੇ ਕਿਹਾ ਕਿ ਮੈਂ ਸੰਗਤਾਂ ਨੂੰ ਜਵਾਬਦੇਹ ਹਾਂ ਤੇ ਇਸ ਮਾਮਲੇ 'ਚ ਜਾਂਚ ਰਿਪੋਰਟ ਆਉਣ ਮਗਰੋਂ ਪੂਰੀ ਪਾਰਦਸ਼ਤਾ ਨਾਲ ਸਾਰੀ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਕਿਉਂਕਿ ਇਹ ਸੰਵੇਦਨਸ਼ੀਲ ਮਾਮਲਾ ਹੈ ਤੇ ਇਸ 'ਚ ਕਿਸੇ ਵੀ ਵਿਅਕਤੀ ਨਾਲ ਬੇਇਨਸਾਫ਼ੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਪੁਲਿਸ ਦੀ ਪੜਤਾਲ ਵੀ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਹੋਵੇ, ਤਾਂ ਜੋ ਮਾਮਲੇ 'ਚ ਇਨਸਾਫ਼ ਹੋ ਸਕੇ।

# ਮੇਰੀ ਕਿਰਦਾਰਕੁਸ਼ੀ ਕਰਨ ਲਈ ਰਚੀ ਗਈ ਸੀ ਸਾਜਿਸ਼ : ਗਿਆਨੀ ਹਰਪ੍ਰੀਤ ਸਿੰਘ

## ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੀ ਕੋਰ ਕਮੇਟੀ ਦੀ ਮੀਟਿੰਗ

ਚੰਡੀਗੜ੍ਹ : 'ਵਿਦੇਸ਼ 'ਚ ਬੈਠੇ ਅਮਰਜੀਤ ਸਿੰਘ ਚਾਵਲਾ ਬਿਆਨ ਦੇ ਰਹੇ ਹਨ ਕਿ ਉਸ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ ਕਿਉਂਕਿ ਸਾਰੇ ਆਗੂ ਜਾਣਦੇ ਹਨ ਕਿ ਉਸ ਬੀਬੀ ਨੂੰ ਬਹਿਰੀਨ ਤੋਂ ਕਿਉਂ ਲਿਆਂਦਾ ਗਿਆ ਹੈ।' ਇਹ ਦੋਸ਼ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਚੰਡੀਗੜ੍ਹ ਵਿਖੇ ਹੋਈ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲਗਾਏ। ਗਿਆਨੀ ਹਰਪ੍ਰੀਤ ਸਿੰਘ ਨੇ ਚਾਵਲਾ ਖਿਲਾਫ ਹੋਏ ਫ਼ੈਸਲੇ ਬਾਰੇ ਕਿਹਾ ਕਿ ਉਹ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੇ, ਪਰ ਇਹ ਫ਼ੈਸਲਾ ਜਲਦਬਾਜ਼ੀ 'ਚ ਲਿਆ ਗਿਆ ਹੈ ਜਦਕਿ ਮਰਿਆਦਾ ਅਨੁਸਾਰ ਦੋਸ਼ੀਆਂ ਤੋਂ ਪਹਿਲਾਂ ਜਵਾਬ ਲੈਣਾ ਚਾਹੀਦਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜਿਨ੍ਹਾਂ ਸੰਸਥਾਵਾਂ ਨੂੰ ਖੜ੍ਹੀਆਂ ਕਰਨ ਵਿਚ ਸਾਡੇ ਪੁਰਖਿਆਂ ਨੇ ਕੁਰਬਾਨੀਆਂ ਕੀਤੀਆਂ, ਜਿਨ੍ਹਾਂ ਦੀ ਉਸਾਰੀ ਲਈ ਆਪਣਾ ਖੂਨ ਡੋਲ੍ਹਿਆ, ਅੱਜ ਉਨ੍ਹਾਂ ਸੰਸਥਾਵਾਂ ਨੂੰ ਬੁਰੀ ਤਰ੍ਹਾਂ ਰੋਲਿਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ 2 ਦਸੰਬਰ ਦੇ ਹੁਕਮਨਾਮੇ ਦਾ ਬਦਲਾ ਲੈਣ ਲਈ ਇਹ ਲੋਕ ਇਸ ਹੱਦ ਤੱਕ ਡਿੱਗ ਚੁੱਕੇ ਹਨ ਕਿ ਵਿਦੇਸ਼ ਤੋਂ ਇਕ ਬੀਬੀ ਨੂੰ ਲਿਆ ਕੇ ਮੇਰੇ ਖਿਲਾਫ ਵਰਤਣ ਲਈ ਸ਼ ?ਰੋਮਣੀ ਕਮੇਟੀ ਵਿਚ ਵੀ.ਆਈ.ਪੀ. ਸਹੂਲਤਾਂ ਅਤੇ ਰਿਹਾਇਸ਼ ਦਿੱਤੀ ਗਈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੇਰੀ ਕਿਰਦਾਰਕੁਸ਼ੀ ਕਰਨ ਲਈ ਇਸ ਬੀਬੀ ਨੂੰ ਵਿਦੇਸ਼ ਤੋਂ ਇਕ ਯੂਥ ਆਗੂ ਦੁਆਰਾ ਮੰਗਵਾਇਆ ਗਿਆ ਸੀ, ਪਰ ਇਹ ਬੰਬ ਉਨ੍ਹਾਂ ਦੇ ਆਪਣੇ ਹੀ ਹੱਥਾਂ ਵਿਚ ਫਟ ਗਿਆ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਹੁਣ ਇਕ ਬੰਦੇ ਉੱਤੇ ਸਾਰਾ ਇਲਜ਼ਾਮ ਲਗਾ ਕੇ ਪੂਰੀ ਸਾਜਿਸ਼ ਨੂੰ ਲੁਕਾਇਆ ਜਾ ਰਿਹਾ ਹੈ। ਗਿਆਨੀ ਹਰਪ੍ਰੀਤ



ਸਿੰਘ ਨੇ ਸਵਾਲ ਕੀਤਾ ਕਿ ਇਕ ਔਰਤ 6 ਮਹੀਨੇ ਤੱਕ ਗੁਰੂ ਘਰ ਦੀਆਂ ਸਰ੍ਹਾਵਾਂ 'ਚ ਸਾਰੀਆਂ ਸਹੂਲਤਾਂ ਮਾਣ ਰਹੀ ਸੀ, ਕੀ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਇਸ ਦੀ ਜਾਣਕਾਰੀ ਨਹੀਂ ਹੋਵੇਗੀ? ਜੇਕਰ ਜਾਣਕਾਰੀ ਹੀ ਨਹੀਂ ਸੀ ਤਾਂ ਉਹ ਪ੍ਰਧਾਨਗੀ ਕਰਨ ਦੇ ਕਾਬਲ ਹੀ ਨਹੀਂ। ਉਨ੍ਹਾਂ ਨੂੰ ਤੁਰੰਤ ਅਸਤੀਫ਼ਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਤਖ਼ਤ ਸ਼ ?ਗੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਾਹਿਬ ਵਲੋਂ ਵੀ ਇਸ ਘਟਨਾ ਤੋਂ ਅਣਜਾਣਤਾ ਪ੍ਰਗਟਾਉਣਾ ਵੀ ਹੈਰਾਨੀਜਨਕ ਹੈ ਜਦ ਕਿ ਮੌਜੂਦਾ ਜਥੇਦਾਰ ਨੂੰ ਸਭ ਪਤਾ ਹੋਣਾ ਚਾਹੀਦਾ ਹੈ ਕਿ ਤਖ਼ਤ ਸਾਹਿਬ ਦੇ ਪ੍ਰਬੰਧ ਵਿਚ ਕੀ ਹੋ ਰਿਹਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਸਰਕਾਰ 'ਤੇ ਵੀ ਸਵਾਲ ਚੁੱਕੇ ਕਿ ਐਫ.ਆਈ.ਆਰ. ਦਰਜ ਹੋਣ ਦੇ ਬਾਵਜੂਦ ਦੋਸ਼ੀ ਨੂੰ ਏਨੀ ਛੂਟ ਕਿਉਂ ਦਿੱਤੀ ਗਈ ਕਿ ਉਹ ਵਿਦੇਸ਼ ਭੱਜਣ ਵਿਚ ਸਫਲ ਹੋ ਗਿਆ। ਜੇ ਸਰਕਾਰ ਨੂੰ ਇਹ ਪਤਾ ਹੈ ਕਿ ਕਿਹੜੇ ਆਗੂਆ ਨੇ ਬੀਬੀ ਨੂੰ ਕਿਸੇ ਮਕਸਦ ਲਈ ਬੁਲਾਇਆ ਸੀ ਤਾਂ ਪ੍ਰੈੱਸ ਕਾਨਫਰੰਸ ਕਰਕੇ ਇਲਜ਼ਾਮ-ਦਰਾਜੀ ਕਰਨ ਦੀ ਬਜਾਏ ਇਸਦੀ ਨਿਰਪੱਖ ਜਾਂਚ ਕਰਵਾ ਕੇ ਸੱਚਾਈ ਸਾਹਮਣੇ ਕਿਉਂ ਨਹੀਂ ਲਿਆਂਦੀ? ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਰਿਟਾਇਰਡ ਜੱਜ ਦੀ ਅਗਵਾਈ ਵਿਚ ਸਿਟ ਬਣਾ ਕੇ ਉੱਚ ਪੱਧਰੀ ਜਾਂਚ ਕਰਵਾਈ ਜਾਵੇ, ਕਿਉਂਕਿ ਸ਼੍ਰੋਮਣੀ ਕਮੇਟੀ ਤੋਂ ਤਾਂ ਅਸੀਂ ਹੁਣ ਇਹ ਆਸ ਵੀ ਨਹੀਂ ਰੱਖਦੇ। ਉਨ੍ਹਾਂ ਨੇ ਕਿਹਾ ਕਿ ਇਸ ਘਿਣਾਉਣੀ ਹਰਕਤ ਲਈ ਜ਼ਿੰਮੇਵਾਰ ਵਿਅਕਤੀਆਂ ਦੇ ਅਸਤੀਫਿਆਂ ਲਈ 11 ਦਿਨ ਲਗਾਤਾਰ ਜੱਥਿਆਂ ਦੇ ਰੂਪ 'ਚ ਵੱਖ ਵੱਖ ਜ਼ਿਲ੍ਹਿਆਂ ਤੋਂ ਜਥੇ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਵਿਚ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਾਹਿਬ ਨੂੰ ਮੰਗ ਪੱਤਰ ਦੇਣਗੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਾ ਕੇ ਅਰਦਾਸ ਕਰਿਆ ਕਰਨਗੇ। ਕੋਰ ਕਮੇਟੀ ਦੀ ਮੀਟਿੰਗ 'ਚ ਪਾਰਟੀ ਦੇ ਸਕੱਤਰ ਜਨਰਲ ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸੁੱਚਾ ਸਿੰਘ ਛੋਟੇਪੁਰ, ਸਰਵਣ ਸਿੰਘ ਫਿਲੌਰ, ਭਾਈ ਮਨਜੀਤ ਸਿੰਘ, ਗੋਬਿੰਦ ਸਿੰਘ ਲੌਂਗੋਵਾਲ, ਗਗਨਜੀਤ ਸਿੰਘ ਬਰਨਾਲਾ, ਜਸਟਿਸ ਨਿਰਮਲ ਸਿੰਘ, ਦਵਿੰਦਰ ਸਿੰਘ ਸੋਢੀ, ਕਰਨੈਲ ਸਿੰਘ ਪੀਰਮੁਹੰਮਦ, ਯੂਥ ਪ੍ਰਧਾਨ ਗੁਰਜੀਤ ਸਿੰਘ ਤਲਵੰਡੀ, ਬਾਬਾ ਹਰਦੀਪ ਸਿੰਘ, ਦਫਤਰ ਸਕੱਤਰ ਜਗਜੀਤ ਸਿੰਘ ਕੋਹਲੀ ਅਤੇ ਮੀਡੀਆ ਇੰਚਾਰਜ ਤੇਜਿੰਦਰ ਸਿੰਘ ਪੰਨੂੰ, ਭਗਵੰਤ ਸਿੰਘ ਫਤਿਹਜਲਾਲ ਰਣਬੀਰ ਸਿੰਘ ਪੂਨੀਆ, ਗੁਰਵਿੰਦਰ ਸਿੰਘ ਡੂਮਛੇੜੀ, ਬਲਤੇਜ ਸਿੰਘ ਮਹਿਦੂਦਾਂ ਆਦਿ ਹਾਜ਼ਰ ਸਨ।

# ਅਮਰਜੀਤ ਸਿੰਘ ਚਾਵਲਾ ਖ਼ਿਲਾਫ਼ ਦਰਜ ਮਾਮਲੇ ਤੇ ਅਸਤੀਫ਼ੇ ਨੂੰ ਲੈ ਕੇ ਹਾਈਕੋਰਟ 'ਚ ਪਟੀਸ਼ਨ ਦਾਇਰ

## ਐਲਓਸੀ ਜਾਰੀ ਕਰਨ ਅਤੇ ਨਿਰਪੱਖ ਜਾਂਚ ਦੀ ਕੀਤੀ ਗਈ ਮੰਗ

ਚੰਡੀਗੜ੍ਹ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਸ੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਮੈਂਬਰ ਅਮਰਜੀਤ ਸਿੰਘ ਚਾਵਲਾ ਵਿਰੁੱਧ ਦਰਜ ਹੋਏ ਅਪਰਾਧਿਕ ਮਾਮਲੇ ਅਤੇ ਉਨ੍ਹਾਂ ਦੇ ਅਸਤੀਫ਼ੇ ਨੂੰ ਪ੍ਰਵਾਨ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਸਿਵਲ ਰਿੱਟ ਪਟੀਸ਼ਨ ਦਾਇਰ ਕੀਤੀ ਗਈ ਹੈ। ਇਹ ਪਟੀਸ਼ਨ ਪਿੰਡ ਕੁਲਗੜ੍ਹ (ਸ੍ਰੀ ਅਨੰਦਪੁਰ ਸਾਹਿਬ) ਦੇ ਵਸਨੀਕ ਹਰਜਿੰਦਰ ਸਿੰਘ ਵੱਲੋਂ ਐਡਵੋਕੇਟ ਬਲਬੀਰ ਸਿੰਘ ਸੇਵਕ ਰਾਹੀਂ ਦਾਇਰ ਕੀਤੀ ਗਈ ਹੈ। ਪਟੀਸ਼ਨਕਰਤਾ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਇਸ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸਿੱਖ ਗੁਰਦੁਆਰਾ ਐਕਟ, 1925 ਦੀ ਧਾਰਾ 67 ਤਹਿਤ ਅਮਰਜੀਤ ਸਿੰਘ ਚਾਵਲਾ ਵੱਲੋਂ 16 ਸਤੰਬਰ 2026 ਨੂੰ ਭੇਜੇ ਗਏ ਅਸਤੀਫ਼ੇ 'ਤੇ ਤੁਰੰਤ ਅਤੇ ਕਾਨੂੰਨ ਅਨੁਸਾਰ ਫ਼ੈਸਲਾ ਲੈਣ ਦੇ ਹੁਕਮ ਜਾਰੀ ਕੀਤੇ ਜਾਣ।

ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਹਦਾਇਤ ਕਰਨ ਦੀ ਮੰਗ ਕੀਤੀ ਗਈ ਹੈ ਕਿ ਥਾਣਾ ਅਨੰਦਪੁਰ ਸਾਹਿਬ ਵਿਖੇ ਦਰਜ ਐਫਆਈਆਰ ਨੰਬਰ 149 (ਮਿਤੀ 21 ਅਗਸਤ 2026) ਦੀ ਨਿਰਪੱਖ, ਪਾਰਦਰਸ਼ੀ ਅਤੇ ਤੇਜ਼ੀ ਨਾਲ ਜਾਂਚ ਯਕੀਨੀ ਬਣਾਈ ਜਾਵੇ। ਇਸ ਦੇ ਨਾਲ ਹੀ ਪਟੀਸ਼ਨ ਵਿੱਚ ਚਾਵਲਾ




ਖ਼ਿਲਾਫ਼ ਲੁੱਕ-ਆਊਟ ਸਰਕੂਲਰ (LOC) ਜਾਰੀ ਕਰਨ ਦੀ ਗੁਜ਼ਾਰਿਸ਼ ਵੀ ਕੀਤੀ ਗਈ ਹੈ।

ਪਟੀਸ਼ਨ ਵਿੱਚ ਲਗਾਏ ਗਏ ਦੋਸ਼ਾਂ ਅਨੁਸਾਰ, ਬਹਿਰੀਨ ਤੋਂ ਆਈ ਇੱਕ ਮਹਿਲਾ ਸ਼ਰਧਾਲੂ ਦੀ ਸ਼ਿਕਾਇਤ 'ਤੇ ਥਾਣਾ ਅਨੰਦਪੁਰ ਸਾਹਿਬ ਵਿਖੇ ਅਮਰਜੀਤ ਸਿੰਘ ਚਾਵਲਾ ਖ਼ਿਲਾਫ਼ ਬਲਾਤਕਾਰ, ਗੈਰ-ਕਾਨੂੰਨੀ ਢੰਗ ਨਾਲ ਬੰਦੀ ਬਣਾਉਣ ਅਤੇ ਧਮਕਾਉਣ ਦੇ ਦੋਸ਼ਾਂ ਹੇਠ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ/ਬੀਐਨਐਸ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਪਟੀਸ਼ਨਕਰਤਾ ਦਾ ਕਹਿਣਾ ਹੈ ਕਿ ਐਫਆਈਆਰ ਦਰਜ ਹੋਣ ਦੇ ਬਾਵਜੂਦ ਪੁਲਿਸ ਨੇ ਲੋੜੀਂਦੀ ਤੇਜ਼ੀ ਨਹੀਂ ਦਿਖਾਈ, ਜਿਸ ਦੌਰਾਨ ਕਥਿਤ ਤੌਰ 'ਤੇ ਮੁਲਜ਼ਮ ਕੈਨੇਡਾ ਚਲਾ ਗਿਆ। ਵਿਵਾਦ ਵਧਣ ਤੋਂ ਬਾਅਦ ਅਮਰਜੀਤ ਸਿੰਘ ਚਾਵਲਾ ਨੇ 16 ਸਤੰਬਰ 2026 ਨੂੰ ਵਟਸਐਪ ਰਾਹੀਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਆਪਣਾ ਅਸਤੀਫ਼ਾ ਭੇਜ ਦਿੱਤਾ ਸੀ। ਚਾਵਲਾ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਇਸ ਨੂੰ ਆਪਣੇ ਖ਼ਿਲਾਫ਼ ਸਾਜ਼ਿਸ਼ ਕਰਾਰ ਦਿੱਤਾ ਸੀ। ਹਾਲਾਂਕਿ, ਪਟੀਸ਼ਨਕਰਤਾ ਅਨੁਸਾਰ ਐਸਜੀਪੀਸੀ ਪ੍ਰਧਾਨ ਨੂੰ 17 ਸਤੰਬਰ ਨੂੰ ਮੰਗ ਪੱਤਰ ਭੇਜਣ ਦੇ ਬਾਵਜੂਦ ਅਸਤੀਫ਼ਾ ਪ੍ਰਵਾਨ ਕਰਨ ਸੰਬੰਧੀ ਕੋਈ ਕਾਰਵਾਈ ਨਹੀਂ ਹੋਈ। ਇਸ ਤੋਂ ਇਲਾਵਾ, ਪਟੀਸ਼ਨ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥਕ ਮਰਯਾਦਾ ਦੀ ਉਲੰਘਣਾ ਦੇ ਦੋਸ਼ ਹੇਠ ਅਮਰਜੀਤ ਸਿੰਘ ਚਾਵਲਾ ਨੂੰ ਪੰਥ 'ਚੋਂ ਛੇਕਣ ਦੇ ਹਾਲੀਆ ਫ਼ੈਸਲੇ ਦਾ ਵੀ ਹਵਾਲਾ ਦਿੱਤਾ ਗਿਆ ਹੈ।

ਹਾਈਕੋਰਟ ਵਿੱਚ ਦਾਇਰ ਇਸ ਰਿੱਟ ਪਟੀਸ਼ਨ 'ਤੇ ਆਉਣ ਵਾਲੇ ਦਿਨਾਂ ਵਿੱਚ ਸੁਣਵਾਈ ਹੋਣ ਦੀ ਸੰਭਾਵਨਾ ਹੈ।

**ਸਦੀ ਦਾ ਲੇਖਾ-ਜੋਖਾ — ਸੱਤਾ, ਸੰਘ ਅਤੇ ਬਹੁਲਵਾਦ ਦਾ ਭਵਿੱਖ ਵਿਚਾਰਧਾਰਕ ਦਬਦਬਾ ਅਤੇ ਗੰਭੀਰ ਸਵਾਲ**

ਸੌ ਸਾਲਾਂ ਦਾ ਇਤਿਹਾਸ ਸਿਰਫ਼ ਕੈਲੰਡਰ ਦੇ ਪੰਨੇ ਪਲਟਣ ਦਾ ਨਾਮ ਨਹੀਂ; ਇਹ ਕਿਸੇ ਵਿਚਾਰਧਾਰਾ ਵੱਲੋਂ ਪੂਰੇ ਦੇਸ਼ ਦੀ ਰੂਹ, ਸੰਵਿਧਾਨਕ ਬੁਨਿਆਦ ਅਤੇ ਸਮਾਜਿਕ ਤਾਣੇ-ਬਾਣੇ 'ਤੇ ਪਾਏ ਗਏ ਪ੍ਰਭਾਵਾਂ ਦਾ ਬੇਬਾਕ ਲੇਖਾ-ਜੋਖਾ ਹੁੰਦਾ ਹੈ। 1925 ਵਿੱਚ ਨਾਗਪੁਰ ਵਿਖੇ ਮੁੱਠੀ ਭਰ ਵਲੰਟੀਅਰਾਂ ਨਾਲ ਸ਼ੁਰੂ ਹੋਇਆ 'ਰਾਸ਼ਟਰੀ ਸਵੈਮ-ਸੇਵਕ ਸੰਘ' (RSS) ਅੱਜ 2026 ਵਿੱਚ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਨੀਤੀ, ਨਿਆਂ, ਸੱਤਾ ਅਤੇ ਸੱਭਿਆਚਾਰਕ ਦਿਸ਼ਾ ਨੂੰ ਕੰਟਰੋਲ ਕਰਨ ਵਾਲੀ ਸਭ ਤੋਂ ਵੱਡੀ ਤਾਕਤ ਬਣ ਕੇ ਉੱਭਰ ਚੁੱਕਾ ਹੈ। ਪਰ ਇਸ ਇੱਕ ਸਦੀ ਦੇ ਸਫ਼ਰ ਨੇ ਭਾਰਤ ਦੇ ਬਹੁਲਵਾਦੀ ਸਰੂਪ ਅਤੇ ਸੰਵਿਧਾਨਕ ਧਰਮ-ਨਿਰਪੱਖਤਾ ਅੱਗੇ ਡੂੰਘੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਧਾਰਮਿਕ ਘੱਟ ਗਿਣਤੀਆਂ, ਖ਼ਾਸ ਕਰਕੇ ਸਿੱਖ ਕੌਮ ਦੀ ਸੁਤੰਤਰ ਪਛਾਣ, ਪ੍ਰਭੂਸੱਤਾ ਅਤੇ ਪੰਥਕ ਖੁਦਮੁਖਤਿਆਰੀ ਨੂੰ ਆਪਣੇ ਵਿਸ਼ਾਲ 'ਹਿੰਦੂ ਸੱਭਿਅਤਾ' ਦੇ ਦਾਇਰੇ ਵਿੱਚ ਸਮੋਣ (ਅਸਿਮਿਲੇਟ ਕਰਨ) ਦੀਆਂ ਨਿਰੰਤਰ ਕੋਸ਼ਿਸ਼ਾਂ ਨੇ ਇੱਕ ਗੰਭੀਰ ਵਿਚਾਰਧਾਰਕ ਟਕਰਾਅ ਨੂੰ ਜਨਮ ਦਿੱਤਾ ਹੈ। ਡਾ. ਗੁਰਿੰਦਰ ਸਿੰਘ ਗਰੇਵਾਲ ਦਾ ਇਹ ਖੋਜ-ਪੱਤਰ ਕਿਸੇ ਸਿਆਸੀ ਨਾਅਰੇਬਾਜ਼ੀ ਤੋਂ ਮੁਕਤ ਹੋ ਕੇ, ਨਿਰੋਲ ਇਤਿਹਾਸਕ ਅਤੇ ਅਕਾਦਮਿਕ ਦਸਤਾਵੇਜ਼ਾਂ ਦੀ ਰੌਸ਼ਨੀ ਵਿੱਚ ਸੰਘ ਦੇ ਪੂਰੇ ਤੰਤਰ ਦੀ ਚੀਰ-ਫਾੜ ਕਰਦਾ ਹੈ। ਇਹ ਵਿਸ਼ਲੇਸ਼ਣ ਗਾਂਧੀ ਕਤਲ ਦੇ ਇਤਿਹਾਸਕ ਵਿਵਾਦਾਂ, ਆਜ਼ਾਦੀ ਤੋਂ ਬਾਅਦ ਲੱਗੀਆਂ ਤਿੰਨ ਪਾਬੰਦੀਆਂ, ਬਿਨਾਂ ਰਜਿਸਟ੍ਰੇਸ਼ਨ ਵਾਲੇ ਅਸਪਸ਼ਟ ਸੰਗਠਨਾਤਮਕ ਢਾਂਚੇ ਅਤੇ ਭਾਜਪਾ ਰਾਹੀਂ ਰਾਜਸੱਤਾ ਉੱਤੇ ਬਣੇ ਅਸਾਧਾਰਨ ਗਲਬੇ ਤੋਂ ਲੈ ਕੇ ਅਮਰੀਕਾ (ਵਿਸ਼ੇਸ਼ ਤੌਰ 'ਤੇ ਕੈਲੀਫੋਰਨੀਆ) ਵਿੱਚ ਫੈਲੇ ਇਸਦੇ ਕੌਮਾਂਤਰੀ ਲਾਬਿੰਗ ਨੈੱਟਵਰਕ ਦੀਆਂ ਅਸਲ ਪਰਤਾਂ ਨੂੰ ਨੰਗਾ ਕਰਦਾ ਹੈ। ਜਦੋਂ ਭਾਰਤ ਨੂੰ ਇੱਕ ਬਹੁ-ਸੱਭਿਆਚਾਰਕ ਗਣਰਾਜ ਤੋਂ ਬਹੁਗਿਣਤੀਵਾਦੀ 'ਹਿੰਦੂ ਰਾਸ਼ਟਰ' ਵਿੱਚ ਤਬਦੀਲ ਕਰਨ ਦੀ ਮੁਹਿੰਮ ਆਪਣੇ ਸਿਖ਼ਰਾਂ 'ਤੇ ਹੈ, ਇਹ ਲਿਖਤ ਹਰ ਸੁਚੇਤ ਪਾਠਕ, ਖੋਜੀ ਅਤੇ ਕੌਮਾਂਤਰੀ ਨੀਤੀ-ਘਾੜੇ ਲਈ ਇੱਕ ਲਾਜ਼ਮੀ ਇਤਿਹਾਸਕ ਦਸਤਾਵੇਜ਼ ਹੈ। ਇਹ ਸਵਾਲ ਸਿਰਫ਼ ਸੰਘ ਦੀ ਪਹਿਲੀ ਸਦੀ ਦਾ ਨਹੀਂ, ਸਗੋਂ ਸਮੁੱਚੇ ਦੱਖਣੀ ਏਸ਼ੀਆ ਦੇ ਲੋਕਤੰਤਰੀ ਭਵਿੱਖ ਅਤੇ ਘੱਟ ਗਿਣਤੀਆਂ ਦੀ ਹੋਂਦ ਦਾ ਹੈ। ਅਸੀਂ ਕੈਲੀਫੋਰਨੀਆਂ ਤੋਂ ਅਮਰੀਕਾ ਦੇ ਉਘੇ ਸਿੱਖ ਚਿੰਤਕ ਅਤੇ ਮਨੁੱਖੀ ਹੱਕਾਂ ਦੀ ਅਵਾਜ਼ ਡਾ. ਗੁਰਿੰਦਰ ਸਿੰਘ ਗਰੇਵਾਲ (MD) ਦਾ ਇਹ ਬੇਬਾਕ ਨਿੱਠ ਕੇ ਕੀਤਾ ਗਿਆ ਇਤਿਹਾਸਕ ਅਧਿਐਨ ਖੋਜ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ। -- ਸਤਨਾਮ ਸਿੰਘ ਖਾਲਸਾ

# ਰਾਸ਼ਟਰੀ ਸਵੈਮ-ਸੇਵਕ ਸੰਘ ਸੌ ਸਾਲਾਂ ਦੇ ਮੋੜ 'ਤੇ

# ਸੰਗਠਨ, ਵਿਚਾਰਧਾਰਾ, ਰਾਜਨੀਤਿਕ ਤਾਕਤ, ਅਤੇ ਅੰਤਰਰਾਸ਼ਟਰੀ ਪਹੁੰਚ, 1925-2026



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

(**ਪਿਛਲੇ ਅੰਕ ਦੀ ਬਾਕੀ**)

ਆਮ ਬੋਲਚਾਲ ਵਿੱਚ ਇਹ ਕਹਿ ਦਿੱਤਾ ਜਾਂਦਾ ਹੈ ਕਿ RSS 'ਭਾਜਪਾ ਰਾਹੀਂ ਭਾਰਤ 'ਤੇ ਰਾਜ ਕਰਦਾ ਹੈ।' ਅਕਾਦਮਿਕ ਪੱਖੋਂ ਇਹ ਸ਼ਬਦਾਵਲੀ ਬਹੁਤ ਜ਼ਿਆਦਾ ਅੰਤਿਮ ਹੈ: ਭਾਜਪਾ ਦੇ ਆਪਣੇ ਚੋਣ ਹਿੱਤ, ਧੜੇਬੰਦੀਆਂ, ਗੱਠਜੋੜ ਦੀਆਂ ਲੋੜਾਂ, ਸੂਬਾਈ ਆਗੂ, ਫੰਡ ਦੇਣ ਵਾਲੇ ਅਤੇ ਸਰਕਾਰੀ ਜ਼ਿੰਮੇਵਾਰੀਆਂ ਹਨ। ਫਿਰ ਵੀ, RSS ਦਾ ਪ੍ਰਭਾਵ ਬਹੁਤ ਵੱਡਾ ਹੈ। ਇਹ ਵਿਚਾਰਧਾਰਕ ਸੇਧ, ਸਿਖਿਅਤ ਕਾਡਰ, ਚੋਣ ਪ੍ਰਚਾਰ ਲਾਮਬੰਦੀ, ਸਮਾਜਿਕ ਪਹੁੰਚ ਅਤੇ ਅੰਦਰੂਨੀ ਵਿਵਾਦਾਂ ਨੂੰ ਸੁਲਝਾਉਣ ਲਈ ਇੱਕ ਪ੍ਰਣਾਲੀ ਪ੍ਰਦਾਨ ਕਰਦਾ ਹੈ। 2014 ਤੋਂ ਸ਼ੁਰੂ ਹੋਈਆਂ ਭਾਜਪਾ ਦੀਆਂ ਰਾਸ਼ਟਰੀ ਜਿੱਤਾਂ ਤੋਂ ਬਾਅਦ, ਸਰਕਾਰੀ ਤਾਕਤ ਅਤੇ ਲੰਬੇ ਸਮੇਂ ਦੇ ਹਿੰਦੂ-ਰਾਸ਼ਟਰਵਾਦੀ ਪ੍ਰੋਜੈਕਟ ਵਿਚਕਾਰ ਤਾਲਮੇਲ ਇਤਿਹਾਸਕ ਤੌਰ 'ਤੇ ਬੇਮਿਸਾਲ ਹੋ ਗਿਆ ਹੈ।

**9. ਹਿੰਦੂ ਰਾਸ਼ਟਰ ਅਤੇ ਨਾਗਰਿਕਤਾ ਦਾ ਬਹੁਗਿਣਤੀਵਾਦੀ ਰੂਪਾਂਤਰਣ**

RSS ਦੀ ਮੁੱਖ ਵਿਚਾਰਧਾਰਕ ਲਾਲਸਾ ਨੂੰ ਆਮ ਤੌਰ 'ਤੇ 'ਹਿੰਦੂ ਰਾਸ਼ਟਰ' ਵਜੋਂ ਦਰਸਾਇਆ ਜਾਂਦਾ ਹੈ। RSS ਦੇ ਆਗੂ ਅਕਸਰ 'ਹਿੰਦੂ' ਸ਼ਬਦ ਨੂੰ ਸੌੜੇ ਧਾਰਮਿਕ ਅਰਥਾਂ ਦੀ ਬਜਾਏ ਸੱਭਿਅਤਾ ਵਜੋਂ ਪਰਿਭਾਸ਼ਿਤ ਕਰਦੇ ਹਨ ਅਤੇ ਜ਼ੋਰ ਦਿੰਦੇ ਹਨ ਕਿ ਮੁਸਲਮਾਨ ਅਤੇ ਈਸਾਈ ਵੀ ਇਸ ਦਾ ਹਿੱਸਾ ਹੋ ਸਕਦੇ ਹਨ ਜੇਕਰ ਉਹ ਭਾਰਤ ਦੇ ਪੁਰਖਿਆਂ ਦੇ ਸੱਭਿਆਚਾਰ ਨਾਲ ਜੁੜਨ। ਆਲੋਚਕ ਜਵਾਬ ਦਿੰਦੇ ਹਨ ਕਿ ਇਹ ਪਰਿਭਾਸ਼ਾ ਬਰਾਬਰ ਨਾਗਰਿਕਤਾ ਨੂੰ ਬਹੁਗਿਣਤੀ ਦੀ ਰਾਸ਼ਟਰੀ ਪਛਾਣ ਨੂੰ ਸਵੀਕਾਰ ਕਰਨ 'ਤੇ ਨਿਰਭਰ ਬਣਾ ਦਿੰਦੀ ਹੈ। ਇਸ ਲਈ ਇਹ ਅਸਹਿਮਤੀ ਸਿਰਫ਼ ਸਹਿਣਸ਼ੀਲਤਾ ਬਾਰੇ ਨਹੀਂ ਹੈ; ਇਹ ਇਸ ਬਾਰੇ ਹੈ ਕਿ ਰਾਸ਼ਟਰ ਨੂੰ ਪਰਿਭਾਸ਼ਿਤ ਕਰਨ ਦਾ ਅਧਿਕਾਰ ਕਿਸ ਕੋਲ ਹੈ। ਐਮ. ਐਸ. ਗੋਲਵਲਕਰ ਨਾਲ ਸਬੰਧਤ ਸ਼ੁਰੂਆਤੀ ਲਿਖਤਾਂ ਵਿੱਚ ਘੱਟ ਗਿਣਤੀਆਂ ਅਤੇ ਉਹਨਾਂ ਦੇ ਸੱਭਿਆਚਾਰਕ ਅਧੀਨਗੀ ਬਾਰੇ ਸਖ਼ਤ ਭਾਸ਼ਾ ਸ਼ਾਮਲ ਸੀ। ਸਮਕਾਲੀ RSS ਨੇਤਾਵਾਂ ਨੇ ਕਈ ਵਾਰ ਉਹਨਾਂ ਲਿਖਤਾਂ ਨੂੰ




ਨਰਮ ਕੀਤਾ ਜਾਂ ਉਹਨਾਂ ਦੀ ਮੁੜ ਵਿਆਖਿਆ ਕੀਤੀ ਹੈ, ਜਾਤੀ ਵਿਤਕਰੇ ਨੂੰ ਰੱਦ ਕੀਤਾ ਹੈ ਅਤੇ ਸਮਾਜਿਕ ਸਦਭਾਵਨਾ 'ਤੇ ਜ਼ੋਰ ਦਿੱਤਾ ਹੈ। ਫਿਰ ਵੀ ਭਾਜਪਾ ਸ਼ਾਸਨ ਅਧੀਨ ਵਿਆਪਕ ਰਾਜਨੀਤਿਕ ਮਾਹੌਲ ਵਿੱਚ ਧਰਮ ਪਰਿਵਰਤਨ ਵਿਰੋਧੀ ਕਾਨੂੰਨ, ਗਊ ਰੱਖਿਆ ਦੇ ਨਾਂ 'ਤੇ ਗੁੰਡਾਗਰਦੀ, ਵਿਤਕਰੇ ਭਰੇ ਨਫ਼ਰਤੀ ਭਾਸ਼ਣ, ਨਾਗਰਿਕਤਾ ਸੋਧ ਕਾਨੂੰਨ (CAA) ਦੇ ਤੇਜ਼-ਰਫ਼ਤਾਰ ਪ੍ਰਬੰਧਾਂ ਵਿੱਚੋਂ ਮੁਸਲਮਾਨਾਂ ਨੂੰ ਬਾਹਰ ਰੱਖਣਾ, ਈਸਾਈ ਸੰਸਥਾਵਾਂ 'ਤੇ ਦਬਾਅ, ਅਤੇ ਅੰਤਰ-ਧਰਮ ਸਬੰਧਾਂ ਵਿਰੁੱਧ ਮੁਹਿੰਮਾਂ ਸ਼ਾਮਲ ਰਹੀਆਂ ਹਨ। ਭਾਰਤ ਸਰਕਾਰ ਅਤੇ ਭਾਜਪਾ ਯੋਜਨਾਬੱਧ ਵਿਤਕਰੇ ਤੋਂ ਇਨਕਾਰ ਕਰਦੇ ਹਨ ਅਤੇ ਵਿਆਪਕ ਭਲਾਈ ਸਕੀਮਾਂ ਤੇ ਸੰਵਿਧਾਨਕ ਸੁਰੱਖਿਆ ਦਾ ਹਵਾਲਾ ਦਿੰਦੇ ਹਨ। ਇਸ ਲਈ ਅਕਾਦਮਿਕ ਮੁੱਦਾ ਇਹ ਨਹੀਂ ਹੈ ਕਿ ਕੀ ਹਰ RSS ਵਰਕਰ ਧੱਕੇਸ਼ਾਹੀ ਦੀ ਵਕਾਲਤ ਕਰਦਾ ਹੈ, ਸਗੋਂ ਇਹ ਹੈ ਕਿ ਕੀ ਲਹਿਰ ਦੀ ਰਾਸ਼ਟਰੀ ਪਛਾਣ ਦੀ ਧਾਰਨਾ ਢਾਂਚਾਗਤ ਤੌਰ 'ਤੇ ਹਿੰਦੂ ਸੱਭਿਅਤਾ ਦੀ ਬਹੁਗਿਣਤੀ ਨੂੰ ਵਿਸ਼ੇਸ਼ ਅਧਿਕਾਰ ਦਿੰਦੀ ਹੈ।

ਇਹ ਦਾਅਵਾ ਕਿ RSS ਸਾਰੇ ਮੁਸਲਮਾਨਾਂ ਅਤੇ ਈਸਾਈਆਂ ਨੂੰ ਜ਼ਬਰਦਸਤੀ ਧਰਮ ਪਰਿਵਰਤਨ ਕਰਵਾਉਣਾ ਚਾਹੁੰਦਾ ਹੈ, ਇੱਕ ਇਕਸਾਰ ਜਾਂ ਰਸਮੀ ਸੰਗਠਨਾਤਮਕ ਪ੍ਰੋਗਰਾਮ ਵਜੋਂ ਸਾਬਤ ਨਹੀਂ ਕੀਤਾ ਜਾ ਸਕਦਾ। ਇੱਕ ਵਧੇਰੇ ਤੱਥ-ਅਧਾਰਤ ਸਿੱਟਾ ਇਹ ਹੈ ਕਿ ਹਿੰਦੂਤਵ ਦੇ ਪ੍ਰਭਾਵਸ਼ਾਲੀ ਹਿੱਸੇ ਘੱਟ ਗਿਣਤੀਆਂ ਤੋਂ ਇੱਕ ਅਧੀਨ ਸੱਭਿਆਚਾਰਕ ਸਥਿਤੀ ਨੂੰ ਸਵੀਕਾਰ ਕਰਨ ਦੀ ਉਮੀਦ ਕਰਦੇ ਹਨ, ਜਦੋਂ ਕਿ ਕੁਝ ਸੰਬੰਧਿਤ ਧਿਰਾਂ ਨੇ ਧਰਮ ਪਰਿਵਰਤਨ ਜਾਂ ÷ਘਰ ਵਾਪਸੀ÷ ਮੁਹਿੰਮਾਂ ਨੂੰ ਉਤਸ਼ਾਹਿਤ ਕੀਤਾ ਹੈ।

**10. ਸਿੱਖ ਪਛਾਣ ਅਤੇ ਰਾਸ਼ਟਰੀ ਸਿੱਖ ਸੰਗਤ**

ਹਿੰਦੂ ਪਛਾਣ ਦੀ RSS ਵੱਲੋਂ ਕੀਤੀ ਜਾਂਦੀ ਸੱਭਿਅਤਾ-ਅਧਾਰਤ ਪਰਿਭਾਸ਼ਾ ਨੇ ਸਿੱਖ ਸੰਸਥਾਵਾਂ ਨਾਲ ਨਿਰੰਤਰ ਟਕਰਾਅ ਪੈਦਾ ਕੀਤਾ ਹੈ। RSS ਦੇ ਬਿਰਤਾਂਤ ਨੇ ਅਕਸਰ ਸਿੱਖਾਂ, ਬੋਧੀਆਂ ਅਤੇ ਜੈਨੀਆਂ ਨੂੰ ਇੱਕ ਵਿਸ਼ਾਲ ਹਿੰਦੂ ਸੱਭਿਆਚਾਰਕ ਪਰਿਵਾਰ ਦੇ ਅੰਦਰ ਰੱਖਿਆ ਹੈ। ਬਹੁਤ ਸਾਰੇ ਸਿੱਖ ਇਸ ਨੂੰ ਨਿਗਲਣ (assimilation) ਵਾਲੀ ਨੀਤੀ ਮੰਨਦੇ ਹਨ ਕਿਉਂਕਿ ਸਿੱਖ ਸਿਧਾਂਤ, ਸੰਸਥਾਵਾਂ, ਸਮੂਹਿਕ ਯਾਦਾਂ ਅਤੇ ਰਾਜਨੀਤਿਕ ਪਛਾਣ ਸੁਤੰਤਰ ਹਨ, ਨਾ ਕਿ ਹਿੰਦੂ ਧਰਮ ਦੀ ਕੋਈ ਸ਼ਾਖਾ।

ਇਸ ਨਾਲ ਸੰਬੰਧਿਤ RSS-ਸੰਬੰਧਿਤ ਸੰਗਠਨ 'ਰਾਸ਼ਟਰੀ ਸਿੱਖ ਸੰਗਤ' ਹੈ (ਨਾ ਕਿ 'ਸਿੱਖ ਰਾਸ਼ਟਰੀ ਸੰਘ')। 1986 ਵਿੱਚ ਸਥਾਪਿਤ, ਇਹ ਆਪਣੇ ਆਪ ਨੂੰ ਹਿੰਦੂ-ਸਿੱਖ ਏਕਤਾ ਅਤੇ ਸਿੱਖਾਂ ਤੱਕ ਪਹੁੰਚ ਦੇ ਇੱਕ ਮੰਚ ਵਜੋਂ ਪੇਸ਼ ਕਰਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿੱਖਾਂ ਨੂੰ ਇਸ ਤੋਂ ਦੂਰ ਰਹਿਣ ਦਾ ਆਦੇਸ਼ (ਹੁਕਮਨਾਮਾ) ਜਾਰੀ ਕੀਤਾ ਹੋਇਆ ਹੈ, ਕਿਉਂਕਿ ਇਸਦੀਆਂ ਗਤੀਵਿਧੀਆਂ ਨੂੰ ਪੰਥਕ ਖੁਦਮੁਖਤਿਆਰੀ ਦੇ ਵਿਰੁੱਧ ਮੰਨਿਆ ਜਾਂਦਾ ਹੈ। ਇਹ ਟਕਰਾਅ ਹਿੰਦੂਤਵ ਵਿੱਚ ਇੱਕ ਵਿਆਪਕ ਖਿੱਚੋਤਾਣ ਨੂੰ ਦਰਸਾਉਂਦਾ ਹੈ: ਹਿੰਦੂ ਸੱਭਿਅਤਾ ਦੀ ਇੱਕ ਵਿਸਤ੍ਰਿਤ ਪਰਿਭਾਸ਼ਾ ਇਸਦੇ ਸਮਰਥਕਾਂ ਨੂੰ ਸਮਾਵੇਸ਼ੀ ਲੱਗ ਸਕਦੀ ਹੈ ਪਰ ਇਹ ਉਹਨਾਂ ਭਾਈਚਾਰਿਆਂ ਦੀ ਹੋਂਦ ਨੂੰ ਖੋਰਾ ਲਾਉਂਦੀ ਹੈ ਜਿਨ੍ਹਾਂ ਦੀ ਆਪਣੀ ਵੱਖਰੀ ਸਵੈ-ਪਰਿਭਾਸ਼ਾ ਹੈ।

**11. ਪ੍ਰਵਾਸੀ ਸੰਗਠਨ: HSS ਅਤੇ ਅੰਤਰਰਾਸ਼ਟਰੀ ਵਕਾਲਤ**

ਭਾਰਤ ਤੋਂ ਬਾਹਰ, ਹਿੰਦੂ ਸਵੈਮ-ਸੇਵਕ ਸੰਘ (HSS) ਨੌਜਵਾਨ ਪ੍ਰੋਗਰਾਮਾਂ, ਕੈਂਪਾਂ, ਸਰੀਰਕ ਗਤੀਵਿਧੀਆਂ, ਸੱਭਿਆਚਾਰਕ ਸਿੱਖਿਆ ਅਤੇ ਵਾਲੰਟੀਅਰ ਸੇਵਾ ਰਾਹੀਂ ਸ਼ਾਖਾ ਮਾਡਲ ਦੇ ਕਈ ਤੱਤਾਂ ਨੂੰ ਲਾਗੂ ਕਰਦਾ ਹੈ। ਅਮਰੀਕਾ, ਯੂਨਾਈਟਿਡ ਕਿੰਗਡਮ, ਕੈਨੇਡਾ ਅਤੇ ਹੋਰ ਥਾਵਾਂ 'ਤੇ ਰਜਿਸਟਰਡ ਕਾਨੂੰਨੀ ਸੰਸਥਾਵਾਂ ਅਕਸਰ ਆਪਣੀ ਸਥਾਨਕ ਸੁਤੰਤਰਤਾ 'ਤੇ ਜ਼ੋਰ ਦਿੰਦੀਆਂ ਹਨ। ਇਸ ਦੇ ਬਾਵਜੂਦ ਵਿਦਵਾਨ ਅਤੇ ਖੋਜੀ ਸੰਸਥਾਵਾਂ RSS ਨਾਲ ਵਿਚਾਰਧਾਰਕ, ਇਤਿਹਾਸਕ ਅਤੇ ਪ੍ਰਚਾਰਕ ਪੱਧਰ ਦੇ ਸਬੰਧਾਂ ਦੀ ਪਛਾਣ ਕਰਦੇ ਹਨ, ਹਾਲਾਂਕਿ ਇਹਨਾਂ ਸਬੰਧਾਂ ਦੀ ਕਾਨੂੰਨੀ ਸਥਿਤੀ ਹਰੇਕ ਦੇਸ਼ ਵਿੱਚ ਵੱਖਰੀ ਹੈ।

(ਚਲਦਾ)

## 72ਵੇਂ ਕੌਮੀ ਫ਼ਿਲਮ ਪੁਰਸਕਾਰ

# ਅਨੰਤ ਨਾਗ ਨੂੰ ਦਾਦਾ ਸਾਹਿਬ ਫਾਲਕੇ ਐਵਾਰਡ ਕਾਰਤਿਕ ਆਰੀਅਨ, ਮਾਮੂਟੀ ਤੇ ਯਾਮੀ ਗੌਤਮ ਬਣੇ ਸਰਬੋਤਮ ਅਦਾਕਾਰ

ਏਕਤਾ ਨਗਰ (ਗੁਜਰਾਤ) : ਰਾਸ਼ਟਰਪਤੀ ਦਰੋਪਦੀ ਮੁਰਮੂ ਵਲੋਂ ਸਾਲ 2024 ਦੇ 72ਵੇਂ ਰਾਸ਼ਟਰੀ ਫਿਲਮ ਪੁਰਸਕਾਰਾਂ ਦੀ ਵੰਡ ਕੀਤੀ ਗਈ। ਰਾਸ਼ਟਰਪਤੀ ਵਲੋਂ ਕੰਨੜ ਸਿਨੇਮਾ ਦੇ ਦਿੱਗਜ ਅਦਾਕਾਰ ਅਨੰਤ ਨਾਗ ਨੂੰ ਵੱਕਾਰੀ 'ਦਾਦਾ ਸਾਹਿਬ ਫਾਲਕੇ ਪੁਰਸਕਾਰ' ਨਾਲ ਨਿਵਾਜਿਆ ਗਿਆ। ਕਾਰਤਿਕ ਆਰੀਅਨ ਨੂੰ ਫਿਲਮ 'ਚੰਦੂ ਚੈਂਪੀਅਨ', ਮਲਿਆਮ ਅਦਾਕਾਰ ਮਾਮੂਟੀ ਨੂੰ 'ਬ੍ਰਹਮਯੁਗਮ' ਲਈ ਸਰਬੋਤਮ ਅਦਾਕਾਰ ਦਾ ਪੁਰਸਕਾਰ, ਜਦੋਂਕਿ ਯਾਮੀ ਗੌਤਮ ਨੂੰ ਫਿਲਮ 'ਆਰਟੀਕਲ 370' ਲਈ ਸਰਬੋਤਮ ਅਦਾਕਾਰਾ ਦੇ ਪੁਰਸਕਾਰ ਨਾਲ ਨਿਵਾਜ਼ਿਆ ਗਿਆ। ਆਦਿਤਿਆ ਸੁਹਾਸ ਜੰਭਾਲੇ ਵਲੋਂ ਨਿਰਦੇਸ਼ਿਤ ਹਿੰਦੀ ਫਿਲਮ 'ਆਰਟੀਕਲ 370' ਨੂੰ ਸਰਬੋਤਮ ਫਿਲਮ ਦਾ ਪੁਰਸਕਾਰ ਮਿਲਿਆ। ਸਰਬੋਤਮ ਹਿੰਦੀ ਫਿਲਮ ਦਾ ਪੁਰਸਕਾਰ ਫਿਲਮ 'ਸ੍ਰੀਕਾਂਤ' ਨੂੰ ਦਿੱਤਾ ਗਿਆ। ਅਦਾਕਾਰ ਤੋਂ ਨਿਰਦੇਸ਼ਕ ਬਣੇ ਰਣਦੀਪ ਹੁੱਡਾ ਨੂੰ ਫਿਲਮ 'ਸਵਾਤੰਤਰਯ ਵੀਰ



ਸਾਵਰਕਰ' ਲਈ ਨਿਰਦੇਸ਼ਕ ਦੀ ਸਰਬੋਤਮ ਪਹਿਲੀ ਫਿਲਮ (ਬੈਸਟ ਡੈਬਿਊ ਫਿਲਮ ਆਫ ਏ ਡਾਇਰੈਕਟਰ) ਦਾ ਪੁਰਸਕਾਰ ਮਿਲਿਆ, ਜਦਕਿ ਰਾਜਕੁਮਾਰ ਪੇਰੀਆਸਾਮੀ ਨੂੰ ਤਮਿਲ ਫਿਲਮ 'ਅਮਰਨ' ਲਈ ਸਰਬੋਤਮ ਨਿਰਦੇਸ਼ਨ ਦਾ ਪੁਰਸਕਾਰ ਦਿੱਤਾ ਗਿਆ। ਤਾਮਿਲ ਫਿਲਮ ਅਦਾਕਾਰ ਧਨੁਸ਼ ਨੂੰ ਦੋ ਸ਼੍ਰੇਣੀਆਂ ਵਿਚ ਕੌਮੀ ਪੁਰਸਕਾਰ ਦਿੱਤਾ ਗਿਆ। ਉਨ੍ਹਾਂ ਨੂੰ ਤਾਮਿਲ ਫਿਲਮ 'ਰਾਇਨ' ਲਈ ਸਰਬੋਤਮ ਡਾਇਰੈਕਟਰ ਵਜੋਂ ਪਹਿਲਾ ਰਾਸ਼ਟਰੀ ਪੁਰਸਕਾਰ ਮਿਲਿਆ, ਜਦੋਂਕਿ ਅਰੁਣ ਮਾਥੇਸਵਰਨ ਵਲੋਂ ਨਿਰਦੇਸ਼ਿਤ ਫਿਲਮ 'ਕੈਪਟਨ ਮਿਲਰ' 'ਚ ਅਦਾਕਾਰੀ ਲਈ ਵੀ ਕੌਮੀ ਪੁਰਸਕਾਰ ਦਿੱਤਾ ਗਿਆ ਸੁਮੀਰਾ ਰਾਏ ਵਲੋਂ ਨਿਰਦੇਸ਼ਿਤ ਅਤੇ ਨਿਰਮਿਤ ਫਿਲਮ 'ਭੰਗਾਰ' ਨੂੰ 'ਬੈਸਟ ਨਾਨ-ਫੀਚਰ ਫਿਲਮ' ਦਾ ਪੁਰਸਕਾਰ ਮਿਲਿਆ, ਜੋ ਰਾਏ ਨੇ ਖ਼ੁਦ ਪ੍ਰਾਪਤ ਕੀਤਾ। ਸੰਜੀਵ ਸ੍ਰੀਵਾਸਤਵ ਨੂੰ ਰਾਸ਼ਟਰਪਤੀ ਵਲੋਂ ਹਿੰਦੀ ਭਾਸ਼ਾ ਵਿਚ ਸਰਬੋਤਮ ਫਿਲਮ ਆਲੋਚਕ ਦਾ ਪੁਰਸਕਾਰ ਦਿੱਤਾ ਗਿਆ। ਸਚਨਾ ਨਾਮਿਦਾਸ ਨੂੰ ਤਮਿਲ ਫਿਲਮ 'ਮਹਾਰਾਜਾ' ਲਈ ਸਹਾਇਕ ਭੂਮਿਕਾ ਲਈ ਸਰਬੋਤਮ ਅਦਾਕਾਰਾ ਦਾ ਪੁਰਸਕਾਰ, ਬਾਲੀਵੁੱਡ ਅਦਾਕਾਰ ਸੰਜੇ ਮਿਸ਼ਰਾ ਨੂੰ 'ਭਕਸ਼ਕ' ਲਈ ਸਰਬੋਤਮ ਸਹਾਇਕ ਭੂਮਿਕਾ ਦਾ ਪੁਰਸਕਾਰ ਦਿੱਤਾ ਗਿਆ।ਅਭੈ ਜੋਧਪੁਰਕਰ ਨੂੰ ਮਰਾਠੀ ਫਿਲਮ ਘਰਤ ਗਣਪਤੀ ਦੇ 'ਨਵਸਾਚੀ ਗੌਰੀ ਮਾਜ਼ੀ' ਲਈ ਸਰਬੋਤਮ ਪੁਰਸ਼ ਪਿੱਠਵਰਤੀ ਗਾਇਕ ਦਾ ਪੁਰਸਕਾਰ ਮਿਲਿਆ, ਜਦੋਂਕਿ ਵੈਕੋਮ ਵਿਜੇਲਕਸ਼ਮੀ ਨੂੰ ਮਲਿਆਲਮ ਫਿਲਮ 'ਏਆਰਐਮ' ਦੇ 'ਅੰਗੂ ਵਾਣਾ ਕੋਨਿਲੂ' ਗੀਤ ਲਈ ਸਰਬੋਤਮ ਮਹਿਲਾ ਪਿੱਠਵਰਤੀ ਗਾਇਕਾ ਦਾ ਪੁਰਸਕਾਰ ਦਿੱਤਾ ਗਿਆ। ਸ਼ਾਸ਼ਵਤ ਸਚਦੇਵ ਨੂੰ 'ਆਰਟੀਕਲ 370' ਵਿਚ ਗੀਤਾਂ ਲਈ ਸਰਬੋਤਮ ਸੰਗੀਤ ਨਿਰਦੇਸ਼ਨ ਦਾ ਪੁਰਸਕਾਰ ਮਿਲਿਆ, ਜਦੋਂਕਿ ਜੀ.ਵੀ. ਪ੍ਰਕਾਸ਼ ਕੁਮਾਰ ਨੂੰ 'ਅਮਰਨ' ਦੇ ਪਿਛੋਕੜ ਸੰਗੀਤ ਲਈ ਸਨਮਾਨਿਤ ਕੀਤਾ ਗਿਆ। ਫਿਲਮ 'ਆਰਟੀਕਲ 370 ਨੂੰ ਤਿੰਨ ਰਾਸ਼ਟਰੀ ਫਿਲਮ ਪੁਰਸਕਾਰ ਮਿਲੇ, ਜਿਨ੍ਹਾਂ ਵਿਚ ਸਰਬੋਤਮ ਫਿਲਮ, ਸਰਬੋਤਮ ਅਦਾਕਾਰਾ ਅਤੇ ਸਰਬੋਤਮ ਸੰਗੀਤ ਨਿਰਦੇਸ਼ਨ ਸ਼ਾਮਿਲ ਹਨ। ਵਿਜੇ ਗਾਂਗੁਲੀ ਨੂੰ ਫਿਲਮ 'ਸਤ੍ਰੀ 2' ਦੇ ਗੀਤ 'ਆਜ ਕੀ ਰਾਤ' ਲਈ ਸਰਬੋਤਮ ਕੋਰੀਓਗ੍ਰਾਫੀ ਪੁਰਸਕਾਰ ਮਿਲਿਆ।

## ਪੰਜਾਬੀ ਅਕਾਦਮਿਕਤਾ ਤੇ ਚਿੰਤਨ ਦਾ ਧਰੂ-ਤਾਰਾ: ਡਾ. ਗੁਰਪਾਲ ਸਿੰਘ ਸੰਧੂ

ਪੰਜਾਬੀ ਭਾਸ਼ਾ, ਸਾਹਿਤਕ ਆਲੋਚਨਾ ਅਤੇ ਵਿਰਸੇ ਦੇ ਸਿਖ਼ਰਲੇ ਵਿਦਵਾਨ ਦੀ ਸ਼ਖ਼ਸੀਅਤ ’ਤੇ ਇੱਕ ਝਾਤ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰਕ ਚਿੰਤਨ ਦੇ ਖੇਤਰ ਵਿੱਚ ਡਾ. ਗੁਰਪਾਲ ਸਿੰਘ ਸੰਧੂ ਇੱਕ ਅਜਿਹਾ ਮਾਣਮੱਤਾ ਤੇ ਸਤਿਕਾਰਤ ਨਾਮ ਹਨ, ਜਿਨ੍ਹਾਂ ਨੇ ਆਪਣੀ ਡੂੰਘੀ ਖੋਜ-ਦ੍ਰਿਸ਼ਟੀ ਅਤੇ ਅਕਾਦਮਿਕ ਵਚਨਬੱਧਤਾ ਨਾਲ ਮਾਂ-ਬੋਲੀ ਦੀ ਸੇਵਾ ਵਿੱਚ ਨਵੇਂ ਮੀਲ-ਪੱਥਰ ਸਥਾਪਤ ਕੀਤੇ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ‘ਪੰਜਾਬੀ ਸਕੂਲ ਆਫ਼ ਸਟੱਡੀਜ਼’ ਦੇ ਮੁਖੀ ਵਜੋਂ ਉਚੇਰੀ ਸਿੱਖਿਆ ਅਤੇ ਖੋਜ ਕਾਰਜਾਂ ਦੀ ਸ਼ਾਨਦਾਰ ਅਗਵਾਈ ਕਰ ਰਹੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਉੱਚ ਸਿੱਖਿਆ ਹਾਸਲ ਕਰਨ ਵਾਲੇ ਡਾ. ਸੰਧੂ ਕੇਵਲ ਇੱਕ ਸੁਹਿਰਦ ਅਧਿਆਪਕ ਹੀ ਨਹੀਂ, ਸਗੋਂ ਪੰਜਾਬੀ ਲੋਕਧਾਰਾ, ਮੱਧਕਾਲੀ ਚਿੰਤਨ ਅਤੇ ਆਧੁਨਿਕ ਪੰਜਾਬੀ ਕਵਿਤਾ ਦੇ ਗੰਭੀਰ ਖੋਜਕਾਰ ਤੇ ਸੁਲਝੇ ਹੋਏ ਆਲੋਚਕ ਵਜੋਂ ਜਾਣੇ ਜਾਂਦੇ ਹਨ। ਦੇਸ਼-ਵਿਦੇਸ਼ ਦੀਆਂ ਵੱਕਾਰੀ ਕਾਨਫ਼ਰੰਸਾਂ ਵਿੱਚ ਪੇਸ਼ ਕੀਤੇ ਉਨ੍ਹਾਂ ਦੇ ਖੋਜ-ਪੱਤਰ ਅਤੇ ਨਾਮਵਰ ਖੋਜ-ਰਸਾਲਿਆਂ ਵਿੱਚ ਛਪੇ ਆਰਟੀਕਲ ਪੰਜਾਬੀ ਆਲੋਚਨਾ ਜਗਤ ਦੀ ਅਮੀਰ ਵਿਰਾਸਤ ਹਨ। ਉਨ੍ਹਾਂ ਦੀ ਸੁਯੋਗ ਰਹਿਨੁਮਾਈ ਹੇਠ ਦਰਜਨਾਂ ਖੋਜਾਰਥੀਆਂ ਨੇ ਐੱਮ. ਫਿਲ ਅਤੇ ਪੀ-ਐੱਚ.ਡੀ. ਦੀਆਂ ਡਿਗਰੀਆਂ ਪ੍ਰਾਪਤ ਕਰਕੇ ਪੰਜਾਬੀ ਅਕਾਦਮਿਕਤਾ ਦੇ ਘੇਰੇ ਨੂੰ ਹੋਰ ਵਿਸ਼ਾਲ ਕੀਤਾ ਹੈ। ਮਾਂ-ਬੋਲੀ ਪ੍ਰਤੀ ਉਨ੍ਹਾਂ ਦੇ ਅਥਾਹ ਸਮਰਪਣ ਅਤੇ ਬੌਧਿਕ ਘਾਲਣਾ ਨੂੰ ਸਤਿਕਾਰ ਸਹਿਤ ਸਲਾਮ ਕਰਦਿਆਂ, ਅਸੀਂ ਪ੍ਰੋਫ਼ੈਸਰ ਸੁਖਪਾਲ ਸਿੰਘ ਥਿੰਦ ਵੱਲੋਂ ਲਿਖਿਆ ਖੋਜ-ਭਰਪੂਰ ਲੇਖ ‘ਸ.ਫਲ ਵਿਦਵਾਨ : ਗੁਰਪਾਲ ਸੰਧੂ’ ਆਪਣੇ ਸਤਿਕਾਰਯੋਗ ਪਾਠਕਾਂ ਦੇ ਰੂ-ਬ-ਰੂ ਕਰਦਿਆਂ ਦਿਲੀ ਮਾਣ ਅਤੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ। — ਸਤਨਾਮ ਸਿੰਘ

# ਸ.ਫਲ ਵਿਦਵਾਨ : ਗੁਰਪਾਲ ਸੰਧੂ



(ਭਾਗ ਛੇਵਾਂ)

ਪ੍ਰੋ. ਸੁਖਪਾਲ ਸਿੰਘ ਥਿੰਦ



ਚਾਲੀ ਕੁ ਸਾਲ ਤੱਕ ਗੁਰਪਾਲ ਨੇ ਆਪਣੇ ਸਭ ਵੱਡੇ ਮੋਰਚੇ ਫਤਿਹ ਕਰ ਲਏ ਸਨ। ਬੇਟੇ ਸਾਜਨ ਅਤੇ ਧੀ ਰੂਹਨ ਉਨ੍ਹਾਂ ਦੀ ਜਿੰਦਗੀ ਨੂੰ ਨਵੀਂ ਧੜਕਨ ਦੇਣ ਲੱਗ ਪਏ ਸਨ। ਮਨਜੀਤ ਵੀ ਡਾ. ਮਨਜੀਤ ਸੰਧੂ ਬਣ ਕੇ ਮੋਦੀ ਕਾਲਜ ਪਟਿਆਲੇ ਆਣ ਲੱਗੀ ਸੀ। ਅਰਬਨ ਅਸਟੇਟ ਪਟਿਆਲੇ ਵਾਲੀ ਕੋਠੀ ਤਾਂ ਉਸ ਨੇ ਤੀਹ ਸਾਲ ਦੀ ਉਮਰ ਤੋਂ ਵੀ ਪਹਿਲਾਂ ਬਣਾ ਲਈ ਸੀ। ਹੁਣ ਤਾਂ ਪਟਿਆਲੇ ਉਸ ਕੁਝ ਦੁਕਾਨਾਂ ਵੀ ਖਰੀਦ ਲਈਆਂ ਸਨ। ਅਗਲੇ ਕੁਝ ਸਾਲਾਂ ਵਿੱਚ ਉਹ ਚੰਡੀਗੜ੍ਹ ਤਿੰਨ ਮੰਜਿਲਾ ਫਲੈਟ ਵੀ ਜਾ ਖ੍ਰੀਦਦਾ ਹੈ । ਪਿੰਡ ਦੀ ਜੱਦੀ ਪੁਸ਼ਤੀ ਜ਼ਮੀਨ ਉਸ ਨੂੰ ‘ਸੰਧੂ ਜੱਟ’ ਵਾਲਾ ਮਾਣ ਬਖਸ਼ਣ ਲਈ ਕਾਫੀ ਸੀ। ਯੂਨੀਵਰਸਿਟੀ ਵਿੱਚ ਡਾ. ਦੀਪਕ ਮਨਮੋਹਨ ਦਾ ਥਾਪੜਾ ਉਸਦੀ ਪਿੱਠ ਤੇ ਸੀ। ਦਿੱਲੀ ਵਾਲੇ ਡਾ. ਜਗਬੀਰ ਸਿੰਘ ਉਸ ਨੂੰ ਪੁੱਛ ਕੇ ਯੋਜਨਾਵਾਂ ਬਣਾਉਣ ਲੱਗੇ ਸਨ। ਇਹੋ ਜਿਹੇ ਵੱਡੇ ਵੱਡੇ ਕਈ ਸਾਹਿਤਕ ਮਹਾਂਰਥੀ ਉਸਦੇ ਆਸ-ਪਾਸ ਸਨ। ਹੁਣ ਉਹ ਉਨ੍ਹਾਂ ਦੁਆਲੇ ਗ੍ਰਹਿਆਂ ਵਾਂਗ ਘੁੰਮਦਾ ਅਤੇ ਕਿਤੇ ਉਨ੍ਹਾਂ ਦਰਮਿਆਨ ਸੂਰਜ ਬਣਿਆ ਉਨ੍ਹਾਂ ਨੂੰ ਘੁੰਮਾ ਰਿਹਾ ਹੁੰਦਾ।

ਗੁਰਪਾਲ ਸਿਰੇ ਦੀ ਨੱਠ-ਭੱਜ ਕਰ ਸਕਦਾ ਹੈ। ਉਸ ਦੀ ਭੱਜ-ਦੌੜ ਦੀਆਂ ਖਬਰਾਂ ਅਕਸਰ ਮਿਲਦੀਆਂ। ਕਦੇ ਉਹ ਇਗਲੈਂਡ ਵਿੱਚ ਕਿਸੇ ਕਾਨਫਰੰਸ ਵਿੱਚ ਭਾਗ ਲੈ ਰਿਹਾ ਹੁੰਦਾ। ਉਥੇ ਦਰਸ਼ਨ ਧੀਰ ਦੀ ਬਹਿਜਾ ਬਹਿਜਾ ਕਰਵਾ ਰਿਹਾ ਹੁੰਦਾ। ਧੀਰ ਨੂੰ ਉਹ ਸਭ ਤੋਂ ਵੱਡਾ ਨਾਵਲਕਾਰ ਸਿੱਧ ਕਰਨ ਵਿੱਚ ਜੁੱਟਿਆ ਰਿਹਾ। ਕਦੇ ਅਮਰੀਕਾ ਕਹਾਣੀ ਉੱਤੇ ਪੇਪਰ ਪੜ੍ਹ ਰਿਹਾ ਹੁੰਦਾ। ਉਹ ਤਾਂ ਪਾਕਿਸਤਾਨ ਆਪਣੇ ਪੁਰਖਿਆਂ ਦੇ ਪੁਰਾਣੇ ਪਿੰਡ ਬਹਿੜਵਾਲ ਵੀ ਗੇੜਾ ਮਾਰ ਆਇਆ ਸੀ। ਯੂਨੀਵਰਸਿਟੀ ਵਿੱਚ ਤਾਂ ਉਹ ਛਾਇਆ ਪਿਆ ਹੀ ਸੀ। ਨਵੇਂ ਗਿਆਨ ਦੇ ਲਾਟੂ, ਜੁਗਾੜਬੰਦੀਆਂ ਦੀ ਰਣਨੀਤਕ ਸਮਝ ਅਤੇ ਅਣਥੱਕ ਲੈੱਗ ਵਰਕ ਜਿਹੇ ਤਿੰਨੇ ਬ੍ਰਹਮ ਅਸਤਰਾਂ ਨਾਲ ਉਹ ਲੈੱਸ ਸੀ। ਯੂਨੀਵਰਸਿਟੀ ਅਧਿਕਾਰੀਆਂ ਦੇ ਅੱਖਾਂ ਦਾ ਤਾਰਾ ਬਣਨ ਲਈ ਉਸ ਨੂੰ ਬਹੁਤੀ ਦੇਰ ਨਾ ਲੱਗੀ। ਈਵਨਿੰਗ ਸਟੱਡੀ ਵਿਭਾਗ ਦੀ ਜਿੰਮੇਵਾਰੀ ਸੰਭਾਲਣ ਦੇ ਨਾਲ ਨਾਲ ਯੂਨੀਵਰਸਿਟੀ ਦੇ ਹੋਰ ਬਥੇਰੇ ਕੰਮ ਉਸ ਦੀ ਝੋਲੀ ਆਣ ਡਿੱਗੇ। ਉਹ ਯੂਨੀਵਰਸਿਟੀ ਵਿੱਚ ਕਦੇ ਕੋਈ ਕਾਨਫਰੰਸ ਕਰਵਾ ਰਿਹਾ ਹੁੰਦਾ। ਕਿਤੇ ਅਕਡੈਮਿਕ ਸਟਾਫ਼ ਕਾਲਜ ਦੇ ਰਿਫਰੈਸ਼ਰ ਕੋਰਸ ਵਿੱਚ ਲੈਕਚਰ ਦੇ ਰਿਹਾ ਹੁੰਦਾ। ਯੂਨੀਵਰਸਿਟੀ ਦੀ ਰਵੀਦਾਸ ਚੇਅਰ ਅਤੇ ਗੁਰੂ ਨਾਨਕ ਸਿੱਖ ਸਟੱਡੀਜ਼ ਦੀ ਜ਼ਿੰਮੇਵਾਰੀ ਨਿਭਾਉਣ ਦੇ ਨਾਲ ਨਾਲ ਉਸ ਨੇ ਪਬਲੀਕੇਸ਼ਨ ਬਿਊਰੋ ਦੇ ਡਾਇਰੈਕਟਰ ਦੀ ਕੁਰਸੀ ਦਾ ਲੁਤਫ ਵੀ ਮਾਣ ਲਿਆ। ਡੀਨ ਭਾਸ਼ਾਵਾਂ ਬਣਨ ਦਾ ਤਾਂ ਹਮਾਤੜਾਂ ਨੂੰ ਇੱਕ ਵਾਰ ਮਸਾਂ ਮੌਕਾ ਮਿਲਦਾ ਹੈ , ਉਹ ਇਥੇ ਸਗੋਂ ਦੋਹਰ ਪਾ ਗਿਆ। ਨਵੀਆਂ ਕੁਰਸੀਆਂ, ਨਵੀਆਂ ਜਿੰਮੇਵਾਰੀਆਂ ਮੁਤਾਬਿਕ ਉਸਦੀਆਂ ਕਿਤਾਬਾਂ ਛਪਦੀਆਂ ਹਨ। ਗਲਪ ਵਿਗਿਆਨੀ ਡਾ. ਗੁਰਪਾਲ, ਭਾਰਤੀ ਗਿਆਨ ਪ੍ਰੰਪਰਾ ਅਤੇ ਧਰਮ ਅਧਿਐਨ ਦੇ ਖੇਤਰਾਂ ਵਿੱਚ ਵੀ ਪੂਰੇ ਵਿਸ਼ਵਾਸ਼ ਨਾਲ ਵਿਚਰਨ ਲੱਗਦਾ ਹੈ । ਉਸਦੇ ਨੇੜਲੇ ਮਿੱਤਰ ਅਕਸਰ ਸੋਚਦੇ, ‘ਐਨੇ ਕੰਮ ਕਰਦਿਆਂ, ਗੁਰਪਾਲ ਪੜ੍ਹਦਾ ਕਦੋਂ ਐਂ?’ ਇਹੋ ਜਿਹਾ ਅਸੀਂ ਵੀ ਬਹੁਤ ਪਹਿਲਾਂ ਪਟਿਆਲੇ ਸੋਚਦੇ ਹੁੰਦੇ ਸੀ। ਡਾ. ਧਾਲੀਵਾਲ ਤਾਂ ਹੱਸਦਿਆਂ ਕਹਿ ਵੀ ਛੱਡਦਾ, “ਕਿਤਾਬਾਂ ਦੀਆਂ ਭੂਮਿਕਾਵਾਂ ਪੜ੍ਹ ਪੜ੍ਹ ਕੰਮ ਦਬੱਲੀ ਜਾਂਦੈ ...!” ਅਸੀਂ ਹੱਸ ਛੱਡਦੇ। ਸਹੀ ਕੀ ਸੀ ਇਹ ਗੁੱਝਾ ਭੇਤ ਅੱਜ ਤੱਕ ਨਹੀਂ ਖੁੱਲ੍ਹ ਸਕਿਆ। ਗੁਰਪਾਲ ਨੂੰ ਗੁੱਝੇ ਭੇਤ ਸਾਂਭ ਕੇ ਰੱਖਣੇ ਆਉਂਦੇ ਹਨ। ਹੌਲੀ ਹੌਲੀ ਉਸਨੇ ਸਫ਼ਲ ਵੱਡੇ ਬੰਦਿਆਂ ਵਾਲੇ ਸਾਰੇ ਕਰਤੱਬ ਸਿੱਖ ਲਏ ਸਨ। ਇਹ ਉਸ ਦੀ ਦਰਿਆਦਿਲੀ ਹੈ ਕਿ ਉਹ ਕਿਸੇ ਵੀ ਗਿਆਨ ਨੂੰ ਆਪਣੇ ਤੱਕ ਸੀਮਤ ਨਹੀਂ ਰੱਖਦਾ। ਜ਼ਿੰਦਗੀ ’ਚੋਂ ਕਮਾਏ ਗਿਆਨ ਨੂੰ ਵੀ ਨਹੀਂ। ਇਸਦਾ ਥੋੜ੍ਹਾ ਬਹੁਤਾ ਗੱਫਾ ਨੇੜਲਿਆਂ ਵਿੱਚ ਜ਼ਰੂਰ ਵੰਡਦਾ ਹੈ। ਇਹੋ ਜਿਹਾ ਗੱਫਾ ਲੈ ਕੇ ਮੁੜਿਆ ਡਾ. ਬਲਕਾਰ ਸਿੰਘ ਇੱਕ ਦਿਨ ਮੈਨੂੰ ਦੱਸਣ ਲੱਗਾ, “ਡਾ. ਗੁਰਪਾਲ ਨੇ ਸਫ਼ਲ ਹੋਣ ਦੇ ਦੋ ਫੰਡੇ ਦੱਸੇ ਨੇ, ਕੰਟੈਕਟ ਅਤੇ ਹੱਥ ’ਚ ਗਾਜਰਾਂ।” ਮੈਂ ਉਸ ਦੇ ਦੋਨਾਂ ਫੰਡਿਆਂ ਬਾਰੇ ਸੋਚਦਾ ਅਕਸਰ ਸੋਚਾਂ ਵਿੱਚ ਪੈ ਜਾਂਦਾ।

ਜਲੰਧਰ ਆ ਵਸਣ ਕਾਰਣ ਮੇਰਾ ਉਸ ਨਾਲ ਮੇਲ-ਜੋਲ ਘੱਟ ਗਿਆ। ਵੈਸੇ ਵੀ ਉਸ ਦੁਆਲੇ ਨਵੇਂ ਬੰਦੇ ਆ ਜੁੜਨ ਕਾਰਣ ਪੁਰਾਣੇ ਵਿੱਥ ਤੇ ਜਾ ਪਏ ਸਨ। ਮੇਰੀਆਂ ਪਹਿਲੀਆਂ ਦੋ ਕਿਤਾਬਾਂ ਛਪੀਆਂ। ਉਸ ਨੂੰ ਭੇਜੀਆਂ। ਫੂਨ ਤੱਕ ਨਾ ਆਇਆ। ਸਫ਼ਰਨਾਮੇ ‘ਲੰਡਨ ਨੂੰ ਮਿਲਦਿਆਂ’ ਤੇ ਕਪੂਰਥਲੇ ਗੋਸ਼ਟੀ ਕਰਵਾਈ, ਉਹ ਨਾ ਪਹੁੰਚਿਆ। ‘ਕੈਨੇਡਾ: ਇੱਕ ਬਾਗ ਬਹੁਰੰਗੀ’ ਤੇ ਮੁਹਾਲੀ ਗੋਸ਼ਟੀ ਕਰਵਾਈ। ਬਹੁਤ ਜ਼ੋਰ ਪਾਉਣ ਕਾਰਣ ਉਹ ਪਹੁੰਚਿਆ ਜ਼ਰੂਰ ਪਰ ਉਸਦੇ ਬੋਲਣ ਤੋਂ ਜਾਪਦਾ ਨਹੀਂ ਸੀ ਕਿ ਉਸ ਨੇ ਸਫ਼ਰਨਾਮਾਂ ਪੂਰਾ ਪੜ੍ਹਿਆ ਹੈ। ਜਲੰਧਰ ਘਰ ਬਣਾਇਆ। ਉਸਦੀ ਚੱਠ ਤੇ ਉਸ ਨੂੰ ਪਿਆਰ ਨਾਲ ਸੱਦਿਆ। ਉਹ ਨਾ ਆਇਆ। ਬਾਅਦ ਵਿੱਚ ਫੂਨ ਕਰਕੇ ਕੋਈ ਕਾਰਣ ਦੱਸਣ ਦੀ ਲੋੜ ਵੀ ਨਾ ਸਮਝੀ। ਪਰ ਉਸਦਾ ਫੂਨ ਉਦੋਂ ਜ਼ਰੂਰ ਆਉਂਦਾ ਜਦੋਂ ਕਿਤੇ ਪੰਜਾਬੀ ਅਕਾਡਮੀ ਲੁਧਿਆਣਾ ਦੀ ਚੋਣ ਆਉਂਦੀ। ਚੋਣ ਤੋਂ ਕੁਝ ਦਿਨ ਪਹਿਲਾਂ ਉਹ ਆਪਣੇ ਧੜੇ ਦੇ ਉਮੀਦਵਾਰਾਂ ਨੂੰ ਵੋਟ ਪਾਉਣ ਲਈ ਜ਼ਰੂਰ ਕਹਿੰਦਾ। ਨਾਲ ਹੀ ਮਿੱਠਾ ਜਿਹਾ ਮਿਹਣਾ ਮਾਰਦਾ, “ਤੂੰ ਮਿਲਦਾ ਈ ਨ੍ਹੀਂ ...ਮਿਲਿਆ ਕਰ, ਤੇਰਾ ਵੀ ਕਰੀਏ ਕੋਈ ਜੁਗਾੜ ਯੂਨਵਰਸਿਟੀ ਦਾ...!” ਫਿਰ ਉਹ ਵਾਹਵਾ ਚਿਰ ਗੱਲਾਂ ਕਰ ਆਪਣੇ ਧੜੇ ਦੇ ਉਮੀਦਵਾਰਾਂ ਨੂੰ ਵੋਟ ਪਾਉਣ ਦੀ ਤਾਕੀਦ ਕਰਦਾ। ਮੈਨੂੰ ਉਸਦਾ ਇਸ ਬਹਾਨੇ ਹੀ ਸਹੀ, ਯਾਦ ਕਰਨਾ ਚੰਗਾ ਲੱਗਦਾ।

ਮੈਂ ਆਪਣੇ ਦਿਲ ਵਿੱਚ ਇੱਕ ਖਾਸ ਪਲਾਟ ਕੱਟ ਕੇ ਉਸ ਲਈ ਰਾਖਵਾਂ ਰੱਖਿਆ ਹੋਇਆ ਸੀ। ਦਿਲ ਵਿੱਚ ਉਸ ਲਈ ਕਦੇ-ਕਦੇ ਉਛਾਲ ਵੱਜਦਾ। ਆਪਣੇ ਕਿਸੇ ਕੰਮ ਲਈ ਚੰਡੀਗੜ੍ਹ ਗਿਆਂ, ਇੱਕ ਵਾਰ ਇੱਕ ਇਹੋ ਜਿਹਾ ਹੀ ਉਛਾਲ ਵੱਜਾ। ਮੈਂ ਉਸ ਨੂੰ ਫੂਨ ਲਾ ਲਿਆ। ਉਸ ਨੇ ਮਿਲ ਕੇ ਜਾਣ ਲਈ ਕਿਹਾ। ਮੈਂ ਉਸ ਦੇ ਘਰ ‘ਨਕੱਈਜ਼ ਸਰਗਮ’ ਪਹੁੰਚ ਗਿਆ। ਨਾਮ ਪੜ੍ਹ ਕੇ ਅੰਦਰੇ ਅੰਦਰ ਹੱਸਿਆ, “ਗੁਰਪਾਲ ਸਿਆਂ, ਜਿਹੜੇ ਕੰਮਾਂ ਤੋਂ ਤੈਨੂੰ ਪਟਿਆਲੇ ਹਟਾਇਆ ਸੀ ਤੂੰ ਚੰਡੀਗੜ੍ਹ ਆ ਕੇ ਮੁੜ ਉਹੀ ਸ਼ੁਰੂ ਕਰ ਲਏ!”

ਪਹੁੰਚਿਆਂ ਹੀ ਸਾਂ ਕਿ ਮਗਰੇ ਮਗਰ ਪਟਿਆਲੇ ਯੂਨੀਵਰਸਿਟੀ ਵਾਲੇ ਵਿਦਵਾਨਾਂ ਦੀ ਟੋਲੀ ਆਣ ਪੁੱਜੀ । ਉਹ ਚੰਡੀਗੜ੍ਹ ਯੂਨੀਵਰਸਿਟੀ ਦੇ ਕਿਸੇ ਸਮਾਗਮ ਵਿੱਚ ਆਏ ਸਨ। ਦੇਰ ਰਾਤ ਤੱਕ ਹਵਾ-ਪਿਆਜੀ ਹੋਇਆਂ, ਗੱਲਾਂ ਚੱਲਦੀਆਂ ਰਹੀਆਂ। ਵਿਦਵਾਨ ਸਾਥੀ ਰਾਤ ਨੂੰ ਹੀ ਵਾਪਸ ਮੁੜ ਗਏ। ਸੋਚਿਆ ਗੁਰਪਾਲ ਨਾਲ ਸਵੇਰੇ ਇਕੱਲਾ ਬੈਠ ਕੇ ਕੁਝ ਸਮਾਂ ਗੁਜਾਰਾਂਗਾ। ਢਿੱਡ ਫਰੋਲਾਂਗੇ। ਬੀਤੇ ਨੂੰ ਮੁੜ ਤਾਜਾ ਕਰਾਂਗੇ। ਸਵੇਰੇ ਉੱਠਿਆ ਤਾਂ ਉਸਦੇ ਰਸੋਈਏ ਰੌਸ਼ਨੀ ਨੇ ਦੱਸਿਆ, “...ਵੋਹ ਤੋ ਬਹੁਤ ਸੁਬਹ ਪਟਿਆਲਾ ਚਲੇ ਗਯੇ... ਨਾਸ਼ਤਾ ਦੇਨੇ ਕੇ ਲੀਏ ਬੋਲ ਗਯੇ ਹੈਂ! ਲੰਮਾ ਸਮਾਂ ਸਾਡੇ ਦਰਮਿਆਨ ਚੁੱਪ ਤਣੀ ਰਹਿੰਦੀ ਹੈ। (ਚਲਦਾ)

# ਮਰਹੂਮ ਗਾਇਕ ਤੇ ਕਲਾਕਾਰ ਜ਼ੁਬੀਨ ਗਰਗ ਦੀ ਪਹਿਲੀ ਬਰਸੀ ਮੌਕੇ ਨਗਾਓਂ ’ਚ ਕਾਂਗਰਸ ਵੱਲੋਂ ਵਿਸ਼ਾਲ ਕੈਂਡਲ ਮਾਰਚ

### ਮਰਹੂਮ ਕਲਾਕਾਰ ਨਾਲ ਜੁੜੇ ਮਾਮਲਿਆਂ ’ਚ ਇਨਸਾਫ਼ ਅਤੇ ਪਾਰਦਰਸ਼ਤਾ ਦੀ ਮੰਗ; ਗੌਰਵ ਗੋਗੋਈ ਬੋਲੇ—‘ਜ਼ੁਬੀਨ ਗਰਗ ਅਸਾਮ ਦੇ ਸਵੈਮਾਣ ਤੇ ਸੱਭਿਆਚਾਰ ਦਾ ਪ੍ਰਤੀਕ ਸਨ, ਸਰਕਾਰ ਆਪਣੀ ਜਵਾਬਦੇਹੀ ਤੋਂ ਨਾ ਭੱਜੇ’









ਨਗਾਓਂ (ਅਸਾਮ) : ਅਸਾਮ ਦੇ ਹਰਮਨਪਿਆਰੇ ਮਰਹੂਮ ਗਾਇਕ, ਸੰਗੀਤਕਾਰ ਅਤੇ ਕਲਾਕਾਰ ਜ਼ੁਬੀਨ ਗਰਗ ਦੀ ਪਹਿਲੀ ਬਰਸੀ ਮੌਕੇ ਕਾਂਗਰਸ ਪਾਰਟੀ ਵੱਲੋਂ ਜ਼ਿਲ੍ਹਾ ਨਗਾਓਂ ਵਿਖੇ ਇੱਕ ਵਿਸ਼ਾਲ ਅਤੇ ਸ਼ਾਂਤੀਪੂਰਨ ਕੈਂਡਲ ਮਾਰਚ (ਮੋਮਬੱਤੀ ਮਾਰਚ) ਕੱਢਿਆ ਗਿਆ। ਇਸ ਮਾਰਚ ਦੌਰਾਨ ਮਰਹੂਮ ਕਲਾਕਾਰ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਨਾਲ ਜੁੜੇ ਮਾਮਲਿਆਂ ਵਿੱਚ ਸੂਬਾ ਸਰਕਾਰ ਪਾਸੋਂ ਮੁਕੰਮਲ ਇਨਸਾਫ਼, ਜਵਾਬਦੇਹੀ ਅਤੇ ਪਾਰਦਰਸ਼ਤਾ ਦੀ ਪੁਰਜ਼ੋਰ ਮੰਗ ਕੀਤੀ ਗਈ। ਇਸ ਪ੍ਰਦਰਸ਼ਨ ਦੀ ਅਗਵਾਈ ਅਸਾਮ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਮੈਂਬਰ (MP) ਗੌਰਵ ਗੋਗੋਈ ਨੇ ਕੀਤੀ।

ਕੈਂਡਲ ਮਾਰਚ ਵਿੱਚ ਵੱਡੀ ਗਿਣਤੀ ਵਿੱਚ ਪਾਰਟੀ ਵਰਕਰਾਂ, ਸਥਾਨਕ ਨਾਗਰਿਕਾਂ, ਬੁੱਧੀਜੀਵੀਆਂ ਅਤੇ ਜ਼ੁਬੀਨ ਗਰਗ ਦੇ ਚਾਹੁਣ ਵਾਲਿਆਂ ਨੇ ਹੱਥਾਂ ਵਿੱਚ ਬਲਦੀਆਂ ਮੋਮਬੱਤੀਆਂ ਲੈ ਕੇ ਸ਼ਮੂਲੀਅਤ ਕੀਤੀ।

ਸਮਾਗਮ ਅਤੇ ਕੈਂਡਲ ਮਾਰਚ ਦੇ ਮੁੱਖ ਵੇਰਵੇ

ਅਵਸਰ: ਮਰਹੂਮ ਕਲਾਕਾਰ ਜ਼ੁਬੀਨ ਗਰਗ ਦੀ ਪਹਿਲੀ ਬਰਸੀ

ਸਥਾਨ : ਜ਼ਿਲ੍ਹਾ ਨਗਾਓਂ, ਅਸਾਮ

ਅਗਵਾਈ : ਗੌਰਵ ਗੋਗੋਈ (ਸੰਸਦ ਮੈਂਬਰ ਤੇ ਕਾਂਗਰਸ ਆਗੂ)

ਮੁੱਖ ਸ਼ਮੂਲੀਅਤ : ਕਾਂਗਰਸ ਵਰਕਰ, ਪ੍ਰਸ਼ੰਸਕ, ਸਥਾਨਕ ਨਾਗਰਿਕ ਅਤੇ ਸਮਾਜਿਕ ਕਾਰਕੁੰਨ

ਮੁੱਖ ਮੰਗਾਂ : ਮਰਹੂਮ ਕਲਾਕਾਰ ਨਾਲ ਜੁੜੇ ਮੁੱਦਿਆਂ ’ਤੇ ਸਰਕਾਰੀ ਪਾਰਦਰਸ਼ਤਾ ਅਤੇ ਇਨਸਾਫ਼

‘ਅਸਾਮ ਦਾ ਮਤਲਬ ਗੈਂਡਾ, ਚਾਹ ਅਤੇ ਜ਼ੁਬੀਨ ਗਰਗ’: ਗੌਰਵ ਗੋਗੋਈ

ਕੈਂਡਲ ਮਾਰਚ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਸਦ ਮੈਂਬਰ ਗੌਰਵ ਗੋਗੋਈ ਨੇ ਮਰਹੂਮ ਕਲਾਕਾਰ ਦੇ ਸੱਭਿਆਚਾਰਕ ਅਤੇ ਸਮਾਜਿਕ ਯੋਗਦਾਨ ਨੂੰ ਸਿਜਦਾ ਕੀਤਾ:

**ਸੱਭਿਆਚਾਰ ਤੇ ਸਵੈਮਾਣ ਦੇ ਪਹਿਰੇਦਾਰ:** ਉਨ੍ਹਾਂ ਕਿਹਾ ਕਿ ਜ਼ੁਬੀਨ ਗਰਗ ਨੇ ਸਾਰੀ ਉਮਰ ਅਸਾਮ ਦੇ ਸਵੈਮਾਣ, ਅਮੀਰ ਵਿਰਸੇ ਅਤੇ ਸੱਭਿਆਚਾਰਕ ਹੋਂਦ ਦੀ ਰਾਖੀ ਦਾ ਹੋਕਾ ਦਿੱਤਾ। ਉਹ ਜਾਤ-ਪਾਤ ਅਤੇ ਧਰਮ ਤੋਂ ਉੱਪਰ ਉੱਠ ਕੇ ਆਪਸੀ ਭਾਈਚਾਰਕ ਸਾਂਝ ਅਤੇ ਸਦਭਾਵਨਾ ਦੇ ਸਭ ਤੋਂ ਵੱਡੇ ਪ੍ਰਤੀਕ ਸਨ।

**ਅਸਾਮ ਦੀ ਵਿਸ਼ਵ ਪੱਧਰੀ ਪਛਾਣ:** ਗੋਗੋਈ ਨੇ ਯਾਦ ਕਰਵਾਇਆ ਕਿ ਜ਼ੁਬੀਨ ਅਕਸਰ ਮਾਣ ਨਾਲ ਕਹਿੰਦੇ ਹੁੰਦੇ ਸਨ ਕਿ ਅਸਾਮ ਦੀ ਪਛਾਣ ਤਿੰਨ ਚੀਜ਼ਾਂ ਨਾਲ ਜੁੜੀ ਹੋਈ ਹੈ—ਇੱਕ ਸਿੰਗ ਵਾਲਾ ਗੈਂਡਾ (Rhino), ਅਸਾਮ ਦੀ ਵਿਸ਼ਵ ਪ੍ਰਸਿੱਧ ਚਾਹ (Tea) ਅਤੇ ਖ਼ੁਦ ਜ਼ੁਬੀਨ ਗਰਗ। ਉਨ੍ਹਾਂ ਕਿਹਾ ਕਿ ਅੱਜ ਬਰਸੀ ਮੌਕੇ ਬਿਨਾਂ ਕਿਸੇ ਰਸਮੀ ਸੱਦੇ ਦੇ ਅਸਾਮ ਦੇ ਕੋਨੇ-ਕੋਨੇ ਵਿੱਚੋਂ ਲੋਕਾਂ ਦਾ ਸੜਕਾਂ ’ਤੇ ਉਤਰਨਾ ਇਹ ਦਰਸਾਉਂਦਾ ਹੈ ਕਿ ਉਹ ਅੱਜ ਵੀ ਲੋਕਾਂ ਦੇ ਦਿਲਾਂ ’ਤੇ ਰਾਜ ਕਰਦੇ ਹਨ।

**ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਨਾ ਭੱਜੇ:** ਸੰਸਦ ਮੈਂਬਰ ਨੇ ਸੂਬਾ ਸਰਕਾਰ ’ਤੇ ਸਵਾਲ ਉਠਾਉਂਦਿਆਂ ਕਿਹਾ ਕਿ ਮਰਹੂਮ ਗਾਇਕ ਨਾਲ ਜੁੜੇ ਅਣਸੁਲਝੇ ਮੁੱਦਿਆਂ ’ਤੇ ਪ੍ਰਸ਼ਾਸਨ ਨੂੰ ਆਪਣਾ ਰੁਖ਼ ਪੂਰੀ ਤਰ੍ਹਾਂ ਸਪੱਸ਼ਟ ਕਰਨਾ ਚਾਹੀਦਾ ਹੈ। ਸਰਕਾਰ ਆਪਣੇ ਫ਼ਰਜ਼ਾਂ ਅਤੇ ਕਰਤੱਵਾਂ ਤੋਂ ਪੱਲਾ ਨਹੀਂ ਝਾੜ ਸਕਦੀ; ਇਸ ਪੂਰੇ ਮਾਮਲੇ ਵਿੱਚ ਲੋਕਾਂ ਸਾਹਮਣੇ ਸੱਚ ਰੱਖਣਾ ਸਰਕਾਰ ਦੀ ਸੰਵਿਧਾਨਕ ਅਤੇ ਨੈਤਿਕ ਜ਼ਿੰਮੇਵਾਰੀ ਹੈ।

ਮਾਰਚ ਦੀ ਸਮਾਪਤੀ ਮੌਕੇ ਇਕੱਤਰ ਹੋਏ ਲੋਕਾਂ ਨੇ ਦੋ ਮਿੰਟ ਦਾ ਮੌਨ ਧਾਰ ਕੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਅਤੇ ਜ਼ੁਬੀਨ ਗਰਗ ਦੇ ਸੰਗੀਤਕ ਤੇ ਲੋਕ-ਪੱਖੀ ਸੁਨੇਹੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਜਿਊਂਦਾ ਰੱਖਣ ਦਾ ਪ੍ਰਣ ਲਿਆ।

ਪੱਤਰਕਾਰੀ ਅਤੇ ਕਾਨੂੰਨੀ ਬੇਦਾਅਵਾ

**ਸਰੋਤ ਤੇ ਰਿਪੋਰਟਿੰਗ:** ਇਹ ਰਿਪੋਰਟ ਅਸਾਮ ਦੇ ਨਗਾਓਂ ਵਿਖੇ ਆਯੋਜਿਤ ਸ਼ਾਂਤੀਪੂਰਨ ਕੈਂਡਲ ਮਾਰਚ, ਕਾਂਗਰਸ ਪਾਰਟੀ ਵੱਲੋਂ ਜਾਰੀ ਪ੍ਰੈੱਸ ਬਿਆਨਾਂ ਅਤੇ ਸੰਸਦ ਮੈਂਬਰ ਗੌਰਵ ਗੋਗੋਈ ਵੱਲੋਂ ਮੀਡੀਆ ਸਾਹਮਣੇ ਦਿੱਤੇ ਗਏ ਅਧਿਕਾਰਤ ਬਿਆਨਾਂ ’ਤੇ ਆਧਾਰਿਤ ਹੈ।

**ਸਿਆਸੀ ਤੇ ਪ੍ਰਸ਼ਾਸਕੀ ਸੰਦਰਭ:** ਰਿਪੋਰਟ ਵਿੱਚ ਜ਼ਿਕਰ ਕੀਤੇ ਗਏ ਦੋਸ਼ ਅਤੇ ਮੰਗਾਂ ਵਿਰੋਧੀ ਧਿਰ ਵੱਲੋਂ ਜਨਤਕ ਤੌਰ ’ਤੇ ਉਠਾਈਆਂ ਗਈਆਂ ਹਨ; ਸਰਕਾਰ ਜਾਂ ਪ੍ਰਸ਼ਾਸਨ ਵੱਲੋਂ ਇਸ ਮਾਮਲੇ ’ਤੇ ਅਧਿਕਾਰਤ ਪੱਖ ਆਉਣ ਉਪਰੰਤ ਉਸ ਨੂੰ ਵੀ ਬਰਾਬਰ ਥਾਂ ਦਿੱਤੀ ਜਾਵੇਗੀ।

**1947 ਦੀ ਵੰਡ — ਫ਼ਿਰਕੂ ਤ੍ਰਾਸਦੀ ਜਾਂ ਸੰਵਿਧਾਨਕ ਅਸਫ਼ਲਤਾ?**

ਇਤਿਹਾਸ ਨੂੰ ਅਕਸਰ ਤ੍ਰਾਸਦੀ ਵਾਪਰ ਜਾਣ ਮਗਰੋਂ ਪਿੱਛੇ ਵੱਲ ਝਾਕ ਕੇ ਲਿਖਿਆ ਜਾਂਦਾ ਹੈ, ਜਿਸ ਕਾਰਨ 1947 ਦੀ ਖ਼ੂਨੀ ਵੰਡ ਨੂੰ ਮਹਿਜ਼ ਸਾਮਰਾਜੀ ਥਕਾਵਟ ਅਤੇ ਆਪਸੀ ਫ਼ਿਰਕੂ ਕੁੜੱਤਣ ਦਾ ਇੱਕ ਅਟੱਲ ਸਿੱਟਾ ਮੰਨ ਲਿਆ ਜਾਂਦਾ ਹੈ। ਅਜਿਹਾ ਕਰਦਿਆਂ ਅਸੀਂ ਅਸਲ ਬਿਮਾਰੀ ਦੀ ਜੜ੍ਹ ਫੜਨ ਦੀ ਬਜਾਏ, ਸਿਰਫ਼ ਉਸ ਦੇ ਜ਼ਾਹਰਾ ਲੱਛਣਾਂ ਉੱਤੇ ਹੀ ਨਜ਼ਰ ਟਿਕਾਉਣ ਦੀ ਇਤਿਹਾਸਕ ਭੁੱਲ ਕਰ ਬੈਠਦੇ ਹਾਂ। ਪੰਜਾਬ ਅਤੇ ਬੰਗਾਲ ਦਾ ਖ਼ੂਨੀ ਚੀਰ-ਫਾੜ ਅਚਾਨਕ ਭੜਕੀ ਕਿਸੇ ਅੰਨ੍ਹੀ ਨਫ਼ਰਤ ਵਿੱਚੋਂ ਰਾਤੋ-ਰਾਤ ਪੈਦਾ ਨਹੀਂ ਹੋਇਆ ਸੀ; ਸਗੋਂ ਇਸ ਦੀ ਬੁਨਿਆਦ ਰੁਖ਼ਸਤ ਹੋ ਰਹੇ ਬਰਤਾਨਵੀ ਸਾਮਰਾਜ ਦੇ ਅਣਸੁਲਝੇ, ਗ਼ੈਰ-ਸੰਤੁਲਿਤ ਅਤੇ ਤਾਨਾਸ਼ਾਹ ਕੇਂਦਰੀਕਰਨ ਵਾਲੇ ਸ਼ਾਸਕੀ ਢਾਂਚੇ ਵਿੱਚ ਰੱਖੀ ਗਈ ਸੀ। ਇਸ ਹਫ਼ਤੇ 'ਸਾਡੇ ਲੋਕ' ਦੇ ਸੂਝਵਾਨ ਪਿਆਰੇ ਪਾਠਕਾਂ ਦੀ ਕਚਹਿਰੀ ਵਿੱਚ, ਅਸੀਂ ਵਿਦੇਸ਼ਾਂ ਅੰਦਰ ਸਿੱਖ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਦੀ ਨਿਧੜਕ ਤੇ ਬੁਲੰਦ ਆਵਾਜ਼ ਡਾ. ਗੁਰਿੰਦਰ ਸਿੰਘ ਗਰੇਵਾਲ (MD, ਕੈਲੀਫ਼ੋਰਨੀਆ) ਦਾ ਇਹ ਬੇਹੱਦ ਖੋਜ-ਭਰਪੂਰ ਤੇ ਵਿਚਾਰ-ਉਤੇਜਕ ਹਫ਼ਤਾਵਾਰੀ ਲੇਖ ਪੇਸ਼ ਕਰਦਿਆਂ ਦਿਲੀ ਖ਼ੁਸ਼ੀ ਤੇ ਮਾਣ ਮਹਿਸੂਸ ਕਰ ਰਹੇ ਹਾਂ। ਇਸ ਗੰਭੀਰ ਲੇਖ ਵਿੱਚ ਦੋ ਵੱਖੋ-ਵੱਖਰੇ ਖੇਤਰਾਂ ਦੀਆਂ ਪ੍ਰੰਤੂ ਇੱਕ-ਦੂਜੇ ਦੇ ਵਿਚਾਰਾਂ ਦੀ ਪੂਰਤੀ ਕਰਦੀਆਂ ਮਹਾਨ ਸ਼ਖ਼ਸੀਅਤਾਂ—ਪ੍ਰੋ. ਪੂਰਨ ਸਿੰਘ ਅਤੇ ਸਵਾਮੀ ਧਰਮ ਤੀਰਥ—ਦੀਆਂ ਉਹਨਾਂ ਦੂਰਅੰਦੇਸ਼ ਚੇਤਾਵਨੀਆਂ ਦਾ ਪੁਨਰ-ਮੁਲਾਂਕਣ ਕੀਤਾ ਗਿਆ ਹੈ, ਜੋ ਵੰਡ ਤੋਂ ਪਹਿਲਾਂ ਦਿੱਤੀਆਂ ਗਈਆਂ ਸਨ। ਦੇਸ਼ ਦੀ ਵੰਡ ਦੀ ਦਹਿਲੀਜ਼ 'ਤੇ ਖੜ੍ਹੇ ਹੋ ਕੇ, ਉਹਨਾਂ ਦੋਵਾਂ ਨੇ ਬਸਤੀਵਾਦ-ਮੁਕਤੀ ਦੀ ਡੂੰਘੀ ਸੰਸਥਾਗਤ ਕਮਜ਼ੋਰੀ ਨੂੰ ਪਛਾਣ ਲਿਆ ਸੀ: • ਪ੍ਰੋ. ਪੂਰਨ ਸਿੰਘ ਨੇ ਇਸ ਸੰਕਟ ਨੂੰ ਨੈਤਿਕਤਾ ਅਤੇ ਸੱਭਿਅਤਾ ਦੇ ਪੱਧਰ 'ਤੇ ਪਰਖਿਆ। ਉਹਨਾਂ ਨੇ ਚੇਤਾਵਨੀ ਦਿੱਤੀ ਕਿ ਬਸਤੀਵਾਦੀ ਨੌਕਰਸ਼ਾਹੀ ਦੀ ਥਾਂ ਇੱਕ ਬੇਲਗਾਮ ਕੇਂਦਰੀਕ੍ਰਿਤ ਸੱਤਾ ਨੂੰ ਕਾਇਮ ਕਰਨਾ, ਸਥਾਨਕ ਭਾਈਚਾਰਿਆਂ ਦੀਆਂ ਬਹੁਲਵਾਦੀ ਤੇ ਨੈਤਿਕ ਪਰੰਪਰਾਵਾਂ ਦਾ ਗਲਾ ਘੁੱਟਣ ਦੇ ਤੁੱਲ ਹੋਵੇਗਾ। • ਸਵਾਮੀ ਧਰਮ ਤੀਰਥ ਨੇ ਇੱਕ ਬੇਬਾਕ ਢਾਂਚਾਗਤ ਵਿਸ਼ਲੇਸ਼ਣ ਪੇਸ਼ ਕੀਤਾ। ਉਹਨਾਂ ਦੀ ਦਲੀਲ ਸੀ ਕਿ ਘੱਟ-ਗਿਣਤੀਆਂ ਲਈ ਠੋਸ ਤੇ ਲਾਗੂ ਹੋਣ ਯੋਗ ਸੰਵਿਧਾਨਕ ਗਾਰੰਟੀਆਂ ਤੋਂ ਬਗ਼ੈਰ ਮਿਲਣ ਵਾਲੀ ਆਜ਼ਾਦੀ, ਲੋਕਤੰਤਰੀ ਰਾਸ਼ਟਰਵਾਦ ਦੇ ਮਖੌਟੇ ਹੇਠ ਕੇਵਲ ਬਹੁਗਿਣਤੀਵਾਦੀ ਗ਼ਲਬੇ ਨੂੰ ਹੀ ਜਨਮ ਦੇਵੇਗੀ। ਇਹਨਾਂ ਦੋਵਾਂ ਦਾਰਸ਼ਨਿਕਾਂ ਦੀ ਸਾਂਝੀ ਸੋਚ ਇਸ ਆਮ ਬਿਰਤਾਂਤ ਨੂੰ ਮੁੱਢੋਂ ਰੱਦ ਕਰਦੀ ਹੈ ਕਿ ਵੰਡ ਮਹਿਜ਼ ਭਾਈਚਾਰਕ ਸਾਂਝ ਦੇ ਟੁੱਟਣ ਦੀ ਤ੍ਰਾਸਦੀ ਸੀ। ਇਸ ਦੇ ਉਲਟ, ਉਹ ਇਸ ਨੂੰ ਇੱਕ ਘੋਰ ਸੰਵਿਧਾਨਕ ਅਸਫ਼ਲਤਾ ਵਜੋਂ ਬੇਨਕਾਬ ਕਰਦੇ ਹਨ—ਇੱਕ ਅਜਿਹਾ ਵਿਕੇਂਦਰੀਕ੍ਰਿਤ ਸੰਘੀ ਸੰਤੁਲਨ ਕਾਇਮ ਕਰਨ ਵਿੱਚ ਅਸਫ਼ਲਤਾ, ਜੋ ਵਿਭਿੰਨਤਾ ਨੂੰ ਮਿਟਾਉਣ ਦੀ ਬਜਾਏ ਉਸ ਦੀ ਸੰਵਿਧਾਨਕ ਰਾਖੀ ਯਕੀਨੀ ਬਣਾ ਸਕਦਾ। ਅੱਜ ਵੀ ਜਦੋਂ ਸੰਘਵਾਦ (Federalism), ਘੱਟ-ਗਿਣਤੀਆਂ ਦੀ ਹੋਂਦ ਅਤੇ ਕੇਂਦਰੀ ਤਾਕਤਾਂ ਦੇ ਵਧਦੇ ਗ਼ਲਬੇ ਵਰਗੇ ਸਵਾਲ ਸਮੁੱਚੇ ਉਪ-ਮਹਾਂਦੀਪ ਅੰਦਰ ਬਲਦੇ ਹੋਏ ਮਸਲੇ ਬਣੇ ਹੋਏ ਹਨ, ਇਹ ਲੇਖ ਇੱਕ ਇਤਿਹਾਸਕ ਦਸਤਾਵੇਜ਼ ਦੇ ਨਾਲ-ਨਾਲ ਇੱਕ ਬੇਹੱਦ ਜ਼ਰੂਰੀ ਸਬਕ ਬਣ ਕੇ ਸਾਹਮਣੇ ਆਉਂਦਾ ਹੈ: ਸੱਚੀ ਪ੍ਰਭੂਸੱਤਾ ਨਿਰੀ ਸਿਰਾਂ ਦੀ ਗਿਣਤੀ ਵਿੱਚ ਨਹੀਂ, ਸਗੋਂ ਸੰਸਥਾਗਤ ਇਨਸਾਫ਼ ਅਤੇ ਬਰਾਬਰੀ ਵਿੱਚ ਵੱਸਦੀ ਹੈ। - ਸਤਨਾਮ ਸਿੰਘ ਖ਼ਾਲਸਾ

ਡਾ. ਗੁਰਿੰਦਰ ਸਿੰਘ ਗਰੇਵਾਲ
MD, FACC
ਖ਼ਾਲਸਾ ਕਾਲਜ ਆਫ਼ ਅਮਰੀਕਾ
ਸਿੱਖ ਹੈਰੀਟੇਜ ਐਜੂਕੇਸ਼ਨ
209-321-3771

# ਵੰਡ ਤੋਂ ਪਹਿਲਾਂ ਭਵਿੱਖਬਾਣੀ ਰੂਪੀ ਚੇਤਾਵਨੀਆਂ: ਬਹੁਗਿਣਤੀਵਾਦ ਅਤੇ ਪੰਜਾਬ ਤੇ ਬੰਗਾਲ ਦਾ ਸੰਤਾਪ

## 'ਰਾਜਨੀਤੀ ਦਾ ਨੈਤਿਕਤਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ'

**— ਨਿਕੋਲੋ ਮੈਕਿਆਵੇਲੀ (ਦ ਪ੍ਰਿੰਸ)**

1947 ਵਿੱਚ ਬਰਤਾਨਵੀ ਸਾਮਰਾਜ ਵੱਲੋਂ ਕੀਤੇ ਗਏ ਸੱਤਾ ਦੇ ਤਬਾਦਲੇ ਅਤੇ ਭਾਰਤੀ ਉਪ-ਮਹਾਂਦੀਪ ਦੇ ਖ਼ੂਨੀ ਚੀਰ-ਫਾੜ ਨੂੰ ਰਵਾਇਤੀ ਇਤਿਹਾਸਕਾਰੀ ਵਿੱਚ ਅਕਸਰ ਮਹਿਜ਼ ਫ਼ਿਰਕੂ ਕੁੜੱਤਣ ਜਾਂ ਅਚਾਨਕ ਭੜਕੀ ਹਿੰਸਾ ਵਜੋਂ ਪੇਸ਼ ਕੀਤਾ ਜਾਂਦਾ ਹੈ। ਪਰ ਡੂੰਘੇ ਵਿਸ਼ਲੇਸ਼ਣ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਤ੍ਰਾਸਦੀ ਸਿਰਫ਼ ਧਾਰਮਿਕ ਨਫ਼ਰਤ ਦਾ ਕਾਰਾ ਨਹੀਂ ਸੀ, ਸਗੋਂ ਬਸਤੀਵਾਦੀ ਸ਼ਾਸਨ ਦੀਆਂ ਸੰਸਥਾਗਤ ਕਮਜ਼ੋਰੀਆਂ ਅਤੇ ਇੱਕ ਗੰਭੀਰ ਸੰਵਿਧਾਨਕ ਦੀਵਾਲੀਆਪਨ ਦਾ ਲਾਜ਼ਮੀ ਸਿੱਟਾ ਸੀ।

ਜਦੋਂ ਸਾਮਰਾਜ ਆਪਣਾ ਬੋਰੀਆ-ਬਿਸਤਰਾ ਸਮੇਟ ਰਿਹਾ ਸੀ, ਤਾਂ ਦੋ ਦੂਰਅੰਦੇਸ਼ ਚਿੰਤਕਾਂ—ਪ੍ਰੋ. ਪੂਰਨ ਸਿੰਘ ਅਤੇ ਸਵਾਮੀ ਧਰਮ ਤੀਰਥ—ਨੇ ਇਸ ਆ ਰਹੇ ਸੰਕਟ ਦੀ ਸਹੀ ਪਛਾਣ ਕਰਦਿਆਂ ਦਲੇਰਾਨਾ ਚੇਤਾਵਨੀਆਂ ਦਿੱਤੀਆਂ ਸਨ। ਦੋਵਾਂ ਦੇ ਦਾਰਸ਼ਨਿਕ ਪਿਛੋਕੜ ਵੱਖਰੇ ਸਨ, ਪਰ ਦੋਵੇਂ ਇਸ ਸਾਂਝੇ ਸਿੱਟੇ 'ਤੇ ਪਹੁੰਚੇ ਸਨ ਕਿ ਸੱਚੇ ਢਾਂਚਾਗਤ ਬਹੁਲਵਾਦ (structural pluralism) ਅਤੇ ਖ਼ੁਦਮੁਖ਼ਤਿਆਰੀ ਤੋਂ ਬਿਨਾਂ ਮਿਲਣ ਵਾਲੀ ਆਜ਼ਾਦੀ ਆਪਣੇ ਅੰਦਰ ਵੰਡ, ਜ਼ੁਲਮ ਅਤੇ ਬਹੁਗਿਣਤੀਵਾਦੀ ਕੇਂਦਰੀਕਰਨ ਦੇ ਬੀਜ ਲੈ ਕੇ ਆਵੇਗੀ।

**I. ਇਤਿਹਾਸਕ ਪਿਛੋਕੜ: ਸੰਘੀ ਢਾਂਚੇ ਦਾ ਪਤਨ ਅਤੇ ਬਸਤੀਵਾਦੀ ਵਿਰਾਸਤ**

1946 ਤੱਕ ਪਹੁੰਚਦਿਆਂ ਭਾਰਤ ਵਿੱਚ ਅੰਗਰੇਜ਼ੀ ਹਕੂਮਤ ਦੀ ਪ੍ਰਸ਼ਾਸਕੀ ਪਕੜ ਢਿੱਲੀ ਪੈ ਚੁੱਕੀ ਸੀ। ਇਸ ਖੜੋਤ ਨੂੰ ਦੂਰ ਕਰਨ ਲਈ ਕੈਬਨਿਟ ਮਿਸ਼ਨ ਪਲਾਨ ਲਿਆਂਦਾ ਗਿਆ, ਜਿਸ ਨੇ ਕੇਂਦਰ ਦੇ ਅਧਿਕਾਰ ਸੀਮਤ ਰੱਖ ਕੇ ਸੂਬਿਆਂ ਦੇ ਗਰੁੱਪਾਂ ਵਾਲੇ ਇੱਕ ਢਿੱਲੇ ਫੈਡਰੇਸ਼ਨ ਦੀ ਤਜਵੀਜ਼ ਰੱਖੀ। ਇਸ ਯੋਜਨਾ ਦਾ ਮਕਸਦ ਦੇਸ਼ ਦੀ ਏਕਤਾ ਨੂੰ ਕਾਇਮ ਰੱਖਣਾ ਅਤੇ ਵੱਖ-ਵੱਖ ਭਾਈਚਾਰਿਆਂ ਨੂੰ ਖ਼ੁਦਮੁਖ਼ਤਿਆਰੀ ਦੇਣਾ ਸੀ। ਪ੍ਰੰਤੂ ਕਾਂਗਰਸ ਅਤੇ ਮੁਸਲਿਮ ਲੀਗ ਦੇ ਆਪਸੀ ਡੂੰਘੇ ਬੇਵਿਸ਼ਵਾਸੀ ਦੇ ਮਾਹੌਲ ਵਿੱਚ ਇਹ ਸੰਘੀ ਸਮਝੌਤਾ ਮੂਧੇ-ਮੂੰਹ ਡਿੱਗ ਪਿਆ।

ਸੰਘੀ ਗੱਲਬਾਤ ਟੁੱਟਣ ਨਾਲ ਕੇਂਦਰੀਕ੍ਰਿਤ ਤਾਨਾਸ਼ਾਹ ਪ੍ਰਭੂਸੱਤਾ ਦੀ ਭਾਵਨਾ ਭਾਰੂ ਹੋ ਗਈ। ਬਸਤੀਵਾਦੀ ਹਕੂਮਤ ਨੇ ਦਹਾਕਿਆਂ ਤੋਂ ਮਰਦਮਸ਼ੁਮਾਰੀਆਂ, ਵੱਖਰੇ ਚੋਣ ਹਲਕਿਆਂ ਅਤੇ ਨੌਕਰਸ਼ਾਹੀ ਜ਼ਰੀਏ ਲੋਕਾਂ ਨੂੰ ਪੱਕੇ ਧਾਰਮਿਕ ਖ਼ਾਨਿਆਂ ਵਿੱਚ ਵੰਡਿਆ ਹੋਇਆ ਸੀ। ਜਿਉਂ ਹੀ ਸੱਤਾ ਦਾ ਤਬਾਦਲਾ ਸਿਰ 'ਤੇ ਆਇਆ, ਆਪਸੀ ਚੋਣਵੀਂ ਪ੍ਰਤੀਨਿਧਤਾ ਦਾ ਮੁਕਾਬਲਾ ਖੇਤਰੀ ਪ੍ਰਭੂਸੱਤਾ ਦੀ ਖ਼ੂਨੀ ਜੰਗ ਵਿੱਚ ਬਦਲ ਗਿਆ। ਪੰਜਾਬ ਅਤੇ ਬੰਗਾਲ—ਜੋ ਆਰਥਿਕ, ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਸਭ ਤੋਂ ਵੱਧ ਵਿਭਿੰਨ ਤੇ ਅਮੀਰ ਸਨ—ਇਸ ਟਕਰਾਅ ਦੇ ਕੇਂਦਰ ਬਣ ਗਏ।

**II. ਪ੍ਰੋ. ਪੂਰਨ ਸਿੰਘ: ਨੈਤਿਕ ਸੰਘਵਾਦ ਅਤੇ ਸੱਭਿਅਕ ਖ਼ਦਸ਼ੇ**

ਪ੍ਰੋ. ਪੂਰਨ ਸਿੰਘ ਕੇਵਲ ਸਾਮਰਾਜੀ ਆਰਥਿਕ ਲੁੱਟ ਦੇ ਹੀ ਆਲੋਚਕ ਨਹੀਂ ਸਨ, ਸਗੋਂ ਉਹ ਸਾਮਰਾਜ ਦੇ ਜਾਣ ਮਗਰੋਂ ਪੈਦਾ ਹੋਣ ਵਾਲੇ ਨੈਤਿਕ ਅਤੇ ਸੱਭਿਆਚਾਰਕ ਨਤੀਜਿਆਂ ਨੂੰ ਲੈ ਕੇ ਡੂੰਘੀ ਚਿੰਤਾ ਵਿੱਚ ਸਨ। ਅੰਗਰੇਜ਼ਾਂ ਦੀ ਰਵਾਨਗੀ ਤੋਂ ਪਹਿਲਾਂ ਲਿਖੇ ਆਪਣੇ ਇਤਿਹਾਸਕ ਪੱਤਰਾਂ ਅਤੇ ਵਿਚਾਰਾਂ ਵਿੱਚ ਉਹਨਾਂ ਨੇ ਕਈ ਅਹਿਮ ਨੁਕਤੇ ਉਠਾਏ:

**1. ਬਸਤੀਵਾਦੀ ਰਾਜ-ਮਸ਼ੀਨਰੀ ਦਾ ਜਿਉਂ ਦਾ ਤਿਉਂ ਤਬਾਦਲਾ:**

ਉਹਨਾਂ ਚੇਤਾਵਨੀ ਦਿੱਤੀ ਕਿ ਅੰਗਰੇਜ਼ ਜੋ ਨੌਕਰਸ਼ਾਹੀ ਢਾਂਚਾ ਪਿੱਛੇ ਛੱਡ ਰਹੇ ਹਨ, ਉਹ ਲੋਕ-ਪੱਖੀ ਸਵੈ-ਸ਼ਾਸਨ ਲਈ ਨਹੀਂ, ਸਗੋਂ ਜਬਰ ਅਤੇ ਉੱਪਰੋਂ ਥੱਲੇ ਵੱਲ ਹਕੂਮਤ ਕਰਨ ਲਈ ਘੜਿਆ ਗਿਆ ਸੀ। ਜੇਕਰ ਇਹੋ ਕੇਂਦਰੀਕ੍ਰਿਤ ਤੰਤਰ ਬਿਨਾਂ ਬਦਲਾਅ ਦੇ ਨਵੇਂ ਰਾਸ਼ਟਰਵਾਦੀ ਸ਼ਾਸਕਾਂ ਦੇ ਹੱਥ ਸੌਂਪ ਦਿੱਤਾ ਗਿਆ, ਤਾਂ ਇਹ ਨਵੇਂ ਲਿਬਾਸ ਵਿੱਚ ਪੁਰਾਣੇ ਨਾਲੋਂ ਵੀ ਵੱਧ ਜ਼ਾਲਮ ਸਿੱਧ ਹੋਵੇਗਾ। ਇਹ ਖ਼ਦਸ਼ਾ ਬਾਅਦ ਵਿੱਚ 1935 ਦੇ ਐਕਟ ਅਤੇ 1950 ਦੇ ਸੰਵਿਧਾਨ ਦੀਆਂ ਕੇਂਦਰੀ ਐਮਰਜੈਂਸੀ ਧਾਰਾਵਾਂ ਵਿੱਚ ਪ੍ਰਤੱਖ ਦਿਖਾਈ ਦਿੱਤਾ।

**2. ਮਰਦਮਸ਼ੁਮਾਰੀ ਅਤੇ ਸਾਂਝੀ ਸੱਭਿਅਤਾ ਦਾ ਵਿਨਾਸ਼:**

ਬਸਤੀਵਾਦੀ ਮਰਦਮਸ਼ੁਮਾਰੀਆਂ ਨੇ ਸਦੀਆਂ ਪੁਰਾਣੀ ਸਾਂਝੀ ਰਹਿਣੀ-ਬਹਿਣੀ ਅਤੇ ਰੂਹਾਨੀ ਸਾਂਝ ਨੂੰ ਤੋੜ ਕੇ ਕੱਟੜ ਸਿਆਸੀ ਧੜਿਆਂ ਵਿੱਚ ਬਦਲ ਦਿੱਤਾ। ਪੰਜਾਬ ਇਸ ਨਾਜ਼ੁਕਤਾ ਦਾ ਸਭ ਤੋਂ ਵੱਡਾ ਸ਼ਿਕਾਰ ਸੀ, ਜਿੱਥੇ ਹਿੰਦੂ, ਮੁਸਲਿਮ ਅਤੇ ਸਿੱਖ ਸਾਂਝੀ ਖੇਤੀਬਾੜੀ, ਨਹਿਰੀ ਬਸਤੀਆਂ ਅਤੇ ਇੱਕੋ ਜ਼ੁਬਾਨ (ਪੰਜਾਬੀ) ਦੀ ਡੋਰ ਨਾਲ ਬੱਝੇ ਹੋਏ ਸਨ। ਸਿਰਾਂ ਦੀ ਗਿਣਤੀ ਨੇ ਇਸ ਸਮਾਜਿਕ ਤਾਣੇ-ਬਾਣੇ ਨੂੰ ਲੀਰੋ-ਲੀਰ ਕਰ ਦਿੱਤਾ।

**3. ਸਿੱਖ ਪ੍ਰਭੂਸੱਤਾ ਅਤੇ ਬਹੁਲਵਾਦੀ ਸੰਘਵਾਦ:**

ਪੂਰਨ ਸਿੰਘ ਦਾ ਚਿੰਤਨ ਗਿਣਤੀ ਦੇ ਗ਼ਲਬੇ ਦੀ ਥਾਂ ਨੈਤਿਕ ਭਾਈਚਾਰੇ (ਪੰਥ) ਅਤੇ ਰੂਹਾਨੀ ਖ਼ੁਦਮੁਖ਼ਤਿਆਰੀ 'ਤੇ ਟਿਕਿਆ ਸੀ। ਉਹਨਾਂ ਨੇ ਭਾਂਪ ਲਿਆ ਸੀ ਕਿ ਸੰਖਿਆਤਮਕ ਬਹੁਗਿਣਤੀ ਵਾਲਾ ਰਾਜ ਉਹਨਾਂ ਕੌਮਾਂ ਅਤੇ ਰਵਾਇਤਾਂ ਨੂੰ ਹਾਸ਼ੀਏ 'ਤੇ ਸੁੱਟ ਦੇਵੇਗਾ ਜੋ ਗਿਣਤੀ ਦੇ ਪੈਮਾਨਿਆਂ ਵਿੱਚ ਪੂਰੀਆਂ ਨਹੀਂ ਉਤਰਦੀਆਂ। ਉਹਨਾਂ ਲਈ ਸਿੱਖ ਖ਼ੁਦਮੁਖ਼ਤਿਆਰੀ ਦੀ ਮੰਗ ਵੱਖਵਾਦ ਨਹੀਂ, ਸਗੋਂ ਤਾਨਾਸ਼ਾਹੀ ਵਿਰੁੱਧ ਇੱਕ ਸੰਘੀ ਸੰਤੁਲਨ ਦੀ ਰਾਖੀ ਸੀ।

**4. ਨੈਤਿਕ ਖਲਾਅ ਦਾ ਡਰ:**

ਉਹਨਾਂ ਦਾ ਮੰਨਣਾ ਸੀ ਕਿ ਸਾਮਰਾਜ ਦੇ ਜਾਣ ਨਾਲ ਆਪਣੇ-ਆਪ ਕੋਈ ਨੈਤਿਕ ਪੁਨਰ-ਜਾਗਰਣ ਨਹੀਂ ਹੋਣਾ। ਜੇਕਰ ਸੱਤਾ ਦਾ ਵਿਕੇਂਦਰੀਕਰਨ ਨਾ ਹੋਇਆ ਅਤੇ ਸੰਵਿਧਾਨਕ ਗਾਰੰਟੀਆਂ ਨਾ ਮਿਲੀਆਂ, ਤਾਂ ਆਜ਼ਾਦੀ ਮਹਿਜ਼ ਇੱਕ ਨਵੇਂ ਬਹੁਗਿਣਤੀਵਾਦੀ ਸ਼ੋਸ਼ਣ ਵਿੱਚ ਬਦਲ ਜਾਵੇਗੀ।

**III. ਸਵਾਮੀ ਧਰਮ ਤੀਰਥ: ਸੰਵਿਧਾਨਕ ਇੰਜੀਨੀਅਰਿੰਗ ਅਤੇ ਬਹੁਗਿਣਤੀਵਾਦ ਦਾ ਖ਼ਤਰਾ**

ਸਵਾਮੀ ਧਰਮ ਤੀਰਥ ਨੇ ਆਪਣੀ ਚਰਚਿਤ ਪੁਸਤਕ ਦਿ ਮੈਨੇਸ ਆਫ਼ ਹਿੰਦੂ ਇੰਪੀਰੀਅਲਿਜ਼ਮ (1946) ਵਿੱਚ ਇਸ ਆ ਰਹੇ ਸੰਕਟ ਦਾ ਸਟੀਕ ਸੰਵਿਧਾਨਕ ਅਤੇ ਰਾਜਨੀਤਿਕ ਵਿਸ਼ਲੇਸ਼ਣ ਕੀਤਾ:

**1. ਸੰਸਥਾਗਤ ਬਹੁਗਿਣਤੀਵਾਦ:**

ਧਰਮ ਤੀਰਥ ਨੇ ਦਲੀਲ ਦਿੱਤੀ ਕਿ ਕਾਂਗਰਸ ਭਾਵੇਂ ਧਰਮ-ਨਿਰਪੱਖ ਰਾਸ਼ਟਰਵਾਦ ਦਾ ਦਾਅਵਾ ਕਰਦੀ ਸੀ, ਪਰ ਅਸਲ ਵਿੱਚ ਉਹ ਇੱਕ ਅਜਿਹੀ ਸਮਾਜਿਕ-ਸੱਭਿਆਚਾਰਕ ਬਹੁਗਿਣਤੀ ਦੀ ਪ੍ਰਤੀਨਿਧਤਾ ਕਰ ਰਹੀ ਸੀ ਜਿਸ ਦਾ ਸੱਤਾ ਉੱਤੇ ਪੂਰਨ ਗ਼ਲਬਾ ਕਾਇਮ ਹੋਣਾ ਅਟੱਲ ਸੀ। ਖ਼ਤਰਾ ਸਿਰਫ਼ ਸਿਆਸੀ ਬਿਆਨਾਂ ਵਿੱਚ ਨਹੀਂ, ਸਗੋਂ ਤਿਆਰ ਕੀਤੇ ਜਾ ਰਹੇ ਕੇਂਦਰੀਕ੍ਰਿਤ ਸੰਵਿਧਾਨਕ ਢਾਂਚੇ ਵਿੱਚ ਮੌਜੂਦ ਸੀ।

**2. ਘੱਟ-ਗਿਣਤੀਆਂ ਦੀ ਬੇਚੈਨੀ:**

ਉਹਨਾਂ ਦੀ ਚਿੰਤਾ ਸਿਰਫ਼ ਮੁਸਲਿਮ ਸਮੱਸਿਆ ਤੱਕ ਸੀਮਤ ਨਹੀਂ ਸੀ; ਉਹਨਾਂ ਨੇ ਸਿੱਖਾਂ, ਦਲਿਤਾਂ ਅਤੇ ਦੱਖਣ ਦੇ ਭਾਸ਼ਾਈ ਭਾਈਚਾਰਿਆਂ ਦੀ ਹੋਂਦ ਉੱਤੇ ਮੰਡਰਾ ਰਹੇ ਖ਼ਤਰਿਆਂ ਦੀ ਵੀ ਸ਼ਨਾਖ਼ਤ ਕੀਤੀ। ਉਹਨਾਂ ਦਾ ਖ਼ਦਸ਼ਾ ਸੀ ਕਿ ਇੱਕ ਕਾਲਪਨਿਕ 'ਇੱਕਸਾਰ ਕੌਮੀ ਬਿਰਤਾਂਤ' ਨੂੰ ਥੋਪਣ ਲਈ ਵੱਖ-ਵੱਖ ਖੇਤਰੀ, ਭਾਸ਼ਾਈ ਅਤੇ ਸੱਭਿਆਚਾਰਕ ਪਛਾਣਾਂ ਨੂੰ ਦਬਾਇਆ ਜਾਵੇਗਾ—ਜੋ ਬਾਅਦ ਵਿੱਚ ਭਾਸ਼ਾਈ ਅੰਦੋਲਨਾਂ ਅਤੇ ਸੂਬਾਈ ਟਕਰਾਵਾਂ ਦੇ ਰੂਪ ਵਿੱਚ ਸੱਚ ਸਾਬਤ ਹੋਇਆ।

**3. ਅੰਗਰੇਜ਼ਾਂ ਦੀ ਇਤਿਹਾਸਕ ਗ਼ਲਤੀ:**

ਧਰਮ ਤੀਰਥ ਨੇ ਬਿਨਾਂ ਕਿਸੇ ਸਥਿਰ ਸੰਸਥਾਗਤ ਸੰਤੁਲਨ ਜਾਂ ਠੋਸ ਸੰਵਿਧਾਨਕ ਸਮਝੌਤੇ ਦੇ ਸੱਤਾ ਛੱਡ ਕੇ ਭੱਜਣ ਲਈ ਬਰਤਾਨਵੀ ਹਕੂਮਤ ਨੂੰ ਸਿੱਧੇ ਤੌਰ 'ਤੇ ਦੋਸ਼ੀ ਠਹਿਰਾਇਆ। ਉਹਨਾਂ ਅਨੁਸਾਰ ਇਹ ਰਵਾਨਗੀ ਪ੍ਰਸ਼ਾਸਕੀ ਚਲਾਕੀ ਤਾਂ ਸੀ, ਪਰ ਸੰਵਿਧਾਨਕ ਪੱਖੋਂ ਇੱਕ ਵੱਡੀ ਨਾਕਾਮੀ ਸੀ, ਜਿਸ ਨੇ ਦੇਸ਼ ਨੂੰ ਸੰਖਿਆਤਮਕ ਬਹੁਗਿਣਤੀ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ।

**4. ਸੰਵਿਧਾਨਕ ਸੁਰੱਖਿਆਵਾਂ ਦੀ ਲੋੜ:**

ਉਹਨਾਂ ਦਾ ਮੁੱਖ ਜ਼ੋਰ ਇਸ ਗੱਲ 'ਤੇ ਸੀ ਕਿ ਘੱਟ-ਗਿਣਤੀਆਂ ਲਈ ਸੰਵਿਧਾਨ ਵਿੱਚ ਠੋਸ ਪ੍ਰਬੰਧ ਹੋਣੇ ਚਾਹੀਦੇ ਹਨ—ਜਿਵੇਂ ਕਿ ਵੀਟੋ ਸ਼ਕਤੀਆਂ, ਖ਼ੁਦਮੁਖ਼ਤਿਆਰ ਸੂਬਾਈ ਅਧਿਕਾਰ, ਜਾਂ ਇੱਕ ਕਨਫੈਡਰਲ ਢਾਂਚਾ—ਤਾਂ ਜੋ ਕਿਸੇ ਇੱਕ ਵਰਗ ਦਾ ਅੰਨ੍ਹਾ ਦਬਦਬਾ ਨਾ ਬਣ ਸਕੇ।




IV. ਤੁਲਨਾਤਮਕ ਅਧਿਐਨ: ਦੋ ਦਾਰਸ਼ਨਿਕ, ਇੱਕੋ ਸਾਂਝਾ ਨਿਸ਼ਾਨਾ

| ਵਿਚਾਰ-ਚਰਚਾ ਦਾ ਪਹਿਲੂ | ਪ੍ਰੋ. ਪੂਰਨ ਸਿੰਘ | ਸਵਾਮੀ ਧਰਮ ਤੀਰਥ | ਇਤਿਹਾਸਕ ਮਹੱਤਤਾ |
|---|---|---|---|
| ਬੌਧਿਕ ਦਿਸ਼ਾ | ਅਧਿਆਤਮਿਕ-ਮਾਨਵਤਾਵਾਦੀ ਅਤੇ ਸੱਭਿਅਤਾ ਪੱਖੀ | ਢਾਂਚਾਗਤ, ਵਿਸ਼ਲੇਸ਼ਣਾਤਮਕ ਅਤੇ ਸੰਵਿਧਾਨਕ | ਨੈਤਿਕ ਅਤੇ ਸੰਵਿਧਾਨਕ ਦਲੀਲ ਦਾ ਸੁਮੇਲ |
| ਮੁੱਖ ਚਿੰਤਾ | ਸਾਮਰਾਜ ਮਗਰੋਂ ਨੈਤਿਕ ਖਲਾਅ ਅਤੇ ਜਬਰ ਦੀ ਵਾਪਸੀ | ਬਹੁਗਿਣਤੀਵਾਦ ਦਾ ਸੰਸਥਾਗਤ ਦਬਦਬਾ | ਕੇਂਦਰੀਕ੍ਰਿਤ ਸੱਤਾ ਦੀ ਕੁਦਰਤੀ ਅਸਥਿਰਤਾ |
| ਬਸਤੀਵਾਦੀ ਵਿਰਾਸਤ | ਨੌਕਰਸ਼ਾਹੀ ਦਾ ਜ਼ਾਲਮਾਨਾ ਅਤੇ ਕੇਂਦਰੀ ਨਿਯੰਤਰਣ | ਸੰਸਥਾਗਤ ਅਸੰਤੁਲਨ ਅਤੇ ਕਾਹਲੀ ਭਰੀ ਰਵਾਨਗੀ | ਸ਼ਾਸਕੀ ਢਾਂਚੇ ਦਾ ਬਿਨਾਂ ਸੁਧਾਰ ਤਬਾਦਲਾ |
| ਪੰਜਾਬ ਅਤੇ ਬੰਗਾਲ | ਸਾਂਝੀ ਸੱਭਿਅਤਾ ਵਾਲੇ ਖੇਤਰ ਦਾ ਲੀਰੋ-ਲੀਰ ਹੋਣਾ | ਘੱਟ-ਗਿਣਤੀ ਖਿੱਤਿਆਂ ਦਾ ਕੇਂਦਰ ਹੇਠ ਦਬਣਾ | ਸਰਹੱਦੀ ਅਤੇ ਖੇਤਰੀ ਅਸੁਰੱਖਿਆ ਦਾ ਪ੍ਰਗਟਾਵਾ |
| ਸੁਝਾਇਆ ਹੱਲ | ਨੈਤਿਕ ਸੰਘਵਾਦ ਅਤੇ ਬਹੁਲਵਾਦੀ ਪ੍ਰਭੂਸੱਤਾ | ਸੰਵਿਧਾਨਕ ਸੁਰੱਖਿਆਵਾਂ ਅਤੇ ਵੀਟੋ ਅਧਿਕਾਰ | ਅਸਲ ਵਿਕੇਂਦਰੀਕ੍ਰਿਤ ਸੰਘੀ ਗਣਰਾਜ ਦੀ ਲੋੜ |

**V. ਪੰਜਾਬ ਅਤੇ ਬੰਗਾਲ ਦਾ ਸੰਤਾਪ: ਸੰਘੀ ਸਮਝੌਤੇ ਦੇ ਟੁੱਟਣ ਦਾ ਮੁੱਲ**

ਪੰਜਾਬ ਅਤੇ ਬੰਗਾਲ ਉਹ ਦੋ ਪ੍ਰਮੁੱਖ ਸੂਬੇ ਸਨ ਜਿਨ੍ਹਾਂ ਨੇ ਸੰਘੀ ਸਮਝੌਤਾ ਸਿਰੇ ਨਾ ਚੜ੍ਹਨ ਦਾ ਸਭ ਤੋਂ ਖ਼ੂਨੀ ਮੁੱਲ ਤਾਰਿਆ। ਦੋਵੇਂ ਖ਼ਿੱਤੇ ਆਬਾਦੀ ਪੱਖੋਂ ਵਿਭਿੰਨ, ਆਰਥਿਕ ਪੱਖੋਂ ਮਜ਼ਬੂਤ ਅਤੇ ਸਿਆਸੀ ਤੌਰ 'ਤੇ ਬੇਹੱਦ ਚੇਤੰਨ ਸਨ। ਜਦੋਂ ਕੈਬਨਿਟ ਮਿਸ਼ਨ ਦੀ ਢਿੱਲੀ ਫੈਡਰੇਸ਼ਨ ਵਾਲੀ ਯੋਜਨਾ ਰੱਦ ਹੋ ਗਈ ਅਤੇ ਕੇਂਦਰੀਕਰਨ ਦੀ ਜ਼ਿੱਦ ਜਿੱਤ ਗਈ, ਤਾਂ ਇਹਨਾਂ ਦੋਹਾਂ ਅਮੀਰ ਸੱਭਿਆਚਾਰਾਂ ਦੇ ਸੀਨੇ 'ਤੇ ਵੰਡ ਦੀਆਂ ਲਕੀਰਾਂ ਖਿੱਚ ਦਿੱਤੀਆਂ ਗਈਆਂ।

1947 ਦੀ ਤਬਾਹੀ ਨੇ ਸਾਬਤ ਕਰ ਦਿੱਤਾ ਕਿ ਇਹ ਮਹਿਜ਼ ਆਰਜ਼ੀ ਫ਼ਿਰਕੂ ਦੰਗੇ ਨਹੀਂ ਸਨ, ਸਗੋਂ ਅਣਸੁਲਝੇ ਸੰਵਿਧਾਨਕ ਤਣਾਅ ਸਨ ਜੋ ਦਹਾਕਿਆਂ ਤੱਕ ਜਾਰੀ ਰਹੇ:

**ਬੰਗਾਲ:** ਅਣਸੁਲਝੇ ਭਾਸ਼ਾਈ ਅਤੇ ਸੰਘੀ ਸਵਾਲਾਂ ਨੇ ਆਖ਼ਰਕਾਰ 1971 ਵਿੱਚ ਪੂਰਬੀ ਪਾਕਿਸਤਾਨ ਨੂੰ ਤੋੜ ਕੇ ਬੰਗਲਾਦੇਸ਼ ਦੀ ਨਵੀਂ ਪ੍ਰਭੂਸੱਤਾ ਨੂੰ ਜਨਮ ਦਿੱਤਾ।

**ਪੰਜਾਬ:** ਵੰਡ ਦੇ ਜ਼ਖ਼ਮਾਂ ਤੋਂ ਬਾਅਦ ਵੀ ਪੰਜਾਬ ਅੰਦਰ ਸੂਬਾਈ ਖ਼ੁਦਮੁਖ਼ਤਿਆਰੀ, ਪਾਣੀਆਂ, ਰਾਜਧਾਨੀ ਅਤੇ ਧਾਰਮਿਕ-ਆਰਥਿਕ ਹੱਕਾਂ ਲਈ ਕੇਂਦਰੀ ਤਾਨਾਸ਼ਾਹੀ ਵਿਰੁੱਧ ਲਗਾਤਾਰ ਸੰਘਰਸ਼ ਜਾਰੀ ਰਿਹਾ।

**VI. ਸੰਵਿਧਾਨਕ ਸ਼ੰਕਾਵਾਦ ਦੀ ਰਵਾਇਤ ਅਤੇ ਅਜੋਕੀ ਸਾਰਥਕਤਾ**

ਪ੍ਰੋ. ਪੂਰਨ ਸਿੰਘ ਅਤੇ ਸਵਾਮੀ ਧਰਮ ਤੀਰਥ ਦੇ ਵਿਚਾਰ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੀਆਂ ਉਹਨਾਂ ਤਾੜਨਾਵਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੇ ਹਨ, ਜਿਨ੍ਹਾਂ ਵਿੱਚ ਉਹਨਾਂ ਕਿਹਾ ਸੀ ਕਿ ਸੰਵਿਧਾਨਕ ਨੈਤਿਕਤਾ ਅਤੇ ਸੁਰੱਖਿਆਵਾਂ ਤੋਂ ਬਿਨਾਂ ਭਾਰਤ ਵਿੱਚ ਲੋਕਤੰਤਰ ਸਿਰਫ਼ ਇੱਕ ਬਹੁਗਿਣਤੀਵਾਦੀ ਤਾਨਾਸ਼ਾਹੀ ਦਾ ਰੂਪ ਲੈ ਲਵੇਗਾ। ਇਹ ਦੋਵੇਂ ਚਿੰਤਕ 'ਸੰਵਿਧਾਨਕ ਸ਼ੰਕਾਵਾਦ' (Constitutional Skepticism) ਦੀ ਉਸ ਪਰੰਪਰਾ ਨਾਲ ਜੁੜਦੇ ਹਨ ਜੋ ਇਹ ਮੰਨਦੀ ਹੈ ਕਿ ਕੇਵਲ ਕਾਗ਼ਜ਼ੀ ਆਜ਼ਾਦੀ ਜਾਂ ਸਰਹੱਦਾਂ ਦੀ ਤਬਦੀਲੀ ਅਸਲ ਮੁਕਤੀ ਨਹੀਂ ਹੁੰਦੀ। ਇਹਨਾਂ ਦਾਰਸ਼ਨਿਕਾਂ ਦੀਆਂ ਚੇਤਾਵਨੀਆਂ ਅੱਜ ਵੀ ਓਨੀਆਂ ਹੀ ਅਹਿਮ ਹਨ। ਬਸਤੀਵਾਦ ਤੋਂ ਸੱਚੀ ਮੁਕਤੀ ਤਾਂ ਹੀ ਸੰਭਵ ਹੈ ਜੇਕਰ ਰਾਜ ਦਾ ਢਾਂਚਾ ਅਸਲ ਸੰਘੀ ਸੰਤੁਲਨ 'ਤੇ ਆਧਾਰਿਤ ਹੋਵੇ, ਜਿੱਥੇ ਹਰੇਕ ਕੌਮੀਅਤ, ਭਾਸ਼ਾ ਅਤੇ ਘੱਟ-ਗਿਣਤੀ ਭਾਈਚਾਰੇ ਨੂੰ ਬਰਾਬਰ ਦਾ ਸਤਿਕਾਰ ਅਤੇ ਖ਼ੁਦਮੁਖ਼ਤਿਆਰੀ ਮਿਲੇ। ਢਾਂਚਾਗਤ ਬਹੁਲਵਾਦ ਤੋਂ ਬਿਨਾਂ ਰਾਸ਼ਟਰੀ ਏਕਤਾ ਇੱਕ ਛਲਾਵਾ ਬਣ ਕੇ ਰਹਿ ਜਾਂਦੀ ਹੈ ਅਤੇ ਕੇਂਦਰੀਕਰਨ ਦਾ ਦਬਦਬਾ ਪੁਰਾਣੀ ਗ਼ੁਲਾਮੀ ਨੂੰ ਹੀ ਇੱਕ ਨਵੇਂ ਭੇਸ ਵਿੱਚ ਜ਼ਿੰਦਾ ਰੱਖਦਾ ਹੈ।

# ਸਾਊਦੀ ਅਰਬ 'ਚ ਫਸੇ ਦੋ ਪੰਜਾਬੀ ਵਤਨ ਪਰਤੇ

## ਤਿੰਨ ਸਾਲ ਤੱਕ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਿਆ



ਸੁਲਤਾਨਪੁਰ ਲੋਧੀ : ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਸਾਊਦੀ ਅਰਬ ਵਿੱਚ ਫਸੇ ਦੋ ਪੰਜਾਬੀ ਨੌਜਵਾਨ ਤਿੰਨ ਸਾਲ ਦੀ ਲੰਮੀ ਪੀੜਾ ਤੋਂ ਬਾਅਦ ਆਪਣੇ ਵਤਨ ਪਰਤ ਆਏ ਹਨ। ਨੌਜਵਾਨਾਂ ਨੇ ਦੱਸਿਆ ਕਿ ਉਹ ਰੁਜ਼ਗਾਰ ਦੀ ਭਾਲ ਵਿੱਚ ਸਾਊਦੀ ਅਰਬ ਗਏ ਸਨ, ਪਰ ਉੱਥੇ ਹਾਲਾਤ ਉਨ੍ਹਾਂ ਦੀ ਸੋਚ ਤੋਂ ਬਿਲਕੁਲ ਵੱਖਰੇ ਹੋ ਗਏ। ਉਨ੍ਹਾਂ ਅਨੁਸਾਰ ਬੇਗੁਨਾਹ ਹੋਣ ਦੇ ਬਾਵਜੂਦ ਉਹ ਅਜਿਹੀ ਕਾਨੂੰਨੀ ਅਤੇ ਪ੍ਰਸ਼ਾਸਨਿਕ ਪ੍ਰਕਿਰਿਆ ਵਿੱਚ ਫਸ ਗਏ ਕਿ ਉਨ੍ਹਾਂ ਨੂੰ ਲੰਮਾ ਸਮਾਂ ਆਪਣੇ ਪਰਿਵਾਰਾਂ ਤੋਂ ਦੂਰ ਰਹਿਣਾ ਪਿਆ। ਇੱਕ ਨੌਜਵਾਨ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਕਿਹਾ ਕਿ ਉਸ ਨੂੰ ਲੰਮੇ ਸਮੇਂ ਤੱਕ ਮਾਮਲੇ ਵਿੱਚੋਂ ਨਿਕਲਣ ਲਈ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਿਆ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਲਗਾਤਾਰ ਆਪਣੇ ਪੁੱਤਰਾਂ ਦੀ ਵਾਪਸੀ ਲਈ ਕੋਸ਼ਿਸ਼ਾਂ ਕਰ ਰਹੇ ਸਨ। ਵਤਨ ਪਰਤਣ 'ਤੇ ਨੌਜਵਾਨਾਂ ਨੇ ਸੀਚੇਵਾਲ ਦਾ ਧੰਨਵਾਦ ਕੀਤਾ। ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਫਸੇ ਪੰਜਾਬੀਆਂ ਅਤੇ ਹੋਰ ਭਾਰਤੀਆਂ ਦੀ ਵਤਨ ਵਾਪਸੀ ਲਈ ਹਰ ਸੰਭਵ ਯਤਨ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਵਿਦੇਸ਼ ਜਾਣ ਵਾਲੇ ਨੌਜਵਾਨਾਂ ਨੂੰ ਰੁਜ਼ਗਾਰ ਜਾਂ ਹੋਰ ਮਕਸਦ ਲਈ ਜਾਣ ਤੋਂ ਪਹਿਲਾਂ ਸਬੰਧਤ ਦੇਸ਼ ਦੇ ਕਾਨੂੰਨਾਂ, ਰੁਜ਼ਗਾਰਦਾਤਾ ਅਤੇ ਦਸਤਾਵੇਜ਼ਾਂ ਦੀ ਪੂਰੀ ਜਾਂਚ ਕਰ ਲੈਣੀ ਚਾਹੀਦੀ ਹੈ, ਤਾਂ ਜੋ ਬਾਅਦ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

# ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਦਿਹਾੜੇ ਤੋਂ ਪਹਿਲਾਂ 'ਆਪ' ਸਰਕਾਰ ਕੱਢੇਗੀ 4 ਵਿਸ਼ਾਲ ਸ਼ੋਭਾ ਯਾਤਰਾਵਾਂ



ਚੰਡੀਗੜ੍ਹ : ਪੰਜਾਬ ਸਰਕਾਰ ਨੇ ਗੁਰੂ ਰਵਿਦਾਸ ਜੀ ਦੇ ਆਗਾਮੀ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਰਾਜ ਪੱਧਰੀ ਸਮਾਗਮਾਂ ਦੀ ਲੜੀ ਵਜੋਂ ਦੇਸ਼ ਭਰ ਦੇ ਪ੍ਰਮੁੱਖ ਅਧਿਆਤਮਿਕ ਤੇ ਇਤਿਹਾਸਕ ਅਸਥਾਨਾਂ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਨਾਲ ਜੋੜਨ ਵਾਲੀਆਂ ਚਾਰ ਵਿਸ਼ਾਲ ਸ਼ੋਭਾ ਯਾਤਰਾਵਾਂ ਕੱਢਣ ਦਾ ਫ਼ੈਸਲਾ ਕੀਤਾ ਹੈ। ਇਸ ਦਾ ਐਲਾਨ ਅੱਜ ਪੰਜਾਬ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਸ਼ੁਰੂ ਕੀਤੇ ਗਏ ਰੋਡਮੈਪ ਤਹਿਤ ਸ੍ਰੀ ਗੁਰੂ ਰਵਿਦਾਸ ਜੀ ਦੇ ਫਲਸਫੇ ਤੇ ਸਿੱਖਿਆਵਾਂ ਦੇ ਪ੍ਰਚਾਰ ਲਈ ਸ਼ਹਿਰਾਂ ਤੇ ਪੇਂਡੂ ਖੇਤਰਾਂ ਵਿਚ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਬਹੁ-ਪੱਖੀ ਉਪਰਾਲਿਆਂ ਵਿਚ ਪ੍ਰਭਾਵਸ਼ਾਲੀ ਡਰੋਨ ਸ਼ੋਅ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਅਕਾਦਮਿਕ ਸੈਮੀਨਾਰ, ਸਕੂਲਾਂ ਵਿਚ ਲੇਖ ਮੁਕਾਬਲੇ, ਗੁਰੂ ਸਾਹਿਬ ਦੀ ਪਵਿੱਤਰ ਬਾਣੀ 'ਤੇ ਵਿਚਾਰ-ਚਰਚਾਵਾਂ ਤੇ ਪੰਜਾਬ ਭਰ ਦੇ ਸ਼ਹਿਰਾਂ ਵਿਚ ਲਗਾਤਾਰ ਕੀਰਤਨ ਦਰਬਾਰ ਸ਼ਾਮਲ ਹਨ। ਇਸ ਸਬੰਧੀ ਅੱਜ ਦੀ ਉੱਚ ਪੱਧਰੀ ਮੀਟਿੰਗ ਦੌਰਾਨ ਤੈਅ ਕੀਤੇ ਗਏ ਰੂਟਾਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਪਹਿਲੀ ਸ਼ੋਭਾ ਯਾਤਰਾ 30 ਨਵੰਬਰ ਨੂੰ ਪਵਿੱਤਰ ਸ਼ਹਿਰ ਵਾਰਾਣਸੀ (ਕਾਸ਼ੀ) ਤੋਂ ਸ਼ੁਰੂ ਹੋਵੇਗੀ ਤੇ ਕਾਨਪੁਰ, ਦਿੱਲੀ, ਅੰਬਾਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਤੇ ਰੂਪਨਗਰ ਤੋਂ ਹੁੰਦੀ ਹੋਈ 3 ਦਸੰਬਰ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸਮਾਪਤ ਹੋਵੇਗੀ। ਦੂਜੀ ਸ਼ੋਭਾ ਯਾਤਰਾ 2 ਦਸੰਬਰ ਨੂੰ ਫਰੀਦਕੋਟ ਤੋਂ ਰਵਾਨਾ ਹੋਵੇਗੀ, ਜੋ ਫਿਰੋਜ਼ਪੁਰ, ਮੋਗਾ, ਲੁਧਿਆਣਾ, ਸ਼ਹੀਦ ਭਗਤ ਸਿੰਘ ਨਗਰ ਅਤੇ ਗੜ੍ਹਸ਼ੰਕਰ ਤੋਂ ਹੁੰਦੀ ਹੋਈ 3 ਦਸੰਬਰ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਪੁੱਜੇਗੀ। ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਤੀਜੀ ਸ਼ੋਭਾ ਯਾਤਰਾ 1 ਦਸੰਬਰ ਨੂੰ ਬਠਿੰਡਾ ਤੋਂ ਸ਼ੁਰੂ ਹੋ ਕੇ ਬਰਨਾਲਾ, ਮਾਨਸਾ, ਲਹਿਰਾਗਾਗਾ, ਸੰਗਰੂਰ, ਪਟਿਆਲਾ, ਫ਼ਤਹਿਗੜ੍ਹ ਸਾਹਿਬ, ਮੋਰਿੰਡਾ ਤੇ ਰੂਪਨਗਰ ਰਾਹੀਂ 3 ਦਸੰਬਰ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਪਹੁੰਚੇਗੀ। ਚੌਥੀ ਸ਼ੋਭਾ ਯਾਤਰਾ 30 ਨਵੰਬਰ ਨੂੰ ਗੁਆਂਢੀ ਸੂਬੇ ਜੰਮੂ ਤੋਂ ਸ਼ੁਰੂ ਹੋ ਕੇ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ, ਕਪੂਰਥਲਾ, ਜਲੰਧਰ ਤੇ ਹੁਸ਼ਿਆਰਪੁਰ ਰਾਹੀਂ ਹੁੰਦੀ ਹੋਈ ਦੂਜੀਆਂ ਸ਼ੋਭਾ ਯਾਤਰਾਵਾਂ ਨਾਲ 3 ਦਸੰਬਰ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸਮਾਪਤ ਹੋਵੇਗੀ। ਉਨ੍ਹਾਂ ਕਿਹਾ ਕਿ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਚਾਰੋਂ ਸ਼ੋਭਾ ਯਾਤਰਾਵਾਂ ਦੇ ਪਹੁੰਚਣ ਤੋਂ ਬਾਅਦ, ਮੁੱਖ ਧਾਰਮਿਕ ਸਮਾਗਮਾਂ ਦੀ ਰਸਮੀ ਸ਼ੁਰੂਆਤ 4 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਨਾਲ ਹੋਵੇਗੀ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਪਵਿੱਤਰ ਸਿੱਖਿਆਵਾਂ ਤੇ ਵਿਰਾਸਤ ਨੂੰ ਸਮਰਪਿਤ ਇਨ੍ਹਾਂ ਸਮਾਗਮਾਂ ਦੇ ਪਹਿਲੇ ਪੜਾਅ ਦੀ ਸਮਾਪਤੀ 6 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਨਾਲ ਹੋਵੇਗੀ। ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਸੈਰ-ਸਪਾਟਾ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਵੀ ਮੌਜੂਦ ਸਨ।

# ਵਿਰੋਧੀਆਂ ਕੋਲ ਸਰਕਾਰ ਖ਼ਿਲਾਫ਼ ਸਵਾਲ ਮੁੱਕੇ: ਭਗਵੰਤ ਮਾਨ

## ਮੁੱਖ ਮੰਤਰੀ ਵੱਲੋਂ ਧੂਰੀ ਹਲਕੇ ਤੋਂ 'ਆਪ' ਦੀ ਘਰ-ਘਰ ਮੁਹਿੰਮ ਦੀ ਸ਼ੁਰੂਆਤ



ਧੂਰੀ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਹਲਕੇ ਧੂਰੀ ਤੋਂ ਆਮ ਆਦਮੀ ਪਾਰਟੀ ਦੀ ਡੋਰ-ਟੂ-ਡੋਰ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਇਸ ਮੁਹਿੰਮ ਤਹਿਤ ਉਹ ਪਿੰਡ ਦੇ ਘਰਾਂ ਵਿੱਚ ਗਏ ਤੇ ਪਰਿਵਾਰਾਂ ਨੂੰ ਮਿਲੇ। ਉਨ੍ਹਾਂ ਨੇ ਬਜ਼ੁਰਗਾਂ ਨਾਲ ਗੱਲਬਾਤ ਕੀਤੀ ਤੇ ਸਰਕਾਰ ਦੀਆਂ ਪ੍ਰਾਪਤੀਆਂ ਉਨ੍ਹਾਂ ਨਾਲ ਸਾਂਝੀਆਂ ਕੀਤੀਆਂ। ਇਸ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਭਾਜਪਾ, ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਨੂੰ ਜਮ ਕੇ ਸਿਆਸੀ ਰਗੜੇ ਲਾਏ। ਮੁੱਖ ਮੰਤਰੀ ਮਾਨ ਨੇ ਕਿਹਾ, "ਵਿਰੋਧੀਆਂ ਕੋਲ ਸਰਕਾਰ ਖ਼ਿਲਾਫ਼ ਪੁੱਛਣ ਲਈ ਸਵਾਲ ਮੁੱਕ ਚੁੱਕੇ ਹਨ। ਅਕਾਲੀ ਦਲ ਬਾਦਲ ਦਾ ਵਜੂਦ ਖ਼ਤਮ ਹੋ ਗਿਆ ਹੈ, ਕਾਂਗਰਸ ਆਪਸੀ ਫੁੱਟ ਦਾ ਸ਼ਿਕਾਰ ਹੈ। ਭਾਜਪਾ ਨੂੰ ਪੰਜਾਬ ਦੇ ਲੋਕ ਪਸੰਦ ਨਹੀਂ ਕਰਦੇ।" ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਪਾਰਟੀ ਆਮ ਆਦਮੀ ਪਾਰਟੀ ਹੀ ਹੈ। ਮੁੱਖ ਮੰਤਰੀ ਨੇ ਪਿੰਡ ਦੇ ਲੋਕਾਂ ਅੱਗੇ ਆਪਣੀ ਸਰਕਾਰ ਦੇ ਪਿਛਲੇ ਸਾਢੇ ਚਾਰ ਸਾਲਾਂ ਦੇ ਵਿਕਾਸ ਕਾਰਜਾਂ ਦਾ ਰਿਪੋਰਟ ਕਾਰਡ ਪੇਸ਼ ਕਰਦਿਆਂ ਦਾਅਵਾ ਕੀਤਾ ਕਿ 2022 ਵਿੱਚ ਦਿੱਤੀਆਂ ਸਾਰੀਆਂ ਗਰੰਟੀਆਂ ਜ਼ਮੀਨੀ ਪੱਧਰ 'ਤੇ ਲਾਗੂ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਮੁਫ਼ਤ ਬਿਜਲੀ, ਵਧੀਆ ਸਕੂਲ ਤੇ ਆਮ ਆਦਮੀ ਕਲੀਨਿਕ ਵਰਗੀਆਂ ਸਹੂਲਤਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਵੱਖ-ਵੱਖ ਸਰਕਾਰੀ ਸਹੂਲਤਾਂ ਨਾਲ ਪੰਜਾਬ ਦੇ ਇੱਕ ਪਰਿਵਾਰ ਦੇ ਮਹੀਨੇ ਦੇ 15 ਹਜ਼ਾਰ ਅਤੇ ਸਾਲ ਦੇ ਇਕ ਲੱਖ 82 ਹਜ਼ਾਰ ਰੁਪਏ ਬਚਣ ਲੱਗ ਗਏ ਹਨ। ਪੰਜਾਬ ਦਾ ਹਰ ਪਰਿਵਾਰ ਸਰਕਾਰੀ ਸਕੀਮਾਂ ਕਾਰਨ ਆਰਥਿਕ ਤੌਰ 'ਤੇ ਮਜ਼ਬੂਤ ਹੋਣ ਲੱਗਾ ਹੈ। ਉਨ੍ਹਾਂ ਨੇ ਪਿੰਡ ਧੂਰਾ ਦੇ ਸਰਪੰਚ ਦਵਿੰਦਰ ਸਿੰਘ ਨੂਰਾਂ ਨੂੰ ਪਿੰਡ ਦੇ ਵਿਕਾਸ ਕਾਰਜਾਂ ਲਈ 53 ਲੱਖ ਰੁਪਏ ਦਾ ਚੈੱਕ ਦਿੱਤਾ। ਇਸ ਤੋਂ ਪਹਿਲਾਂ ਪਿੰਡ 'ਚ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅੱਜ ਪਿੰਡਾਂ ਵਿੱਚ ਸ਼ਹਿਰਾਂ ਨਾਲੋਂ ਵੱਧ ਵਿਕਾਸ ਹੋਇਆ ਹੈ। ਪਿੰਡ ਦੀ ਪੰਚਾਇਤ ਕੋਲ ਵਿਕਾਸ ਕਾਰਜਾਂ ਲਈ ਕਰੋੜਾਂ ਰੁਪਏ ਖਾਤੇ ਵਿੱਚ ਪਏ ਹਨ ਤੇ ਪੰਚਾਇਤ ਆਪਣੀ ਮਰਜ਼ੀ ਨਾਲ ਵਿਕਾਸ ਕੰਮ ਕਰਵਾ ਰਹੀ ਹੈ। ਪੰਜਾਬ ਦੇ ਪਿੰਡਾਂ ਵਿੱਚ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਦਾ ਕੀਤਾ ਗਿਆ ਹੈ ਜਿਸ ਨਾਲ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਉੱਚਾ ਹੋਇਆ ਹੈ ਅਤੇ ਸਰਕਾਰੀ ਸਕੂਲਾਂ ਦੀ ਪੜ੍ਹਾਈ ਪਹਿਲਾਂ ਨਾਲੋਂ ਹੋਰ ਚੰਗੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਸਾਰੀਆਂ ਯੋਜਨਾਵਾਂ ਨੂੰ ਬੰਦ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਆਪਣੇ ਵਿਕਾਸ ਕਾਰਜਾਂ ਦੇ ਆਧਾਰ 'ਤੇ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕਾਂ ਤੋਂ ਵੋਟ ਮੰਗੇਗੀ। ਇਸ ਮੌਕੇ ਡਾ. ਅਨਵਰ ਭਸੌੜ, ਰਾਜਵੰਤ ਸਿੰਘ ਘੁੱਲੀ, ਹਰਜਿੰਦਰ ਸਿੰਘ ਕਾਂਝਲਾ, ਰਛਪਾਲ ਸਿੰਘ ਭੁੱਲਰਹੇੜੀ, ਗਗਨ ਜਵੰਦਾ ਤੇ ਹੋਰ ਆਗੂ ਹਾਜ਼ਰ ਸਨ।

# ਭਾਰਤੀ ਹਾਕੀ ਟੀਮ 'ਚ ਸ਼ਾਮਿਲ ਅੰਮ੍ਰਿਤਸਰ ਦੇ 4 ਖਿਡਾਰੀ

## ਹਰਮਨਪ੍ਰੀਤ ਸਿੰਘ ਕਰ ਰਹੇ ਹਨ ਭਾਰਤੀ ਟੀਮ ਦੀ ਅਗਵਾਈ; ਜਰਮਨਪ੍ਰੀਤ, ਦਿਲਪ੍ਰੀਤ ਤੇ ਜੁਗਰਾਜ ਸਿੰਘ ਵੀ ਟੀਮ ਦਾ ਹਿੱਸਾ




ਅੰਮ੍ਰਿਤਸਰ : ਜਾਪਾਨ ਵਿੱਚ ਖੇਡੀਆਂ ਜਾ ਰਹੀਆਂ 20ਵੀਆਂ ਏਸ਼ਿਆਈ ਖੇਡਾਂ ਵਿੱਚ ਅੰਮ੍ਰਿਤਸਰ ਨਾਲ ਸਬੰਧਤ ਚਾਰ ਹਾਕੀ ਖਿਡਾਰੀ ਭਾਰਤੀ ਪੁਰਸ਼ ਹਾਕੀ ਟੀਮ ਦੀ ਨੁਮਾਇੰਦਗੀ ਕਰ ਰਹੇ ਹਨ। ਇਸ ਟੀਮ ਵਿੱਚ ਹਰਮਨਪ੍ਰੀਤ ਸਿੰਘ, ਦਿਲਪ੍ਰੀਤ ਸਿੰਘ, ਜਰਮਨਪ੍ਰੀਤ ਸਿੰਘ ਅਤੇ ਜੁਗਰਾਜ ਸਿੰਘ ਸ਼ਾਮਿਲ ਹਨ। ਹਰਮਨਪ੍ਰੀਤ ਸਿੰਘ ਭਾਰਤੀ ਟੀਮ ਦੀ ਅਗਵਾਈ ਬਰਕਰਾਰ ਰੱਖ ਰਹੇ ਹਨ। ਭਾਰਤੀ ਟੀਮ 2023 ਵਿੱਚ ਹਾਂਗਝੂ ਏਸ਼ਿਆਈ ਖੇਡਾਂ ਦੌਰਾਨ ਸੋਨ ਤਗ਼ਮਾ ਜਿੱਤ ਕੇ ਮੌਜੂਦਾ ਚੈਂਪੀਅਨ ਵਜੋਂ ਟੂਰਨਾਮੈਂਟ ਵਿੱਚ ਉੱਤਰੀ ਹੈ, ਜਿਸ ਦੌਰਾਨ ਵੀ ਟੀਮ ਦੀ ਕਪਤਾਨੀ ਹਰਮਨਪ੍ਰੀਤ ਸਿੰਘ ਨੇ ਹੀ ਕੀਤੀ ਸੀ।

**ਹਰਮਨਪ੍ਰੀਤ ਸਿੰਘ :** ਹਰਮਨਪ੍ਰੀਤ ਸਿੰਘ ਅੰਮ੍ਰਿਤਸਰ-ਜਲੰਧਰ ਜੀ.ਟੀ. ਰੋਡ 'ਤੇ ਅੰਮ੍ਰਿਤਸਰ ਤੋਂ ਲਗਪਗ 12 ਕਿਲੋਮੀਟਰ ਦੂਰ ਸਥਿਤ ਪਿੰਡ ਤਿੰਮੋਵਾਲ ਦਾ ਰਹਿਣ ਵਾਲਾ ਹੈ। ਉਸ ਦੇ ਪਿਤਾ ਸਰਬਜੀਤ ਸਿੰਘ ਨੂੰ ਉਮੀਦ ਹੈ ਕਿ ਭਾਰਤੀ ਟੀਮ ਆਪਣਾ ਏਸ਼ਿਆਈ ਖੇਡਾਂ ਦਾ ਖ਼ਿਤਾਬ ਬਰਕਰਾਰ ਰੱਖੇਗੀ। ਉਨ੍ਹਾਂ ਨੇ ਦੱਸਿਆ ਕਿ ਹਰਮਨਪ੍ਰੀਤ ਨੇ ਮੰਨੇ-ਪ੍ਰਮੰਨੇ ਡਰੈਗ-ਫ਼ਲਿੱਕਰ ਅਤੇ ਡਿਫ਼ੈਂਡਰ ਵਜੋਂ ਨਾਂ ਕਮਾਇਆ ਹੈ ਅਤੇ ਪਿੰਡ ਵਿੱਚ ਹਰ ਕੋਈ ਉਸ ਦੀ ਹਾਕੀ 'ਤੇ ਮਜ਼ਬੂਤ ਪਕੜ ਦੀ ਸ਼ਲਾਘਾ ਕਰਦਾ ਹੈ। ਸਰਬਜੀਤ ਸਿੰਘ ਨੇ ਯਾਦ ਕਰਦਿਆਂ ਦੱਸਿਆ ਕਿ ਹਰਮਨਪ੍ਰੀਤ ਨੂੰ ਉਸ ਦੇ ਮਾਮਾ ਹਰਦੇਵ ਸਿੰਘ ਚਾਹਲ (ਜੋ ਰਾਸ਼ਟਰੀ ਪੱਧਰ 'ਤੇ ਖੇਡ ਚੁੱਕੇ ਹਨ) ਤੋਂ ਹਾਕੀ ਖੇਡਣ ਦੀ ਪ੍ਰੇਰਨਾ ਮਿਲੀ ਸੀ, ਜਿਨ੍ਹਾਂ ਦੀ ਲਗਨ ਤੇ ਮਿਹਨਤ ਨੇ ਉਸ ਨੂੰ ਖੇਡ ਦੇ ਸਰਵਉੱਚ ਪੱਧਰ 'ਤੇ ਪਹੁੰਚਾਇਆ।

**ਦਿਲਪ੍ਰੀਤ ਸਿੰਘ :** ਫਾਰਵਰਡ ਖਿਡਾਰੀ ਦਿਲਪ੍ਰੀਤ ਸਿੰਘ ਅੰਮ੍ਰਿਤਸਰ ਤੋਂ ਲਗਪਗ 50 ਕਿਲੋਮੀਟਰ ਦੂਰ ਇਤਿਹਾਸਕ ਅਸਥਾਨ ਬਾਬਾ ਬਕਾਲਾ ਸਾਹਿਬ ਨੇੜਲੇ ਪਿੰਡ ਬੁਟਾਲਾ ਦਾ ਰਹਿਣ ਵਾਲਾ ਹੈ। ਉਸ ਦੇ ਪਰਿਵਾਰ ਅਤੇ ਪਿੰਡ ਵਾਸੀਆਂ ਨੂੰ ਉਮੀਦ ਹੈ ਕਿ ਉਸ ਦੇ ਹਮਲਾਵਰ ਖੇਡ ਹੁਨਰ ਨਾਲ ਭਾਰਤ ਨੂੰ ਟੂਰਨਾਮੈਂਟ ਵਿੱਚ ਮੁੜ ਮਦਦ ਮਿਲੇਗੀ। ਏਸ਼ਿਆਈ ਖੇਡਾਂ ਵਿੱਚ ਹਮਲਾਵਰ ਲਾਈਨ ਦੀ ਅਗਵਾਈ ਲਈ ਦਿਲਪ੍ਰੀਤ ਦੇ ਨਾਲ ਸ਼ਿਲਾਨੰਦ ਲਾਕੜਾ, ਸੁਖਜੀਤ ਸਿੰਘ, ਮੰਦੀਪ ਸਿੰਘ ਅਤੇ ਅਭਿਸ਼ੇਕ ਨੂੰ ਟੀਮ 'ਚ ਸ਼ਾਮਿਲ ਕੀਤਾ ਗਿਆ ਹੈ।

**ਜਰਮਨਪ੍ਰੀਤ ਸਿੰਘ :** ਬਾਬਾ ਬਕਾਲਾ ਸਾਹਿਬ ਖੇਤਰ ਨਾਲ ਸਬੰਧਤ ਜਰਮਨਪ੍ਰੀਤ ਸਿੰਘ ਨੇ ਆਪਣੇ ਹਾਕੀ ਸਫ਼ਰ ਦੀ ਸ਼ੁਰੂਆਤ ਪਿੰਡ ਮਹਿਤਾ ਸਥਿਤ ਖਾਲਸਾ ਹਾਕੀ ਅਕੈਡਮੀ ਤੋਂ ਕੀਤੀ ਸੀ, ਜਿਸ ਤੋਂ ਬਾਅਦ ਉਹ ਜਲੰਧਰ ਦੀ ਸੁਰਜੀਤ ਹਾਕੀ ਅਕੈਡਮੀ ਵਿੱਚ ਚਲਾ ਗਿਆ। ਉਸ ਨੇ 2024 ਦੀਆਂ ਪੈਰਿਸ ਓਲੰਪਿਕ ਖੇਡਾਂ ਵਿੱਚ ਆਪਣੇ ਓਲੰਪਿਕ ਸਫ਼ਰ ਦੀ ਸ਼ੁਰੂਆਤ ਕੀਤੀ ਸੀ, ਜਿੱਥੇ ਭਾਰਤ ਨੇ ਕਾਂਸੇ ਦਾ ਤਗ਼ਮਾ ਜਿੱਤਿਆ ਸੀ। ਉਹ ਰੇਲਵੇ ਸਪੋਰਟਸ ਪ੍ਰਮੋਸ਼ਨ ਬੋਰਡ ਦੀ ਨੁਮਾਇੰਦਗੀ ਕਰ ਚੁੱਕਾ ਹੈ ਅਤੇ ਬਾਅਦ ਵਿੱਚ ਘਰੇਲੂ ਟੂਰਨਾਮੈਂਟਾਂ ਲਈ ਇਨਕਮ ਟੈਕਸ ਵਿਭਾਗ ਵਿੱਚ ਸ਼ਾਮਿਲ ਹੋ ਗਏ।

**ਜੁਗਰਾਜ ਸਿੰਘ :** ਡਿਫ਼ੈਂਡਰ ਅਤੇ ਡਰੈਗ-ਫ਼ਲਿੱਕਰ ਜੁਗਰਾਜ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਅਟਾਰੀ ਦਾ ਰਹਿਣ ਵਾਲਾ ਹੈ। ਉਨ੍ਹਾਂ ਨੇ ਇਸੇ ਸਾਲ ਜੂਨ ਵਿੱਚ ਨੀਦਰਲੈਂਡਜ਼ ਦੇ ਰੋਟਰਡਮ ਵਿਖੇ ਜਰਮਨੀ ਵਿਰੁੱਧ ਭਾਰਤ ਦੇ ਐੱਫ.ਆਈ.ਐੱਚ. ਪ੍ਰੋ ਲੀਗ ਮੈਚ ਦੌਰਾਨ 100 ਅੰਤਰਰਾਸ਼ਟਰੀ ਮੈਚ (ਕੈਪਸ) ਖੇਡਣ ਦਾ ਮੀਲ ਪੱਥਰ ਹਾਸਲ ਕੀਤਾ ਸੀ। ਜੁਗਰਾਜ ਨੇ 2022 ਵਿੱਚ ਦੱਖਣੀ ਅਫ਼ਰੀਕਾ ਵਿੱਚ ਐੱਫ.ਆਈ.ਐੱਚ. ਪ੍ਰੋ ਲੀਗ ਮੈਚਾਂ ਦੌਰਾਨ ਆਪਣੇ ਸੀਨੀਅਰ ਅੰਤਰਰਾਸ਼ਟਰੀ ਕਰੀਅਰ ਦੀ ਸ਼ੁਰੂਆਤ ਕੀਤੀ ਸੀ ਅਤੇ ਜਲਦ ਹੀ ਭਾਰਤੀ ਰੱਖਿਆ ਪੰਕਤੀ (ਬੈਕਲਾਈਨ) ਦੇ ਮਹੱਤਵਪੂਰਨ ਅੰਗ ਬਣ ਗਿਆ।

# ਪਤੀ-ਪਤਨੀ ਵਿਚਾਲੇ ਹੱਥੋਪਾਈ ਦੌਰਾਨ ਚਾਕੂ ਲੱਗਣ ਨਾਲ ਪਤਨੀ ਦੀ ਮੌਤ

ਫਗਵਾੜਾ : ਇੱਥੋਂ ਦੇ ਮੁਹੱਲਾ ਟਿੱਬੀ ਵਿੱਚ ਬੁੱਧਵਾਰ ਨੂੰ ਪਤੀ-ਪਤਨੀ ਵਿਚਾਲੇ ਹੋਈ ਹੱਥੋਪਾਈ ਦੌਰਾਨ ਪਤਨੀ ਦੀ ਚਾਕੂ ਲੱਗਣ ਕਾਰਨ ਮੌਤ ਹੋ ਗਈ, ਜਦਕਿ ਪਤੀ ਵੀ ਜ਼ਖ਼ਮੀ ਹੋ ਗਿਆ। ਮ੍ਰਿਤਕਾ ਦੀ ਪਛਾਣ ਜਸਵਿੰਦਰ ਕੌਰ ਪਤਨੀ ਗੁਰਪ੍ਰੀਤ ਸਿੰਘ ਵਜੋਂ ਹੋਈ ਹੈ। ਮੌਕੇ 'ਤੇ ਮੌਜੂਦ ਸੁਖਦੇਵ ਸਿੰਘ ਲੱਲ ਨੇ ਦੱਸਿਆ ਕਿ ਪਤੀ-ਪਤਨੀ ਕਰੀਬ 15-20 ਦਿਨ ਪਹਿਲਾਂ ਹੀ ਇੱਥੇ ਇੱਕ ਕਮਰਾ ਕਿਰਾਏ 'ਤੇ ਲੈ ਕੇ ਰਹਿਣ ਲਈ ਆਏ ਸਨ। ਬੁੱਧਵਾਰ ਸ਼ਾਮ ਦੋਵਾਂ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਤਕਰਾਰ ਹੋ ਗਈ, ਜੋ ਬਾਅਦ ਵਿੱਚ ਹੱਥੋਪਾਈ ਵਿੱਚ ਬਦਲ ਗਈ। ਇਸ ਦੌਰਾਨ ਦੋਵਾਂ ਵੱਲੋਂ ਇੱਕ-ਦੂਜੇ 'ਤੇ ਚਾਕੂ ਨਾਲ ਹਮਲਾ ਕੀਤਾ ਗਿਆ। ਚਾਕੂ ਲੱਗਣ ਕਾਰਨ ਜਸਵਿੰਦਰ ਕੌਰ ਦੀ ਮੌਤ ਹੋ ਗਈ, ਜਦਕਿ ਗੁਰਪ੍ਰੀਤ ਸਿੰਘ ਵੀ ਜ਼ਖ਼ਮੀ ਹੋ ਗਿਆ। ਜ਼ਖ਼ਮੀ ਗੁਰਪ੍ਰੀਤ ਸਿੰਘ ਨੂੰ ਇਲਾਜ ਲਈ ਸਿਵਲ ਹਸਪਤਾਲ ਫਗਵਾੜਾ ਲਿਆਂਦਾ ਗਿਆ, ਜਿੱਥੇ ਪੁਲੀਸ ਨੇ ਉਸ ਨੂੰ ਸੁਰੱਖਿਆ ਹੇਠ ਦਾਖ਼ਲ ਕਰਵਾ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ ਪੀ ਮੇਜਰ ਸਿੰਘ ਨੇ ਦੱਸਿਆ ਕਿ ਪੁਲੀਸ ਨੇ ਜ਼ਖ਼ਮੀ ਪਤੀ ਨੂੰ ਹਸਪਤਾਲ ਵਿੱਚ ਸੁਰੱਖਿਆ ਹੇਠ ਰੱਖਿਆ ਹੈ ਅਤੇ ਘਟਨਾ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਾਂਚ ਤੋਂ ਬਾਅਦ ਹੀ ਘਟਨਾ ਸਬੰਧੀ ਪੂਰੀ ਸਥਿਤੀ ਸਪਸ਼ਟ ਹੋਵੇਗੀ। ਇਸੇ ਦੌਰਾਨ ਡੀ ਐੱਸ ਪੀ ਪਲਵਿੰਦਰ ਸਿੰਘ ਨੇ ਸਿਵਲ ਹਸਪਤਾਲ ਪਹੁੰਚ ਕੇ ਘਟਨਾ ਦਾ ਜਾਇਜ਼ਾ ਲਿਆ ਅਤੇ ਮਾਮਲੇ ਸਬੰਧੀ ਜਾਣਕਾਰੀ ਹਾਸਲ ਕੀਤੀ।

# ਦੁਸ਼ਹਿਰਾ ਉਤਸਵ ਬੜੀ ਸ਼ਰਧਾ ਭਾਵਨਾ ਤੇ ਉਤਸਾਹ ਪੂਰਵਕ ਮਨਾਉਣ ਦੀਆਂ ਤਿਆਰੀਆਂ ਸ਼ੁਰੂ : ਸ਼ੁਭਮ ਬਿੱਲਾ



ਦੁਸ਼ਹਿਰਾ ਉਤਸਵ ਸਬੰਧੀ ਜਾਣਕਾਰੀ ਦਿੰਦੇ ਸ਼ੁਭਮ ਬਿੱਲਾ ਅਤੇ ਹੋਰ।

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੁਰਾਈ ਤੇ ਸੱਚਾਈ ਦਾ ਪ੍ਰਤੀਕ ਦੁਸ਼ਹਿਰਾ ਉਤਸਵ ਮਨਾਉਣ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਦੁਸ਼ਹਿਰਾ ਕਮੇਟੀ ਦੇ ਪ੍ਰਧਾਨ ਸ਼ੁਭਮ ਬਿੱਲਾ ਦੀ ਅਗਵਾਈ ਵਿੱਚ ਮਹਾਦੇਵ ਮੰਦਰ ਉੜਮੁੜ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਟਾਂਡਾ ਸ਼ਹਿਰ ਦੀਆਂ ਰਾਮ ਲੀਲਾਵਾਂ ਕਮੇਟੀਆਂ ਦੇ ਮੈਂਬਰ ਅਤੇ ਵੱਖ-ਵੱਖ ਧਾਰਮਿਕ, ਸਮਾਜਿਕ ਤੇ ਸਵੈਸੇਵੀ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਸਮੂਹ ਕਮੇਟੀ ਮੈਂਬਰਾਂ ਨੇ ਭਾਗ ਲਿਆ।

ਮੀਟਿੰਗ 'ਚ ਸ਼ਾਮਿਲ ਅਨਿਲ ਸ਼ਰਮਾ, ਅੰਮ੍ਰਿਤਪਾਲ ਸਿੰਘ ਬਾਜਵਾ, ਸੁਮਿਤ ਗੁਪਤਾ, ਦੀਪਕ ਮਾਹਲਾ, ਬ੍ਰਹਮਜੀਤ ਸੈਣੀ, ਜਿਵੇਸ਼ ਹਾਂਡਾ, ਮੁਕੇਸ਼ ਬੱਗਾ, ਸੁਨੀਲ ਸੈਣੀ, ਵਿਸ਼ਾਲ ਕੁਮਾਰ, ਅਮਨ ਕੁਮਾਰ, ਯੋਗੇਸ਼ ਕੁਮਾਰ, ਪ੍ਰਿੰਸ ਕੁਮਾਰ, ਬੰਟੀ ਕੁਮਾਰ, ਸਨੀ ਠੇਕੇਦਾਰ, ਅਨਿਲ ਧਿਮਾਨ, ਹੈਰੀ ਕੁਮਾਰ, ਮਨੀਸ਼ ਕੁਮਾਰ, ਮਾਖੂ ਕੁਮਾਰ, ਵਿਜੇ ਕੁਮਾਰ, ਦੀਪਕ ਕੁਮਾਰ, ਰਾਜੂ ਕੁਮਾਰ, ਸੰਗਤ ਜੀਤ ਕੁਮਾਰ, ਅਸ਼ਵਨੀ ਮਾਹਲਾ, ਸੁੱਖਾ ਬਿੱਡੂ, ਅਰਮਾਨ ਮਾਹਲਾ ਅਤੇ ਰੁਪਕ ਕੁਮਾਰ ਨੇ ਦੁਸ਼ਹਿਰਾ ਉਤਸਵ ਮਨਾਉਣ ਦੀਆਂ ਤਿਆਰੀਆਂ ਸਬੰਧੀ ਆਪਣੇ ਆਪਣੇ ਵਿਚਾਰ ਪੇਸ਼ ਕੀਤੇ।

ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਸ਼ੁਭਮ ਬਿੱਲਾ ਨੇ ਕਿਹਾ ਕਿ ਬੁਰਾਈ ਤੇ ਸੱਚਾਈ ਦਾ ਪ੍ਰਤੀਕ ਦੁਸ਼ਹਿਰਾ ਉਤਸਵ 20 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਟਾਂਡਾ ਵਿਖੇ ਬੜੀ ਧੂਮਧਾਮ ਅਤੇ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੁਸ਼ਹਿਰਾ ਉਤਸਵ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ 16 ਅਕਤੂਬਰ ਨੂੰ ਪ੍ਰਭੂ ਸ਼੍ਰੀ ਰਾਮ ਸੀਤਾ ਵਿਵਾਹ ਦੀ ਸ਼ੋਭਾ ਯਾਤਰਾ ਮਹਾਦੇਵ ਮੰਦਰ ਉੜਮੁੜ ਤੋਂ ਕੱਢੀ ਜਾਵੇਗੀ ਜੋ ਕਿ ਸ਼ਹਿਰ ਦੇ ਵੱਖ-ਵੱਖ ਚੌਕਾਂ ਤੇ ਬਾਜ਼ਾਰਾਂ ਵਿੱਚੋਂ ਹੁੰਦੀ ਹੋਈ ਮੁੜ ਮਹਾਦੇਵ ਮੰਦਰ ਪਹੁੰਚ ਕੇ ਸੰਪੰਨ ਹੋਵੇਗੀ। ਉਨ੍ਹਾਂ ਕਿਹਾ ਕਿ 17 ਅਕਤੂਬਰ ਨੂੰ ਰਾਮ ਬਣਵਾਸ ਸ਼ੋਭਾ ਯਾਤਰਾ ਕੱਢੀ ਜਾਵੇਗੀ ਜਿਸ ਵਿੱਚ ਸ਼ਹਿਰ ਦੀਆਂ ਰਾਮ ਲੀਲਾਵਾਂ ਦੇ ਕਲਾਕਾਰ ਵੱਖ-ਵੱਖ ਸਰੂਪਾਂ ਨਾਲ ਸੁਸ਼ੋਭਿਤ ਝਾਕੀਆਂ ਪੇਸ਼ ਕਰਕੇ ਰਾਮ ਸ਼ਰਧਾਲੂਆਂ ਨੂੰ ਮੋਹਿਤ ਕਰਨਗੀਆਂ। ਉਨ੍ਹਾਂ ਕਿਹਾ ਕਿ ਦੁਸ਼ਹਿਰਾ ਉਤਸਵ ਅਤੇ ਸ਼ੋਭਾ ਯਾਤਰਾ ਵਿੱਚ ਸ਼ਰਾਰਤੀ ਅਨਸਰਾਂ ਤੇ ਰੋਕ ਲਗਾਉਣ ਲਈ ਦੁਸ਼ਹਿਰਾ ਕਮੇਟੀ ਦੇ ਵਲੰਟਰੀਆਂ ਦੀਆਂ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ।

ਸ਼ੁਭਮ ਬਿੱਲਾ ਨੇ ਕਿਹਾ ਕਿ ਦੁਸ਼ਹਿਰਾ ਕਮੇਟੀ ਵੱਲੋਂ ਵੱਖ-ਵੱਖ ਸਬ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ ਜੋ ਕਿ ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਪੁਤਲਿਆਂ ਨੂੰ ਤਿਆਰ ਕਰਨ ਵਾਲੇ ਕਾਰੀਗਰਾਂ ਦੀ ਚੋਣ, ਦੁਸ਼ਹਿਰਾ ਗਰਾਊਂਡ ਵਿੱਚ ਮਹਿਮਾਨਾਂ ਲਈ ਸਟੇਜ ਦਾ ਪ੍ਰਬੰਧ ਅਤੇ ਗਰਾਉਂਡ ਦੀ ਸਾਫ਼ ਸਫਾ ?ਈ ਤੋਂ ਇਲਾਵਾ ਪ੍ਰਭੂ ਸ਼੍ਰੀ ਰਾਮ ਚੰਦਰ ਜੀ ਦੇ ਸ਼ਰਧਾਲੂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹਈਆ ਕਰਵਾਉਣ ਦੇ ਪ੍ਰਬੰਧ ਕਰਨਗੀਆਂ। ਉਨ੍ਹਾਂ ਕਿਹਾ ਕਿ ਸ਼ੋਭਾ ਯਾਤਰਾਵਾਂ ਤੋਂ ਪਹਿਲਾਂ ਦੁਸਹਿਰਾ ਗਰਾਉਂਡ ਵਿਖੇ ਝੰਡਾ ਚੜਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬੁਰਾਈ ਤੇ ਸੱਚਾਈ ਦੀ ਜਿੱਤ ਦੇ ਪ੍ਰਤੀਕ ਇਸ ਦੁਸ਼ਹਿਰਾ ਉਤਸਵ ਨੂੰ ਮਨਾਉਣ ਲਈ ਦੁਸ਼ਹਿਰਾ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਸਹਿਯੋਗੀ ਸੰਸਥਾਵਾਂ ਦੇ ਆਗੂਆਂ ਵਿੱਚ ਭਾਰੀ ਉਤਸਾਹ ਪਾਇਆ ਜਾ ਰਿਹਾ ਹੈ। ਮੀਟਿੰਗ ਦੇ ਆਖ਼ਰ ਵਿੱਚ ਹਾਜ਼ਰ ਸਾਰਿਆਂ ਨੇ ਜੈ ਵੀਰ ਬਜਰੰਗੀ ਹਰ ਹਰ ਮਹਾਦੇਵ ਦੇ ਜੈਕਾਰੇ ਲਗਾਉਂਦੇ ਹੋਏ ਦੁਸ਼ਹਿਰਾ ਕਮੇਟੀ ਨੂੰ ਇਸ ਉਤਸਵ ਦੀ ਕਾਮਯਾਬੀ ਸਬੰਧੀ ਆਪਣਾ ਪੂਰਾ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

# ਕਰਜ਼ੇ ਕਾਰਨ ਨੌਜਵਾਨ ਨੇ ਖ਼ੁਦਕੁਸ਼ੀ ਕੀਤੀ

ਮਾਨਸਾ : ਨੇੜਲੇ ਪਿੰਡ ਘਰਾਂਗਣਾਂ ਵਿਖੇ ਆਰਥਿਕ ਮੰਦਹਾਲੀ ਅਤੇ ਕਰਜ਼ੇ ਤੋਂ ਪ੍ਰੇਸ਼ਾਨ ਨੌਜਵਾਨ ਕੁਲਵੀਰ ਸਿੰਘ ਪੁੱਤਰ ਹਰਦੇਵ ਸਿੰਘ ਨੇ ਜ਼ਹਿਰੀਲੀ ਦਵਾਈ ਪੀ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਉਸ ਨੇ ਤੇ ਉਸ ਦੀ ਪਤਨੀ ਸੋਮਾ ਕੌਰ ਨੇ ਕਰਜ਼ਾ ਲੈ ਕੇ ਮਾਨਸਾ ਵਿਖੇ ਰੈਡੀਮੇਡ ਕੱਪੜੇ ਦੀ ਦੁਕਾਨ ਕੀਤੀ ਪਰ ਕੰਮ ਨਾ ਚੱਲਿਆ। ਉਹ ਕੁੱਝ ਸਮਾਂ ਲੁਧਿਆਣਾ ਤੋਂ ਰੈਡੀਮੇਡ ਕੱਪੜੇ ਲਿਆ ਕੇ ਵੀ ਸ਼ਹਿਰ 'ਚ ਵੇਚਦਾ ਰਿਹਾ। ਦੋਵਾਂ ਪਤੀ-ਪਤਨੀ ਸਿਰ ਕਰੀਬ 50 ਲੱਖ ਰੁਪਏ ਦਾ ਕਰਜ਼ਾ ਹੈ।

ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਘਰਾਂਗਣਾ ਨੇ ਕਿਹਾ ਕਿ ਨੌਜਵਾਨ ਨੇ ਪਿਛਲੇ ਸਮੇਂ ਵਿੱਚ ਆਪਣੀ ਨਿੱਜੀ ਰੈਡੀਮੇਡ ਦੀ ਦੁਕਾਨ ਚਲਾਉਣ ਲਈ ਆਪਣੀ ਪਤਨੀ ਦੇ ਨਾਮ 'ਤੇ ਸਰਕਾਰੀ ਬੈਂਕ ਤੋਂ ਕਰਜ਼ਾ ਲਿਆ ਪਰ ਸ਼ਹਿਰ ਵਿਚ ਕੰਮ ਨਾ ਚੱਲਿਆ ਤੇ ਉਹ ਕਰਜ਼ਾ ਨਹੀਂ ਮੋੜ ਸਕਿਆ। ਉਸ ਦੀ ਦੁਕਾਨ ਵੀ ਬੰਦ ਹੋ ਗਈ। ਕਰਜ਼ੇ ਦਾ ਬੋਝ ਨਾ ਝੱਲਦਿਆਂ ਆਖਿਰ ਕੁਲਵੀਰ ਸਿੰਘ ਨੇ ਸਲਫਾਸ ਨਿਗਲ ਲਈ। ਉਸ ਨੂੰ ਗੰਭੀਰ ਹਾਲਤ ਵਿੱਚ ਸਿਵਲ ਹਸਪਤਾਲ ਮਾਨਸਾ ਦਾਖ਼ਲ ਕਰਵਾਇਆ ਗਿਆ, ਜਿੱਥੇ ਉਸ ਦੀ ਮੰਗਲਵਾਰ ਰਾਤ ਨੂੰ ਮੌਤ ਹੋ ਗਈ। ਉਸ ਦੇ ਪਰਿਵਾਰ ਵਿੱਚ ਪਤਨੀ, 4 ਸਾਲ ਦੀ



ਬੇਟੀ, 6 ਮਹੀਨੇ ਦਾ ਪੁੱਤਰ, ਵਿਧਵਾ ਮਾਂ ਅਤੇ ਛੋਟੀ ਭੈਣ ਹਨ। ਉਸ ਦੇ ਘਰ ਕੁੱਝ ਦਿਨਾਂ ਮਗਰੋਂ ਭੈਣ ਦਾ ਵਿਆਹ ਰੱਖਿਆ ਹੋਇਆ ਸੀ। ਸੀਪੀਆਈ (ਐੱਮ ਐੱਲ) ਲਿਬਰੇਸ਼ਨ ਦੇ ਜ਼ਿਲ੍ਹਾ ਆਗੂ ਗੁਰਸੇਵਕ ਸਿੰਘ ਮਾਨ ਬੀਬੜੀਆਂ ਨੇ ਕਿਹਾ ਕਿ ਪਿੱਛੇ ਰਹਿ ਗਏ ਮ੍ਰਿਤਕ ਦੇ ਪਰਿਵਾਰ ਨੂੰ ਗੁਜ਼ਾਰੇ ਲਈ ਨੌਕਰੀ ਦਿੱਤੀ ਜਾਵੇ ਅਤੇ 10 ਲੱਖ ਰੁਪਏ ਦਾ ਮੁਆਵਜ਼ਾ ਸਮੇਤ ਪਰਿਵਾਰ ਦਾ ਸਾਰਾ ਕਰਜ਼ਾ ਮੁਆਫ਼ ਕੀਤਾ ਜਾਵੇ।

# ਮਾਂ ਬਗਲਾਮਖੀ ਹੈ ਕਸ਼ਟ ਹਰਨੀ, ਸ਼ਰਧਾ ਨਾਲ ਮੰਗੀਆਂ ਮੁਰਾਦਾਂ ਹੁੰਦੀਆਂ ਕਬੂਲ : ਮਹੰਤ ਰਜਤ ਗਿਰੀ ਜੀ, ਪੰਡਿਤ ਦੀਪਕ





ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਮਾਂ ਬਗਲਾਮੁਖੀ ਜੀ ਦੀ ਸਾਰੀ ਦੁਨੀਆ ਵਿੱਚ ਬੜੀ ਮਹੱਤਵਤਾ ਹੈ ਅਤੇ ਇਸਦੀ ਸ਼ਰਨ ਲੈਣ ਵਾਲੇ ਸ਼ਰਧਾਲੂ ਦੀਆਂ ਸਾਰੀਆਂ ਮਨੋਕਾਮਨਾ ਪੂਰੀਆਂ ਹੋ ਜਾਂਦੀਆਂ ਹਨ। ਹਰ ਇਨਸਾਨ ਮੋਹ ਮਾਇਆ ਦੇ ਜਾਲ ਵਿੱਚ ਫਸ ਕੇ ਕਿਸੇ ਨਾ ਕਿਸੇ ਕਾਰਨ ਪਰੇਸ਼ਾਨੀਆਂ ਵਿੱਚ ਡੁੱਬਿਆ ਹੋਇਆ ਹੈ, ਕੋਈ ਔਲਾਦ ਦੀ ਚਿੰਤਾ, ਕੋਈ ਵਪਾਰ ਤੋਂ ਇਲਾਵਾ ਮਾਨਸਿਕ ਜਾਂ ਪਰਿਵਾਰਿਕ ਪਰੇਸ਼ਾਨੀਆਂ ਨਾਲ ਜੂਝ ਰਿਹਾ ਹੈ। ਆਪਣੀ ਇਨ੍ਹਾ ਪਰੇਸ਼ਾਨੀਆਂ ਤੋਂ ਛੁਟਕਾਰਾ ਪਾਉਣ ਲਈ ਸ਼ਰਧਾਲੂ ਮਾਂ ਬਗਲਾਮੁਖੀ ਜੀ ਦੇ ਦਰਬਾਰ ਬਨਖੰਡੀ ਹਿਮਾਚਲ ਵਿੱਚ ਆ ਕੇ ਸੱਚੇ ਮਨ ਨਾਲ ਸ਼ਰਧਾ ਪੂਰਵਕ ਮਾਂ ਅੱਗੇ ਅਰਦਾਸਾਂ ਕਰਦੇ ਹਨ ਅਤੇ ਕਸ਼ਟ ਹਰਨੀ ਮਾਂ ਉਨ੍ਹਾ ਦੀਆਂ ਮੰਗੀਆਂ ਮੁਰਾਦਾਂ ਕਬੂਲ ਕਰਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਾਂ ਬਗਲਾਮੁਖੀ ਦੇ ਸੰਚਾਲਕ ਅਤੇ ਮੰਦਰ ਪ੍ਰਮੁੱਖ ਮਹੰਤ ਰਜਤ ਗਿਰੀ ਜੀ ਨੇ ਅੱਜ ਮਾਂ ਬਗਲਾਮੁਖੀ ਵਿਖੇ ਪੱਤਰਕਾਰ ਅਮ੍ਰਿਤ ਪਾਲ ਸਿੰਘ ਬਾਜਵਾ, ਪੰਡਿਤ ਮਿਥਲੇਸ਼ ਗਰਗ, ਸੁਮਿਤ ਗੁਪਤਾ ਅਤੇ ਹਰਜੀਤ ਸਿੰਘ ਬਘੇਲ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਮਾਂ ਬਗਲਾਮੁਖੀ ਸਾਰੀ ਦੁਨੀਆ ਦਾ ਕਲਿਆਣ ਕਰਨ ਵਾਲੀ ਦੇਵੀ ਹੈ ਅਤੇ ਹਰ ਉਸ ਸ਼ਰਧਾਲੂ ਦੇ ਕਾਰਜ ਪੂਰੇ ਕਰ ਦਿੰਦੀ ਹੈ ਜਿਹੜੇ ਪੂਰੀ ਸ਼ਰਧਾ ਭਾਵਨਾ ਨਾਲ ਮਾਤਾ ਦੇ ਦਰਬਾਰ ਚ ਆ ਕੇ ਸੱਚੇ ਮਨ ਨਾਲ ਮੰਨਤਾਂ ਮੰਗਦੇ ਹੋਏ ਮੱਥਾ ਟੇਕਦੇ ਹਨ। ਉਨ੍ਹਾਂ ਕਿਹਾ ਕਿ ਮਾਂ ਬਗਲਾਮੁਖੀ ਦੇ ਅਸ਼ੀਰਵਾਦ ਅਤੇ ਸ਼ਰਧਾਲੂਆਂ ਦੇ ਸਹਿਯੋਗ ਨਾਲ ਮਾਂ ਬਗਲਾਮੁਖੀ ਧਾਮ ਦਾ ਕਾਫੀ ਵਿਸਥਾਰ ਕੀਤਾ ਗਿਆ ਹੈ ਤਾਂ ਜੋ ਮਾਤਾ ਦੇ ਸ਼ਰਧਾਲੂਆਂ ਨੂੰ ਮਾਤਾ ਦੇ ਦਰਸ਼ਨਾਂ ਸਮੇਂ ਕਿਸੇ ਵੀ ਪ੍ਰਕਾਰ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਮਹੰਤ ਰਜਤ ਗਿਰੀ ਜੀ ਮਹਾਰਾਜ ਨੇ ਕਿਹਾ ਕਿ ਜਿਹੜੇ ਇਨਸਾਨ ਪੂਰੀ ਸ਼ਰਧਾ ਭਾਵਨਾ ਨਾਲ ਹਰ ਸਮੇਂ ਮਾਂ ਬਗਲਾਮੁਖੀ ਦਾ ਨਾਮ ਸਿਮਰਨ ਕਰਦੇ ਹਨ ਮਾਂ ਉਨ੍ਹਾਂ ਨੂੰ ਆਪਣੇ ਚਰਨਾਂ ਨਾਲ ਜੋੜ ਲੈਂਦੀ ਹੈ। ਉਨ੍ਹਾਂ ਕਿਹਾ ਕਿ ਹਰ ਇਨਸਾਨ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੀਆਂ ਦੁਨਿਆਵੀ ਜਿੰਮੇਵਾਰੀਆਂ ਨੂੰ ਪੂਰਾ ਕਰਦਾ ਹੋਇਆ ਉਸ ਪਰਮ ਪਿਤਾ ਪਰਮੇਸ਼ਵਰ ਦਾ ਕਿਸੇ ਵੀ ਰੂਪ ਵਿੱਚ ਨਾਮ ਸਿਮਰਨ ਕਰਦਾ ਰਹੇ। ਉਨ੍ਹਾਂ ਕਿਹਾ ਕਿ ਜਿਹੜੇ ਇਨਸਾਨ ਮਾਂ ਬਗਲਾਮੁਖੀ ਦੇ ਭਾਣੇ ਵਿੱਚ ਹਰ ਸਮੇਂ ਰਹਿੰਦੇ ਹਨ ਮਾਂ ਉਨ੍ਹਾਂ ਨੂੰ ਹਰ ਪ੍ਰਕਾਰ ਦੇ ਦੁਖਾਂ ਅਤੇ ਕਸ਼ਟਾਂ ਤੋਂ ਮੁਕਤ ਕਰ ਦਿੰਦੀ ਹੈ। ਉਨ੍ਹਾਂ ਕਿਹਾ ਕਿ ਮਾਂ ਬਗਲਾਮੁਖੀ ਬੜੀ ਬਖਸ਼ਨਹਾਰ ਹੈ ਅਤੇ ਇਸ ਦੇ ਦਰਬਾਰ ਵਿੱਚ ਸੱਚੇ ਮਨ ਨਾਲ ਅਪਣੀਆਂ ਗਲਤੀਆਂ ਦੀ ਮੁਆਫੀ ਮੰਗਣ ਵਾਲੇ ਸ਼ਰਧਾਲੂਆਂ ਨੂੰ ਇਹ ਮਾਫ਼ ਕਰਕੇ ਇਸ ਆਵਾਗਮਨ ਦੇ ਚੱਕਰਾਂ ਤੋਂ ਹਮੇਸ਼ਾ ਲਈ ਮੁਕਤ ਕਰ ਦਿੰਦੀ ਹੈ।

ਪੰਡਿਤ ਦੀਪਕ ਸ਼ਰਮਾ ਜੀ ਨੇ ਕਿਹਾ ਕਿ ਮਾਂ ਬਗਲਾਮੁਖੀ ਦਰਬਾਰ ਚ ਹਵਨ ਯੱਗ ਦੀ ਬਹੁਤ ਮਹੱਤਵਤਾ ਹੈ। ਉਨ੍ਹਾਂ ਕਿਹਾ ਕਿ ਇੱਥੇ ਹਰ ਦੁੱਖ ਕਸ਼ਟ ਨਿਵਾਰਨ ਤੋਂ ਇਲਾਵਾ ਸ਼ਰਧਾਲੂ ਆਪਣੀਆਂ ਮੰਨਤਾਂ ਪੂਰੀਆਂ ਕਰਵਾਉਣ ਲਈ ਹਵਨ ਯੱਗ ਕਰਵਾਉਂਦੇ ਹਨ ਤਾਂ ਜੋ ਉਨ੍ਹਾਂ ਦੀਆਂ ਮੰਨਤਾਂ ਪੂਰੀਆਂ ਹੋ ਸਕਣ। ਉਨ੍ਹਾਂ ਕਿਹਾ ਕਿ ਸ਼ਰਧਾਲੂ ਜਿਸ ਭਾਵਨਾ ਨਾਲ ਮਾਤਾ ਦੇ ਦਰਬਾਰ ਵਿੱਚ ਪਹੁੰਚ ਕੇ ਮਾਂ ਬਗਲਾਮੁਖੀ ਦੇ ਦਰਸ਼ਨ ਕਰਦੇ ਹਨ ਮਾਂ ਉਨ੍ਹਾਂ ਦੀਆਂ ਮੁਰਾਦਾਂ ਨੂੰ ਪੂਰਾ ਕਰ ਦਿੰਦੀ ਹੈ। ਉਨ੍ਹਾਂ ਕਿਹਾ ਕਿ ਮਾਂ ਦੇ ਦਰਬਾਰ ਵਿੱਚ ਹਰ ਸਮੇਂ ਮਾਤਾ ਦਾ ਅਤੁੱਟ ਲੰਗਰ ਚਲਦਾ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਦੂਰ ਦੁਰਾਡੀਆਂ ਤੋਂ ਆਏ ਸ਼ਰਧਾਲੂਆਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਮੁਹਈਆ ਕਰਵਾਉਣ ਦੇ ਸਾਰੇ ਇੰਤਜ਼ਾਮ ਮੰਦਿਰ ਕਮੇਟੀ ਵੱਲੋਂ ਕੀਤੇ ਜਾਂਦੇ ਹਨ ਤਾਂ ਜੋ ਕਿਸੇ ਵੀ ਮਾਤਾ ਦੇ ਭਗਤ ਨੂੰ ਕਿਸੇ ਵੀ ਪ੍ਰਕਾਰ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਬਜ਼ੁਰਗਾਂ ਦੀ ਸਾਂਭ ਸੰਭਾਲ ਤੇ ਸੇਵਾ ਕਰਨ ਲਈ ਨੌਜਵਾਨ ਪੀੜੀ ਨੂੰ ਜਾਗ੍ਰਿਤ ਕੀਤਾ ਜਾਵੇਗਾ : ਰਸ਼ਪਾਲ ਚਰੜ



ਰਸ਼ਪਾਲ ਚਰੜ ਨੂੰ ਸਨਮਾਨਿਤ ਕਰਦੇ ਬਜ਼ੁਰਗ ਆਸ਼ਰਮ ਦੇ ਸਮੂਹ ਮੈਂਬਰ।

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਅਜੋਕੇ ਯੁੱਗ ਵਿੱਚ ਬਜ਼ੁਰਗਾਂ ਦੀ ਸਾਂਭ ਸੰਭਾਲ, ਉਨ੍ਹਾਂ ਪ੍ਰਤੀ ਸੇਵਾ ਭਾਵਨਾ ਅਤੇ ਉਨ੍ਹਾਂ ਨੂੰ ਤਨਾਵ ਮੁਕਤ ਕਰਨ ਤੋਂ ਇਲਾਵਾ ਨੌਜਵਾਨ ਪੀੜੀ ਨੂੰ ਜਾਗ੍ਰਿਤ ਕਰਨ ਸੰਬੰਧੀ ਲੋਕ ਸੇਵਾ ਵੈਲਫੇਅਰ ਸੋਸਾਇਟੀ ਵੱਲੋਂ ਗੁਰੂ ਨਾਨਕ ਬਿਰਧ ਆਸ਼ਰਮ ਦੇਹਰੀਵਾਲ ਵਿਖੇ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਇਲਾਕੇ ਦੀਆਂ ਵੱਖ-ਵਖ ਧਾਰਮਿਕ, ਸਮਾਜਿਕ ਸੰਸਥਾਵਾਂ ਦੇ ਆਗੂਆਂ ਅਤੇ ਬਜ਼ੁਰਗਾਂ ਤੋਂ ਇਲਾਵਾ ਸੋਸਾਇਟੀ ਦੇ ਸਰਪ੍ਰਸਤ ਰਸ਼ਪਾਲ ਸਿੰਘ ਚਰੜ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।

ਸਮਾਗਮ ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਰਸ਼ਪਾਲ ਸਿੰਘ ਚਰੜ ਨੇ ਕਿਹਾ ਕਿ ਸਾਡੀ ਸੋਸਾਇਟੀ ਦਾ ਅਸਲ ਉਦੇਸ਼ ਵੱਡੀ ਉਮਰ ਦੇ ਬਜ਼ੁਰਗਾਂ ਦੀ ਸਿਹਤ ਸੰਭਾਲ, ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸੁਖਦਾਇਕ ਮਾਹੌਲ ਦੇਣਾ ਅਤੇ ਸਰਗਰਮ ਵਾਤਾਵਰਨ ਮੁਹਈਆ ਕਰਵਾਉਣਾ ਹੈ ਤਾਂ ਜੋ ਇਹ ਬਜ਼ੁਰਗ ਦੁੱਖ ਕਸ਼ਟ ਅਤੇ ਜਿੰਦਗੀ ਦੀਆਂ ਪਰੇਸ਼ਾਨੀਆਂ ਤੋਂ ਮੁਕਤ ਹੋ ਕੇ ਇਕ ਖ਼ੁਸ਼ਹਾਲ ਭਰਿਆ ਜੀਵਨ ਗੁਜ਼ਾਰ ਸਕਣ। ਉਨ੍ਹਾਂ ਕਿਹਾ ਕਿ ਅਜਿਹੇ ਸੈਮੀਨਾਰਾਂ ਰਾਹੀਂ ਨੌਜਵਾਨ ਪੀੜੀ ਨੂੰ ਜਾਗ੍ਰਿਤ ਕੀਤਾ ਜਾ ਰਿਹਾ ਹੈ ਕਿ ਉਹ ਬਜ਼ੁਰਗਾਂ ਦੀ ਸਿਹਤ ਦਾ ਧਿਆਨ ਰੱਖਦੇ ਹੋਏ ਉਨ੍ਹਾਂ ਦੀਆਂ ਬਿਮਾਰੀਆਂ ਦਾ ਸਮੇਂ ਸਮੇਂ ਸਿਰ ਇਲਾਜ ਆਦੀ ਕਰਵਾਉਂਦੇ ਰਹਿਣ ਤਾਂ ਜੋ ਬਜ਼ੁਰਗਾਂ ਨੂੰ ਹਰ ਪ੍ਰਕਾਰ ਦੀ ਸਹਾਇਤਾ ਮੁਹਈਆ ਹੋ ਸਕੇ। ਉਨ੍ਹਾਂ ਕਿਹਾ ਕਿ ਜਿਸ ਦੌਰ ਵਿੱਚੋਂ ਅੱਜ ਇਹ ਬਜ਼ੁਰਗ ਲੰਘ ਰਹੇ ਹਨ ਇਸ ਦੌਰ ਵਿੱਚ ਇੱਕ ਦਿਨ ਅਸੀਂ ਸਾਰਿਆਂ ਨੇ ਵੀ ਲੰਘਣਾ ਹੈ। ਉਨ੍ਹਾਂ ਕਿਹਾ ਕਿ ਉਮਰ ਦਾ ਵਧਣਾ ਜੀਵਨ ਦੀ ਕੁਦਰਤੀ ਪ੍ਰਕਿਰਿਆ ਹੈ, ਪਰ ਉਤਸ਼ਾਹਜਨਕ ਤੰਦਰੁਸਤ ਅਤੇ ਖ਼ੁਸ਼ਹਾਲ ਰਹਿਣਾ ਹਰ ਬਜ਼ੁਰਗ ਦੀਆਂ ਆਸਾਂ ਤੇ ਉਮੀਦਾਂ ਹੁੰਦੀਆਂ ਹਨ।

ਰਸ਼ਪਾਲ ਚਰੜ ਨੇ ਕਿਹਾ ਕਿ ਇਹ ਉਹੀ ਬਜ਼ੁਰਗ ਹਨ ਜਿਨ੍ਹਾਂ ਨੇ ਆਪਣੀ ਜਵਾਨੀ ਦੇ ਸਮੇਂ ਆਪਣੀ ਐਸ਼ੋ ਆਰਾਮ ਭਰੀ ਜ਼ਿੰਦਗੀ ਦਾ ਤਿਆਗ ਕਰਕੇ ਆਪਣੇ ਬੱਚਿਆਂ ਦੀ ਸਾਂਭ ਸੰਭਾਲ ਅਤੇ ਉਨ੍ਹਾਂ ਦੀਆਂ ਹਰ ਜਰੂਰਤਾਂ ਨੂੰ ਪੂਰਾ ਕਰਨ ਵਿੱਚ ਗੁਜ਼ਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਉਹ ਬਜ਼ੁਰਗ ਹਨ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਭਰ ਦੀ ਕਮਾਈ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਤੇ ਖਰਚ ਕਰ ਦਿੱਤਾ ਤਾਂ ਜੋ ਬੱਚਿਆਂ ਦਾ ਭਵਿੱਖ ਉੱਜਵਲ ਬਣ ਸਕੇ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਆਪਣੇ ਬਜ਼ੁਰਗ ਮਾਤਾ ਪਿਤਾ ਦੇ ਦਿੱਤੇ ਹੋਏ ਬਲਿਦਾਨ ਦਾ ਕਰਜ ਕਦੇ ਵੀ ਚੁੱਕਾ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਜਾਣਦੇ ਹੋਏ ਵੀ ਅਸੀਂ ਆਪਣੇ ਬਜ਼ੁਰਗਾਂ ਦੀ ਸੇਵਾ ਅਤੇ ਸਾਂਭ ਸੰਭਾਲ ਨਹੀਂ ਕਰ ਸਕਦੇ ਤਾਂ ਫਿਰ ਸਾਡੇ ਇਸ ਇਨਸਾਨੀ ਜਾਮੇ ਦਾ ਕੀ ਫਾਇਦਾ ਹੋਇਆ। ਉਨ੍ਹਾਂ ਕਿਹਾ ਕਿ ਹਰ ਨੌਜਵਾਨ ਦਾ ਇਹ ਫਰਜ਼ ਬਣਦਾ ਹੈ ਕਿ ਉਹ ਖ਼ੁਦ ਵੀ ਬਜ਼ੁਰਗਾਂ ਦੀ ਸਾਂਭ ਸੰਭਾਲ ਕਰੇ ਅਤੇ ਹੋਰ ਨੌਜਵਾਨਾਂ ਨੂੰ ਵੀ ਬਜ਼ੁਰਗਾਂ ਦੀ ਸੇਵਾ ਪ੍ਰਤੀ ਜਾਗਰੂਕ ਕਰੇ ਤਾਂ ਜੋ ਬਜ਼ੁਰਗਾਂ ਦਾ ਆਖਰੀ ਸਮਾਂ ਖੁਸ਼ੀਆਂ ਭਰਿਆ ਬਤੀਤ ਹੋ ਸਕੇ।

ਰਸ਼ਪਾਲ ਚਰੜ ਨੇ ਕਿਹਾ ਕਿ ਸਾਡੀ ਸੋਸਾਇਟੀ ਵੱਲੋਂ ਜਿਹੜੀ ਇਹ ਮੁਹਿੰਮ ਸ਼ੁਰੂ ਕੀਤੀ ਗਈ ਹੈ ਇਸੇ ਮੁਹਿਮ ਤਹਿਤ ਬਜ਼ੁਰਗ ਆਸ਼ਰਮਾਂ ਵਿੱਚ ਵੀ ਸੈਮੀਨਾਰ ਆਯੋਜਿਤ ਕੀਤੇ ਜਾ ਰਹੇ ਹਨ ਤਾਂ ਜੋ ਬਿਰਧ ਆਸ਼ਰਮ ਵਿੱਚ ਰਹਿ ਰਹੇ ਬਜ਼ੁਰਗਾਂ ਦੀ ਹੌਸਲਾ ਅਫਜ਼ਾਈ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਖ਼ੁਸ਼ਹਾਲੀ ਭਰੀ ਜਿੰਦਗੀ ਬਤੀਤ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਦੁਨੀਆਂ ਦਾ ਹਰ ਇਨਸਾਨ ਭਲੀ ਭਾਂਤੀ ਇਹ ਜਾਣਦਾ ਹੈ ਕਿ ਇੱਕ ਦਿਨ ਇਸ ਜਵਾਨੀ ਨੇ ਢਲ ਜਾਣਾ ਹੈ ਅਤੇ ਬੁਢਾਪੇ ਨੇ ਘੇਰਾ ਪਾ ਲੈਣਾ ਹੈ, ਫਿਰ ਵੀ ਇਨਸਾਨ ਆਪਣੀ ਜਵਾਨੀ ਦੀ ਮਦਹੋਸ਼ੀ ਵਿੱਚ ਬਜ਼ੁਰਗਾਂ ਦੀ ਸਾਂਭ ਸੰਭਾਲ ਅਤੇ ਸੇਵਾ ਕਰਨਾ ਉਚਿਤ ਨਹੀਂ ਸਮਝ ਰਿਹਾ। ਉਨ੍ਹਾਂ ਕਿਹਾ ਕਿ ਸਾਡੀ ਸੋਸਾਇਟੀ ਵੱਲੋਂ ਨੌਜਵਾਨ ਪੀੜੀ ਨੂੰ ਨਸ਼ਿਆਂ ਜਿਹੀਆਂ ਅਲਾਮਤਾਂ ਤੋਂ ਦੂਰ ਕਰਕੇ ਆਪਣੀ ਸੋਸਾਇਟੀ ਨਾਲ ਜੋੜਿਆ ਜਾ ਰਿਹਾ ਹੈ ਤਾਂ ਜੋ ਨੌਜਵਾਨ ਪੀੜੀ ਨੂੰ ਬਜ਼ੁਰਗਾਂ ਦੀ ਸਾਂਭ ਸੰਭਾਲ ਅਤੇ ਸੇਵਾ ਪ੍ਰਤੀ ਉਨ੍ਹਾਂ ਨੂੰ ਜਾਗਰਿਤ ਕੀਤਾ ਜਾ ਸਕੇ। ਬਿਰਧ ਆਸ਼ਰਮ ਦੀ ਸੰਚਾਲਕ ਕਮੇਟੀ ਵੱਲੋਂ ਰਸ਼ਪਾਲ ਸਿੰਘ ਚਰੜ ਨੂੰ ਸ਼ੀਲਡ ਦੇ ਕੇ ਸਨਮਾਨਿਤ ਕੀਤਾ ਗਿਆ।

# UPI ਟਰਾਂਜੈਕਸ਼ਨਾਂ 'ਤੇ ਪ੍ਰਸਤਾਵਿਤ MDR ਟੈਕਸ ਖ਼ਿਲਾਫ਼ ਆਮ ਆਦਮੀ ਪਾਰਟੀ ਦਾ ਜਲੰਧਰ 'ਚ ਜ਼ਬਰਦਸਤ ਰੋਸ ਪ੍ਰਦਰਸ਼ਨ

## ਪਵਨ ਕੁਮਾਰ ਟੀਨੂੰ ਨੇ ਕੇਂਦਰ ਸਰਕਾਰ 'ਤੇ ਵਿੰਨ੍ਹਿਆ ਤਿੱਖਾ ਨਿਸ਼ਾਨਾ; ਕਿਹਾ—'ਕੈਸ਼ਲੈੱਸ ਦਾ ਝਾਂਸਾ ਦੇ ਕੇ ਲੋਕਾਂ 'ਤੇ ਮੜ੍ਹਿਆ ਗਿਆ ਜਜ਼ੀਆ ਟੈਕਸ; ਛੋਟੇ ਦੁਕਾਨਦਾਰਾਂ ਤੇ ਰੇਹੜੀ ਵਾਲਿਆਂ ਦੀ ਹੋਵੇਗੀ ਲੁੱਟ'

ਜਲੰਧਰ (ਪੰਜਾਬ) : ਕੇਂਦਰ ਸਰਕਾਰ ਵੱਲੋਂ ਯੂ.ਪੀ.ਆਈ. (UPI) ਰਾਹੀਂ ਹੋਣ ਵਾਲੇ ਮਰਚੈਂਟ ਲੈਣ-ਦੇਣ ਉੱਤੇ ਪ੍ਰਸਤਾਵਿਤ ਮਰਚੈਂਟ ਡਿਸਕਾਊਂਟ ਰੇਟ (MDR) ਯਾਨੀ ਸਰਵਿਸ ਚਾਰਜ/ਟੈਕਸ ਲਗਾਏ ਜਾਣ ਦੀਆਂ ਚਰਚਾਵਾਂ ਅਤੇ ਤਿਆਰੀਆਂ ਵਿਰੁੱਧ ਆਮ ਆਦਮੀ ਪਾਰਟੀ (ਆਪ) ਨੇ ਜ਼ੋਰਦਾਰ ਮੋਰਚਾ ਖੋਲ੍ਹ ਦਿੱਤਾ ਹੈ। ਜਲੰਧਰ ਵਿਖੇ ਆਯੋਜਿਤ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਦੌਰਾਨ ਪਾਰਟੀ ਆਗੂਆਂ, ਅਹੁਦੇਦਾਰਾਂ ਅਤੇ ਵਰਕਰਾਂ ਨੇ ਕੇਂਦਰ ਸਰਕਾਰ ਦੀਆਂ ਨੀਤੀਆਂ ਖ਼ ?ਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਇਸ ਕਦਮ ਨੂੰ ਦੇਸ਼ ਦੇ ਆਮ ਨਾਗਰਿਕਾਂ, ਰੇਹੜੀ-ਫੜ੍ਹੀ ਵਾਲਿਆਂ, ਛੋਟੇ ਵਪਾਰੀਆਂ ਅਤੇ ਮੱਧਮ ਵਰਗ ਦੀ ਜੇਬ 'ਤੇ ਸਿੱਧਾ ਡਾਕਾ ਕਰਾਰ ਦਿੱਤਾ ਹੈ।

ਪ੍ਰਦਰਸ਼ਨ ਅਤੇ ਮੁੱਦੇ ਦੇ ਮੁੱਖ ਵੇਰਵੇ

ਸਥਾਨ: ਜਲੰਧਰ, ਪੰਜਾਬ

ਮੁੱਖ ਅਗਵਾਈ: ਪਵਨ ਕੁਮਾਰ ਟੀਨੂੰ (ਹਲਕਾ ਆਦਮਪੁਰ ਇੰਚਾਰਜ ਤੇ ਸੀਨੀਅਰ 'ਆਪ' ਆਗੂ)

ਵਿਰੋਧ ਦਾ ਕਾਰਨ : ਯੂ.ਪੀ.ਆਈ. (UPI) ਮਰਚੈਂਟ ਲੈਣ-ਦੇਣ 'ਤੇ ਪ੍ਰਸਤਾਵਿਤ MDR/ ਟੈਕਸ

ਪ੍ਰਭਾਵਿਤ ਵਰਗ : ਛੋਟੇ ਦੁਕਾਨਦਾਰ, ਰੇਹੜੀ-ਫੜ੍ਹੀ ਵਾਲੇ, ਸਬਜ਼ੀ ਵਿਕਰੇਤਾ ਅਤੇ ਆਮ ਖਪਤਕਾਰ

ਮੁੱਖ ਮੰਗ : ਪ੍ਰਸਤਾਵਿਤ ਡਿਜੀਟਲ ਟੈਕਸ ਨੂੰ ਬਿਨਾਂ ਸ਼ਰਤ ਤੁਰੰਤ ਰੱਦ ਕਰਨਾ

'ਪਹਿਲਾਂ ਡਿਜੀਟਲ ਇੰਡੀਆ ਦਾ ਝਾਂਸਾ, ਹੁਣ ਜਜ਼ੀਆ ਟੈਕਸ': ਪਵਨ ਟੀਨੂੰ ਦਾ ਸਿੱਧਾ ਹਮਲਾ







ਰੋਸ ਪ੍ਰਦਰਸ਼ਨ ਦੀ ਅਗਵਾਈ ਕਰਦਿਆਂ ਹਲਕਾ ਆਦਮਪੁਰ ਦੇ ਇੰਚਾਰਜ ਪਵਨ ਕੁਮਾਰ ਟੀਨੂੰ ਨੇ ਕੇਂਦਰ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਤਿੱਖੇ ਸਵਾਲ ਖੜ੍ਹੇ ਕੀਤੇ:

**ਜਨਤਾ ਨਾਲ ਵਿਸ਼ਵਾਸਘਾਤ:** ਟੀਨੂੰ ਨੇ ਦੋਸ਼ ਲਾਇਆ ਕਿ ਪਹਿਲਾਂ ਸਰਕਾਰ ਨੇ ਨੋਟਬੰਦੀ ਅਤੇ ਨਕਦੀ ਕਢਵਾਉਣ 'ਤੇ ਬੈਂਕ ਪਾਬੰਦੀਆਂ ਲਗਾ ਕੇ ਲੋਕਾਂ ਨੂੰ ਡਿਜੀਟਲ ਭੁਗਤਾਨ ਅਤੇ ਕੈਸ਼ਲੈੱਸ ਅਰਥਵਿਵਸਥਾ ਵੱਲ ਧੱਕਿਆ। ਪਰ ਹੁਣ ਜਦੋਂ ਦੇਸ਼ ਦਾ ਆਮ ਆਦਮੀ ਇਸ ਪ੍ਰਣਾਲੀ ਦਾ ਆਦੀ ਹੋ ਗਿਆ ਹੈ, ਤਾਂ ਚੋਰੀ-ਛਿਪੇ ਯੂ.ਪੀ.ਆਈ. ਲੈਣ-ਦੇਣ 'ਤੇ ਟੈਕਸ ਲਗਾਇਆ ਜਾ ਰਿਹਾ ਹੈ, ਜੋ ਮੁਗ਼ਲ ਕਾਲ ਦੇ ਬਦਨਾਮ 'ਜਜ਼ੀਆ ਟੈਕਸ' ਦੀ ਯਾਦ ਦਿਵਾਉਂਦਾ ਹੈ।

**ਟੈਕਸ ਦਰਾਂ ਵਿੱਚ ਭਾਰੀ ਵਾਧੇ ਦਾ ਖ਼ਦਸ਼ਾ:** ਉਨ੍ਹਾਂ ਦੇਸ਼ ਵਾਸੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਲੋਕ ਇਸ ਨੂੰ ਮਹਿਜ਼ 0.4% ਨਾ ਸਮਝਣ। ਜੇਕਰ ਅੱਜ ਇਸ ਖ਼ਿਲਾਫ਼ ਆਵਾਜ਼ ਬੁਲੰਦ ਨਾ ਕੀਤੀ ਗਈ, ਤਾਂ ਆਉਣ ਵਾਲੇ ਸਮੇਂ ਵਿੱਚ ਇਹ ਦਰ ਵਧ ਕੇ 4%, 10% ਅਤੇ 20% ਤੱਕ ਪਹੁੰਚ ਜਾਵੇਗੀ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਆਮ ਲੋਕਾਂ ਦੀ ਜੇਬ ਕੱਟ ਕੇ ਵੱਡੇ ਕਾਰਪੋਰੇਟਾਂ ਅਤੇ ਵਿਦੇਸ਼ੀ ਡਿਜੀਟਲ ਕੰਪਨੀਆਂ ਦੇ ਖ਼ਜ਼ਾਨੇ ਭਰਨ ਦੀ ਰਣਨੀਤੀ 'ਤੇ ਕੰਮ ਕਰ ਰਹੀ ਹੈ।

ਛੋਟੇ ਕਾਰੋਬਾਰੀ ਤੇ ਰੇਹੜੀ ਵਾਲੇ ਹੋਣਗੇ ਸਭ ਤੋਂ ਵੱਧ ਪ੍ਰਭਾਵਿਤ

ਪਵਨ ਕੁਮਾਰ ਟੀਨੂੰ ਨੇ ਜ਼ਮੀਨੀ ਹਕੀਕਤ ਦਾ ਹਵਾਲਾ ਦਿੰਦਿਆਂ ਕਿਹਾ:

1. ਰੋਜ਼ਾਨਾ ਜੀਵਨ ਵਿੱਚ ਯੂ.ਪੀ.ਆਈ.: ਅੱਜ ਪਿੰਡਾਂ ਅਤੇ ਸ਼ਹਿਰਾਂ ਵਿੱਚ ਛੋਲੇ-ਕੁਲਚੇ ਵੇਚਣ ਵਾਲੇ, ਚਾਹ ਦੀਆਂ ਦੁਕਾਨਾਂ, ਸਬਜ਼ੀ ਵਿਕਰੇਤਾ ਅਤੇ ਛੋਟੇ ਕਰਿਆਨਾ ਵਪਾਰੀ ਵੀ ਕਿਊ.ਆਰ. (QR) ਕੋਡ ਰਾਹੀਂ ਲੈਣ-ਦੇਣ ਕਰਦੇ ਹਨ। ਆਮ ਲੋਕ ਪਰਸ ਘਰ ਛੱਡ ਕੇ ਮੋਬਾਈਲ ਫ਼ੋਨ ਦੇ ਸਹਾਰੇ ਬਾਜ਼ਾਰ ਨਿਕਲਦੇ ਹਨ।

2. **ਕੈਸ਼ ਵੱਲ ਵਾਪਸੀ ਦਾ ਖ਼ਤਰਾ:** ਜੇਕਰ ਡਿਜੀਟਲ ਲੈਣ-ਦੇਣ 'ਤੇ ਟੈਕਸ ਦਾ ਬੋਝ ਪਾਇਆ ਗਿਆ ਤਾਂ ਵਪਾਰੀ ਅਤੇ ਗਾਹਕ ਮੁੜ ਨਕਦੀ (ਕੈਸ਼) ਵੱਲ ਪਰਤਣਗੇ, ਜਿਸ ਨਾਲ ਪਾਰਦਰਸ਼ੀ ਅਰਥਵਿਵਸਥਾ ਨੂੰ ਵੱਡਾ ਝਟਕਾ ਲੱਗੇਗਾ।

3. **ਕਮਜ਼ੋਰ ਵਰਗ ਦੀ ਆਵਾਜ਼:** ਟੀਨੂੰ ਨੇ ਕਿਹਾ ਕਿ ਗ਼ਰੀਬ ਰੇਹੜੀ ਵਾਲਾ ਜਾਂ ਛੋਟਾ ਦੁਕਾਨਦਾਰ ਆਪਣੀ ਦਿਹਾੜੀ ਤੇ ਰੋਜ਼ੀ-ਰੋਟੀ ਛੱਡ ਕੇ ਰੋਜ਼ ਸੜਕਾਂ 'ਤੇ ਪ੍ਰਦਰਸ਼ਨ ਕਰਨ ਨਹੀਂ ਆ ਸਕਦਾ; ਇਸ ਲਈ ਆਮ ਆਦਮੀ ਪਾਰਟੀ ਉਨ੍ਹਾਂ ਦੀ ਆਵਾਜ਼ ਬਣ ਕੇ ਸੰਘਰਸ਼ ਦੇ ਮੈਦਾਨ ਵਿੱਚ ਉੱਤਰੀ ਹੈ।

ਤੁਰੰਤ ਫ਼ੈਸਲਾ ਵਾਪਸ ਲੈਣ ਦੀ ਮੰਗ; ਸੰਘਰਸ਼ ਤੇਜ਼ ਕਰਨ ਦੀ ਚਿਤਾਵਨੀ

ਪ੍ਰਦਰਸ਼ਨਕਾਰੀਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਯੂ.ਪੀ.ਆਈ. ਲੈਣ-ਦੇਣ 'ਤੇ ਟੈਕਸ ਥੋਪਣ ਦੇ ਕਿਸੇ ਵੀ ਪ੍ਰਸਤਾਵ ਨੂੰ ਤੁਰੰਤ ਅਤੇ ਬਿਨਾਂ ਸ਼ਰਤ ਵਾਪਸ ਲਿਆ ਜਾਵੇ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਆਮ ਲੋਕਾਂ 'ਤੇ ਇਹ ਵਿੱਤੀ ਬੋਝ ਪਾਇਆ ਗਿਆ ਤਾਂ ਆਮ ਆਦਮੀ ਪਾਰਟੀ ਇਸ ਅੰਦੋਲਨ ਨੂੰ ਪੰਜਾਬ ਦੇ ਹਰ ਜ਼ਿਲ੍ਹੇ, ਤਹਿਸੀਲ ਅਤੇ ਪਿੰਡ-ਪਿੰਡ ਤੱਕ ਲੈ ਕੇ ਜਾਵੇਗੀ।

ਪੱਤਰਕਾਰੀ ਅਤੇ ਕਾਨੂੰਨੀ ਬੇਦਾਅਵਾ

**ਸਿਆਸੀ ਦੋਸ਼ਾਂ ਦਾ ਦਾਇਰਾ (Political Allegations Context):** ਇਹ ਰਿਪੋਰਟ ਆਮ ਆਦਮੀ ਪਾਰਟੀ ਵੱਲੋਂ ਜਲੰਧਰ ਵਿਖੇ ਕੀਤੇ ਗਏ ਰੋਸ ਪ੍ਰਦਰਸ਼ਨ, ਪਾਰਟੀ ਆਗੂ ਪਵਨ ਕੁਮਾਰ ਟੀਨੂੰ ਵੱਲੋਂ ਮੀਡੀਆ ਨੂੰ ਦਿੱਤੇ ਗਏ ਅਧਿਕਾਰਤ ਬਿਆਨਾਂ ਅਤੇ ਸਿਆਸੀ ਪ੍ਰਤੀਕਰਮਾਂ 'ਤੇ ਆਧਾਰਿਤ ਹੈ।

**ਵਿੱਤੀ ਨੀਤੀਆਂ ਅਤੇ ਪ੍ਰਸ਼ਾਸਕੀ ਪੱਖ:** ਯੂ.ਪੀ.ਆਈ. ਲੈਣ-ਦੇਣ, ਮਰਚੈਂਟ ਡਿਸਕਾਊਂਟ ਰੇਟ (MDR) ਅਤੇ ਡਿਜੀਟਲ ਭੁਗਤਾਨ ਪ੍ਰਣਾਲੀ ਦੇ ਨਿਯਮਾਂ ਸਬੰਧੀ ਅੰਤਿਮ ਨੀਤੀਗਤ ਫ਼ੈਸਲੇ ਭਾਰਤੀ ਰਿਜ਼ਰਵ ਬੈਂਕ (RBI), ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ਼ ਇੰਡੀਆ (NPCI) ਅਤੇ ਕੇਂਦਰੀ ਵਿੱਤ ਮੰਤਰਾਲੇ ਦੇ ਅਧਿਕਾਰਤ ਨੋਟੀਫਿਕੇਸ਼ਨਾਂ ਅਨੁਸਾਰ ਹੀ ਤੈਅ ਹੁੰਦੇ ਹਨ।

# ਮਾਨਸਾ ਦੇ ਪਿੰਡ ਛਾਪਿਆਂਵਾਲੀ 'ਚ ਨਹਿਰੀ ਪਾਣੀ ਦੀ ਕਿੱਲਤ ਕਾਰਨ ਬੇਵੱਸ ਕਿਸਾਨਾਂ ਨੇ ਝੋਨੇ ਦੀ ਫ਼ਸਲ 'ਤੇ ਚਲਾਏ ਟਰੈਕਟਰ

## 250 ਤੋਂ 300 ਏਕੜ ਫ਼ਸਲ ਸੁੱਕਣ ਕੰਢੇ; ਨਹਿਰੀ ਮਹਿਕਮੇ ਤੇ ਹਲਕਾ ਵਿਧਾਇਕ ਖ਼ਿਲਾਫ਼ ਜ਼ਬਰਦਸਤ ਨਾਅਰੇਬਾਜ਼ੀ; ਕਿਸਾਨਾਂ ਵੱਲੋਂ ਮੁਆਵਜ਼ੇ ਦੀ ਮੰਗ ਅਤੇ ਖ਼ੁਦਕੁਸ਼ੀਆਂ ਦੇ ਰਾਹ ਪੈਣ ਦੀ ਗੰਭੀਰ ਚਿਤਾਵਨੀ

ਮਾਨਸਾ (ਪੰਜਾਬ) : ਜ਼ਿਲ੍ਹਾ ਮਾਨਸਾ ਦੇ ਪਿੰਡ ਛਾਪਿਆਂਵਾਲੀ ਵਿਖੇ ਨਹਿਰੀ ਪਾਣੀ ਦੀ ਘੋਰ ਕਿੱਲਤ ਅਤੇ ਸਿੰਜਾਈ ਵਿਭਾਗ ਦੀ ਕਥਿਤ ਲਾਪਰਵਾਹੀ ਤੋਂ ਅੱਕੇ ਕਿਸਾਨਾਂ ਵੱਲੋਂ ਆਪਣੀ ਹੱਥੀਂ ਪਾਲੀ ਹਰੀ-ਭਰੀ ਝੋਨੇ ਦੀ ਫ਼ਸਲ ਖ਼ੁਦ ਵਾਹੁਣ ਦਾ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਦੋ ਮਹੀਨਿਆਂ ਤੋਂ ਸੂਏ ਵਿੱਚ ਪਾਣੀ ਦੀ ਬੂੰਦ ਨਾ ਪੁੱਜਣ ਕਾਰਨ ਸੁੱਕ ਰਹੀਆਂ ਫ਼ਸਲਾਂ ਦੇਖ ਕੇ ਨਿਰਾਸ਼ ਹੋਏ ਕਿਸਾਨਾਂ ਨੇ ਅੱਜ ਖੇਤਾਂ ਵਿੱਚ ਟਰੈਕਟਰ ਚਲਾ ਕੇ ਖੜ੍ਹਾ ਝੋਨਾ ਮਿੱਟੀ ਵਿੱਚ ਮਿਲਾ ਦਿੱਤਾ। ਰੋਹ ਵਿੱਚ ਆਏ ਕਿਸਾਨਾਂ ਨੇ ਸਿੰਜਾਈ ਵਿਭਾਗ ਦੇ ਅਧਿਕਾਰੀਆਂ, ਹਲਕਾ ਵਿਧਾਇਕ ਅਤੇ ਮੌਜੂਦਾ ਸਰਕਾਰ ਵਿਰੁੱਧ ਜ਼ੋਰਦਾਰ ਪ੍ਰਦਰਸ਼ਨ ਕਰਦਿਆਂ ਤੁਰੰਤ ਮੁਆਵਜ਼ੇ ਦੀ ਮੰਗ ਕੀਤੀ ਹੈ।

ਘਟਨਾ ਅਤੇ ਕਿਸਾਨੀ ਨੁਕਸਾਨ ਦੇ ਮੁੱਖ ਵੇਰਵੇ

ਸਥਾਨ: ਪਿੰਡ ਛਾਪਿਆਂਵਾਲੀ, ਜ਼ਿਲ੍ਹਾ ਮਾਨਸਾ (ਪੰਜਾਬ)

ਮੁੱਖ ਸਮੱਸਿਆ : ਕੱਸੀ (ਸੂਏ) ਦਾ ਪਾਣੀ ਟੇਲ ਤੱਕ ਨਾ ਪੁੱਜਣਾ ਅਤੇ ਮੋਘੇ ਦਾ ਤਕਨੀਕੀ ਨੁਕਸ

ਪ੍ਰਭਾਵਿਤ ਰਕਬਾ : ਲਗਭਗ 250 ਤੋਂ 300 ਏਕੜ (ਕਿੱਲੇ) ਝੋਨੇ ਦੀ ਫ਼ਸਲ

ਆਰਥਿਕ ਬੋਝ : 60,000 ਪ੍ਰਤੀ ਕਿੱਲਾ ਠੇਕਾ+20,000 ਪ੍ਰਤੀ ਕਿੱਲਾ ਲਾਗਤ ਖ਼ਰਚ (ਡੀਜ਼ਲ, ਖਾਦ, ਲਵਾਈ)

ਦੋਸ਼ਾਂ ਦੇ ਘੇਰੇ ਵਿੱਚ : ਨਹਿਰੀ ਵਿਭਾਗ ਦੇ ਐਕਸੀਅਨ, ਐੱਸ.ਡੀ.ਓ., ਜੇ.ਈ. ਅਤੇ ਸਥਾਨਕ ਹਲਕਾ ਵਿਧਾਇਕ





ਕਿਸਾਨਾਂ ਦੀ ਮੁੱਖ ਮੰਗ : ਤੁਰੰਤ ਢੁਕਵਾਂ ਮੁਆਵਜ਼ਾ ਜਾਂ ਬਾਕੀ ਰਹਿੰਦੀ ਫ਼ਸਲ ਤੇ ਅਗਲੀ ਕਣਕ ਲਈ ਨਿਰਵਿਘਨ ਪਾਣੀ

ਲੱਖਾਂ ਦਾ ਠੇਕਾ ਭਰ ਕੇ ਵੀ ਪੱਲੇ ਪਈ ਬਰਬਾਦੀ: ਕਿਸਾਨਾਂ ਦਾ ਦਰਦ

ਖੇਤਾਂ ਵਿੱਚ ਝੋਨੇ 'ਤੇ ਟਰੈਕਟਰ ਚਲਾ ਰਹੇ ਪੀੜਤ ਕਿਸਾਨ ਹਰਦੀਪ ਸਿੰਘ ਹੈਪੀ ਨੇ ਭਰੇ ਮਨ ਨਾਲ ਦੱਸਿਆ ਕਿ ਦੋ ਮਹੀਨਿਆਂ ਤੋਂ ਪਾਣੀ ਨਾ ਆਉਣ ਕਾਰਨ ਫ਼ਸਲਾਂ ਪੂਰੀ ਤਰ੍ਹਾਂ ਮੁਰਝਾ ਚੁੱਕੀਆਂ ਸਨ:

**ਠੇਕੇ ਦੀ ਮਾਰ:** ਕਿਸਾਨਾਂ ਨੇ 4 ਲੱਖ ਤੋਂ ਲੈ ਕੇ 10 ਲੱਖ ਰੁਪਏ ਤੱਕ ਨਕਦ ਠੇਕੇ ਭਰ ਕੇ ਜ਼ਮੀਨਾਂ ਵਾਹੀ ਲਈ ਲਈਆਂ ਸਨ, ਪਰ ਪਾਣੀ ਨਾ ਮਿਲਣ ਕਾਰਨ ਪੂਰੀ ਮਿਹਨਤ ਅਜਾਈਂ ਚਲੀ ਗਈ।

**ਅਧਿਕਾਰੀਆਂ ਦੀ ਬੇਰੁਖ਼ੀ:** ਨਹਿਰੀ ਵਿਭਾਗ ਦੇ ਐਕਸੀਅਨ (XEN), ਐੱਸ.ਡੀ.ਓ. (SDO) ਅਤੇ ਜੇ.ਈ. (JE) ਦੇ ਦਫ਼ਤਰਾਂ ਦੇ ਵਾਰ-ਵਾਰ ਚੱਕਰ ਕੱਟਣ ਦੇ ਬਾਵਜੂਦ ਕਿਸੇ ਅਧਿਕਾਰੀ ਨੇ ਮੌਕੇ 'ਤੇ ਆ ਕੇ ਸਾਰ ਨਹੀਂ ਲਈ।

**ਦਿਖਾਵੇ ਦੀ ਕਾਰਵਾਈ ਦੇ ਦੋਸ਼:** ਕਿਸਾਨਾਂ ਨੇ ਦੋਸ਼ ਲਾਇਆ ਕਿ ਜਦੋਂ ਕੋਈ ਉੱਚ ਅਧਿਕਾਰੀ ਜਾਂ ਸਿਆਸੀ ਆਗੂ ਦੌਰੇ 'ਤੇ ਆਉਂਦਾ ਹੈ, ਤਾਂ ਦਿਖਾਵੇ ਲਈ ਸੂਏ ਵਿੱਚ ਥੋੜ੍ਹਾ ਪਾਣੀ ਵਧਾ ਦਿੱਤਾ ਜਾਂਦਾ ਹੈ, ਪਰ ਟੇਲ (ਪੂਛ) 'ਤੇ ਵਸਦੇ ਪਿੰਡ ਛਾਪਿਆਂਵਾਲੀ ਦੇ ਖੇਤਾਂ ਤੱਕ ਪਾਣੀ ਬਿਲਕੁਲ ਨਹੀਂ ਪਹੁੰਚਦਾ।

**'ਸਲਫ਼ਾਸ ਖਾਣ ਵਾਲੇ ਹਾਲਾਤ ਨਾ ਬਣਾਏ ਸਰਕਾਰ':** ਖ਼ੁਦਕੁਸ਼ੀਆਂ ਦੀ ਦਿੱਤੀ ਚਿਤਾਵਨੀ

ਕਿਸਾਨ ਹਰਦੀਪ ਸਿੰਘ ਅਤੇ ਹੋਰਨਾਂ ਕਿਸਾਨਾਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਅਗਲੇ ਦੋ-ਤਿੰਨ ਦਿਨਾਂ ਵਿੱਚ ਮਸਲੇ ਦਾ ਪੱਕਾ ਹੱਲ ਨਾ ਕੀਤਾ, ਤਾਂ ਸਥਿਤੀ ਗੰਭੀਰ ਹੋ ਸਕਦੀ ਹੈ:

"ਜਿਵੇਂ ਪਿਛਲੇ ਦਿਨੀਂ ਇਨਸਾਫ਼ ਅਤੇ ਪਾਣੀ ਨਾ ਮਿਲਣ ਕਾਰਨ ਕਿਸਾਨ ਗੁਲਜ਼ਾਰ ਸਿੰਘ ਨੂੰ ਸਲਫ਼ਾਸ ਖਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨੀ ਪਈ ਸੀ, ਜੇਕਰ ਸਰਕਾਰ ਅਤੇ ਪ੍ਰਸ਼ਾਸਨ ਇਸੇ ਤਰ੍ਹਾਂ ਅੰਨ੍ਹੇ-ਬੋਲੇ ਬਣੇ ਰਹੇ ਤਾਂ ਇੱਥੋਂ ਦੇ ਕਿਸਾਨ ਵੀ ਅਜਿਹੇ ਖ਼ੌਫ਼ਨਾਕ ਕਦਮ ਚੁੱਕਣ ਲਈ ਮਜਬੂਰ ਹੋਣਗੇ।

**ਕੱਸੀ ਦੀ ਅਣਢੁੱਕਵੀਂ ਉਸਾਰੀ ਅਤੇ ਮੋਘੇ ਦਾ ਤਕਨੀਕੀ ਨੁਕਸ**

ਪਿੰਡ ਦੇ ਕਿਸਾਨ ਕੁਲਦੀਪ ਸਿੰਘ ਨੇ ਵਿਭਾਗ ਦੀ ਪਲੈਨਿੰਗ 'ਤੇ ਸਵਾਲ ਚੁੱਕਦਿਆਂ ਕਿਹਾ:

1. **ਗ਼ਲਤ ਸਮੇਂ 'ਤੇ ਮੁਰੰਮਤ:** ਜਿਸ ਸਮੇਂ ਝੋਨੇ ਦੀ ਲਵਾਈ ਕਾਰਨ ਪਾਣੀ ਦੀ ਸਭ ਤੋਂ ਵੱਧ ਲੋੜ ਸੀ, ਉਸ ਸਮੇਂ ਵਿਭਾਗ ਨੇ ਕੱਸੀ ਦੀ ਮੁੜ-ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ, ਜਿਸ ਨਾਲ ਪਹਿਲਾਂ ਹੀ ਲਵਾਈ ਵਿੱਚ ਦੇਰੀ ਹੋਈ।

2. **ਮੋਘੇ ਦਾ ਲੈਵਲ ਖ਼ਰਾਬ:** ਕੱਸੀ ਦੀ ਮੁੜ-ਉਸਾਰੀ ਉਪਰੰਤ ਮੋਘੇ ਦਾ ਲੈਵਲ ਇਸ ਤਰੀਕੇ ਨਾਲ ਰੱਖਿਆ ਗਿਆ ਹੈ ਕਿ ਪਾਣੀ ਖੇਤਾਂ ਵੱਲ ਚੜ੍ਹ ਹੀ ਨਹੀਂ ਰਿਹਾ।

3. **ਅਗਲੀ ਕਣਕ 'ਤੇ ਵੀ ਸੰਕਟ:** 60 ਹਜ਼ਾਰ ਰੁਪਏ ਪ੍ਰਤੀ ਏਕੜ ਠੇਕਾ ਅਤੇ 20 ਹਜ਼ਾਰ ਰੁਪਏ ਤੇਲ-ਖਾਦ 'ਤੇ ਖ਼ਰਚਣ ਮਗਰੋਂ ਕਿਸਾਨ ਕੰਗਾਲ ਹੋ ਚੁੱਕੇ ਹਨ। ਆੜ੍ਹਤੀਆਂ ਨੇ ਅਗਲੀ ਕਣਕ ਦੇ ਡੀਜ਼ਲ ਲਈ ਪੈਸੇ ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ।

ਕਿਸਾਨਾਂ ਨੇ ਸਪੱਸ਼ਟ ਕੀਤਾ ਕਿ ਹਲਕਾ ਵਿਧਾਇਕ ਕੋਲ ਗੁਹਾਰ ਲਗਾ ਕੇ ਉਹ ਅੱਕ ਚੁੱਕੇ ਹਨ। ਜੇਕਰ ਸਰਕਾਰ ਨੇ ਨੁਕਸਾਨ ਦੀ ਭਰਪਾਈ ਲਈ ਮੁਆਵਜ਼ਾ ਨਾ ਦਿੱਤਾ, ਤਾਂ ਪਿੰਡਾਂ ਵਿੱਚ ਸੱਤਾਧਾਰੀ ਧਿਰ ਦੇ ਨੁਮਾਇੰਦਿਆਂ ਦਾ ਦਾਖ਼ਲਾ ਬੰਦ ਕਰਕੇ ਤਿੱਖਾ ਵਿਰੋਧ ਕੀਤਾ ਜਾਵੇਗਾ।

ਪੱਤਰਕਾਰੀ ਅਤੇ ਕਾਨੂੰਨੀ ਬੇਦਾਅਵਾ

**ਸਰੋਤ ਤੇ ਰਿਪੋਰਟਿੰਗ:** ਇਹ ਖ਼ਬਰ ਮਾਨਸਾ ਜ਼ਿਲ੍ਹੇ ਦੇ ਪਿੰਡ ਛਾਪਿਆਂਵਾਲੀ ਵਿਖੇ ਮੌਕੇ 'ਤੇ ਕਿਸਾਨਾਂ ਵੱਲੋਂ ਕੀਤੇ ਗਏ ਰੋਸ ਪ੍ਰਦਰਸ਼ਨ, ਪੀੜਤ ਕਿਸਾਨਾਂ ਦੇ ਬਿਆਨਾਂ ਅਤੇ ਜ਼ਮੀਨੀ ਹਾਲਾਤਾਂ 'ਤੇ ਆਧਾਰਿਤ ਹੈ।

**ਪ੍ਰਸ਼ਾਸਕੀ ਪੱਖ ਦਾ ਦਾਇਰਾ:** ਨਹਿਰੀ ਵਿਭਾਗ ਜਾਂ ਸਥਾਨਕ ਪ੍ਰਸ਼ਾਸਨ ਵੱਲੋਂ ਪਾਣੀ ਦੇ ਲੈਵਲ ਜਾਂ ਕੱਸੀ ਦੀ ਉਸਾਰੀ ਬਾਰੇ ਅਧਿਕਾਰਤ ਪੱਖ ਸਾਹਮਣੇ ਆਉਣ 'ਤੇ ਉਸ ਨੂੰ ਰਿਪੋਰਟਿੰਗ ਵਿੱਚ ਬਰਾਬਰ ਥਾਂ ਦਿੱਤੀ ਜਾਵੇਗੀ।

ਮਾਨਸਿਕ ਸਿਹਤ ਤੇ ਸੰਕਟਕਾਲੀਨ ਸਹਾਇਤਾ (Mental Health Support):

ਖ਼ੁਦਕੁਸ਼ੀ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ। ਜੇਕਰ ਕੋਈ ਕਿਸਾਨ ਭਰਾ ਜਾਂ ਨਾਗਰਿਕ ਮਾਨਸਿਕ ਤਣਾਅ ਜਾਂ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਤਾਂ ਕਿਰਪਾ ਕਰਕੇ ਸਰਕਾਰੀ ਹੈਲਪਲਾਈਨਾਂ 'ਤੇ ਸੰਪਰਕ ਕਰੋ:

ਟੈਲੀ-ਮਾਨਸ (Tele-MANAS – ਸਰਕਾਰੀ): 14416 ਜਾਂ 1800-891-4416 (ਮੁਫ਼ਤ ਸੇਵਾ 24/7)

ਕਿਸਾਨ ਕਾਲ ਸੈਂਟਰ: 1800-180-1551

# ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਅੱਠਵਾਂ '੩੧ ਰਾਗ ਦਰਬਾਰ' ਸ਼ਾਨੋ-ਸ਼ੌਕਤ ਨਾਲ ਸੰਪੰਨ

## ਡਾ. ਗੁਰਨਾਮ ਸਿੰਘ ਸਮੇਤ ਨਾਮਵਰ ਰਾਗੀ ਜਥਿਆਂ ਨੇ ਛੇੜੀਆਂ ਰਾਗਾਂ ਦੀਆਂ ਧੁਨਾਂ; ਨਵੀਂ ਪੀੜ੍ਹੀ ਤੇ ਬੀਬੀਆਂ ਦੇ ਜਥਿਆਂ ਨੂੰ ਮਿਲਿਆ ਵਿਸ਼ੇਸ਼ ਮੰਚ






ਸੈਨਹੋਜ਼ੇ, ਕੈਲੀਫ਼ੋਰਨੀਆ: (ਸਾਡੇ ਲੋਕ)-- ਉੱਤਰੀ ਕੈਲੀਫ਼ੋਰਨੀਆ ਦੇ ਬੇਅ ਏਰੀਆ ਸਥਿਤ ਪ੍ਰਮੁੱਖ ਧਾਰਮਿਕ ਅਸਥਾਨ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਰਾਗ-ਅਧਾਰਿਤ ਕੀਰਤਨ ਪਰੰਪਰਾ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ ਤਿੰਨ-ਰੋਜ਼ਾ ਅੱਠਵਾਂ '੩੧ ਰਾਗ ਕੀਰਤਨ ਦਰਬਾਰ' ਅਮਿੱਟ ਪੈੜਾਂ ਛੱਡਦਾ ਹੋਇਆ ਸਫ਼ਲਤਾਪੂਰਵਕ ਸੰਪੰਨ ਹੋ ਗਿਆ। 11 ਤੋਂ 13 ਸਤੰਬਰ ਤੱਕ ਚੱਲੇ ਇਸ ਅਲੌਕਿਕ ਕੀਰਤਨ ਮਹਾਂਕੁੰਭ ਵਿੱਚ ਦੇਸ਼-ਵਿਦੇਸ਼ ਤੋਂ ਪੁੱਜੇ ਪ੍ਰਸਿੱਧ ਰਾਗੀ ਜਥਿਆਂ, ਨੌਜਵਾਨ ਕਲਾਕਾਰਾਂ ਅਤੇ ਸੰਗੀਤ ਮਾਰਤੰਡਾਂ ਨੇ ਸੰਗਤਾਂ ਨੂੰ ਧੁਰ ਕੀ ਬਾਣੀ ਦੇ ਨਿਰਾਲੇ ਰੰਗ ਵਿੱਚ ਰੰਗਿਆ।

ਸਮਾਗਮ ਦੀਆਂ ਪ੍ਰਮੁੱਖ ਝਲਕੀਆਂ ਅਤੇ ਨਾਮਵਰ ਜਥੇ

**ਸਮਾਗਮ** : ਅੱਠਵਾਂ ੩੧ ਰਾਗ ਕੀਰਤਨ ਦਰਬਾਰ (ਸਾਲਾਨਾ ਸਮਾਗਮ)

**ਅਸਥਾਨ**: ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਕੈਲੀਫ਼ੋਰਨੀਆ

ਤਾਰੀਖ਼ : 11 ਤੋਂ 13 ਸਤੰਬਰ

**ਮੁੱਖ ਕੀਰਤਨੀਏ** : ਸ਼੍ਰੋਮਣੀ ਰਾਗੀ ਡਾ. ਗੁਰਨਾਮ ਸਿੰਘ (ਪੰਜਾਬੀ ਯੂਨੀਵਰਸਿਟੀ ਪਟਿਆਲਾ), ਭਾਈ ਨਿਰਮਲ ਸਿੰਘ ਨਾਗਪੁਰੀ, ਪ੍ਰੋਫ਼ੈਸਰ ਦਲਬੀਰ ਸਿੰਘ, ਸਿਮਰਤ ਕੌਰ (ਕੈਨੇਡਾ), ਡਾ. ਮਨਪ੍ਰੀਤ ਸਿੰਘ (ਨਿਊਜਰਸੀ), ਭਾਈ ਕਰਮਜੀਤ ਸਿੰਘ ਸ਼ਾਂਤ, ਭਾਈ ਗੁਰਪ੍ਰੀਤ ਸਿੰਘ, ਬੀਬੀ ਸੋਨੀ ਕੌਰ ਅਤੇ ਭਾਈ ਸਿਮਰਨਜੀਤ ਸਿੰਘ ਖ਼ਾਲਸਾ

**ਤਬਲਾ ਸੰਗਤ** : ਉਸਤਾਦ ਰਘਬੀਰ ਸਿੰਘ ਅਤੇ ਰਾਜਵਿੰਦਰ ਸਿੰਘ (ਵਿਦਿਆਰਥੀਆਂ ਸਮੇਤ)

**ਮੰਚ ਸੰਚਾਲਕ** : ਪ੍ਰੋਫ਼ੈਸਰ ਦਲਬੀਰ ਸਿੰਘ

ਮੁੱਖ ਪ੍ਰਬੰਧਕ : ਨਰਿੰਦਰਪਾਲ ਸਿੰਘ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ

**ਦੁਰਲੱਭ ਗਾਇਨ ਸ਼ੈਲੀਆਂ ਅਤੇ ਪੜਤਾਲ ਦਾ ਨਿਰਾਲਾ ਰੰਗ**

ਸਮਾਗਮ ਦੌਰਾਨ ਆਸਾ ਜੀ ਦੀ ਵਾਰ ਤੋਂ ਇਲਾਵਾ ਰਾਗੀ ਜਥਿਆਂ ਨੇ ਬਾਣੀ ਦੀਆਂ ਅਤਿ-ਕਠਿਨ ਅਤੇ ਵਿਸ਼ੇਸ਼ ਸ਼ੈਲੀਆਂ ਰਾਹੀਂ ਹਾਜ਼ਰੀ ਭਰੀ:

ਰਾਗ ਮਾਰੂ ਦੱਖਣੀ ਵਿੱਚ ਸੋਲਹੇ ਅਤੇ ਵੱਖ-ਵੱਖ ਤਾਲਾਂ 'ਤੇ ਅਧਾਰਿਤ ਪੜਤਾਲ ਸ਼ੈਲੀ ਦਾ ਅਦਭੁੱਤ ਗਾਇਨ ਪੇਸ਼ ਕੀਤਾ ਗਿਆ।

ਰਾਗ ਮਾਝ ਅਤੇ ਮਲਾਰ ਦੀਆਂ ਵਾਰਾਂ ਦੀਆਂ ਪਉੜੀਆਂ ਦਾ ਗਾਇਨ ਕਰਕੇ ਸੰਗਤਾਂ ਨੂੰ ਅਨੰਦਿਤ ਕੀਤਾ ਗਿਆ।

ਪ੍ਰਬੰਧਕਾਂ ਵੱਲੋਂ ਕਈ ਮਹੀਨੇ ਪਹਿਲਾਂ ਰਾਗੀ ਜਥਿਆਂ ਨੂੰ ਰਾਗ ਅਤੇ ਗਾਇਨ ਸ਼ੈਲੀਆਂ ਅਲਾਟ ਕੀਤੀਆਂ ਗਈਆਂ ਸਨ, ਜਿਨ੍ਹਾਂ ਦੀ ਮਹੀਨਿਆਂ ਦੀ ਕਠਿਨ ਸਾਧਨਾ ਕੀਰਤਨ ਦੀ ਪੇਸ਼ਕਾਰੀ ਵਿੱਚ ਸਾਫ਼ ਝਲਕ ਰਹੀ ਸੀ।

**ਨੌਜਵਾਨ ਪੀੜ੍ਹੀ ਅਤੇ ਬੀਬੀਆਂ ਨੂੰ ਵਿਸ਼ੇਸ਼ ਨੁਮਾਇੰਦਗੀ**

ਇਸ ਰਾਗ ਦਰਬਾਰ ਦਾ ਸਭ ਤੋਂ ਸ਼ਲਾਘਾਯੋਗ ਪਹਿਲੂ ਇਹ ਰਿਹਾ ਕਿ ਹਰੇਕ ਜਥੇ ਨੇ ਕੀਰਤਨ ਦੇ ਆਰੰਭ ਵਿੱਚ ਨਵੀਂ ਪੀੜ੍ਹੀ ਦੇ ਬੱਚਿਆਂ ਤੇ ਨੌਜਵਾਨਾਂ ਨੂੰ ਗਾਇਨ ਅਤੇ ਤੰਤੀ ਸਾਜ਼ਾਂ ਦੇ ਵਾਦਨ ਲਈ ਮੋਹਰੀ ਮੌਕਾ ਦਿੱਤਾ। ਇਸ ਤੋਂ ਇਲਾਵਾ ਪ੍ਰਬੰਧਕਾਂ ਵੱਲੋਂ ਬੀਬੀਆਂ ਦੇ ਦੋ ਜਥੇ ਉਚੇਚੇ ਤੌਰ 'ਤੇ ਸੱਦੇ ਗਏ ਸਨ ਤਾਂ ਜੋ ਕੌਮ ਦੀਆਂ ਧੀਆਂ-ਭੈਣਾਂ ਨੂੰ ਉੱਚ ਪੱਧਰੀ ਪੰਥਕ ਸਟੇਜਾਂ 'ਤੇ ਕੀਰਤਨ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕੇ।

**ਸ਼੍ਰੋਮਣੀ ਰਾਗੀ ਡਾ. ਗੁਰਨਾਮ ਸਿੰਘ ਅਤੇ ਸਮੂਹ ਜਥਿਆਂ ਦਾ ਸਨਮਾਨ**

ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਨਰਿੰਦਰਪਾਲ ਸਿੰਘ ਨੇ ਦੱਸਿਆ ਕਿ ਇਹ ਸਮਾਗਮ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਕੌਮਾਂਤਰੀ ਪੱਧਰ 'ਤੇ ਇੱਕ ਵਿਸ਼ੇਸ਼ ਪਛਾਣ ਬਣ ਚੁੱਕਾ ਹੈ। ਸਮਾਪਤੀ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਜਥਿਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਵਿਸ਼ਵ ਪ੍ਰਸਿੱਧ ਗੁਰਮਤਿ ਸੰਗੀਤ ਮਾਰਤੰਡ ਡਾ. ਗੁਰਨਾਮ ਸਿੰਘ ਨੂੰ ਵਿਸ਼ੇਸ਼ ਸਨਮਾਨ ਭੇਟ ਕੀਤਾ ਗਿਆ। ਡਾ. ਸਾਹਿਬ ਨੂੰ ਪਿਛਲੇ ਦਿਨੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (DSGMC) ਵੱਲੋਂ ਦਿੱਤੇ ਗਏ ਵੱਕਾਰੀ 'ਸ਼੍ਰੋਮਣੀ ਰਾਗੀ ਐਵਾਰਡ' ਬਦਲੇ ਸਮੂਹ ਸੰਗਤ ਅਤੇ ਕਮੇਟੀ ਵੱਲੋਂ ਉਚੇਚੇ ਤੌਰ 'ਤੇ ਵਧਾਈ ਦਿੱਤੀ ਗਈ। ਇਸ ਸਮਾਗਮ ਵਿੱਚ ਨਿਊਜਰਸੀ, ਪੈਨਸਿਲਵੇਨੀਆ, ਸੀਐਟਲ ਅਤੇ ਲਾਸ ਏਂਜਲਸ ਤੋਂ ਵੀ ਸੰਗਤਾਂ ਪਰਿਵਾਰਾਂ ਸਮੇਤ ਹਾਜ਼ਰੀ ਭਰਨ ਪਹੁੰਚੀਆਂ ਹੋਈਆਂ ਸਨ।

**ਆਗਾਮੀ ਸਮਾਗਮ: ਨਿਊਜਰਸੀ ਅਤੇ ਲੀਵਰਮੋਰ ਵਿਖੇ ਸਜਣਗੇ ਦੀਵਾਨ**

ਮੰਚ ਸੰਚਾਲਕ ਪ੍ਰੋਫ਼ੈਸਰ ਦਲਬੀਰ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 'ਰਾਗ ਰਤਨ ਗਰੁੱਪ' ਵੱਲੋਂ ਅਗਲਾ ਸਮਾਗਮ 17 ਤੋਂ 20 ਸਤੰਬਰ ਤੱਕ ਨਿਊਜਰਸੀ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿੱਚ ਕਰਵਾਇਆ ਜਾ ਰਿਹਾ ਹੈ।

ਨਿਰਪੱਖਤਾ ਦਾ ਅਧਿਕਾਰ: ਰਿਪੋਰਟ ਵਿੱਚ ਲਗਾਏ ਗਏ ਦੋਸ਼ ਸਿਆਸੀ ਜਥੇਬੰਦੀ ਦੇ ਆਪਣੇ ਦਾਅਵੇ ਹਨ; ਭਾਰਤੀ ਚੋਣ ਕਮਿਸ਼ਨ (ECI) ਜਾਂ ਸੱਤਾਧਾਰੀ ਧਿਰ ਵੱਲੋਂ ਜਾਰੀ ਕੀਤੇ ਜਾਣ ਵਾਲੇ ਕਿਸੇ ਵੀ ਅਧਿਕਾਰਤ ਸਪੱਸ਼ਟੀਕਰਨ ਨੂੰ ਪੱਤਰਕਾਰੀ ਨਿਯਮਾਂ ਅਧੀਨ ਬਰਾਬਰ ਪ੍ਰਮੁੱਖਤਾ ਦਿੱਤੀ ਜਾਵੇਗੀ।

# ਨਵੀਂ ਦਿੱਲੀ 'ਚ ਮੁੱਖ ਚੋਣ ਕਮਿਸ਼ਨਰ ਵਿਰੁੱਧ ਯੂਥ ਕਾਂਗਰਸ ਦਾ ਵੱਡਾ ਹੱਲਾਬੋਲ

## ਰਾਇਸੀਨਾ ਰੋਡ ਦਫ਼ਤਰ ਬਾਹਰ ਗਿਆਨੇਸ਼ ਕੁਮਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ; ਚੋਣ ਪ੍ਰਕਿਰਿਆ 'ਚ ਪੱਖਪਾਤ ਦੇ ਲਾਏ ਦੋਸ਼

ਨਵੀਂ ਦਿੱਲੀ : ਇੰਡੀਅਨ ਯੂਥ ਕਾਂਗਰਸ (IYC) ਦੇ ਕਾਰਕੁਨਾਂ ਵੱਲੋਂ ਭਾਰਤ ਦੇ ਮੁੱਖ ਚੋਣ ਕਮਿਸ਼ਨਰ (CEC) ਗਿਆਨੇਸ਼ ਕੁਮਾਰ ਅਤੇ ਕੇਂਦਰੀ ਚੋਣ ਕਮਿਸ਼ਨ ਵਿਰੁੱਧ ਕੌਮੀ ਰਾਜਧਾਨੀ ਵਿਖੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਨਵੀਂ ਦਿੱਲੀ ਸਥਿਤ 5, ਰਾਇਸੀਨਾ ਰੋਡ 'ਤੇ ਯੂਥ ਕਾਂਗਰਸ ਦੇ ਕੌਮੀ ਦਫ਼ਤਰ ਦੇ ਬਾਹਰ ਇਕੱਠੇ ਹੋਏ ਸੈਂਕੜੇ ਨੌਜਵਾਨ ਆਗੂਆਂ ਅਤੇ ਵਰਕਰਾਂ ਨੇ ਹੱਥਾਂ ਵਿੱਚ ਪੋਸਟਰ, ਤਖ਼ਤੀਆਂ ਅਤੇ ਪਾਰਟੀ ਝੰਡੇ ਫੜ ਕੇ ਚੋਣ ਕਮਿਸ਼ਨ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕਦਿਆਂ ਨਾਅਰੇਬਾਜ਼ੀ ਕੀਤੀ।

ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਚੋਣ ਕਮਿਸ਼ਨ ਇੱਕ ਨਿਰਪੱਖ ਅਤੇ ਖ਼ੁਦਮੁਖ਼ਤਿਆਰ ਸੰਵਿਧਾਨਕ ਸੰਸਥਾ ਵਜੋਂ ਭੂਮਿਕਾ ਨਿਭਾਉਣ ਦੀ ਬਜਾਏ ਕੇਂਦਰ ਦੀ ਸੱਤਾਧਾਰੀ ਧਿਰ ਦੇ ਦਬਾਅ ਹੇਠ ਕੰਮ ਕਰ ਰਿਹਾ ਹੈ।

ਪ੍ਰਦਰਸ਼ਨ ਨਾਲ ਜੁੜੇ ਪ੍ਰਮੁੱਖ ਵੇਰਵੇ

ਸਥਾਨ : 5, ਰਾਇਸੀਨਾ ਰੋਡ (ਯੂਥ ਕਾਂਗਰਸ ਦਫ਼ਤਰ ਬਾਹਰ), ਨਵੀਂ ਦਿੱਲੀ

ਪ੍ਰਦਰਸ਼ਨਕਾਰੀ : ਇੰਡੀਅਨ ਯੂਥ ਕਾਂਗਰਸ (IYC) ਦੇ ਆਗੂ ਤੇ ਵਰਕਰ

ਮੁੱਖ ਨਿਸ਼ਾਨਾ : ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ (CEC Gyanesh Kumar)

ਮੁੱਖ ਮੁੱਦੇ : ਵੋਟਰ ਸੂਚੀਆਂ 'ਚ ਕਥਿਤ ਗੜਬੜੀਆਂ, ਚੋਣ ਪ੍ਰਕਿਰਿਆ ਦੀ ਨਿਰਪੱਖਤਾ ਤੇ EVM ਸਬੰਧੀ ਸ਼ੰਕੇ

ਮੁੱਖ ਮੰਗਾਂ : ਚੋਣ ਕਮਿਸ਼ਨ ਦੀ ਪਾਰਦਰਸ਼ਤਾ ਬਹਾਲੀ, ਦੋਸ਼ਾਂ ਦੀ ਸੁਤੰਤਰ ਜਾਂਚ ਅਤੇ ਚੋਣ ਸੁਧਾਰ

'ਸੰਵਿਧਾਨ ਅਤੇ ਲੋਕਤੰਤਰ 'ਤੇ ਸਿੱਧਾ ਹਮਲਾ': ਯੂਥ ਕਾਂਗਰਸ ਆਗੂ

ਰਾਇਸੀਨਾ ਰੋਡ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਯੂਥ ਕਾਂਗਰਸ ਦੇ ਪ੍ਰਮੁੱਖ ਬੁਲਾਰਿਆਂ ਨੇ ਕਿਹਾ:

ਦੇਸ਼ ਵਿੱਚ ਆਜ਼ਾਦ ਅਤੇ ਨਿਰਪੱਖ ਚੋਣਾਂ ਕਰਵਾਉਣਾ ਸੰਵਿਧਾਨ ਦੀ ਬੁਨਿਆਦ ਹੈ, ਪਰ ਮੌਜੂਦਾ ਮੁੱਖ ਚੋਣ ਕਮਿਸ਼ਨਰ ਦੇ ਕਾਰਜਕਾਲ ਦੌਰਾਨ ਕਮਿਸ਼ਨ ਦੀ ਭਰੋਸੇਯੋਗਤਾ 'ਤੇ ਗੰਭੀਰ ਸਵਾਲ ਖੜ੍ਹੇ ਹੋਏ ਹਨ।

ਵਿਰੋਧੀ ਧਿਰਾਂ ਵੱਲੋਂ ਵੋਟਰ ਲਿਸਟਾਂ ਵਿੱਚੋਂ ਨਾਵਾਂ ਦੇ ਕੱਟੇ ਜਾਣ, ਪੋਲਿੰਗ ਅੰਕੜਿਆਂ ਦੀ ਦੇਰੀ ਨਾਲ ਜਾਰੀ ਹੋਣ ਅਤੇ ਚੋਣ ਜ਼ਾਬਤੇ ਦੀ ਉਲੰਘਣਾ ਬਾਰੇ ਦਿੱਤੀਆਂ ਗਈਆਂ ਸ਼ਿਕਾਇਤਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਦੀ ਨੌਜਵਾਨ ਪੀੜ੍ਹੀ ਲੋਕਤੰਤਰੀ ਢਾਂਚੇ ਵਿੱਚ ਆਪਣਾ ਵਿਸ਼ਵਾਸ ਗੁਆਉਣ ਲੱਗੇਗੀ, ਤਾਂ ਇਸ ਨਾਲ ਦੇਸ਼ ਦੇ ਭਵਿੱਖ ਨੂੰ ਵੱਡਾ ਧੱਕਾ ਲੱਗੇਗਾ।

ਦਿੱਲੀ ਪੁਲਿਸ ਵੱਲੋਂ ਬੈਰੀਕੇਡਿੰਗ; ਮਾਹੌਲ ਤਣਾਅਪੂਰਨ : ਪ੍ਰਦਰਸ਼ਨ ਨੂੰ ਦੇਖਦਿਆਂ ਦਿੱਲੀ ਪੁਲਿਸ ਨੇ ਰਾਇਸੀਨਾ ਰੋਡ ਅਤੇ ਆਸ-ਪਾਸ ਦੇ ਵੀ.ਆਈ.ਪੀ. ਖੇਤਰਾਂ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਕਰ ਰੱਖੇ ਸਨ। ਪ੍ਰਦਰਸ਼ਨਕਾਰੀ ਜਦੋਂ ਅੱਗੇ ਵਧਣ ਲੱਗੇ ਤਾਂ ਪੁਲਿਸ ਨੇ ਭਾਰੀ ਬੈਰੀਕੇਡ ਲਗਾ ਕੇ ਉਨ੍ਹਾਂ ਨੂੰ ਰੋਕ ਲਿਆ, ਜਿਸ ਦੌਰਾਨ ਕਾਰਕੁਨਾਂ ਅਤੇ ਪੁਲਿਸ ਵਿਚਾਲੇ ਹਲਕੀ ਧੱਕਾ-ਮੁੱਕੀ ਵੀ ਹੋਈ।

ਯੂਥ ਕਾਂਗਰਸ ਨੇ ਸਪੱਸ਼ਟ ਚਿਤਾਵਨੀ ਦਿੱਤੀ ਕਿ ਜੇਕਰ ਚੋਣ ਕਮਿਸ਼ਨ ਨੇ ਆਪਣੇ ਕੰਮਕਾਜ ਵਿੱਚ ਪਾਰਦਰਸ਼ਤਾ ਨਾ ਲਿਆਂਦੀ ਅਤੇ ਲੋਕਤੰਤਰੀ ਮਰਯਾਦਾਵਾਂ ਦੀ ਰਾਖੀ ਯਕੀਨੀ ਨਾ ਬਣਾਈ, ਤਾਂ ਦੇਸ਼ ਭਰ ਵਿੱਚ ਚੋਣ ਕਮਿਸ਼ਨ ਦੇ ਦਫ਼ਤਰਾਂ ਅੱਗੇ ਅਜਿਹੇ ਰੋਸ ਪ੍ਰਦਰਸ਼ਨਾਂ ਦਾ ਸਿਲਸਿਲਾ ਹੋਰ ਤੇਜ਼ ਕੀਤਾ ਜਾਵੇਗਾ।



(ਫੋਟੋ : ਏਐਨਆਈ)

### ਮੁੱਖ ਚੋਣ ਕਮਿਸ਼ਨਰ ਦੇਸ਼ਧ੍ਰੋਹੀ : ਰਾਹੁਲ ਗਾਂਧੀ



ਨਵੀਂ ਦਿੱਲੀ : ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਬਾਰੇ ਹੋਏ ਖ਼ੁਲਾਸੇ ਤੋਂ ਬਾਅਦ ਵਿਰੋਧੀ ਧਿਰ ਪੂਰੀ ਤਰ੍ਹਾਂ ਭਾਜਪਾ 'ਤੇ ਹਮਲਾਵਰ ਹੈ। ਇਸੇ ਮੁੱਦੇ ਨੂੰ ਲੈ ਕੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਭਾਜਪਾ ਅਤੇ ਚੋਣ ਕਮਿਸ਼ਨ 'ਤੇ ਸਿੱਧੇ ਅਤੇ ਤਿੱਖੇ ਸ਼ਬਦੀ ਹਮਲੇ ਕੀਤੇ। ਉਨ੍ਹਾਂ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਭੂਮਿਕਾ 'ਤੇ ਗੰਭੀਰ ਸਵਾਲ ਚੁੱਕਦਿਆਂ ਦੇਸ਼ ਵਿਚ 'ਵੋਟ ਚੋਰੀ' ਹੋਣ ਦੇ ਵੱਡੇ ਦੋਸ਼ ਲਗਾਏ ਅਤੇ ਨਾਲ ਹੀ ਮੁੱਖ ਚੋਣ ਕਮਿਸ਼ਨਰ ਦੇ ਅਸਤੀਫ਼ੇ ਦੀ ਵੀ ਮੰਗ ਕੀਤੀ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਦੇਸ਼ ਵਿਚ ਚੋਣਾਂ ਦੀ ਹੇਰਾਫੇਰੀ (ਵੋਟ ਚੋਰੀ) ਕੀਤੀ ਜਾ ਰਹੀ ਹੈ, ਜੋ ਭਾਰਤ ਦੇ ਲੋਕਾਂ ਵਿਰੁੱਧ ਇੱਕ ਅਪਰਾਧ ਅਤੇ ਸੰਵਿਧਾਨ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਨੇ ਮੁੱਖ ਚੋਣ ਕਮਿਸ਼ਨਰ ਨੂੰ 'ਦੇਸ਼-ਧ੍ਰੋਹੀ' ਤੱਕ ਆਖ ਦਿੱਤਾ ਅਤੇ ਦੋਸ਼ ਲਗਾਇਆ ਕਿ ਉਹ ਭਾਰਤੀ ਲੋਕਤੰਤਰ ਨੂੰ ਖ਼ਤਮ ਕਰਨ ਵਿਚ ਭਾਜਪਾ ਦੀ ਮਦਦ ਕਰ ਰਹੇ ਹਨ।

### ਮੋਦੀ ਅਤੇ ਅਮਿਤ ਸ਼ਾਹ ਵੋਟਾਂ ਦੀ ਚੋਰੀ ਕਰਕੇ ਜਿੱਤ ਰਹੇ ਹਨ ਚੋਣਾਂ : ਕੇਜਰੀਵਾਲ



ਨਵੀਂ ਦਿੱਲੀ : ਆਮ ਆਦਮੀ ਪਾਰਟੀ ਵੱਲੋਂ ਮੋਦੀ ਸਰਕਾਰ ਅਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ 'ਤੇ ਵਾਰ-ਵਾਰ ਲਗਾਏ ਜਾ ਰਹੇ ਵੋਟ ਚੋਰੀ ਦੇ ਦੋਸ਼ਾਂ 'ਤੇ ਖੋਜੀ ਰਿਪੋਰਟ ਨੇ ਮੋਹਰ ਲਗਾ ਦਿੱਤੀ ਹੈ। ਰਿਪੋਰਟ ਵਿੱਚ ਹੋਏ ਹੈਰਾਨਾਨੁਕੂਲ ਖੁਲਾਸਿਆਂ ਤੋਂ ਬਾਅਦ "ਆਪ" ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਸ ਨੂੰ ਆਜ਼ਾਦ ਭਾਰਤ ਦਾ ਸਭ ਤੋਂ ਵੱਡਾ ਘੁਟਾਲਾ ਦੱਸਦਿਆਂ ਕਿਹਾ ਕਿ ਪੀਐਮ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਵੋਟਾਂ ਦੀ ਚੋਰੀ ਕਰਕੇ ਚੋਣਾਂ ਜਿੱਤਦੇ ਜਾ ਰਹੇ ਹਨ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਇਸ ਵੋਟ ਚੋਰੀ ਦੇ ਸਰਗਨਾ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਗਿਆਨੇਸ਼ ਕੁਮਾਰ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਉਨ੍ਹਾਂ ਦੇ ਖ਼ਿਲਾਫ਼ ਦੇਸ਼ਧ੍ਰੋਹ ਦਾ ਕੇਸ ਚਲਾਇਆ ਜਾਵੇ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੀ ਮਨਜ਼ੂਰੀ ਤੋਂ ਬਿਨਾਂ ਚੱਲ ਰਹੀ ਐਸਆਈਆਰ ਪ੍ਰਕਿਰਿਆ ਗੈਰ-ਕਾਨੂੰਨੀ ਹੈ। ਇਸ ਪ੍ਰਕਿਰਿਆ ਨੂੰ ਰੱਦ ਕਰਕੇ ਤਿੰਨ ਸਾਲ ਪੁਰਾਣੀ ਵੋਟਰ ਲਿਸਟ ਨੂੰ ਬਹਾਲ ਕੀਤਾ ਜਾਵੇ। ਨਾਲ ਹੀ, ਦਿੱਲੀ, ਬਿਹਾਰ ਸਮੇਤ ਪਿਛਲੇ ਕੁਝ ਸਾਲਾਂ ਵਿੱਚ ਹੋਈਆਂ ਸੂਬਾ ਵਿਧਾਨ ਸਭਾ ਚੋਣਾਂ ਨੂੰ ਰੱਦ ਕਰਕੇ ਦੁਬਾਰਾ ਕਰਵਾਇਆ ਜਾਵੇ।

# ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਅਮਰੀਕਾ ਦੌਰੇ ਖ਼ਿਲਾਫ਼ ਵਾਸ਼ਿੰਗਟਨ ਵਿਖੇ ਤਿੱਬਤੀਆਂ ਤੇ ਉਈਗਰਾਂ ਦਾ ਜ਼ਬਰਦਸਤ ਰੋਸ ਮੁਜ਼ਾਹਰਾ

## ਚੀਨੀ ਦੂਤਾਵਾਸ ਅੱਗੇ ਨਾਅਰੇਬਾਜ਼ੀ ਮਗਰੋਂ ਕੈਪੀਟਲ ਹਿੱਲ ਤੱਕ ਵਿਸ਼ਾਲ ਮਾਰਚ; ਨੈਨਸੀ ਪਲੋਸੀ ਸਮੇਤ ਅਮਰੀਕੀ ਸੰਸਦ ਮੈਂਬਰਾਂ ਨੇ ਮਨੁੱਖੀ ਅਧਿਕਾਰਾਂ ਦੇ ਘਾਣ ’ਤੇ ਟਰੰਪ ਪ੍ਰਸ਼ਾਸਨ ਨੂੰ ਘੇਰਿਆ; ਪੰਚੇਨ ਲਾਮਾ ਤੇ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ

ਵਾਸ਼ਿੰਗਟਨ ਡੀ.ਸੀ. : ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਅਮਰੀਕਾ ਦੇ ਅਧਿਕਾਰਤ ਸਰਕਾਰੀ ਦੌਰੇ ਅਤੇ ਵ੍ਹਾਈਟ ਹਾਊਸ ਵਿਖੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਸਿਖ਼ਰ ਵਾਰਤਾ ਦੇ ਵਿਰੋਧ ਵਿੱਚ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਦੀਆਂ ਸੜਕਾਂ ’ਤੇ ਤਿੱਬਤੀ, ਉਈਗਰ ਅਤੇ ਹਾਂਗਕਾਂਗ ਭਾਈਚਾਰੇ ਦੇ ਹਜ਼ਾਰਾਂ ਕਾਰਕੁਨਾਂ ਨੇ ਵਿਸ਼ਾਲ ਰੋਸ ਮੁਜ਼ਾਹਰਾ ਕੀਤਾ। ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਤੋਂ ਪਹੁੰਚੇ ਪ੍ਰਦਰਸ਼ਨਕਾਰੀਆਂ ਨੇ ਚੀਨੀ ਦੂਤਾਵਾਸ ਦੇ ਬਾਹਰ ਇਕੱਠੇ ਹੋ ਕੇ ਚੀਨੀ ਕਮਿਊਨਿਸਟ ਪਾਰਟੀ (CCP) ਦੇ ਜਬਰ, ਸੱਭਿਆਚਾਰਕ ਨਸਲਕੁਸ਼ੀ ਅਤੇ ਸਰਹੱਦ ਪਾਰ ਦਮਨ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ।






ਦੂਤਾਵਾਸ ਅੱਗੇ ਰੋਸ ਸਭਾ ਕਰਨ ਉਪਰੰਤ ਪ੍ਰਦਰਸ਼ਨਕਾਰੀਆਂ ਨੇ ਡੂਪੋਂਟ ਸਰਕਲ (Dupont Circle) ਤੋਂ ਹੁੰਦੇ ਹੋਏ ਅਮਰੀਕੀ ਸੰਸਦ ਕੰਪਲੈਕਸ ‘ਯੂਐੱਸ ਕੈਪੀਟਲ ਹਿੱਲ’ ਵੱਲ ਰੋਸ ਮਾਰਚ ਕੱਢਿਆ। ਇਸ ਰੈਲੀ ਨੂੰ ਅਮਰੀਕੀ ਪ੍ਰਤੀਨਿਧ ਸਭਾ ਦੀ ਸਾਬਕਾ ਸਪੀਕਰ ਨੈਨਸੀ ਪਲੋਸੀ (Nancy Pelosi) ਅਤੇ ਕਈ ਪ੍ਰਮੁੱਖ ਅਮਰੀਕੀ ਸੰਸਦ ਮੈਂਬਰਾਂ ਨੇ ਸੰਬੋਧਨ ਕਰਦਿਆਂ ਸ਼ੀ ਜਿਨਪਿੰਗ ਦੇ ਰੈੱਡ ਕਾਰਪੇਟ ਸਵਾਗਤ ਅਤੇ ਮਨੁੱਖੀ ਹੱਕਾਂ ਦੀ ਅਣਦੇਖੀ ਲਈ ਟਰੰਪ ਪ੍ਰਸ਼ਾਸਨ ਦੀ ਸਖ਼ਤ ਨਿਖੇਧੀ ਕੀਤੀ।

ਰੋਸ ਪ੍ਰਦਰਸ਼ਨ ਨਾਲ ਜੁੜੇ ਪ੍ਰਮੁੱਖ ਵੇਰਵੇ

ਅਸਥਾਨ : ਚੀਨੀ ਦੂਤਾਵਾਸ, ਡੂਪੋਂਟ ਸਰਕਲ ਅਤੇ ਯੂਐੱਸ ਕੈਪੀਟਲ ਹਿੱਲ, ਵਾਸ਼ਿੰਗਟਨ ਡੀ.ਸੀ.

ਪ੍ਰਦਰਸ਼ਨਕਾਰੀ : ਅਮਰੀਕਾ ਤੇ ਕੈਨੇਡਾ ਤੋਂ ਪਹੁੰਚੇ ਤਿੱਬਤੀ, ਉਈਗਰ, ਹਾਂਗਕਾਂਗ ਅਤੇ ਚੀਨੀ ਮਨੁੱਖੀ ਅਧਿਕਾਰ ਕਾਰਕੁਨ

ਮੁੱਖ ਨਾਅਰਾ : ‘ਮਨੁੱਖੀ ਅਧਿਕਾਰਾਂ ਤੋਂ ਬਿਨਾਂ ਵਾਸ਼ਿੰਗਟਨ ’ਚ ਸ਼ੀ ਦਾ ਕੋਈ ਸਵਾਗਤ ਨਹੀਂ’ (No Xi in DC without human rights)

ਪ੍ਰਮੁੱਖ ਸਿਆਸੀ ਆਗੂ : ਸਾਬਕਾ ਸਪੀਕਰ ਨੈਨਸੀ ਪਲੋਸੀ ਅਤੇ ਅਮਰੀਕੀ ਕਾਂਗਰਸ ਮੈਂਬਰ

ਮੁੱਖ ਮੁੱਦੇ : ਤਿੱਬਤ ਤੇ ਸ਼ਿਨਜਿਆਂਗ ’ਚ ਸੱਭਿਆਚਾਰਕ ਦਮਨ, ਜਬਰੀ ਬੋਰਡਿੰਗ ਸਕੂਲ, ਨਜ਼ਰਬੰਦੀ ਕੈਂਪ ਤੇ ਸਰਹੱਦ ਪਾਰ ਦਮਨ

ਪ੍ਰਮੁੱਖ ਕੇਸ: ਪੰਚੇਨ ਲਾਮਾ ਦੀ ਹਿਰਾਸਤ, ਉਈਗਰ ਵਿਦਵਾਨ ਰਹੀਲਾ ਦਾਊਦ ਤੇ ਡਾ. ਗੁਲਸ਼ਨ ਅੱਬਾਸ ਦੀ ਰਿਹਾਈ

ਤਿੱਬਤ ਅਤੇ ਉਈਗਰ ਲੋਕਾਂ ਦਾ ਸਾਂਝਾ ਦਰਦ: ਸੱਭਿਆਚਾਰਕ ਹੋਂਦ ਮਿਟਾਉਣ ਦੇ ਦੋਸ਼

ਰੋਸ ਰੈਲੀ ਦੌਰਾਨ ਵੱਖ-ਵੱਖ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਤਿੱਬਤ (ਜਿਸ ’ਤੇ 1959 ਵਿੱਚ ਕਬਜ਼ਾ ਕੀਤਾ ਗਿਆ) ਅਤੇ ਪੂਰਬੀ ਤੁਰਕਿਸਤਾਨ/ਸ਼ਿਨਜਿਆਂਗ (ਜਿਸ ’ਤੇ 1949 ਵਿੱਚ ਕਬਜ਼ਾ ਹੋਇਆ) ਦੇ ਲੋਕ ਬੀਜਿੰਗ ਹਕੂਮਤ ਦੇ ਇੱਕੋ ਜਿਹੇ ਤਸ਼ੱਦਦ ਦਾ ਸਾਹਮਣਾ ਕਰ ਰਹੇ ਹਨ:

ਬੋਲੀ ਅਤੇ ਧਰਮ ’ਤੇ ਯੋਜਨਾਬੱਧ ਹਮਲਾ: ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਚੀਨੀ ਹਕੂਮਤ ਵੱਲੋਂ ਲੱਖਾਂ ਤਿੱਬਤੀ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਤੋਂ ਵੱਖ ਕਰਕੇ ਬਸਤੀਵਾਦੀ ਰਿਹਾਇਸ਼ੀ ਸਕੂਲਾਂ (Boarding Schools) ਵਿੱਚ ਭੇਜਿਆ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਦੀ ਮਾਂ-ਬੋਲੀ, ਬੋਧੀ ਵਿਰਸਾ ਅਤੇ ਸੱਭਿਆਚਾਰ ਮਿਟਾਇਆ ਜਾ ਸਕੇ। ਇਹੋ ਜ਼ੁਲਮ ਉਈਗਰ ਮੁਸਲਿਮ ਬੱਚਿਆਂ ’ਤੇ ਵੀ ਢਾਹਿਆ ਜਾ ਰਿਹਾ ਹੈ।

ਹਿਰਾਸਤੀ ਕੈਂਪ ਤੇ ਜਬਰੀ ਮਜ਼ਦੂਰੀ: ਸੰਯੁਕਤ ਰਾਸ਼ਟਰ ਵੱਲੋਂ ਉਠਾਈਆਂ ਗਈਆਂ ਚਿੰਤਾਵਾਂ ਦਾ ਹਵਾਲਾ ਦਿੰਦਿਆਂ ਬੁਲਾਰਿਆਂ ਨੇ ਕਿਹਾ ਕਿ ਲੱਖਾਂ ਉਈਗਰਾਂ ਨੂੰ ਅਖੌਤੀ ‘ਮੁੜ-ਸਿੱਖਿਆ ਕੈਂਪਾਂ’ ਵਿੱਚ ਗ਼ੈਰ-ਕਾਨੂੰਨੀ ਤੌਰ ’ਤੇ ਕੈਦ ਰੱਖਿਆ ਗਿਆ ਹੈ ਅਤੇ ਉਨ੍ਹਾਂ ਪਾਸੋਂ ਜਬਰੀ ਮਜ਼ਦੂਰੀ ਕਰਵਾਈ ਜਾ ਰਹੀ ਹੈ।

ਸਰਹੱਦ ਪਾਰ ਦਮਨ (Transnational Repression): ਚੀਨ ਦੇ ਵਿਵਾਦਤ ‘ਨਸਲੀ ਏਕਤਾ ਕਾਨੂੰਨ’ (Ethnic Unity Law) ਦੀ ਧਾਰਾ 63 ਦੀ ਨਿਖੇਧੀ ਕਰਦਿਆਂ ਕਾਰਕੁਨਾਂ ਨੇ ਕਿਹਾ ਕਿ ਪੱਛਮੀ ਮੁਲਕਾਂ ਵਿੱਚ ਬੈਠ ਕੇ ਚੀਨ ਖ਼ਿਲਾਫ਼ ਬੋਲਣ ਵਾਲੇ ਸ਼ਰਨਾਰਥੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਚੀਨ ਅੰਦਰ ਗ੍ਰਿਫ਼ਤਾਰ ਕਰਕੇ ਬਲੈਕਮੇਲ ਕੀਤਾ ਜਾ ਰਿਹਾ ਹੈ।

ਅਮਰੀਕੀ ਕਾਂਗਰਸ ਮੈਂਬਰਾਂ ਵੱਲੋਂ ਟਰੰਪ ਪ੍ਰਸ਼ਾਸਨ ’ਤੇ ਤਿੱਖੇ ਹਮਲੇ

ਰੈਲੀ ਵਿੱਚ ਉਚੇਚੇ ਤੌਰ ’ਤੇ ਪਹੁੰਚੀ ਅਮਰੀਕੀ ਪ੍ਰਤੀਨਿਧ ਸਭਾ ਦੀ ਸਾਬਕਾ ਸਪੀਕਰ ਨੈਨਸੀ ਪਲੋਸੀ ਅਤੇ ਹੋਰ ਕਾਂਗਰਸ ਮੈਂਬਰਾਂ ਨੇ ਮਨੁੱਖੀ ਹੱਕਾਂ ਦੀ ਲੜਾਈ ਵਿੱਚ ਕਾਰਕੁਨਾਂ ਦਾ ਡਟਵਾਂ ਸਾਥ ਦਿੱਤਾ:

ਰੈੱਡ ਕਾਰਪੇਟ ਸਵਾਗਤ ਦੀ ਨਿਖੇਧੀ: ਸੰਸਦ ਮੈਂਬਰਾਂ ਨੇ ਕਿਹਾ ਕਿ ਇੱਕ ਪਾਸੇ ਤਿੱਬਤ ਵਿੱਚ ਦਲਾਈ ਲਾਮਾ ਦੀ ਤਸਵੀਰ ਰੱਖਣ ਜਾਂ ਅਰਦਾਸ ਕਰਨ ’ਤੇ ਬੋਧੀ ਭਿਕਸ਼ੂਆਂ ਨੂੰ ਕੈਦ ਕੀਤਾ ਜਾਂਦਾ ਹੈ, ਪਰ ਦੂਜੇ ਪਾਸੇ ਵਾਸ਼ਿੰਗਟਨ ਵਿੱਚ ਸ਼ੀ ਜਿਨਪਿੰਗ ਦਾ ਸਰਕਾਰੀ ਸ਼ਾਹੀ ਦਾਅਵਤਾਂ (State Dinners) ਨਾਲ ਸਵਾਗਤ ਕੀਤਾ ਜਾ ਰਿਹਾ ਹੈ, ਜੋ ਲੋਕਤੰਤਰੀ ਕਦਰਾਂ-ਕੀਮਤਾਂ ਦੀ ਉਲੰਘਣਾ ਹੈ।

ਪ੍ਰਸ਼ਾਸਨ ਅੱਗੇ ਰੱਖੀਆਂ ਚਾਰ ਪ੍ਰਮੁੱਖ ਮੰਗਾਂ:

1. ਸਾਰੇ ਜ਼ਮੀਰੀ ਸਿਆਸੀ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾਅ ਕਰਵਾਇਆ ਜਾਵੇ ਅਤੇ ਲਾਪਤਾ ਪੰਚੇਨ ਲਾਮਾ ਦੀ ਸੁਰੱਖਿਅਤ ਮੌਜੂਦਗੀ ਦਾ ਹਿਸਾਬ ਮੰਗਿਆ ਜਾਵੇ।
2. ਅਮਰੀਕੀ ਧਰਤੀ ’ਤੇ ਵਸਦੇ ਵਿਰੋਧੀ ਕਾਰਕੁਨਾਂ ਨੂੰ ਚੀਨੀ ਜਾਸੂਸਾਂ ਅਤੇ ਸਰਹੱਦ ਪਾਰ ਦਮਨ ਤੋਂ ਪੂਰਨ ਸੁਰੱਖਿਆ ਦਿੱਤੀ ਜਾਵੇ।
3. ਚੀਨ ਵੱਲੋਂ ਘੱਟ ਗਿਣਤੀਆਂ ਦੀ ਪਛਾਣ ਖ਼ਤਮ ਕਰਨ ਲਈ ਲਿਆਂਦੇ ਗਏ ’ਨਸਲੀ ਏਕਤਾ ਕਾਨੂੰਨ’ ਵਿਰੁੱਧ ਕੂਟਨੀਤਕ ਪਾਬੰਦੀਆਂ ਲਗਾਈਆਂ ਜਾਣ।
4. ਅਮਰੀਕਾ ਅੰਦਰ ਇਮੀਗ੍ਰੇਸ਼ਨ (ICE) ਹਿਰਾਸਤ ਕੇਂਦਰਾਂ ਵਿੱਚ ਮੌਜੂਦ ਤਿੱਬਤੀ ਜਾਂ ਉਈਗਰ ਸ਼ਰਨਾਰਥੀਆਂ ਨੂੰ ਕਿਸੇ ਵੀ ਸੂਰਤ ਵਿੱਚ ਵਾਪਸ ਚੀਨ ਡਿਪੋਰਟ ਨਾ ਕੀਤਾ ਜਾਵੇ।

ਪ੍ਰਦਰਸ਼ਨਕਾਰੀਆਂ ਨੇ ਸੰਕਲਪ ਦੁਹਰਾਇਆ ਕਿ ਜਦੋਂ ਤੱਕ ਤਿੱਬਤ, ਸ਼ਿਨਜਿਆਂਗ (ਪੂਰਬੀ ਤੁਰਕਿਸਤਾਨ) ਅਤੇ ਹਾਂਗਕਾਂਗ ਦੇ ਲੋਕਾਂ ਨੂੰ ਉਨ੍ਹਾਂ ਦੇ ਜਮਹੂਰੀ ਹੱਕ ਅਤੇ ਆਜ਼ਾਦੀ ਨਹੀਂ ਮਿਲ ਜਾਂਦੀ, ਉਹ ਕੌਮਾਂਤਰੀ ਪੱਧਰ ’ਤੇ ਚੀਨੀ ਹਕੂਮਤ ਵਿਰੁੱਧ ਆਵਾਜ਼ ਬੁਲੰਦ ਕਰਦੇ ਰਹਿਣਗੇ।

ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਤੇ ਪੱਤਰਕਾਰੀ ਬੇਦਾਅਵਾ

**ਸਰੋਤ ਤੇ ਰਿਪੋਰਟਿੰਗ:** ਇਹ ਸਮੱਗਰੀ ਵਾਸ਼ਿੰਗਟਨ ਡੀ.ਸੀ. ਵਿਖੇ ਤਿੱਬਤੀ, ਉਈਗਰ ਅਤੇ ਹਾਂਗਕਾਂਗ ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ ਕੀਤੇ ਗਏ ਵਿਰੋਧ ਪ੍ਰਦਰਸ਼ਨ, ਅਮਰੀਕੀ ਕਾਂਗਰਸ ਮੈਂਬਰਾਂ ਦੇ ਭਾਸ਼ਣਾਂ ਅਤੇ ਯੂ.ਐੱਸ. ਕੈਪੀਟਲ ਹਿੱਲ ਤੋਂ ਜਾਰੀ ਅਧਿਕਾਰਤ ਪ੍ਰੈੱਸ ਬਿਆਨਾਂ ’ਤੇ ਆਧਾਰਿਤ ਹੈ।

**ਕੂਟਨੀਤਕ ਪੱਖ:** ਚੀਨ ਸਰਕਾਰ ਰਵਾਇਤੀ ਤੌਰ ’ਤੇ ਤਿੱਬਤ ਅਤੇ ਸ਼ਿਨਜਿਆਂਗ ਸੰਬੰਧੀ ਦੋਸ਼ਾਂ ਨੂੰ ਆਪਣੇ ਅੰਦਰੂਨੀ ਮਾਮਲੇ ਦੱਸਦੀ ਰਹੀ ਹੈ। ਦੁਵੱਲੇ ਕੂਟਨੀਤਕ ਮਾਮਲਿਆਂ ’ਤੇ ਅਮਰੀਕੀ ਵਿਦੇਸ਼ ਮੰਤਰਾਲੇ ਅਤੇ ਚੀਨੀ ਵਿਦੇਸ਼ ਮੰਤਰਾਲੇ ਦੇ ਰਸਮੀ ਬਿਆਨ ਅਧਿਕਾਰਤ ਨੀਤੀ ਅਧੀਨ ਦਰਜ ਹੁੰਦੇ ਹਨ।

# ਹੜ੍ਹ ਪੀੜਤਾਂ ਨੂੰ 10-10 ਲੱਖ ਮੁਆਵਜ਼ਾ ਦੇਣ ਦੀ ਮੰਗ: ਅਖਿਲ ਗੋਗੋਈ ਦੀ ਅਗਵਾਈ ਹੇਠ ਗੁਵਾਹਾਟੀ ’ਚ ਵਿਸ਼ਾਲ ਪ੍ਰਦਰਸ਼ਨ






ਗੁਵਾਹਾਟੀ ਰਾਈਜੋਰ ਦਲ ਦੇ ਪ੍ਰਧਾਨ ਅਤੇ ਸ਼ਿਵਸਾਗਰ ਤੋਂ ਵਿਧਾਇਕ ਅਖਿਲ ਗੋਗੋਈ ਨੇ ਬੁੱਧਵਾਰ ਨੂੰ ਹੜ੍ਹ ਪੀੜਤ ਲੋਕਾਂ ਨੂੰ ਨਾਲ ਲੈ ਕੇ ਗੁਵਾਹਾਟੀ ਵਿੱਚ ਜ਼ੋਰਦਾਰ ਧਰਨਾ-ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਹੜ੍ਹਾਂ ਦੀ ਮਾਰ ਝੱਲ ਰਹੇ ਹਰੇਕ ਪ੍ਰਭਾਵਿਤ ਵਿਅਕਤੀ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਤੁਰੰਤ ਜਾਰੀ ਕੀਤਾ ਜਾਵੇ। ਗੋਗੋਈ ਨੇ ਸੂਬਾ ਸਰਕਾਰ ਦੀ ਕਾਰਗੁਜ਼ਾਰੀ ’ਤੇ ਵਰ੍ਹਦਿਆਂ ਕਿਹਾ ਕਿ ਹੜ੍ਹਾਂ ਕਾਰਨ ਲੋਕਾਂ ਦੇ ਘਰ-ਬਾਰ ਅਤੇ ਰੋਜ਼ਗਾਰ ਪੂਰੀ ਤਰ੍ਹਾਂ ਤਬਾਹ ਹੋ ਚੁੱਕੇ ਹਨ, ਪਰ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਪੀੜਤਾਂ ਨੂੰ ਬਣਦੀ ਵਿੱਤੀ ਸਹਾਇਤਾ ਜਲਦ ਨਾ ਮਿਲੀ, ਤਾਂ ਇਸ ਸੰਘਰਸ਼ ਨੂੰ ਹੋਰ ਵਿਸ਼ਾਲ ਰੂਪ ਦਿੱਤਾ ਜਾਵੇਗਾ।

# ਗਮਾਡਾ ਘੁਟਾਲੇ 'ਚ ED ਦੇ ਸਰਵੇ ਵਿਰੁੱਧ ਪੰਜਾਬ ਸਰਕਾਰ ਦੀ ਹੈਬੀਅਸ ਕਾਰਪਸ ਪਟੀਸ਼ਨ ਵਾਪਸ

## ਸੱਤਿਆਪਾਲ ਜੈਨ ਨੇ ਅਦਾਲਤ 'ਚ ਖੋਲ੍ਹੇ ਵੱਡੇ ਰਾਜ਼; ਦਿੱਲੀ ਬੰਦ ਗੱਡੀਆਂ 'ਚ ਫ਼ਾਈਲਾਂ ਜਾਣ ਤੇ ਹਵਾਲਾ ਲੈਣ-ਦੇਣ ਦੇ ਲਾਏ ਗੰਭੀਰ ਦੋਸ਼; ਹਾਈ ਕੋਰਟ ਦੇ ਵਾਰੰਟ ਅਫ਼ਸਰ ਦੀ ਰਿਪੋਰਟ ਮਗਰੋਂ ਸਰਕਾਰ ਪਈ ਬੈਕਫ਼ੁੱਟ 'ਤੇ

ਚੰਡੀਗੜ੍ਹ : ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ/ GMADA) ਨਾਲ ਜੁੜੇ ਕਰੋੜਾਂ ਰੁਪਏ ਦੇ ਕਥਿਤ ਘੁਟਾਲੇ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ED) ਵੱਲੋਂ ਕੀਤੀ ਗਈ ਵੱਡੀ ਕਾਰਵਾਈ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੱਲਿਆ ਸਿਆਸੀ ਤੇ ਕਾਨੂੰਨੀ ਡਰਾਮਾ ਉਸ ਵੇਲੇ ਸਮਾਪਤ ਹੋ ਗਿਆ ਜਦੋਂ ਪੰਜਾਬ ਸਰਕਾਰ ਵੱਲੋਂ ਦਾਇਰ ਕੀਤੀ ਗਈ ਹੈਬੀਅਸ ਕਾਰਪਸ ਪਟੀਸ਼ਨ ਵਾਪਸ ਲੈ ਲਈ ਗਈ। ਈਡੀ ਵੱਲੋਂ ਪੇਸ਼ ਹੋਏ ਭਾਰਤ ਦੇ ਵਧੀਕ ਸਾਲਿਸਟਰ ਜਨਰਲ ਅਤੇ ਸੀਨੀਅਰ ਵਕੀਲ ਸੱਤਿਆਪਾਲ ਜੈਨ ਨੇ ਅਦਾਲਤ ਵਿੱਚ ਠੋਸ ਤੱਥ ਰੱਖਦਿਆਂ ਪੰਜਾਬ ਸਰਕਾਰ ਦੇ ਦੋਸ਼ਾਂ ਨੂੰ ਸਿਰੇ ਤੋਂ ਖ਼ਾਰਜ ਕਰ ਦਿੱਤਾ, ਜਿਸ ਮਗਰੋਂ ਪਟੀਸ਼ਨਰ ਧਿਰ ਨੂੰ ਆਪਣੀ ਅਰਜ਼ੀ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ।

ਅਦਾਲਤੀ ਕਾਰਵਾਈ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੱਤਿਆਪਾਲ ਜੈਨ ਨੇ ਦਾਅਵਾ ਕੀਤਾ ਕਿ ਇਹ ਬਹੁਤ ਵੱਡੇ ਪੱਧਰ ਦਾ ਵਿੱਤੀ ਸਕੈਂਡਲ ਹੈ, ਜਿਸ ਵਿੱਚ ਹਵਾਲਾ ਨੈੱਟਵਰਕ ਰਾਹੀਂ ਲੈਣ-ਦੇਣ ਹੋਇਆ ਹੈ ਅਤੇ ਪੰਜਾਬ ਦੀਆਂ ਅਹਿਮ ਸਰਕਾਰੀ ਫ਼ਾਈਲਾਂ ਸ਼ੀਸ਼ੇ ਬੰਦ ਗੱਡੀਆਂ ਵਿੱਚ ਦਿੱਲੀ ਭੇਜੀਆਂ ਜਾਂਦੀਆਂ ਰਹੀਆਂ ਹਨ।

ਅਦਾਲਤੀ ਕਾਰਵਾਈ ਅਤੇ ਮਾਮਲੇ ਦੇ ਮੁੱਖ ਵੇਰਵੇ

ਸੰਬੰਧਿਤ ਅਦਾਲਤ : ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ

ਈਡੀ ਵੱਲੋਂ ਪੇਸ਼ ਵਕੀਲ : ਸੱਤਿਆਪਾਲ ਜੈਨ (ਸੀਨੀਅਰ ਐਡਵੋਕੇਟ ਤੇ ਵਧੀਕ ਸਾਲਿਸਟਰ ਜਨਰਲ-ASG)

ਪਟੀਸ਼ਨ ਦਾ ਸਰੂਪ : ਹੈਬੀਅਸ ਕਾਰਪਸ (ਗ਼ੈਰ-ਕਾਨੂੰਨੀ ਹਿਰਾਸਤ ਦਾ ਦੋਸ਼ ਲਗਾ ਕੇ ਦਾਇਰ ਰਿੱਟ)

ਪਟੀਸ਼ਨਰ : ਗੌਤਮ (ਡਿਪਟੀ ਸੈਕਟਰੀ, ਪੰਜਾਬ ਸਰਕਾਰ ਦੀ ਤਰਫ਼ੋਂ)

ਅਦਾਲਤੀ ਨਤੀਜਾ : ਬਹਿਸ ਅਤੇ ਲੋਕਲ ਕਮਿਸ਼ਨਰ ਦੀ ਰਿਪੋਰਟ ਮਗਰੋਂ ਸਰਕਾਰ ਵੱਲੋਂ ਪਟੀਸ਼ਨ ਬਿਨਾਂ ਸ਼ਰਤ ਵਾਪਸ

ਈਡੀ ਦੀ ਕਾਰਵਾਈ : 22 ਤੋਂ 24 ਸਤੰਬਰ ਤੱਕ 5-6 ਥਾਵਾਂ 'ਤੇ ਸਰਵੇ/ਛਾਪੇਮਾਰੀ; ਮੋਬਾਈਲ ਤੇ ਦਸਤਾਵੇਜ਼ ਜ਼ਬਤ

ਮੁੱਖ ਇਲਜ਼ਾਮ : ਗਮਾਡਾ ਫ਼ਾਈਲਾਂ ਦਾ ਦਿੱਲੀ ਤਬਾਦਲਾ, ਹਵਾਲਾ ਲੈਣ-ਦੇਣ ਅਤੇ ਬਾਹਰੀ ਸਿਆਸੀ ਦਖ਼ਲਅੰਦਾਜ਼ੀ

ਕੀ ਸਨ ਪੰਜਾਬ ਸਰਕਾਰ ਦੇ ਦਾਅਵੇ ਅਤੇ ਅਦਾਲਤ 'ਚ ਕੀ ਹੋਇਆ ਖ਼ੁਲਾਸਾ ?

ਪੰਜਾਬ ਸਰਕਾਰ ਦੇ ਇੱਕ ਡਿਪਟੀ ਸੈਕਟਰੀ ਵੱਲੋਂ ਬੁੱਧਵਾਰ ਅੱਧੀ ਰਾਤ ਨੂੰ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਂਦਿਆਂ ਦੋਸ਼ ਲਾਇਆ ਗਿਆ ਸੀ ਕਿ ਈਡੀ ਦੇ ਅਧਿਕਾਰੀਆਂ ਨੇ ਗਮਾਡਾ ਨਾਲ ਸੰਬੰਧਿਤ ਆਈ.ਏ.ਐੱਸ. ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਬੰਧਕ ਬਣਾਇਆ ਹੋਇਆ ਹੈ ਅਤੇ ਉਨ੍ਹਾਂ ਨੂੰ ਖਾਣਾ-ਪਾਣੀ ਜਾਂ ਕੱਪੜੇ ਬਦਲਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ।

ਹਾਈ ਕੋਰਟ ਵੱਲੋਂ ਤੁਰੰਤ ਇੱਕ ਲੋਕਲ ਕਮਿਸ਼ਨਰ (ਵਾਰੰਟ ਅਫ਼ਸਰ) ਤਾਇਨਾਤ ਕੀਤਾ ਗਿਆ ਸੀ। ਸੱਤਿਆਪਾਲ ਜੈਨ ਨੇ ਅਦਾਲਤੀ ਤੱਥਾਂ ਦਾ ਵੇਰਵਾ ਦਿੰਦਿਆਂ ਦੱਸਿਆ:

**ਵਾਰੰਟ ਅਫ਼ਸਰ ਦੀ ਰਿਪੋਰਟ:** ਲੋਕਲ ਕਮਿਸ਼ਨਰ ਨੇ ਮੌਕੇ 'ਤੇ ਜਾ ਕੇ ਸਮੂਹ ਅਧਿਕਾਰੀਆਂ ਨਾਲ ਨਿੱਜੀ




ਤੌਰ 'ਤੇ ਗੱਲਬਾਤ ਕੀਤੀ ਅਤੇ ਅਦਾਲਤ ਨੂੰ ਰਿਪੋਰਟ ਸੌਂਪੀ ਕਿ ਕਿਸੇ ਵੀ ਅਧਿਕਾਰੀ ਨੂੰ ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਨਹੀਂ ਰੱਖਿਆ ਗਿਆ ਸੀ। ਸਾਰਿਆਂ ਨੂੰ ਪੂਰੀਆਂ ਮਨੁੱਖੀ ਸਹੂਲਤਾਂ ਉਪਲਬਧ ਸਨ, ਕੁਝ ਅਧਿਕਾਰੀਆਂ ਨੂੰ ਲੋੜ ਪੈਣ 'ਤੇ ਘਰ ਜਾਣ ਦੀ ਛੋਟ ਵੀ ਦਿੱਤੀ ਗਈ ਸੀ ਅਤੇ ਕਿਸੇ ਨੇ ਵੀ ਈਡੀ ਖ਼ ?ਲਾਫ਼ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ।

ਪਟੀਸ਼ਨ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ : ਜੈਨ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਸੰਬੰਧਤ ਡਿਪਟੀ ਸੈਕਟਰੀ ਕੋਲ ਪੰਜਾਬ ਸਰਕਾਰ ਜਾਂ ਗਮਾਡਾ ਦੇ ਹੋਰਨਾਂ ਅਧਿਕਾਰੀਆਂ ਦੀ ਤਰਫ਼ੋਂ ਅਜਿਹੀ ਪਟੀਸ਼ਨ ਦਾਇਰ ਕਰਨ ਦਾ ਕੋਈ ਵਿਧਾਨਿਕ ਅਧਿਕਾਰ ਹੀ ਨਹੀਂ ਸੀ।

ਸਰਵੇ ਰਸਮੀ ਤੌਰ 'ਤੇ ਮੁਕੰਮਲ: 22 ਸਤੰਬਰ ਤੋਂ ਚੱਲ ਰਹੀ ਈਡੀ ਦੀ ਜਾਂਚ ਪ੍ਰਕਿਰਿਆ 24 ਸਤੰਬਰ ਨੂੰ ਦੁਪਹਿਰ 1:30 ਵਜੇ ਨੇਪਰੇ ਚੜ੍ਹ ਗਈ। ਪੂਰੀ ਕਾਰਵਾਈ ਦਾ ਕਾਨੂੰਨੀ 'ਪੰਚਨਾਮਾ' ਤਿਆਰ ਕੀਤਾ ਗਿਆ, ਜਿਸ 'ਤੇ ਹਾਜ਼ਰ ਅਧਿਕਾਰੀਆਂ ਅਤੇ ਗਵਾਹਾਂ ਨੇ ਦਸਤਖ਼ਤ ਕੀਤੇ ਹਨ। ਜਾਂਚ ਏਜੰਸੀ ਨੇ ਫ਼ੋਰੈਂਸਿਕ ਜਾਂਚ ਲਈ ਕਈ ਡਿਜੀਟਲ ਉਪਕਰਨ, ਮੋਬਾਈਲ ਫ਼ੋਨ ਅਤੇ ਦਸਤਾਵੇਜ਼ ਜ਼ਬਤ ਕੀਤੇ ਹਨ।

'ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈਂ': ਦਿੱਲੀ ਦੇ ਆਗੂਆਂ ਦਾ ਨਾਂ ਲੈ ਕੇ ਵੱਡੇ ਦੋਸ਼

ਮੀਡੀਆ ਸਾਹਮਣੇ ਸੱਤਿਆਪਾਲ ਜੈਨ ਨੇ ਦਾਅਵਾ ਕੀਤਾ ਕਿ ਈਡੀ ਦੀ ਇਹ ਜਾਂਚ ਭ੍ਰਿਸ਼ਟਾਚਾਰ ਦੇ ਡੂੰਘੇ ਗੱਠਜੋੜ ਤੱਕ ਪਹੁੰਚ ਰਹੀ ਹੈ:

**ਗ਼ੈਰ-ਅਧਿਕਾਰਤ ਕਮਰੇ ਦਾ ਮਾਮਲਾ:** ਉਨ੍ਹਾਂ ਦੋਸ਼ ਲਾਇਆ ਕਿ ਗਮਾਡਾ ਦੇ ਚੇਅਰਮੈਨ ਦਫ਼ਤਰ ਦੇ ਬਿਲਕੁਲ ਨਾਲ ਆਮ ਆਦਮੀ ਪਾਰਟੀ ਦੇ ਇੱਕ ਸੀਨੀਅਰ ਆਗੂ ਦੇ ਨਿੱਜੀ ਸਕੱਤਰ ਨੂੰ ਬਿਨਾਂ ਕਿਸੇ ਸਰਕਾਰੀ ਹੈਸੀਅਤ ਦੇ ਗ਼ੈਰ-ਕਾਨੂੰਨੀ ਤੌਰ 'ਤੇ ਕਮਰਾ ਅਲਾਟ ਕੀਤਾ ਗਿਆ ਸੀ, ਜਿੱਥੋਂ ਸਾਰੇ ਪ੍ਰਬੰਧਕੀ ਕੰਮ ਕੰਟਰੋਲ ਹੁੰਦੇ ਸਨ।

**ਬੰਦ ਗੱਡੀਆਂ ਰਾਹੀਂ ਦਿੱਲੀ ਫ਼ਾਈਲਾਂ ਜਾਣ ਦੇ ਇਲਜ਼ਾਮ:** ਉਨ੍ਹਾਂ ਕਿਹਾ ਕਿ ਗਮਾਡਾ ਦੇ ਅਹਿਮ ਫ਼ੈਸਲਿਆਂ ਨਾਲ ਜੁੜੀਆਂ ਫ਼ਾਈਲਾਂ ਸ਼ੀਸ਼ੇ ਬੰਦ ਗੱਡੀਆਂ ਰਾਹੀਂ ਦਿੱਲੀ ਲਿਜਾਈਆਂ ਜਾਂਦੀਆਂ ਸਨ। ਉੱਥੇ ਦਿੱਲੀ ਦੇ ਸਾਬਕਾ ਮੰਤਰੀਆਂ—ਸਤੇਂਦਰ ਜੈਨ ਅਤੇ ਮਨੀਸ਼ ਸਿਸੋਦੀਆ—ਕੋਲ ਇਹ ਦਸਤਾਵੇਜ਼ ਪਹੁੰਚਦੇ ਸਨ ਅਤੇ ਦਿੱਲੀ ਤੋਂ ਮਿਲੇ ਨਿਰਦੇਸ਼ਾਂ ਦੇ ਆਧਾਰ 'ਤੇ ਹੀ ਪੰਜਾਬ ਵਿੱਚ ਫ਼ੈਸਲੇ ਲਏ ਜਾਂਦੇ ਸਨ।

**ਸ਼ਾਇਰਾਨਾ ਅੰਦਾਜ਼ ਵਿੱਚ ਤਨਜ਼:** ਜੈਨ ਨੇ ਸ਼ੇਅਰ ਪੜ੍ਹਦਿਆਂ ਕਿਹਾ, "ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈਂ, ਅਭੀ ਇਸ਼ਕ ਕੇ ਇਮਤਿਹਾਨ ਔਰ ਭੀ ਹੈਂ।" ਉਨ੍ਹਾਂ ਸਪੱਸ਼ਟ ਕੀਤਾ ਕਿ ਜਾਂਚ ਪੂਰੀ ਤਰ੍ਹਾਂ ਕਾਨੂੰਨ ਮੁਤਾਬਕ ਚੱਲ ਰਹੀ ਹੈ ਅਤੇ ਅਗਲੇ 30 ਦਿਨਾਂ ਦੇ ਅੰਦਰ-ਅੰਦਰ ਸਮੁੱਚੀ ਰਿਪੋਰਟ ਸਮਰੱਥ ਐਡਜੂਡੀਕੇਟਿੰਗ ਅਥਾਰਟੀ ਨੂੰ ਸੌਂਪ ਦਿੱਤੀ ਜਾਵੇਗੀ।

**ਸਰਕਾਰ 'ਤੇ ਜਾਂਚ ਰੋਕਣ ਦੇ ਦੋਸ਼:** ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਇਸ ਹੈਬੀਅਸ ਕਾਰਪਸ ਪਟੀਸ਼ਨ ਰਾਹੀਂ ਈਡੀ ਦੀ ਨਿਰਪੱਖ ਜਾਂਚ ਵਿੱਚ ਅੜਿੱਕਾ ਡਾਹੁਣ ਅਤੇ ਦੋਸ਼ੀਆਂ ਨੂੰ ਬਚਾਉਣ ਦਾ ਯਤਨ ਕਰ ਰਹੀ ਸੀ, ਪਰ ਅਦਾਲਤ ਵਿੱਚ ਸੱਚ ਸਾਹਮਣੇ ਆਉਣ ਮਗਰੋਂ ਉਨ੍ਹਾਂ ਨੂੰ ਪਿੱਛੇ ਹਟਣਾ ਪਿਆ।

ਅਦਾਲਤੀ ਅਤੇ ਪੱਤਰਕਾਰੀ ਬੇਦਾਅਵਾ

ਸਰੋਤ ਤੇ ਪ੍ਰਮਾਣਿਕਤਾ: ਇਹ ਖ਼ਬਰ ਰਿਪੋਰਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਹੋਈ ਕਾਨੂੰਨੀ ਕਾਰਵਾਈ, ਵਧੀਕ ਸਾਲਿਸਟਰ ਜਨਰਲ ਸੱਤਿਆਪਾਲ ਜੈਨ ਵੱਲੋਂ ਅਦਾਲਤ ਅੰਦਰ ਤੇ ਮੀਡੀਆ ਸਾਹਮਣੇ ਦਿੱਤੇ ਗਏ ਅਧਿਕਾਰਤ ਬਿਆਨਾਂ ਅਤੇ ਲੋਕਲ ਕਮਿਸ਼ਨਰ ਦੀ ਰਿਪੋਰਟ ਦੇ ਵੇਰਵਿਆਂ 'ਤੇ ਆਧਾਰਿਤ ਹੈ।

ਕਾਨੂੰਨੀ ਸਥਿਤੀ: ਮਾਮਲੇ ਵਿੱਚ ਜਾਂਚ ਏਜੰਸੀ (ED) ਵੱਲੋਂ ਸਰਵੇ ਅਤੇ ਪੜਤਾਲ ਦੀ ਕਾਰਵਾਈ ਚੱਲ ਰਹੀ ਹੈ। ਦਰਜ ਕੀਤੇ ਗਏ ਦੋਸ਼ ਅਤੇ ਬਿਆਨ ਫ਼ਿਲਹਾਲ ਜਾਂਚ ਅਤੇ ਅਦਾਲਤੀ ਪ੍ਰਕਿਰਿਆ ਦਾ ਹਿੱਸਾ ਹਨ। ਕਾਨੂੰਨ ਅਨੁਸਾਰ ਕਿਸੇ ਵੀ ਦੋਸ਼ ਦੀ ਅੰਤਿਮ ਪੁਸ਼ਟੀ ਸਮਰੱਥ ਅਦਾਲਤ ਦੇ ਫ਼ੈਸਲੇ ਉਪਰੰਤ ਹੀ ਹੁੰਦੀ ਹੈ।

ਸੰਤੁਲਿਤ ਪੱਖ ਦਾ ਅਧਿਕਾਰ: ਪੰਜਾਬ ਸਰਕਾਰ ਜਾਂ ਆਮ ਆਦਮੀ ਪਾਰਟੀ ਵੱਲੋਂ ਇਨ੍ਹਾਂ ਇਲਜ਼ਾਮਾਂ ਸੰਬੰਧੀ ਜਾਰੀ ਕੀਤੇ ਜਾਣ ਵਾਲੇ ਕਿਸੇ ਵੀ ਅਧਿਕਾਰਤ ਪੱਖ ਜਾਂ ਸਪੱਸ਼ਟੀਕਰਨ ਨੂੰ ਪੱਤਰਕਾਰੀ ਨਿਯਮਾਂ ਅਧੀਨ ਬਰਾਬਰ ਪ੍ਰਮੁੱਖਤਾ ਦਿੱਤੀ ਜਾਵੇਗੀ।

# ਬਠਿੰਡਾ 'ਚ ਹਰਸਿਮਰਤ ਕੌਰ ਬਾਦਲ ਦਾ 'ਆਪ' ਸਰਕਾਰ 'ਤੇ ਵੱਡਾ ਹਮਲਾ: ਈਡੀ ਜਾਂਚ, ਜ਼ਮੀਨੀ ਘੁਟਾਲੇ ਤੇ ਮੁੱਖ ਮੰਤਰੀ ਨਿਵਾਸ 'ਤੇ ਲਾਏ ਗੰਭੀਰ ਭ੍ਰਿਸ਼ਟਾਚਾਰ ਦੇ ਦੋਸ਼

ਬਠਿੰਡਾ (ਪੰਜਾਬ) : ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਅਤੇ ਬਠਿੰਡਾ ਤੋਂ ਲੋਕ ਸਭਾ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਨੇ ਪੰਜਾਬ ਵਿੱਚ ਚੱਲ ਰਹੀ ਇਨਫੋਰਸਮੈਂਟ ਡਾਇਰੈਕਟੋਰੇਟ (ED) ਦੀ ਕਾਰਵਾਈ, ਭ੍ਰਿਸ਼ਟਾਚਾਰ ਅਤੇ ਸੂਬੇ ਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਆਮ ਆਦਮੀ ਪਾਰਟੀ (ਆਪ) ਦੀ ਭਗਵੰਤ ਮਾਨ ਸਰਕਾਰ ਵਿਰੁੱਧ ਤਿੱਖਾ ਮੋਰਚਾ ਖੋਲ੍ਹਿਆ ਹੈ। ਬਠਿੰਡਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਸਿਮਰਤ ਕੌਰ ਬਾਦਲ ਨੇ 'ਆਪ' ਨੂੰ 'ਕੱਟੜ ਇਮਾਨਦਾਰ' ਨਹੀਂ ਸਗੋਂ 'ਕੱਟੜ ਬੇਈਮਾਨ' ਸਰਕਾਰ ਕਰਾਰ ਦਿੱਤਾ ਅਤੇ ਦੋਸ਼ ਲਾਇਆ ਕਿ ਪੰਜਾਬ ਦਾ ਖ਼ਜ਼ਾਨਾ ਲੁੱਟਣ ਵਾਲੇ ਮੰਤਰੀ ਤੇ ਆਗੂ ਹੁਣ ਕੇਂਦਰੀ ਜਾਂਚ ਏਜੰਸੀਆਂ ਦੀ ਕਾਰਵਾਈ ਤੋਂ ਡਰ ਕੇ ਭੱਜ ਰਹੇ ਹਨ।

ਉਨ੍ਹਾਂ ਦਾਅਵਾ ਕੀਤਾ ਕਿ ਜਿਸ ਦਿਨ ਸੂਬੇ ਦੇ ਲੋਕਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਈ, ਉਸ ਦਿਨ ਪੰਜਾਬ ਦਾ ਪੈਸਾ ਲੁੱਟ ਕੇ ਵਿਦੇਸ਼ ਭੱਜਣ ਵਾਲਿਆਂ ਨੂੰ ਘੜੀਸ ਕੇ ਵਾਪਸ ਲਿਆਂਦਾ ਜਾਵੇਗਾ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਕੁਰਕ ਕਰਕੇ ਇੱਕ-ਇੱਕ ਪੈਸਾ ਸਰਕਾਰੀ ਖ਼ਜ਼ਾਨੇ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ।

ਪ੍ਰੈੱਸ ਕਾਨਫ਼ਰੰਸ ਅਤੇ ਦੋਸ਼ਾਂ ਨਾਲ ਜੁੜੇ ਪ੍ਰਮੁੱਖ ਵੇਰਵੇ

ਸਥਾਨ: ਬਠਿੰਡਾ (ਪੰਜਾਬ)

ਬਿਆਨਕਰਤਾ : ਹਰਸਿਮਰਤ ਕੌਰ ਬਾਦਲ (ਸੰਸਦ ਮੈਂਬਰ, ਸ਼੍ਰੋਮਣੀ ਅਕਾਲੀ ਦਲ)

ਮੁੱਖ ਨਿਸ਼ਾਨਾ : ਮੁੱਖ ਮੰਤਰੀ ਭਗਵੰਤ ਮਾਨ, 'ਆਪ' ਮੰਤਰੀ, ਵਿਧਾਇਕ ਅਤੇ ਮੁੱਖ ਮੰਤਰੀ ਦਫ਼ਤਰ (CMO)

ਮੁੱਖ ਮੁੱਦੇ : ਗਮਾਡਾ/ਈਡੀ ਜਾਂਚ ਤੋਂ ਭੱਜਣਾ, ਜ਼ਮੀਨਾਂ ਵੇਚਣ ਦੇ ਘੁਟਾਲੇ, ਕਥਿਤ ਰਿਸ਼ਵਤਖ਼ੋਰੀ

ਸੰਗੀਨ ਦੋਸ਼: ਕਥਿਤ ਬਲਾਤਕਾਰ ਦੇ ਦੋਸ਼ੀ ਨੂੰ 5 ਕਰੋੜ ਰੁਪਏ ਲੈ ਕੇ ਵਿਦੇਸ਼ ਭਜਾਉਣ ਦੇ ਇਲਜ਼ਾਮ

ਸਿਆਸੀ ਚਿਤਾਵਨੀ : ਸਰਕਾਰ ਬਦਲਣ 'ਤੇ ਭਗੌੜਿਆਂ ਦੀ ਵਾਪਸੀ ਅਤੇ ਜਾਇਦਾਦਾਂ ਦੀ ਕੁਰਕੀ

'ਕੱਟੜ ਇਮਾਨਦਾਰੀ ਦੇ ਪੋਸਟਰ ਲਾਉਣ ਵਾਲੇ ਈਡੀ ਤੋਂ ਕਿਉਂ ਭੱਜ ਰਹੇ ਹਨ ?'




**ਅਕਾਲੀ ਸਰਕਾਰ ਆਉਣ 'ਤੇ ਜਾਇਦਾਦਾਂ ਕੁਰਕ ਕਰਨ ਦੀ ਚਿਤਾਵਨੀ**

ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਜਿਹੜੇ ਲੋਕ ਵੱਡੇ-ਵੱਡੇ ਪੋਸਟਰ ਲਗਾ ਕੇ ਖ਼ੁਦ ਨੂੰ ਕੱਟੜ ਇਮਾਨਦਾਰ ਦੱਸਦੇ ਸਨ, ਅੱਜ ਜਾਂਚ ਏਜੰਸੀਆਂ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ:

ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਅੰਦਰ ਹਜ਼ਾਰਾਂ ਏਕੜ ਸਰਕਾਰੀ ਤੇ ਪੰਚਾਇਤੀ ਜ਼ਮੀਨਾਂ ਵੇਚ ਕੇ ਅਰਬਾਂ ਰੁਪਏ ਦਾ ਘਪਲਾ ਕੀਤਾ ਗਿਆ ਹੈ, ਜਿਸ ਕਾਰਨ ਹੁਣ ਜਾਂਚ ਤੋਂ ਬਚਣ ਲਈ ਅਦਾਲਤਾਂ ਵਿੱਚ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ।

ਕਈ ਮੰਤਰੀ ਅਤੇ ਆਗੂ ਜਾਂਚ ਦੇ ਡਰੋਂ ਵਿਦੇਸ਼ਾਂ ਵੱਲ ਭੱਜਣ ਦੀ ਤਾਕ ਵਿੱਚ ਹਨ। ਭਗੌੜਾ ਉਹੀ ਹੁੰਦਾ ਹੈ ਜਿਸ ਦੇ ਮਨ ਵਿੱਚ ਚੋਰ ਹੋਵੇ। ਜੇਕਰ ਸਰਕਾਰ ਪਾਕ-ਸਾਫ਼ ਹੈ ਤਾਂ ਈਡੀ ਦੀ ਜਾਂਚ ਵਿੱਚ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ।

ਉਨ੍ਹਾਂ ਚਿਤਾਵਨੀ ਦਿੱਤੀ ਕਿ ਅਫ਼ਸਰਾਂ ਅਤੇ ਸਿਆਸਤਦਾਨਾਂ ਦੇ ਜਿਸ ਗੱਠਜੋੜ ਨੇ ਪੰਜਾਬ ਦਾ ਸਰਮਾਇਆ ਲੁੱਟਿਆ ਹੈ, ਉਨ੍ਹਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ।

ਮੁੱਖ ਮੰਤਰੀ ਨਿਵਾਸ ਅਤੇ ਕਾਨੂੰਨ ਵਿਵਸਥਾ 'ਤੇ ਲਾਏ ਗੰਭੀਰ ਦੋਸ਼

ਅਕਾਲੀ ਸੰਸਦ ਮੈਂਬਰ ਨੇ ਮੁੱਖ ਮੰਤਰੀ ਨਿਵਾਸ ਦੀ ਕਾਰਜਪ੍ਰਣਾਲੀ 'ਤੇ ਸਵਾਲ ਉਠਾਉਂਦਿਆਂ ਗੰਭੀਰ ਦੋਸ਼ ਲਾਏ ਕਿ ਸੀਐੱਮ ਹਾਊਸ ਭ੍ਰਿਸ਼ਟਾਚਾਰ ਅਤੇ ਗ਼ੈਰ-ਕਾਨੂੰਨੀ ਗਤੀਵਿਧੀਆਂ ਦਾ ਗੜ੍ਹ ਬਣ ਚੁੱਕਾ ਹੈ।

ਉਨ੍ਹਾਂ ਕਥਿਤ ਬਲਾਤਕਾਰ ਦੇ ਇੱਕ ਪੁਰਾਣੇ ਮਾਮਲੇ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਕਿ ਕਈ ਲੜਕੀਆਂ ਨਾਲ ਬਦਫ਼ੈਲੀ ਅਤੇ ਬਲੈਕਮੇਲਿੰਗ ਕਰਨ ਵਾਲੇ ਇੱਕ ਸੰਗੀਨ ਦੋਸ਼ੀ ਨੂੰ ਬਚਾਉਣ ਲਈ ਵਿਚੋਲਿਆਂ ਰਾਹੀਂ 5 ਕਰੋੜ ਰੁਪਏ ਦਾ ਲੈਣ-ਦੇਣ ਕੀਤਾ ਗਿਆ ਅਤੇ ਉਸ ਨੂੰ ਪਾਸਪੋਰਟ ਦਿਵਾ ਕੇ ਸੁਰੱਖਿਅਤ ਅਮਰੀਕਾ ਭੇਜ ਦਿੱਤਾ ਗਿਆ। ਉਨ੍ਹਾਂ ਸਵਾਲ ਕੀਤਾ ਕਿ ਜਦੋਂ ਸਰਕਾਰ ਖ਼ੁਦ ਅਜਿਹੇ ਅਨਸਰਾਂ ਦੀ ਪੁਸ਼ਤਪਨਾਹੀ ਕਰ ਰਹੀ ਹੈ, ਤਾਂ ਪੀੜਤ ਧੀਆਂ ਨੂੰ ਇਨਸਾਫ਼ ਕਿਵੇਂ ਮਿਲੇਗਾ ?

ਉਨ੍ਹਾਂ 'ਆਪ' ਦੀਆਂ ਮਹਿਲਾ ਵਿਧਾਇਕਾਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜਿਹੜੀਆਂ ਬੀਬੀਆਂ ਹੋਰਨਾਂ ਮੁੱਦਿਆਂ 'ਤੇ ਵੱਡੇ ਬਿਆਨ ਦਿੰਦੀਆਂ ਹਨ, ਉਹ ਅਜਿਹੇ ਸੰਗੀਨ ਮਾਮਲਿਆਂ ਅਤੇ ਸੱਤਾ ਦੀ ਕਥਿਤ ਸ਼ਹਿ 'ਤੇ ਚੁੱਪ ਕਿਉਂ ਧਾਰੀ ਬੈਠੀਆਂ ਹਨ ? ਉਨ੍ਹਾਂ ਕਿਹਾ ਕਿ ਕੁਰਸੀ ਦੇ ਲਾਲਚ ਵਿੱਚ ਧੀਆਂ ਦੀ ਇੱਜ਼ਤ ਅਤੇ ਪੰਜਾਬ ਦੇ ਹਿੱਤਾਂ ਨਾਲ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਈ ਡੀ ਦਾ ਖੁਲਾਸਾ: ਜਾਇਦਾਦ ਨਿਲਾਮੀ 'ਚ 10 ਹਜ਼ਾਰ ਕਰੋੜ ਦਾ ਘਾਲਾ-ਮਾਲਾ !

## ਆਪ ਆਗੂਆਂ ਮਨੀਸ਼ ਸਿਸੋਦੀਆ ਤੇ ਸਤੇਂਦਰ ਜੈਨ ਵੱਲ ਵੀ ਘੁੰਮਾਈ ਉਂਗਲ

ਈ ਡੀ ਨੇ ਮੁਹਾਲੀ ਦੇ ਗਮਾਡਾ (GMADA) ਦਫ਼ਤਰ 'ਚ ਤਿੰਨ ਦਿਨਾਂ ਦੀ ਤਲਾਸ਼ੀ ਮੁਹਿੰਮ (Search Operation) ਤੋਂ ਬਾਅਦ ਇਹ ਖੁਲਾਸਾ ਕੀਤਾ ਹੈ ਕਿ ਗਮਾਡਾ ਦੀਆਂ ਅਣਵਿਕੀਆਂ ਜ਼ਮੀਨਾਂ ਦੀਆਂ ਰਿਜ਼ਰਵ ਕੀਮਤਾਂ ਨੂੰ ਨਿਲਾਮੀ ਤੋਂ ਪਹਿਲਾਂ ਗੈਰ-ਕਾਨੂੰਨੀ ਤਰੀਕੇ ਨਾਲ ਘਟਾਇਆ ਗਿਆ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਲਗਭਗ 10 ਹਜ਼ਾਰ ਕਰੋੜ ਰੁਪਏ ਦਾ ਚੂਨਾ ਲੱਗਿਆ ਹੈ। ਈ ਡੀ ਵੱਲੋਂ ਦੋਸ਼ ਲਗਾਏ ਗਏ ਹਨ ਕਿ ਸਿਆਸਤਦਾਨਾਂ ਅਤੇ ਬਿਲਡਰਾਂ ਨੂੰ ਫਾਇਦਾ ਪਹੁੰਚਾਉਣ ਲਈ ਅਜਿਹਾ ਕੀਤਾ ਗਿਆ। ਈ ਡੀ ਨੇ ਆਮ ਆਦਮੀ ਪਾਰਟੀ ਦੇ ਆਗੂ ਸਤੇਂਦਰ ਜੈਨ ਅਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ 'ਤੇ ਉਂਗਲ ਚੁੱਕੀ ਹੈ ਕਿ ਉਹ ਗਮਾਡਾ ਅਧਿਕਾਰੀਆਂ ਨਾਲ ਗੈਰ-ਰਸਮੀ ਬੈਠਕਾਂ ਕਰਕੇ ਮਾਸਟਰ ਪਲਾਨ, ਨਿਲਾਮੀ ਅਤੇ ਜ਼ਮੀਨ ਐਕਵਾਇਰ ਕਰਨ ਵਰਗੇ ਅਹਿਮ ਫੈਸਲਿਆਂ ਨੂੰ ਪ੍ਰਭਾਵਿਤ ਕਰ ਰਹੇ ਸਨ। ਜਾਂਚ ਏਜੰਸੀ ਦਾ ਦਾਅਵਾ ਹੈ ਕਿ ਦੋਵੇਂ ਆਗੂ ਗਮਾਡਾ ਦੇ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਗੈਰ-ਰਸਮੀ ਮੀਟਿੰਗਾਂ ਕਰਕੇ ਮਾਸਟਰ ਪਲਾਨ, ਜ਼ਮੀਨ ਐਕਵਾਇਰ ਕਰਨ, ਮੁਆਵਜ਼ੇ ਦੀ ਰਾਸ਼ੀ ਤੈਅ ਕਰਨ ਅਤੇ ਨਿਲਾਮੀ ਵਰਗੇ ਅਹਿਮ ਨੀਤੀਗਤ ਫੈਸਲਿਆਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰ ਰਹੇ ਸਨ। ਈ ਡੀ ਅਨੁਸਾਰ ਇਨ੍ਹਾਂ ਗੈਰ-ਕਾਨੂੰਨੀ ਬੈਠਕਾਂ ਲਈ ਚੰਡੀਗੜ੍ਹ ਦੇ ਸੈਕਟਰ 39 ਵਿਚਲੀ ਕੋਠੀ ਨੰਬਰ 926 (ਜੋ ਕਿ 'ਆਪ' ਆਗੂ ਸੰਨੀ ਸਿੰਘ ਆਹਲੂਵਾਲੀਆ ਦੇ ਨਾਂ 'ਤੇ ਅਲਾਟ ਹੈ) ਦੀ ਵਰਤੋਂ ਕੀਤੀ ਜਾਂਦੀ ਸੀ, ਜਿੱਥੇ ਗਮਾਡਾ ਅਧਿਕਾਰੀ ਪੂਡਾ ਭਵਨ ਤੋਂ ਸਰਕਾਰੀ ਫਾਈਲਾਂ ਲੈ ਕੇ ਪਹੁੰਚਦੇ ਸਨ। ਇਸ ਤੋਂ ਇਲਾਵਾ, ਸਤੇਂਦਰ ਜੈਨ ਦੇ ਓ.ਐਸ.ਡੀ. ਅਮਰੇਂਦਰ ਝਾਅ ਨੇ ਬਿਨਾਂ

ਚਰਨਜੀਤ ਭੁੱਲਰ



ਕਿਸੇ ਅਧਿਕਾਰਤ ਅਹੁਦੇ ਦੇ ਪੂਡਾ ਭਵਨ ਵਿੱਚ ਇੱਕ ਕਮਰਾ ਮੱਲਿਆ ਹੋਇਆ ਸੀ, ਜਿੱਥੋਂ ਨਿਰਦੇਸ਼ ਜਾਰੀ ਕੀਤੇ ਜਾਂਦੇ ਸਨ।

ਈ ਡੀ ਅਨੁਸਾਰ ਇਹ ਪੂਰੀ ਜਾਂਚ ਸੀ.ਬੀ.ਆਈ. (CBI) ਵੱਲੋਂ ਮੈਸਰਜ਼ ਤਿਰੂਪਤੀ ਇੰਫਰਾ ਪ੍ਰੋਜੈਕਟਸ ਪ੍ਰਾਈਵੇਟ ਲਿਮਟਿਡ ਦੇ ਪ੍ਰਮੋਟਰਾਂ ਜਗਮੋਹਨ ਗਰਗ ਅਤੇ ਮਨਮੋਹਨ ਗਰਗ ਵਿਰੁੱਧ 238 ਕਰੋੜ ਰੁਪਏ ਦੀ ਬੈਂਕ ਧੋਖਾਧੜੀ ਦੇ ਦਰਜ ਮਾਮਲੇ ਤੋਂ ਸ਼ੁਰੂ ਹੋਈ ਸੀ। ਜਾਂਚ ਦੌਰਾਨ ਸਾਹਮਣੇ ਆਇਆ ਕਿ ਗਮਾਡਾ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਮੈਸਰਜ਼ ਰੇਮੀਗੇਟ ਇੰਫਰਾ ਡਿਵੈਲਪਰਜ਼ ਨੂੰ 57 ਕਰੋੜ ਰੁਪਏ ਦੇ ਸਰਕਾਰੀ ਬਕਾਏ ਦੀ ਗੈਰ-ਕਾਨੂੰਨੀ ਛੋਟ ਦਿੱਤੀ ਗਈ ਅਤੇ ਰੱਦ ਕੀਤੇ ਪਲਾਟਾਂ ਨੂੰ ਦੁਬਾਰਾ ਅਲਾਟ ਕੀਤਾ ਗਿਆ। ਇਸ ਕਾਰਵਾਈ ਹੇਠ ਪ੍ਰਮੁੱਖ ਸਕੱਤਰ ਵਿਕਾਸ ਗਰਗ (IAS), ਚੀਫ਼ ਐਡਮਿਨਿਸਟ੍ਰੇਟਰ ਸੰਦੀਪ ਰਿਸ਼ੀ (IAS), ਸਾਬਕਾ ਸੀ.ਏ. ਰਾਜੀਵ ਗੁਪਤਾ (IAS), ਏ.ਸੀ.ਏ. ਅਮਰਿੰਦਰ ਮਾਲ੍ਹੀ (PCS) ਅਤੇ ਲੈਂਡ ਐਕੁਈਜ਼ੀਸ਼ਨ ਕਲੈਕਟਰ ਰੋਹਿਤ ਜਿੰਦਲ (PCS) ਸਮੇਤ ਕਈ ਪ੍ਰਮੁੱਖ ਅਧਿਕਾਰੀ ਆਏ ਹਨ। ਈ ਡੀ ਨੇ ਜ਼ਬਤ ਕੀਤੇ ਫੋਨਾਂ ਤੋਂ ਹਵਾਲਾ ਲੈਣ-ਦੇਣ ਦੀਆਂ ਚੈਟਾਂ ਮਿਲਣ ਦਾ ਵੀ ਦਾਅਵਾ ਕੀਤਾ ਹੈ। ਦੂਜੇ ਪਾਸੇ, ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਵਿੱਚ ਰਾਤੋ-ਰਾਤ ਹੈਬੀਅਸ ਕਾਰਪਸ (Habeas Corpus) ਪਟੀਸ਼ਨ ਦਾਇਰ ਕਰਕੇ ਅਧਿਕਾਰੀਆਂ ਨੂੰ ਨਜਾਇਜ਼ ਹਿਰਾਸਤ ਵਿੱਚ ਰੱਖਣ ਦੇ ਦੋਸ਼ ਲਾਏ ਗਏ ਸਨ। ਹਾਲਾਂਕਿ, ਹਾਈ ਕੋਰਟ ਵੱਲੋਂ ਤੈਨਾਤ ਵਾਰੰਟ ਅਫ਼ਸਰ ਰਜਨ ਨੰਦਾ ਦੀ ਜਾਂਚ ਰਿਪੋਰਟ ਵਿੱਚ ਸਾਫ਼ ਹੋਇਆ ਕਿ ਕਿਸੇ ਵੀ ਅਧਿਕਾਰੀ ਨੂੰ ਗੈਰ-ਕਾਨੂੰਨੀ ਢੰਗ ਨਾਲ ਨਹੀਂ ਰੋਕਿਆ ਗਿਆ ਸੀ ਅਤੇ ਦਫ਼ਤਰੀ ਕੰਮਕਾਜ ਆਮ ਵਾਂਗ ਚੱਲ ਰਿਹਾ ਸੀ। ਰਿਪੋਰਟ ਆਉਣ ਤੋਂ ਬਾਅਦ ਪੰਜਾਬ ਸਰਕਾਰ ਨੇ ਇਹ ਪਟੀਸ਼ਨ ਵਾਪਸ ਲੈ ਲਈ।

### ਦਿਲ ਮਿਲੇ ਨਾ ਮਿਲੇ, ਹੱਥ ਮਿਲਾਉਣੇ ਪੈਂਦੇ ਨੇ;
### ਸਿਆਸਤ ਦੇ ਵਿੱਚ ਦੁਸ਼ਮਣ ਵੀ ਯਾਰ ਬਣਾਉਣੇ ਪੈਂਦੇ ਨੇ !

# ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦਾ ਵ੍ਹਾਈਟ ਹਾਊਸ 'ਚ ਸ਼ਾਹੀ ਸਵਾਗਤ

## ਕੌਮਾਂਤਰੀ ਕੂਟਨੀਤੀ 'ਚ ਆਰਥਿਕਤਾ ਤੇ ਤਾਕਤ ਦਾ ਬੋਲਬਾਲਾ; 'ਬਿਹਤਰ ਭਵਿੱਖ ਲਈ ਮਿਲ ਕੇ ਕੰਮ ਕਰਾਂਗੇ' : ਟਰੰਪ

### ਸ਼ੀ ਬੋਲੇ- 'ਮੁਕਾਬਲਾ ਦੌੜ ਵਰਗਾ ਹੋਵੇ, ਕੁਸ਼ਤੀ ਵਰਗਾ ਨਹੀਂ'







Photo : The white house/Facebook





ਵਾਸ਼ਿੰਗਟਨ/ਨਿਊਯਾਰਕ : ਕੌਮਾਂਤਰੀ ਕੂਟਨੀਤੀ ਦੇ ਪਿੜ ਵਿੱਚ ਜਿੱਥੇ ਆਪਸੀ ਮਤਭੇਦਾਂ ਅਤੇ ਤਣਾਅ ਦੀਆਂ ਦੀਵਾਰਾਂ ਉੱਚੀਆਂ ਹੁੰਦੀਆਂ ਹਨ, ਉੱਥੇ ਹੀ ਵਿਸ਼ਵ ਆਰਥਿਕ ਹਿੱਤ ਅਤੇ ਗਲੋਬਲ ਤਾਕਤ ਦੇ ਸਮੀਕਰਨ ਦੁਸ਼ਮਣੀਆਂ ਨੂੰ ਦੋਸਤੀ ਦੇ ਦਸਤੂਰ ਵਿੱਚ ਬਦਲਣ ਲਈ ਮਜਬੂਰ ਕਰ ਦਿੰਦੇ ਹਨ। ਅਜਿਹਾ ਹੀ ਇਤਿਹਾਸਕ ਮੰਜ਼ਰ ਵਾਸ਼ਿੰਗਟਨ ਸਥਿਤ ਵ੍ਹਾਈਟ ਹਾਊਸ ਵਿਖੇ ਦੇਖਣ ਨੂੰ ਮਿਲਿਆ, ਜਿੱਥੇ ਸੰਯੁਕਤ ਰਾਜ ਅਮਰੀਕਾ ਦੇ ਅਧਿਕਾਰਤ ਸਰਕਾਰੀ ਦੌਰੇ 'ਤੇ ਪੁੱਜੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਬੇਹੱਦ ਸ਼ਾਹੀ, ਰਸਮੀ ਅਤੇ ਨਿੱਘਾ ਸਵਾਗਤ ਕੀਤਾ ਗਿਆ।

ਵ੍ਹਾਈਟ ਹਾਊਸ ਦੇ ਸਾਊਥ ਪੋਰਟੀਕੋ (South Portico) ਵਿਖੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਪ੍ਰਥਮ ਮਹਿਲਾ ਮੇਲਾਨੀਆ ਟਰੰਪ ਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਉਨ੍ਹਾਂ ਦੀ ਧਰਮਪਤਨੀ ਪੇਂਗ ਲਿਯੁਆਨ ਦਾ ਰੈੱਡ ਕਾਰਪੇਟ ਅਤੇ ਫ਼ੌਜੀ ਗਾਰਡ ਆਫ਼ ਆਨਰ ਨਾਲ ਸਵਾਗਤ ਕੀਤਾ। ਇਸ ਉੱਚ-ਪੱਧਰੀ ਸਿਖ਼ਰ ਵਾਰਤਾ ਦੌਰਾਨ ਦੋਵਾਂ ਆਗੂਆਂ ਨੇ ਵਿਸ਼ਵ ਅਰਥਚਾਰੇ, ਵਪਾਰ, ਸੁਰੱਖਿਆ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਆਪਸੀ ਮੁਕਾਬਲੇਬਾਜ਼ੀ ਨੂੰ ਸ਼ਾਂਤੀਪੂਰਨ ਸਹਿ-ਹੋਂਦ ਅਤੇ ਸਹਿਯੋਗ ਵਿੱਚ ਬਦਲਣ ਦੀ ਵਚਨਬੱਧਤਾ ਦੁਹਰਾਈ।

ਸਿਖ਼ਰ ਸੰਮੇਲਨ ਦੇ ਪ੍ਰਮੁੱਖ ਵੇਰਵੇ

ਸਥਾਨ : ਵ੍ਹਾਈਟ ਹਾਊਸ, ਵਾਸ਼ਿੰਗਟਨ ਡੀ.ਸੀ. (ਸੰਯੁਕਤ ਰਾਜ ਅਮਰੀਕਾ)

ਮੁੱਖ ਸ਼ਖ਼ਸੀਅਤਾਂ : ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ

ਸਵਾਗਤੀ ਰਸਮ : ਸਾਊਥ ਪੋਰਟੀਕੋ ਵਿਖੇ ਮੇਲਾਨੀਆ ਟਰੰਪ ਅਤੇ ਪੇਂਗ ਲਿਯੁਆਨ ਦੀ ਹਾਜ਼ਰੀ 'ਚ ਸ਼ਾਹੀ ਰੈੱਡ ਕਾਰਪੇਟ ਸਵਾਗਤ

ਮੁੱਖ ਬਿਆਨ (ਟਰੰਪ) 'ਦੋਵਾਂ ਦੇਸ਼ਾਂ ਦੇ ਲੋਕਾਂ ਦੇ ਬਿਹਤਰ ਭਵਿੱਖ ਲਈ ਮਿਲ ਕੇ ਕੰਮ ਕਰਾਂਗੇ; ਸਾਡਾ ਰਿਸ਼ਤਾ ਗੂੜ੍ਹੀ ਦੋਸਤੀ ਵਾਲਾ'

ਮੁੱਖ ਸਿਧਾਂਤ (ਸ਼ੀ ਜਿਨਪਿੰਗ): 'ਮੁਕਾਬਲਾ ਦੌੜ ਵਰਗਾ ਹੋਵੇ, ਕੁਸ਼ਤੀ ਵਰਗਾ ਨਹੀਂ; ਟਕਰਾਅ ਦੋਵਾਂ ਧਿਰਾਂ ਲਈ ਵਿਨਾਸ਼ਕਾਰੀ'

ਕੂਟਨੀਤਕ ਸੁਨੇਹਾ : ਆਲਮੀ ਸਥਿਰਤਾ, ਵਪਾਰ ਅਤੇ ਸ਼ਾਂਤੀ ਲਈ ਦੋਵਾਂ ਸੁਪਰ-ਪਾਵਰਾਂ ਦਾ ਸਹਿਯੋਗ ਲਾਜ਼ਮੀ

'2016 ਤੋਂ ਰਿਹਾ ਆਪਸੀ ਸਨਮਾਨ ਦਾ ਰਿਸ਼ਤਾ': ਡੋਨਾਲਡ ਟਰੰਪ

ਵ੍ਹਾਈਟ ਹਾਊਸ ਵਿਖੇ ਪ੍ਰੈੱਸ ਦੇ ਰੂ-ਬ-ਰੂ ਹੁੰਦਿਆਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕਾ ਅਤੇ ਚੀਨ ਦੁਨੀਆ ਦੀਆਂ ਦੋ ਸਭ ਤੋਂ ਵਿਸ਼ਾਲ ਆਰਥਿਕ ਅਤੇ ਫ਼ੌਜੀ ਮਹਾਂਸ਼ਕਤੀਆਂ ਹਨ, ਅਤੇ ਸਮੁੱਚੀ ਮਾਨਵਤਾ ਦੀ ਖ਼ੁਸ਼ਹਾਲੀ ਲਈ ਦੋਵਾਂ ਧਿਰਾਂ ਦਾ ਰਾਬਤਾ ਬੇਹੱਦ ਜ਼ਰੂਰੀ ਹੈ:

ਪੁਰਾਣੀ ਸਾਂਝ ਦਾ ਹਵਾਲਾ: ਟਰੰਪ ਨੇ ਕਿਹਾ ਕਿ ਸਾਲ 2016 ਵਿੱਚ ਜਦੋਂ ਉਹ ਪਹਿਲੀ ਵਾਰ ਵ ?ਹਾਈਟ ਹਾਊਸ ਪਹੁੰਚੇ ਸਨ, ਉਦੋਂ ਤੋਂ ਹੀ ਦੋਵਾਂ ਆਗੂਆਂ ਦਰਮਿਆਨ ਇੱਕ ਮਜ਼ਬੂਤ ਨਿੱਜੀ ਸਮਝ ਅਤੇ ਆਪਸੀ ਸਤਿਕਾਰ ਦੀ ਨੀਂਹ ਰੱਖੀ ਗਈ ਸੀ।

ਸੰਵਾਦ ਦੇ ਖੁੱਲ੍ਹੇ ਬੂਹੇ: ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭਾਵੇਂ ਟੈਰਿਫ਼, ਵਪਾਰਕ ਸੰਤੁਲਨ ਅਤੇ ਖੇਤਰੀ ਮਸਲਿਆਂ 'ਤੇ ਤਿੱਖੇ ਮਤਭੇਦ ਰਹੇ ਹਨ, ਪਰ ਦੋਵਾਂ ਦੇਸ਼ਾਂ ਨੇ ਗੱਲਬਾਤ ਦੇ ਦਰਵਾਜ਼ੇ ਕਦੇ ਬੰਦ ਨਹੀਂ ਕੀਤੇ।

ਸਾਂਝੇ ਭਵਿੱਖ ਦਾ ਸੰਕਲਪ: ਟਰੰਪ ਅਨੁਸਾਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਸੁਰੱਖਿਅਤ ਅਤੇ ਖ਼ੁਸ਼ਹਾਲ ਸੰਸਾਰ ਦੇਣ ਲਈ ਦੋਵੇਂ ਤਾਕਤਾਂ ਮਿਲ ਕੇ ਗਲੋਬਲ ਚੁਣੌਤੀਆਂ ਦਾ ਹੱਲ ਕੱਢਣਗੀਆਂ।

'ਮੁਕਾਬਲਾ ਦੌੜ ਵਰਗਾ ਹੋਵੇ, ਕੁਸ਼ਤੀ ਵਰਗਾ ਨਹੀਂ': ਸ਼ੀ ਜਿਨਪਿੰਗ ਦਾ ਦਾਰਸ਼ਨਿਕ ਪੱਖ

ਦੁਵੱਲੀ ਬੈਠਕ ਦੌਰਾਨ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਦੋਵਾਂ ਦੇਸ਼ਾਂ ਦੇ ਗੁੰਝਲਦਾਰ ਰਿਸ਼ਤਿਆਂ ਨੂੰ ਸ਼ਾਂਤੀਪੂਰਨ ਸਹਿ-ਹੋਂਦ (Peaceful Coexistence) ਦੀ ਕਸਵੱਟੀ 'ਤੇ ਪਰਖਦਿਆਂ ਇੱਕ ਅਹਿਮ ਦਾਰਸ਼ਨਿਕ ਵਿਚਾਰ ਪੇਸ਼ ਕੀਤਾ:

1. ਦੌੜ ਬਨਾਮ ਕੁਸ਼ਤੀ ਦਾ ਸਿਧਾਂਤ: ਸ਼ੀ ਨੇ ਸਪੱਸ਼ਟ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਆਰਥਿਕ ਤੇ ਤਕਨੀਕੀ ਮੁਕਾਬਲੇਬਾਜ਼ੀ ਹੋਣਾ ਸੁਭਾਵਿਕ ਹੈ, ਪਰ ਇਸ ਦਾ ਸਰੂਪ ਇੱਕ ਸਿਹਤਮੰਦ 'ਦੌੜ' (Race) ਵਰਗਾ ਹੋਣਾ ਚਾਹੀਦਾ ਹੈ ਜਿੱਥੇ ਹਰ ਕੋਈ ਤੇਜ਼ ਭੱਜਣ ਦਾ ਯਤਨ ਕਰਦਾ ਹੈ। ਇਹ ਮੁਕਾਬਲਾ 'ਕੁਸ਼ਤੀ' (Wrestling) ਵਰਗਾ ਨਹੀਂ ਹੋਣਾ ਚਾਹੀਦਾ, ਜਿੱਥੇ ਇੱਕ-ਦੂਜੇ ਨੂੰ ਢਾਹ ਕੇ ਲਹੂ-ਲੁਹਾਣ ਕੀਤਾ ਜਾਂਦਾ ਹੈ। ਕੁਸ਼ਤੀ ਵਾਲੀ ਪਹੁੰਚ ਦੋਵਾਂ ਨੂੰ ਜ਼ਖ਼ਮੀ ਕਰਦੀ ਹੈ।

2. ਟਕਰਾਅ ਤਬਾਹਕੁੰਨ, ਸਹਿਯੋਗ ਲਾਹੇਵੰਦ: ਚੀਨ ਅਤੇ ਅਮਰੀਕਾ ਦੀਆਂ ਆਰਥਿਕਤਾਵਾਂ ਇੱਕ-ਦੂਜੇ ਨਾਲ ਇਸ ਕਦਰ ਅੰਤਰ-ਸੰਬੰਧਿਤ ਹਨ ਕਿ ਸਿੱਧਾ ਟਕਰਾਅ ਦੋਵਾਂ ਅਰਥਚਾਰਿਆਂ ਨੂੰ ਤਬਾਹ ਕਰ ਦੇਵੇਗਾ, ਜਦਕਿ ਨਿਰਪੱਖ ਵਪਾਰਕ ਸਾਂਝ ਦੋਵਾਂ ਦੇਸ਼ਾਂ ਨੂੰ ਅਰਬਾਂ ਡਾਲਰਾਂ ਦਾ ਲਾਭ ਪਹੁੰਚਾਏਗੀ।

3. ਆਲਮੀ ਮੁੱਦਿਆਂ 'ਤੇ ਸਾਂਝੀ ਜ਼ਿੰਮੇਵਾਰੀ: ਸ਼ੀ ਜਿਨਪਿੰਗ ਨੇ ਕਿਹਾ ਕਿ ਜਲਵਾਯੂ ਪਰਿਵਰਤਨ, ਗਲੋਬਲ ਸਪਲਾਈ ਚੇਨ ਦੀ ਸੁਰੱਖਿਆ ਅਤੇ ਅੰਤਰਰਾਸ਼ਟਰੀ ਵਿੱਤੀ ਸਥਿਰਤਾ ਵਰਗੇ ਸੰਕਟਾਂ ਦਾ ਹੱਲ ਬੀਜਿੰਗ ਅਤੇ ਵਾਸ਼ਿੰਗਟਨ ਦੇ ਸਾਂਝੇ ਸਹਿਯੋਗ ਤੋਂ ਬਿਨਾਂ ਅਸੰਭਵ ਹੈ।

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਵਾਸ਼ਿੰਗਟਨ ਵਿੱਚ ਵਿਛਾਇਆ ਗਿਆ ਇਹ ਸ਼ਾਹੀ ਰੈੱਡ ਕਾਰਪੇਟ ਪ੍ਰਤੱਖ ਕਰਦਾ ਹੈ ਕਿ ਭਾਵੇਂ ਵਿਚਾਰਧਾਰਕ ਵਖਰੇਵੇਂ ਜਿੰਨੇ ਮਰਜ਼ੀ ਡੂੰਘੇ ਹੋਣ, ਪਰ ਆਧੁਨਿਕ ਕੂਟਨੀਤੀ ਵਿੱਚ ਵਿੱਤੀ ਹਿੱਤ, ਬਜ਼ਾਰਾਂ ਦਾ ਦਬਾਅ ਅਤੇ ਵਿਸ਼ਵ ਸ਼ਕਤੀ ਦਾ ਸੰਤੁਲਨ ਹੀ ਅੰਤਮ ਫ਼ੈਸਲਾਕੁੰਨ ਭੂਮਿਕਾ ਨਿਭਾਉਂਦੇ ਹਨ।

ਅੰਤਰਰਾਸ਼ਟਰੀ ਕੂਟਨੀਤਕ ਤੇ ਪੱਤਰਕਾਰੀ ਬੇਦਾਅਵਾ

ਸਰੋਤ ਤੇ ਰਿਪੋਰਟਿੰਗ: ਇਹ ਵਿਸ਼ੇਸ਼ ਰਿਪੋਰਟ ਵ੍ਹਾਈਟ ਹਾਊਸ ਪ੍ਰੈੱਸ ਪੂਲ, ਅਮਰੀਕੀ ਵਿਦੇਸ਼ ਵਿਭਾਗ ਅਤੇ ਚੀਨੀ ਵਿਦੇਸ਼ ਮੰਤਰਾਲੇ ਵੱਲੋਂ ਸਿਖ਼ਰ ਵਾਰਤਾ ਉਪਰੰਤ ਜਾਰੀ ਕੀਤੇ ਗਏ ਅਧਿਕਾਰਤ ਬਿਆਨਾਂ ਤੇ ਮੀਡੀਆ ਬ੍ਰੀਫਿੰਗਾਂ 'ਤੇ ਆਧਾਰਿਤ ਹੈ।

ਕੂਟਨੀਤਕ ਸਮਝੌਤੇ: ਦੋਵਾਂ ਰਾਸ਼ਟਰਪਤੀਆਂ ਵਿਚਕਾਰ ਵਿਚਾਰੇ ਗਏ ਵਪਾਰਕ ਨਿਯਮਾਂ, ਟੈਰਿਫ਼ ਢਾਂਚੇ ਅਤੇ ਨੀਤੀਗਤ ਫ਼ੈਸਲਿਆਂ ਦੇ ਲਾਗੂ ਹੋਣ ਦੀ ਪ੍ਰਕਿਰਿਆ ਦੋਵਾਂ ਦੇਸ਼ਾਂ ਦੇ ਵਿਧਾਨਿਕ ਤੇ ਪ੍ਰਬੰਧਕੀ ਪ੍ਰੋਟੋਕੋਲ ਅਨੁਸਾਰ ਤੈਅ ਕੀਤੀ ਜਾਵੇਗੀ।

# ਅਹੁਦੇ ਤੋਂ ਉੱਪਰ ਜਵਾਬਦੇਹੀ



ਪੰਜਾਬ 'ਚ ਪਿਛਲੇ ਕੁਝ ਦਿਨਾਂ ਤੋਂ ਅਮਰਜੀਤ ਸਿੰਘ ਚਾਵਲਾ ਨਾਲ ਜੁੜਿਆ ਮਾਮਲਾ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਇਹ ਮਾਮਲਾ ਹੁਣ ਸਿਰਫ਼ ਇਕ ਵਿਅਕਤੀ ਵਿਰੁੱਧ ਲੱਗੇ ਗੰਭੀਰ ਦੋਸ਼ਾਂ ਤੱਕ ਸੀਮਿਤ ਨਹੀਂ ਰਿਹਾ, ਸਗੋਂ ਇਸ ਨੇ ਪੁਲਿਸ ਜਾਂਚ, ਧਾਰਮਿਕ ਸੰਸਥਾਵਾਂ ਦੀ ਜਵਾਬਦੇਹੀ, ਗੁਰਦੁਆਰਾ ਸਰਾਵਾਂ ਦੀ ਸੁਰੱਖਿਆ ਤੇ ਪੰਥਕ ਅਹੁਦਿਆਂ ਨਾਲ ਜੁੜੀ ਨੈਤਿਕ ਜ਼ਿੰਮੇਵਾਰੀ ਬਾਰੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ।

21 ਅਗਸਤ 2026 ਨੂੰ ਸ੍ਰੀ ਆਨੰਦਪੁਰ ਸਾਹਿਬ ਥਾਣੇ 'ਚ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ 64, 127(2) ਅਤੇ 351(2) ਤਹਿਤ ਪਹਿਲੀ ਸੂਚਨਾ ਰਿਪੋਰਟ ਦਰਜ ਹੋਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ। ਸ਼ਿਕਾਇਤਕਰਤਾ ਮਹਿਲਾ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਇਕ ਸਰਾਂ 'ਚ ਆਪਣੇ ਨਾਲ ਜਬਰ-ਜਨਾਹ ਤੇ ਹੋਰ ਗੰਭੀਰ ਦੋਸ਼ ਲਗਾਏ ਹਨ। ਚਾਵਲਾ ਨੇ ਇਨ੍ਹਾਂ ਦੋਸ਼ਾਂ ਨੂੰ ਝੂਠਾ ਅਤੇ ਸਾਜ਼ਿਸ਼ ਦਾ ਹਿੱਸਾ ਦੱਸਿਆ ਹੈ। ਇਸ ਮਾਮਲੇ 'ਚ ਸਭ ਤੋਂ ਪਹਿਲਾਂ ਇਕ ਬੁਨਿਆਦੀ ਕਾਨੂੰਨੀ ਸਿਧਾਂਤ ਯਾਦ ਰੱਖਣਾ ਜ਼ਰੂਰੀ ਹੈ-ਪਹਿਲੀ ਸੂਚਨਾ ਰਿਪੋਰਟ ਦੋਸ਼ ਦਾ ਰਿਕਾਰਡ ਹੈ, ਦੋਸ਼-ਸਿੱਧੀ ਦਾ ਫ਼ੈਸਲਾ ਨਹੀਂ। ਕਿਸੇ ਵਿਅਕਤੀ ਨੂੰ ਅਦਾਲਤੀ ਫ਼ੈਸਲੇ ਤੋਂ ਪਹਿਲਾਂ ਦੋਸ਼ੀ ਕਰਾਰ ਦੇਣਾ ਉਚਿਤ ਨਹੀਂ। ਇਸੇ ਤਰ੍ਹਾਂ ਕਿਸੇ ਮਹਿਲਾ ਵੱਲੋਂ ਕੀਤੀ ਗਈ ਗੰਭੀਰ ਸ਼ਿਕਾਇਤ ਨੂੰ ਵੀ ਕੇਵਲ ਇਸ ਆਧਾਰ 'ਤੇ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਦੋਸ਼ ਕਿਸੇ ਪ੍ਰਭਾਵਸ਼ਾਲੀ ਵਿਅਕਤੀ ਵਿਰੁੱਧ ਹਨ। ਇਸ ਲਈ ਇਸ ਪੂਰੇ ਮਾਮਲੇ ਦਾ ਕੇਂਦਰੀ ਸ਼ਬਦ ਹੋਣਾ ਚਾਹੀਦਾ ਹੈ-ਨਿਰਪੱਖ ਜਾਂਚ।

18 ਸਤੰਬਰ ਤੱਕ ਦੀਆਂ ਰਿਪੋਰਟਾਂ ਅਨੁਸਾਰ ਪਹਿਲੀ ਸੂਚਨਾ ਰਿਪੋਰਟ ਦਰਜ ਹੋਣ ਦੇ ਲਗਭਗ ਇਕ ਮਹੀਨੇ ਬਾਅਦ ਵੀ ਚਾਵਲਾ ਦੀ ਗ੍ਰਿਫ਼ਤਾਰੀ ਨਹੀਂ ਹੋਈ ਸੀ। ਰੋਪੜ ਪੁਲਿਸ ਵੱਲੋਂ ਕਿਹਾ ਗਿਆ ਕਿ ਜਾਂਚ ਜਾਰੀ ਹੈ ਤੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਰਿਪੋਰਟਾਂ 'ਚ ਇਹ ਵੀ ਆਇਆ ਕਿ ਚਾਵਲਾ ਨੇ ਜਾਂਚ 'ਚ ਸ਼ਾਮਲ ਨਹੀਂ ਹੋਏ ਸਨ।

ਇਸ ਮਾਮਲੇ ਦੀ ਸਭ ਤੋਂ ਮਹੱਤਵਪੂਰਨ ਪਰਤ ਇੱਥੇ ਸਾਹਮਣੇ ਆਉਂਦੀ ਹੈ। ਜੇਕਰ ਦੋਸ਼ ਸ੍ਰੀ ਆਨੰਦਪੁਰ ਸਾਹਿਬ ਦੀ ਕਿਸੇ ਸਰਾਂ 'ਚ ਵਾਪਰੀ ਕਥਿਤ ਘਟਨਾ ਨਾਲ ਸਬੰਧਤ ਹਨ, ਤਾਂ ਜਾਂਚ ਸਿਰਫ਼ ਨਾਮਜ਼ਦ ਵਿਅਕਤੀ ਤੱਕ ਸੀਮਿਤ ਨਹੀਂ ਰਹਿਣੀ ਚਾਹੀਦੀ। ਇਹ ਵੀ ਦੇਖਿਆ ਜਾਣਾ ਚਾਹੀਦਾ ਹੈ ਕਿ ਸਰਾਂ ਦਾ ਪ੍ਰਬੰਧ ਕਿਵੇਂ ਚੱਲਦਾ ਹੈ, ਮਹਿਮਾਨਾਂ ਦੀ ਐਂਟਰੀ ਕਿਵੇਂ ਹੁੰਦੀ ਹੈ, ਸੀਸੀਟੀਵੀ ਦੀ ਵਿਵਸਥਾ ਕੀ ਹੈ, ਰਿਹਾਇਸ਼ ਦੇ ਰਿਕਾਰਡ ਕਿਵੇਂ ਰੱਖੇ ਜਾਂਦੇ ਹਨ ਅਤੇ ਕਿਸੇ ਮਹਿਲਾ ਵੱਲੋਂ ਸ਼ਿਕਾਇਤ ਕਰਨ ਦੀ ਸਥਿਤੀ 'ਚ ਪ੍ਰਬੰਧਕਾਂ ਦੀ ਜ਼ਿੰਮੇਵਾਰੀ ਕੀ ਬਣਦੀ ਹੈ। ਇਸ ਲਈ ਇੱਕ ਵੱਡਾ ਸਵਾਲ ਇਹ ਹੈ ਕਿ ਕੀ ਸਾਡੀਆਂ ਧਾਰਮਿਕ ਰਿਹਾਇਸ਼ੀ ਸੰਸਥਾਵਾਂ 'ਚ ਆਧੁਨਿਕ ਸੁਰੱਖਿਆ ਪ੍ਰਬੰਧ ਮੌਜੂਦ ਹਨ?

ਸ੍ਰੀ ਆਨੰਦਪੁਰ ਸਾਹਿਬ ਸਿੱਖ ਇਤਿਹਾਸ ਦਾ ਅਤਿ ਮਹੱਤਵਪੂਰਨ ਕੇਂਦਰ ਹੈ। ਇੱਥੇ ਆਉਣ ਵਾਲੀ ਸੰਗਤ ਸਿਰਫ਼ ਧਾਰਮਿਕ ਦਰਸ਼ਨ ਲਈ ਨਹੀਂ ਆਉਂਦੀ; ਉਹ ਧਾਰਮਿਕ ਸੰਸਥਾ 'ਤੇ ਭਰੋਸਾ ਕਰਕੇ ਆਪਣੀ ਰਿਹਾਇਸ਼ ਅਤੇ ਸੁਰੱਖਿਆ ਵੀ ਉਸ ਪ੍ਰਬੰਧ ਦੇ ਹਵਾਲੇ ਕਰਦੀ ਹੈ। ਇਸ ਲਈ ਸਰਾਂ ਦਾ ਪ੍ਰਬੰਧ ਕੇਵਲ ਕਮਰੇ ਦੇਣ ਦੀ ਪ੍ਰਕਿਰਿਆ ਨਹੀਂ ਹੋ ਸਕਦਾ। ਇਹ ਭਰੋਸੇ ਦੀ ਜ਼ਿੰਮੇਵਾਰੀ ਹੈ। ਜੇ ਕੋਈ ਸ਼ਰਧਾਲੂ, ਖ਼ਾਸ ਕਰਕੇ ਮਹਿਲਾ, ਕਿਸੇ ਧਾਰਮਿਕ ਸਥਾਨ ਨਾਲ ਜੁੜੀ ਰਿਹਾਇਸ਼ 'ਚ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੀ ਹੈ ਜਾਂ ਕਿਸੇ ਗੰਭੀਰ ਘਟਨਾ ਦਾ ਦੋਸ਼ ਲਗਾਉਂਦੀ ਹੈ ਤਾਂ ਸੰਸਥਾ ਕੋਲ ਤੁਰੰਤ ਸ਼ਿਕਾਇਤ ਦਰਜ ਕਰਨ ਅਤੇ ਉਸ ਨੂੰ ਉਚਿਤ ਅਧਿਕਾਰੀਆਂ ਤੱਕ ਪਹੁੰਚਾਉਣ ਦੀ ਸਪੱਸ਼ਟ ਪ੍ਰਣਾਲੀ ਹੋਣੀ ਚਾਹੀਦੀ ਹੈ।

ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਨੇ ਅਕਾਲ ਤਖ਼ਤ ਦੇ ਵਧੀਕ ਮੁੱਖ ਗ੍ਰੰਥੀ ਮਲਕੀਤ ਸਿੰਘ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨਾਲ ਜੁੜੇ ਡਰਾਈਵਰ ਮੋਹਨ ਸਿੰਘ ਨੂੰ ਮੁਅੱਤਲ ਕਰਕੇ ਵਿਭਾਗੀ ਜਾਂਚ ਦੇ ਹੁਕਮ ਦਿੱਤੇ। ਇੱਥੇ ਵੀ ਇਕ ਮਹੱਤਵਪੂਰਨ ਕਾਨੂੰਨੀ ਗੱਲ ਹੈ-ਮੁਅੱਤਲੀ ਦੋਸ਼-ਸਿੱਧੀ ਨਹੀਂ ਹੁੰਦੀ। ਇਹ ਪ੍ਰਸ਼ਾਸਨਿਕ ਕਦਮ ਹੈ ਤਾਂ ਜੋ ਜਾਂਚ ਪ੍ਰਭਾਵਿਤ ਨਾ ਹੋਵੇ ਤੇ ਸੰਸਥਾ ਆਪਣੇ ਅੰਦਰੂਨੀ ਪੱਧਰ 'ਤੇ ਤੱਥਾਂ ਦੀ ਜਾਂਚ ਕਰ ਸਕੇ। ਇਹ ਸਵਾਲ ਕਿਸੇ ਵਿਅਕਤੀ ਨੂੰ ਦੋਸ਼ੀ ਸਾਬਤ ਕਰਨ ਲਈ ਨਹੀਂ, ਪ੍ਰਬੰਧਕੀ ਜਵਾਬਦੇਹੀ ਨਿਰਧਾਰਤ ਕਰਨ ਲਈ ਹਨ।

20 ਸਤੰਬਰ ਨੂੰ ਮਾਮਲੇ ਨੇ ਇਕ ਨਵਾਂ ਮੋੜ ਲਿਆ। ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਮਰਜੀਤ ਸਿੰਘ ਚਾਵਲਾ ਤੇ ਵਧੀਕ ਮੁੱਖ ਗ੍ਰੰਥੀ ਮਲਕੀਤ ਸਿੰਘ ਨੂੰ ਪੰਥ ਵਿੱਚੋਂ ਛੇਕਣ ਅਤੇ ਸਿੱਖ ਸੰਸਥਾਵਾਂ 'ਚ ਸੇਵਾ ਤੋਂ ਰੋਕਣ ਦਾ ਫ਼ੈਸਲਾ ਸੁਣਾਇਆ ਗਿਆ। ਇਹ ਵਿਕਾਸ ਆਪਣੇ ਆਪ 'ਚ ਇਸ ਮਾਮਲੇ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ ਪਰ ਇੱਥੇ ਵੀ ਦੋ ਵੱਖਰੀਆਂ ਪ੍ਰਕਿਰਿਆਵਾਂ ਨੂੰ ਵੱਖਰਾ ਰੱਖਣਾ ਜ਼ਰੂਰੀ ਹੈ। ਧਾਰਮਿਕ ਅਨੁਸ਼ਾਸਨ ਦੀ ਕਾਰਵਾਈ ਆਪਣੀ ਥਾਂ ਹੈ ਤੇ ਅਪਰਾਧਿਕ ਮਾਮਲੇ ਦੀ ਅਦਾਲਤੀ ਪ੍ਰਕਿਰਿਆ ਆਪਣੀ ਥਾਂ।

ਕੁਝ ਰਿਪੋਰਟਾਂ 'ਚ ਇਹ ਦਾਅਵਾ ਕੀਤਾ ਗਿਆ ਹੈ ਕਿ ਮਹਿਲਾ ਨੇ ਪੁਲਿਸ ਕੋਲ ਜਾਣ ਤੋਂ ਪਹਿਲਾਂ ਕੁਝ ਰਾਜਨੀਤਿਕ ਅਤੇ ਧਾਰਮਿਕ ਆਗੂਆਂ ਨੂੰ ਆਪਣੀ ਸ਼ਿਕਾਇਤ ਬਾਰੇ ਜਾਣਕਾਰੀ ਦਿੱਤੀ ਸੀ। ਇਨ੍ਹਾਂ ਦਾਅਵਿਆਂ ਦੀ ਸੁਤੰਤਰ ਜਾਂਚ ਹੋਣੀ ਚਾਹੀਦੀ ਹੈ। ਜੇ ਇਹ ਸਾਬਤ ਹੁੰਦਾ ਹੈ ਕਿ ਕਿਸੇ

**ਡਾ. ਸੰਦੀਪ ਘੰਡ**

ਸੰਸਥਾ ਨੂੰ ਪਹਿਲਾਂ ਹੀ ਗੰਭੀਰ ਸ਼ਿਕਾਇਤ ਮਿਲੀ ਸੀ ਤੇ ਉਸ 'ਤੇ ਕੋਈ ਉਚਿਤ ਕਾਰਵਾਈ ਨਹੀਂ ਹੋਈ, ਤਾਂ ਇਹ ਕੇਵਲ ਵਿਅਕਤੀਗਤ ਮਾਮਲਾ ਨਹੀਂ ਰਹੇਗਾ। ਇਹ ਸੰਸਥਾਗਤ ਜਵਾਬਦੇਹੀ ਦਾ ਸਵਾਲ ਬਣੇਗਾ ਪਰ ਜੇ ਅਜਿਹੀ ਕੋਈ ਪੂਰਵ ਸ਼ਿਕਾਇਤ ਨਹੀਂ ਕੀਤੀ ਗਈ ਸੀ, ਤਾਂ ਇਹ ਵੀ ਸਪੱਸ਼ਟ ਤੌਰ 'ਤੇ ਦਰਜ ਹੋਣਾ ਚਾਹੀਦਾ ਹੈ।

ਪੰਜਾਬ ਦੇ ਪੰਥਕ ਇਤਿਹਾਸ 'ਚ ਪਹਿਲਾਂ ਵੀ ਅਜਿਹੇ ਮਾਮਲੇ ਸਾਹਮਣੇ ਆਏ ਹਨ, ਜਿੱਥੇ ਧਾਰਮਿਕ ਜਾਂ ਰਾਜਨੀਤਿਕ ਅਹੁਦਿਆਂ 'ਤੇ ਬੈਠੇ ਵਿਅਕਤੀ ਗੰਭੀਰ ਵਿਵਾਦਾਂ 'ਚ ਘਿਰੇ। ਹਰ ਮਾਮਲਾ ਆਪਣੇ ਤੱਥਾਂ ਤੇ ਕਾਨੂੰਨੀ ਸਥਿਤੀ ਦੇ ਅਨੁਸਾਰ ਵੱਖਰਾ ਹੁੰਦਾ ਹੈ, ਇਸ ਲਈ ਪੁਰਾਣੇ ਮਾਮਲਿਆਂ ਨੂੰ ਮੌਜੂਦਾ ਮਾਮਲੇ ਦਾ ਸਬੂਤ ਨਹੀਂ ਬਣਾਇਆ ਜਾ ਸਕਦਾ ਪਰ ਉਨ੍ਹਾਂ ਤੋਂ ਇਕ ਸੰਸਥਾਗਤ ਸਬਕ ਜ਼ਰੂਰ ਲਿਆ ਜਾ ਸਕਦਾ ਹੈ: ਜਦੋਂ ਅਹੁਦਾ ਵੱਡਾ ਹੋਵੇ, ਤਾਂ ਜਵਾਬਦੇਹੀ ਵੀ ਵੱਡੀ ਹੋਣੀ ਚਾਹੀਦੀ ਹੈ।

ਕਿਸੇ ਵੀ ਧਾਰਮਿਕ ਸੰਸਥਾ ਦੀ ਸਾਖ ਇਸ ਗੱਲ ਨਾਲ ਨਹੀਂ ਬਚਦੀ ਕਿ ਉਹ ਆਪਣੇ ਨਾਲ ਜੁੜੇ ਹਰ ਵਿਅਕਤੀ ਦਾ ਬਚਾਅ ਕਰੇ। ਸਾਖ ਤਦ ਬਣਦੀ ਹੈ, ਜਦੋਂ ਸੰਸਥਾ ਕਹੇ-'ਜਿਸ 'ਤੇ ਦੋਸ਼ ਹੈ, ਉਸ ਨੂੰ ਕਾਨੂੰਨ ਦੇ ਸਾਹਮਣੇ ਆਪਣਾ ਪੱਖ ਰੱਖਣ ਦਾ ਪੂਰਾ ਮੌਕਾ ਮਿਲੇਗਾ; ਪਰ ਜੇ ਕੋਈ ਗ਼ਲਤ ਪਾਇਆ ਜਾਂਦਾ ਹੈ ਤਾਂ ਅਹੁਦਾ ਉਸ ਨੂੰ ਨਹੀਂ ਬਚਾਏਗਾ।' ਇਹੀ ਸੰਸਥਾਗਤ ਮਜ਼ਬੂਤੀ ਹੈ। ਧਾਰਮਿਕ ਸੰਸਥਾਵਾਂ 'ਚ ਜਵਾਬਦੇਹੀ ਦਾ ਮਤਲਬ ਇਹ ਨਹੀਂ ਕਿ ਹਰ ਦੋਸ਼ ਨੂੰ ਸੱਚ ਮੰਨ ਲਿਆ ਜਾਵੇ। ਇਸ ਦਾ ਮਤਲਬ ਹੈ ਕਿ ਹਰ ਗੰਭੀਰ ਦੋਸ਼ ਨੂੰ ਗੰਭੀਰਤਾ ਨਾਲ ਲਿਆ ਜਾਵੇ।

ਅੱਜ ਦੀ ਪੀੜ੍ਹੀ ਧਾਰਮਿਕ ਸੰਸਥਾਵਾਂ ਤੋਂ ਸਿਰਫ਼ ਧਾਰਮਿਕ ਉਪਦੇਸ਼ ਨਹੀਂ, ਸਗੋਂ ਪਾਰਦਰਸ਼ਤਾ, ਜਵਾਬਦੇਹੀ ਅਤੇ ਨੈਤਿਕ ਮਾਪਦੰਡਾਂ ਦੀ ਵੀ ਉਮੀਦ ਕਰਦੀ ਹੈ। ਜੇ ਕਿਸੇ ਮਹਿਲਾ ਨੂੰ ਕਿਸੇ ਧਾਰਮਿਕ ਸਥਾਨ 'ਤੇ ਸ਼ਿਕਾਇਤ ਕਰਨ ਤੋਂ ਡਰ ਲੱਗੇ, ਜੇ ਕਿਸੇ ਗ਼ਰੀਬ ਸ਼ਰਧਾਲੂ ਨੂੰ ਲੱਗੇ ਕਿ ਪ੍ਰਭਾਵਸ਼ਾਲੀ ਵਿਅਕਤੀ ਦੇ ਸਾਹਮਣੇ ਉਸ ਦੀ ਆਵਾਜ਼ ਕਮਜ਼ੋਰ ਹੈ ਜਾਂ ਜੇ ਕਿਸੇ ਗੰਭੀਰ ਸ਼ਿਕਾਇਤ ਦਾ ਨਿਪਟਾਰਾ ਪਾਰਦਰਸ਼ੀ ਢੰਗ ਨਾਲ ਨਾ ਹੋਵੇ, ਤਾਂ ਸਮੱਸਿਆ ਸਿਰਫ਼ ਇੱਕ ਵਿਅਕਤੀ ਦੀ ਨਹੀਂ ਰਹਿੰਦੀ। ਉਹ ਸੰਸਥਾ ਦੇ ਵਿਸ਼ਵਾਸ ਨਾਲ ਜੁੜ ਜਾਂਦੀ ਹੈ। ਇਸ ਲਈ ਅਮਰਜੀਤ ਸਿੰਘ ਚਾਵਲਾ ਮਾਮਲੇ ਦਾ ਅੰਤ ਸਿਰਫ਼ ਇਸ ਗੱਲ ਨਾਲ ਨਹੀਂ ਹੋਣਾ ਚਾਹੀਦਾ ਕਿ ਪੁਲਿਸ ਜਾਂ ਅਦਾਲਤ ਆਖ਼ਰ ਕੀ ਫ਼ੈਸਲਾ ਕਰਦੀ ਹੈ। ਇਸ ਘਟਨਾ ਤੋਂ ਬਾਅਦ ਇਕ ਹੋਰ ਸਵਾਲ ਵੀ ਪੁੱਛਿਆ ਜਾਣਾ ਚਾਹੀਦਾ ਹੈ-ਅਸੀਂ ਆਪਣੀਆਂ ਧਾਰਮਿਕ ਸੰਸਥਾਵਾਂ ਨੂੰ ਕਿਵੇਂ ਹੋਰ ਪਾਰਦਰਸ਼ੀ, ਸੁਰੱਖਿਅਤ ਤੇ ਜਵਾਬਦੇਹ ਬਣਾਈਏ? ਕਿਉਂਕਿ ਇਕ ਵਿਅਕਤੀ ਦਾ ਮਾਮਲਾ ਇਕ ਦਿਨ ਖ਼ਤਮ ਹੋ ਸਕਦਾ ਹੈ ਪਰ ਇਕ ਮਜ਼ਬੂਤ ਸੰਸਥਾਗਤ ਪ੍ਰਣਾਲੀ ਆਉਣ ਵਾਲੀਆਂ ਪੀੜ੍ਹੀਆਂ ਦਾ ਵਿਸ਼ਵਾਸ ਬਚਾ ਸਕਦੀ ਹੈ। ਅਮਰਜੀਤ ਸਿੰਘ ਚਾਵਲਾ ਵਿਰੁੱਧ ਲੱਗੇ ਦੋਸ਼ਾਂ ਦੀ ਸੱਚਾਈ ਦਾ ਫ਼ੈਸਲਾ ਕਾਨੂੰਨੀ ਪ੍ਰਕਿਰਿਆ ਕਰੇਗੀ। ਚਾਵਲਾ ਵੱਲੋਂ ਦੋਸ਼ਾਂ ਤੋਂ ਇਨਕਾਰ ਕੀਤਾ ਗਿਆ ਹੈ ਪਰ ਇਸ ਮਾਮਲੇ ਤੋਂ ਉੱਠਿਆ ਵੱਡਾ ਸਵਾਲ ਕਿਸੇ ਇਕ ਵਿਅਕਤੀ ਤੋਂ ਕਿਤੇ ਵੱਡਾ ਹੈ: ਕੀ ਸਾਡੀਆਂ ਸੰਸਥਾਵਾਂ 'ਚ ਅਜਿਹੀ ਵਿਵਸਥਾ ਹੈ ਕਿ ਅਹੁਦਾ ਕੋਈ ਵੀ ਹੋਵੇ, ਸ਼ਿਕਾਇਤ ਕੋਈ ਵੀ ਕਰੇ ਤੇ ਮਾਮਲਾ ਕਿੰਨਾ ਵੀ ਸੰਵੇਦਨਸ਼ੀਲ ਹੋਵੇ-ਸੱਚ ਦੀ ਜਾਂਚ ਨਿਰਪੱਖ ਤਰੀਕੇ ਨਾਲ ਹੋ ਸਕੇ? ਇਸ ਸਵਾਲ ਦਾ ਜਵਾਬ ਸਿਰਫ਼ ਬਿਆਨਾਂ ਨਾਲ ਨਹੀਂ, ਸੁਧਾਰਾਂ ਨਾਲ ਦੇਣਾ ਪਵੇਗਾ। ਧਾਰਮਿਕ ਸੰਸਥਾਵਾਂ ਦੀ ਅਸਲ ਤਾਕਤ ਉਨ੍ਹਾਂ ਦੇ ਅਹੁਦਿਆਂ 'ਚ ਨਹੀਂ, ਲੋਕਾਂ ਦੇ ਵਿਸ਼ਵਾਸ 'ਚ ਹੈ।

ਅਮਰਜੀਤ ਸਿੰਘ ਚਾਵਲਾ ਮਾਮਲਾ ਸਿਰਫ਼ ਕਾਨੂੰਨੀ ਜਾਂ ਧਾਰਮਿਕ ਮਾਮਲਾ ਨਹੀਂ ਰਹਿ ਗਿਆ। ਇਸ ਦਾ ਰਾਜਨੀਤਿਕ ਪੱਖ ਵੀ ਮਹੱਤਵਪੂਰਨ ਹੈ, ਖ਼ਾਸ ਕਰਕੇ ਇਸ ਲਈ ਕਿ ਚਾਵਲਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਅਹੁਦੇਦਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਹਨ। ਇਸ ਲਈ ਇਸ ਘਟਨਾ ਦਾ ਪ੍ਰਭਾਵ ਵਿਅਕਤੀਗਤ ਅਹੁਦੇ ਤੋਂ ਵੱਧ ਪਾਰਟੀ ਦੀ ਸਾਖ ਤੇ ਪੰਥਕ ਰਾਜਨੀਤੀ 'ਤੇ ਚਰਚਾ ਦੇ ਰੂਪ 'ਚ ਸਾਹਮਣੇ ਆ ਸਕਦਾ ਹੈ।

2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹੀ ਆਪਣਾ ਚੋਣੀ ਏਜੰਡਾ ਤਿਆਰ ਕਰਨ ਦੀ ਪ੍ਰਕਿਰਿਆ 'ਚ ਹੈ। ਪਾਰਟੀ ਦੀ ਮੈਨੀਫੈਸਟੋ ਕਮੇਟੀ ਨੇ 19 ਸਤੰਬਰ ਨੂੰ ਆਪਣੀ ਪਹਿਲੀ ਮੀਟਿੰਗ ਵੀ ਕੀਤੀ ਤੇ ਲੋਕਾਂ ਨਾਲ ਸਲਾਹ-ਮਸ਼ਵਰੇ ਦੀ ਗੱਲ ਕੀਤੀ। ਅਜਿਹੇ ਸਮੇਂ 'ਚ ਇਹ ਮਾਮਲਾ ਪਾਰਟੀ ਸਾਹਮਣੇ ਕੁਝ ਔਖੇ ਸਵਾਲ ਰੱਖ ਸਕਦਾ ਹੈ: ਕੀ ਪਾਰਟੀ ਆਪਣੇ ਅਹੁਦੇਦਾਰਾਂ ਲਈ ਹੋਰ ਸਖ਼ਤ ਆਚਾਰ ਸੰਹਿਤਾ ਲਿਆਏਗੀ? ਕੀ ਗੰਭੀਰ ਦੋਸ਼ਾਂ ਵਾਲੇ ਮਾਮਲਿਆਂ 'ਚ ਪਾਰਟੀ ਅੰਦਰੂਨੀ ਜਾਂਚ ਅਤੇ ਕਾਨੂੰਨੀ ਜਾਂਚ ਤੋਂ ਇਲਾਵਾ ਸੰਸਥਾਗਤ ਜਵਾਬਦੇਹੀ ਦੀ ਕੋਈ ਨਵੀਂ ਵਿਵਸਥਾ ਬਣਾਏਗੀ? ਪੰਥਕ ਸੰਸਥਾਵਾਂ ਨਾਲ ਜੁੜੇ ਵਿਅਕਤੀਆਂ ਬਾਰੇ ਪੈਦਾ ਹੋਣ ਵਾਲੇ ਵਿਵਾਦਾਂ ਨੂੰ ਪਾਰਟੀ ਕਿਸ ਤਰ੍ਹਾਂ ਸੰਭਾਲੇਗੀ? ਸਭ ਤੋਂ ਵੱਡੀ ਗੱਲ-ਕੀ ਪਾਰਟੀ ਆਮ ਵੋਟਰ ਦਾ ਭਰੋਸਾ ਮੁੜ ਮਜ਼ਬੂਤ ਕਰਨ ਲਈ ਪਾਰਦਰਸ਼ਤਾ ਨੂੰ ਆਪਣੀ ਰਾਜਨੀਤਿਕ ਰਣਨੀਤੀ ਦਾ ਕੇਂਦਰ ਬਣਾਏਗੀ? ਤੇ ਵਿਸ਼ਵਾਸ ਦੀ ਰੱਖਿਆ ਦਾ ਸਭ ਤੋਂ ਮਜ਼ਬੂਤ ਰਸਤਾ ਹੈ-ਨਾ ਅੰਨ੍ਹਾ ਬਚਾਅ, ਨਾ ਪਹਿਲਾਂ ਹੀ ਦੋਸ਼-ਸਿੱਧੀ-ਸਿਰਫ਼ ਸੱਚ, ਪਾਰਦਰਸ਼ਤਾ, ਕਾਨੂੰਨ ਅਤੇ ਜਵਾਬਦੇਹੀ।

# ਬੇਨਕਾਬ ਹੋਣ 'ਦਾਗ਼ੀ ਕਿਰਦਾਰ'

ਜਬਰ-ਜਨਾਹ ਦੇ ਇਲਜ਼ਾਮਾਂ 'ਚ ਘਿਰੇ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਭਾਈ ਮਲਕੀਤ ਸਿੰਘ ਨੂੰ ਪੰਥ 'ਚੋਂ ਛੇਕ ਦਿੱਤਾ ਗਿਆ। ਹਾਲਾਂਕਿ ਚਾਵਲਾ ਦੀਆਂ 'ਕਾਲੀਆਂ ਕਰਤੂਤਾਂ' ਨੂੰ ਨਸ਼ਰ ਕਰਦੀ ਇਕ ਐੱਫਆਈਆਰ ਇਕ ਮਹੀਨਾ ਪਹਿਲਾਂ ਦਰਜ ਹੋ ਚੁੱਕੀ ਹੈ ਤੇ ਜਬਰ-ਜਨਾਹ ਪੀੜਤ ਬੀਬੀ ਦੇ ਸਾਹਮਣੇ ਆਉਣ ਤੋਂ ਬਾਅਦ ਇਸ ਮਾਮਲੇ ਦੀਆਂ ਲਗਾਤਾਰ ਪਰਤਾਂ ਖੁੱਲ੍ਹ ਰਹੀਆਂ ਹਨ। ਪਹਿਲੀ ਨਜ਼ਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਹੋਰ ਸਿੰਘ ਸਾਹਿਬਾਨ ਵੱਲੋਂ ਲਿਆ ਗਿਆ ਇਹ ਫ਼ੈਸਲਾ ਤਾਰੀਫ਼ ਦੇ ਕਾਬਲ ਹੈ। ਕਿਉਂਕਿ ਜਿਸ ਸਿਰਮੌਰ ਸੰਸਥਾ ਤੇ ਉਸ ਦੇ ਪਵਿੱਤਰ ਅਸਥਾਨ ਦੀ ਹਦੂਦ ਅੰਦਰ ਬਣੀਆਂ ਸਰਾਵਾਂ ਦੇ ਨਾਂ ਲੈਣ 'ਤੇ ਵੀ ਕਈ ਵਾਰ ਜੀਭ ਅਦਬ ਤੇ ਅਕੀਦਤ ਨਾਲ ਭਰ ਜਾਂਦੀ ਹੈ, ਉਨ੍ਹਾਂ ਅੰਦਰ ਇਨ੍ਹਾਂ ਲੋਕਾਂ ਨੇ ਮਰਿਆਦਾ ਨੂੰ ਜਿਸ ਤਰੀਕੇ ਛਿੱਕੇ ਟੰਗ ਕੇ ਹੱਦਾਂ ਟੱਪੀਆਂ ਨੇ, ਉਹ ਕਿਸੇ ਵੀ ਰੂਪ 'ਚ ਬਖ਼ਸ਼ਣਯੋਗ ਜਾਂ ਮਾਫ਼ੀ ਦੇ ਲਾਇਕ ਨਹੀਂ ਹਨ। ਦੂਜੇ ਪਾਸੇ, ਇਸ ਤੋਂ ਵੱਡੀ ਸ਼ਰਮ ਤੇ ਲਾਹਨਤ ਵਾਲੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਉਸ ਮੁਕੱਦਸ ਅਸਥਾਨ ਦਾ ਨਾਂ ਐੱਫਆਈਆਰ ਅਤੇ ਵਾਰ-ਵਾਰ ਮੀਡੀਆ 'ਚ ਉਚਾਰਿਆ ਜਾ ਰਿਹਾ ਹੈ, ਜਿਸ ਦੀ ਪਵਿੱਤਰਤਾ ਦਾ ਲੋਹਾ ਸਦੀਆਂ ਤੋਂ ਲੋਕਾਈ ਮੰਨਦੀ ਆ ਰਹੀ ਹੈ। ਉਸੇ ਅੰਦਰ ਜਬਰ-ਜਨਾਹ ਵਰਗੇ ਘਿਨੌਣੇ ਅਪਰਾਧ ਕਰਨ ਦੀ ਇਨ੍ਹਾਂ ਵੱਲੋਂ ਹਿਮਾਕਤ ਕੀਤੀ ਗਈ। ਇਨ੍ਹਾਂ ਮੁਲਜ਼ਮਾਂ ਨੂੰ ਪੰਥ 'ਚੋਂ ਛੇਕਣ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਬੇਸ਼ੱਕ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸਪੱਸ਼ਟ ਲਫ਼ਜ਼ਾਂ 'ਚ ਇਹ ਚਿਤਾਵਨੀ ਦਿੱਤੀ ਹੈ ਕਿ ਮਾੜੇ ਕਿਰਦਾਰ ਵਾਲੇ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ਤੇ ਉਹ ਆਪਣੇ ਆਪ ਇਸ ਸੰਸਥਾ ਨੂੰ ਫ਼ਤਹਿ ਬੁਲਾ ਕੇ ਦੂਰ ਹੋ ਜਾਣ ਪਰ ਇਹ ਇੰਨਾ ਸੌਖਾ ਨਹੀਂ ਹੈ ਕਿ ਕੋਈ ਖ਼ੁਦ ਇਸ ਗੱਲ ਨੂੰ ਸਵੀਕਾਰ ਕਰੇ ਕਿ ਉਹ ਕਿਰਦਾਰ ਪੱਖੋਂ ਕਿੰਨਾ ਊਣਾ ਹੈ। ਕਿਤੇ ਨਾ ਕਿਤੇ ਇਹ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਮੁਲਾਜ਼ਮਾਂ 'ਤੇ ਅਹੁਦੇਦਾਰਾਂ 'ਤੇ ਸਖ਼ਤ ਨਜ਼ਰ ਰੱਖੇ। ਹਾਲਾਂਕਿ ਇਸ ਮਾਮਲੇ 'ਚ ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਨੇ ਕੁਝ ਛੋਟੇ ਮੁਲਾਜ਼ਮਾਂ 'ਤੇ ਕਾਰਵਾਈ ਕੀਤੀ ਹੈ ਪਰ ਇਹ ਕਾਰਵਾਈ 'ਗੋਂਗਲੂਆਂ ਤੋਂ ਮਿੱਟੀ ਝਾੜਨ' ਬਰਾਬਰ ਹੈ। ਕਿਉਂਕਿ ਵੱਡੇ ਅਹੁਦਿਆਂ ਦੀ ਨਿਗਰਾਨੀ ਹੇਠਾਂ ਕੰਮ ਕਰਦੇ ਮੁਲਾਜ਼ਮ ਦੀ ਇੰਨੀ ਹਿੰਮਤ ਨਹੀਂ ਹੁੰਦੀ ਕਿ ਉਹ ਕੋਈ ਪੁੱਠਾ ਕੰਮ ਕਰੇ। ਕੋਈ ਸ਼ਹਿ ਜਾਂ ਕਿਸੇ ਦਾ ਸਿਰ 'ਤੇ ਹੱਥ ਹੋਵੇ ਤਾਂ ਗੱਲ ਵੱਖਰੀ ਹੈ। ਇਹ ਵੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਅਮਰਜੀਤ ਚਾਵਲਾ ਇਸ ਵੇਲੇ ਗ੍ਰਿਫ਼ਤਾਰੀ ਦੇ ਡਰੋਂ ਮੁਲਕ ਛੱਡ ਕੇ ਭੱਜ ਚੁੱਕਾ ਹੈ। ਆਪਣਾ ਅਸਤੀਫ਼ਾ ਦਿੰਦੇ ਸਮੇਂ ਹਾਲਾਂਕਿ ਉਸ ਨੇ ਇਹ ਕਿਹਾ ਸੀ ਕਿ ਮੇਰੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ ਪਰ ਜਬਰ ਜਨਾਹ ਵਰਗੇ ਇਲਜ਼ਾਮਾਂ 'ਤੇ ਸੱਚੇ ਹੋਣ ਦਾ ਸਬੂਤ ਕਿਰਦਾਰ ਨਾਲ ਦਿੱਤਾ ਜਾਂਦਾ ਹੈ ਨਾ ਕਿ ਮੈਦਾਨ 'ਚੋਂ ਭੱਜ ਕੇ। ਬੇਸ਼ੱਕ ਇਸ ਮਾਮਲੇ 'ਚ ਹੁਣ ਹੌਲੀ-ਹੌਲੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਪਰ ਲੋਟਲਤੀਫ਼ੀ ਕਿਹੜੇ ਚਿਹਰਿਆਂ ਕਰ ਕੇ ਹੋਈ, ਉਨ੍ਹਾਂ ਦੇ ਪਰਦੇ ਵੀ ਚੱਕੇ ਜਾਣੇ ਚਾਹੀਦੇ ਹਨ, ਕਿਉਂਕਿ ਇਸ ਮਾਮਲੇ ਨਾਲ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਸੱਟ ਤਾਂ ਵੱਜੀ ਹੀ ਹੈ, ਸਗੋਂ ਸਿੱਖ ਸੰਸਥਾਵਾਂ ਦੇ ਵੱਕਾਰ ਨੂੰ ਵੀ ਬੁਰੇ ਤਰੀਕੇ ਨਾਲ ਢਾਅ ਲੱਗੀ ਹੈ। ਇਲਜ਼ਾਮਾਂ ਮੁਤਾਬਕ ਅਮਰਜੀਤ ਸਿੰਘ ਨੇ ਜੋ ਕੀਤਾ ਹੈ, ਉਹ ਬੱਜਰ ਕੁਰਹਿਤ ਹੈ ਤੇ ਉਸ ਦੇ ਭੱਜਣ ਨਾਲ ਇਸ ਗੱਲ 'ਤੇ ਮੁਹਰ ਲੱਗ ਜਾਂਦੀ ਹੈ ਕਿ ਉਹ ਕਿਸੇ ਨਾ ਕਿਸੇ ਗੱਲੋਂ ਕੱਚਾ ਹੈ। ਅਮਰਜੀਤ ਸਿੰਘ ਚਾਵਲਾ ਨਾਲ ਜੁੜੀ ਇਸ ਘਟਨਾ ਨੂੰ ਕਿਸੇ ਵੀ ਰੂਪ 'ਚ ਹਲਕਿਆਂ ਨਹੀਂ ਲੈਣਾ ਚਾਹੀਦਾ। ਇਹ ਘਟਨਾ ਹਰੇਕ ਨਾਨਕ ਨਾਮ ਲੇਵਾ ਸਿੱਖ ਲਈ ਨਮੋਸ਼ੀ ਵਾਲੀ ਗੱਲ ਹੈ। ਇਸ ਮਾਮਲੇ 'ਚ ਅਮਰਜੀਤ ਸਿੰਘ ਸਣੇ ਜੋ ਕੋਈ ਵੀ ਘਟਨਾ ਦਾ ਹਿੱਸੇਦਾਰ ਜਾਂ ਗੁਨਾਹਗਾਰ ਹੈ, ਉਸ ਨੂੰ ਕਿਸੇ ਵੀ ਕੀਮਤ 'ਤੇ ਪੰਥ ਦੀ ਪਵਿੱਤਰਤਾ ਲਾਗੇ ਫੜਕਣ ਨਹੀਂ ਦੇਣਾ ਚਾਹੀਦਾ।



# ਲੋਕਤੰਤਰ 'ਤੇ 'ਧਨਾਢ' ਪਰਛਾਵੇਂ



ਦਰਬਾਰਾ ਸਿੰਘ ਕਾਹਲੋਂ

ਸੁਤੰਤਰਤਾਵਾਦੀ ਚਿੰਤਕ ਜੇਮਸ ਡੇਲ ਡੇਵਿਡਸਨ ਤੇ ਵਿਲੀਅਮ ਰੀਸ ਮੌਗ ਨੇ 1997 'ਚ ਆਪਣੀ ਕਿਤਾਬ 'ਪ੍ਰਭੂ ਸੱਤਾ ਸੰਪੰਨ ਵਿਅਕਤੀ' 'ਚ ਭਵਿੱਖਬਾਣੀ ਕੀਤੀ ਸੀ ਕਿ ਕੁਝ ਵਿਅਕਤੀ ਭਵਿੱਖ 'ਚ ਇੰਨੇ ਧਨਾਢ ਅਤੇ ਤਾਕਤਵਰ ਬਣ ਜਾਣਗੇ ਕਿ ਉਹ ਰਾਜ ਤੇ ਸਰਕਾਰਾਂ ਦੁਆਰਾ ਕੰਟਰੋਲ ਨਹੀਂ ਹੋ ਸਕਣਗੇ। ਰਾਜ ਤੇ ਸਰਕਾਰਾਂ ਕਾਰਪੋਰੇਸ਼ਨ ਤੇ ਗ੍ਰਾਹਕ ਬਣ ਕੇ ਰਹਿ ਜਾਣਗੇ। ਅਜਿਹੇ ਵਿਅਕਤੀ ਵੱਡੀਆਂ ਤਕਨੀਕੀ ਤੇ ਵਪਾਰਕ ਫਰਮਾਂ ਸਥਾਪਤ ਕਰਨਗੇ, ਜਿਨ੍ਹਾਂ ਦੀ ਆਮਦਨ ਅਕਸਰ ਦੇਸ਼ਾਂ ਦੀ ਕੁੱਲ ਜੀਡੀਪੀ ਨਾਲੋਂ ਵੱਧ ਹੋਵੇਗੀ। ਇਹਨਾਂ ਫਰਮਾਂ ਦੇ ਮੁੱਖ ਕਾਰਜਕਾਰੀ ਅਧਿਕਾਰੀ ਰਾਜਾਂ ਤੇ ਸਰਕਾਰਾਂ ਦੀਆਂ ਨੀਤੀਆਂ ਤੇ ਪ੍ਰਸ਼ਾਸਨ ਨੂੰ ਪ੍ਰਭਾਵਿਤ ਕਰਨਗੇ।

ਉਹ ਸ਼ਾਸਨ ਪ੍ਰਬੰਧ ਨੂੰ ਚਲਾਉਣ ਲਈ ਨਵੀਆਂ ਤਕਨੀਕਾਂ ਇਜਾਦ ਕਰਨਗੇ। ਸਥਾਨਕ ਤੇ ਆਰਥਿਕ ਖੇਤਰ ਵੀ ਉਨ੍ਹਾਂ ਦੇ ਪ੍ਰਭਾਵ ਹੇਠ ਕੰਮ ਕਰਦੇ ਦਿਸਣਗੇ। ਹੋਰਨਾਂ ਤੋਂ ਇਲਾਵਾ ਇਸ ਵਿਸ਼ਵ ਦੇ ਸਭ ਤੋਂ ਤਾਕਤਵਰ ਲੋਕਤੰਤਰ ਕਹਾਉਂਦੇ ਅਮਰੀਕਾ, ਸਭ ਤੋਂ ਪੁਰਾਣਾ ਲੋਕਤੰਤਰ ਕਹਾਉਂਦੇ ਬਰਤਾਨੀਆ ਅਤੇ ਸਭ ਤੋਂ ਵੱਡਾ ਲੋਕਤੰਤਰ ਕਹਾਉਂਦੇ ਭਾਰਤ 'ਚ ਅਜਿਹੀਆਂ ਪ੍ਰਕਿਰਿਆ ਦੀ ਸ਼ੁਰੂਆਤ ਦਾ ਡੰਕਾ ਵੱਜਦਾ ਅਸੀਂ ਵੇਖ ਸਕਦੇ ਹਾਂ। ਐਸੇ ਵਰਤਾਰੇ ਦੇ ਟਰੇਲਰ ਅਸੀਂ ਅਮਰੀਕਾ, ਯੂਕੇ ਤੇ ਭਾਰਤ ਆਦਿ ਦੇਸ਼ਾਂ 'ਚ ਦੇਖ ਰਹੇ ਹਾਂ। ਅਮਰੀਕਾ ਅੰਦਰ ਐਲਨ ਮਸਕ ਵਿਸ਼ਵ ਦਾ ਪਹਿਲਾ ਟਰੇਲੀਅਨਪਤੀ ਧਨਾਢ ਬਣਿਆ ਹੈ। ਉਸ ਨੇ ਆਪਣੇ ਕੋਲ ਇੰਨਾ ਧਨ ਇਕੱਤਰ ਕਰ ਲਿਆ ਹੈ ਕਿ ਉਹ ਅਮਰੀਕਾ ਹੀ ਨਹੀਂ ਬਲਕਿ ਵਿਸ਼ਵ ਦੇ ਹੋਰ ਕਈ ਦੇਸ਼ਾਂ ਅੰਦਰ ਲੋਕਤੰਤਰ ਨੂੰ ਪ੍ਰਭਾਵਿਤ ਕਰਨ ਸਮਰੱਥ ਬਣ ਗਿਆ। ਉਸ ਨੇ ਅਮਰੀਕਾ ਦੀਆਂ ਸਨ 2024 ਦੀਆਂ ਰਾਸ਼ਟਰਪਤੀ ਚੋਣਾਂ 'ਚ ਅਜੋਕੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਚੋਣ ਮੁਹਿੰਮ 'ਚ 280 ਮਿਲੀਅਨ ਡਾਲਰ ਚੰਦੇ ਵਜੋਂ ਦਿੱਤੇ। ਇਵੇਂ ਹੀ ਵੱਖ-ਵੱਖ ਰਾਜਾਂ 'ਚ ਜਨਤਕ ਰਾਏ ਦੀ ਹਵਾ ਦਾ ਰੁਖ਼ ਬਦਲਣ ਧਨ ਦੀ ਬਰਸਾਤ ਕੀਤੀ। ਨਤੀਜੇ ਵਜੋਂ ਉਹ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਅਮਰੀਕੀ ਸ਼ਾਸਨ ਦਾ ਪ੍ਰਭਾਵਸ਼ਾਲੀ ਵਿਅਕਤੀ ਬਣ ਗਿਆ, ਜਿਸ ਦਾ ਰਾਸ਼ਟਰਪਤੀ ਤੇ ਸ਼ਾਸਨ 'ਤੇ ਸਿੱਧਾ ਪ੍ਰਭਾਵ ਦੇਖਿਆ ਜਾ ਰਿਹਾ ਹੈ। ਪਹਿਲਾਂ ਉਸ ਨੂੰ ਗੁਣਵੰਤਾ ਵਿਭਾਗ ਦਾ ਮੁਖੀ ਬਣਾਇਆ ਗਿਆ, ਜਿਸ 'ਚ ਉਸ ਨੇ ਤਾਨਾਸ਼ਾਹ ਤਰ੍ਹਾਂ ਹਜ਼ਾਰਾਂ ਸਰਕਾਰੀ ਅਹੁਦਿਆਂ ਦੀ ਛਾਂਟੀ ਕੀਤੀ। ਕਿਸੇ ਨੇ ਕੋਈ ਸਵਾਲ ਖੜ੍ਹਾ ਨਾ ਕੀਤਾ।

ਹੁਣ ਉਹ ਰਾਜਨੀਤਿਕ ਕਾਰਵਾਈ ਕਮੇਟੀ ਦਾ ਮੁਖੀ ਹੈ, ਜਿਸ ਨੂੰ ਅਮਰੀਕੀ ਧਨਾਢਾ ਤੋਂ ਅਸੀਮਤ ਚੰਦਾ ਲੈਣ ਦੀ ਖੁੱਲ੍ਹ ਹੈ ਜੋ ਚੋਣਾਂ ਦਾ ਮੁਹਾਨਾ ਬਦਲਣ ਲਈ ਵੱਡਾ ਰੋਲ ਅਦਾ ਕਰਦੇ ਹਨ। ਅਮਰੀਕੀ ਮੱਧਕਾਲੀ ਚੋਣਾਂ ਲਈ ਇਹ ਕਮੇਟੀ 100 ਮਿਲੀਅਨ ਡਾਲਰ ਤੋਂ ਵੱਧ ਧੰਨ ਖਰਚ ਕਰ ਰਹੀ ਹੈ ਤਾਂ ਕਿ ਰਿਪਬਲੀਕਨਾ ਦੀ ਜਿੱਤ ਯਕੀਨੀ ਬਣਾਈ ਜਾ ਸਕੇ। ਐਲਨ ਮਸਕ ਅਮਰੀਕਾ ਅੰਦਰ ਤਾਨਾਸ਼ਾਹ ਸ਼ਕਤੀ ਦਾ ਮਾਲਕ ਬਣ ਚੁੱਕਾ ਹੈ, ਜਿਸ ਕੋਲ ਰਾਜ ਦੀਆਂ ਨੀਤੀਆਂ ਨਿਰਧਾਰਿਤ ਕਰਨ 'ਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ, ਜਿਸ ਲਈ ਉਹ ਕਿਸੇ ਅੱਗੇ ਜਵਾਬ ਦੇ ਨਹੀਂ। ਅਜਿਹਾ ਕਿਉਂ ਹੈ? ਉਸ ਕੋਲ ਗਲੋਬਲ ਸੈਟਲਾਈਟਸ, ਏਆਈ, ਸੋਸ਼ਲ ਮੀਡੀਆ, ਡਿਜੀਟਲ ਟੈਸਲਾ ਵਾਹਨ, ਜੰਗੀ ਟਿਕਾਣਿਆਂ ਦੀ ਨਿਸ਼ਾਨਦੇਹੀ ਆਦਿ ਦਾ ਏਕਾਧਿਕਾਰ ਪ੍ਰਾਪਤ ਹੋ ਚੁੱਕਾ ਹੈ। ਇਸ ਸਮੇਂ ਉਹ ਜੇਮਸ ਡੇਲ ਡੇਵਿਡਸਨ ਅਤੇ ਰੀਸ ਮੌਗ ਵੱਲੋਂ ਅਨੁਮਾਨਤ 'ਪ੍ਰਭੂ ਸੱਤਾ ਸੰਪੰਨ ਵਿਅਕਤੀ' ਬਣਨ ਕਰੀਬ ਪਹੁੰਚ ਚੁੱਕਾ ਹੈ।

ਇੰਝ ਹੀ ਟਰੰਪ ਪ੍ਰਸ਼ਾਸਨ ਅੰਦਰ ਧਨਾਢ ਜੁੰਡਲੀ ਜਿਸ 'ਚ ਉਪ ਰਾਸ਼ਟਰਪਤੀ ਜੇਡੀ ਵਾਂਸ, ਖ਼ਰਬਪਤੀ ਸਕੱਤਰ ਹਾਵਰਡ ਲੁੱਟਨਿਕ, ਬਹੁ ਅਰਬਪਤੀ ਖ਼ਜ਼ਾਨਾ ਸਕੱਤਰ ਸਕਾਟ ਬੇਸੈਂਟ ਅਤੇ ਸੱਜੇ ਪੱਖੀ ਮੀਡੀਆ ਡਾਨ ਨੀਤੀਆਂ ਨਿਰਧਾਰਨ ਵਿਵਸਥਾ 'ਤੇ ਪੂਰੀ ਪਕੜ ਰੱਖਦੇ ਹਨ। ਵੈਸੇ ਤਾਂ ਸਭ ਰਾਸ਼ਟਰਾਂ ਦੇ ਲੋਕ ਅਕਸਰ ਕਹਿੰਦੇ ਵਿਖਾਈ ਦਿੰਦੇ ਹਨ ਕਿ ਉਹ ਖਰੀਦੇ ਨਹੀਂ ਜਾ ਸਕਦੇ। ਉਨ੍ਹਾਂ ਦੀ ਜਮੀਰ ਇੰਨੀ ਮਰੀ ਨਹੀਂ ਕਿ ਉਹਨਾਂ ਨੂੰ ਵੋਟ ਖ਼ਾਤਰ ਖਰੀਦਿਆ ਜਾਵੇ ਪਰ ਖ਼ਰੀਦਦਾਰ ਬਹੁਤ ਚਲਾਕ, ਦੰਬੀ, ਕਲਾਕਾਰ ਅਤੇ ਤਾਕਤਵਰ ਹਨ। ਚੋਣਾਂ ਵੇਲੇ ਵੋਟਰਾਂ ਨੂੰ ਧਨ ਦੀ ਬਰਸਾਤ ਕਿਵੇਂ ਪ੍ਰਭਾਵਿਤ ਕਰਦੀ ਹੈ, ਇਸ ਦੇ ਦ੍ਰਿਸ਼ ਭਾਰਤੀ ਰਾਜਨੀਤਿਕ ਅੰਦਰ ਕਿਸੇ ਤੋਂ ਗੁੱਝੇ ਨਹੀਂ ਹਨ। ਐਸੇ ਧਨ ਦੀ ਵਰਖਾ ਕਰਨ ਵਾਲੇ ਧਨਾਢਾ ਦਾ ਸਰਕਾਰ ਦੀਆਂ ਨੀਤੀਆਂ ਨੂੰ ਨਿਰਧਾਰਨ ਕਰਨ 'ਚ ਸਿੱਧਾ ਦਖਲ ਦੇਖਿਆ ਜਾਂਦਾ ਹੈ। ਇਹੀ ਵਰਤਾਰਾ ਭਾਰਤ ਹੀ ਨਹੀਂ ਬਲਕਿ ਵਿਸ਼ਵ ਭਰ 'ਚ ਪਾਇਆ ਜਾ ਰਿਹਾ ਹੈ। ਬਰਤਾਨੀਆ ਅੰਦਰ ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਕਿ ਸੰਨ 2010 ਦੀਆਂ ਪਾਰਲੀਮੈਂਟਰੀ ਚੋਣਾਂ 'ਚ ਲੇਬਰ ਪਾਰਟੀ ਕਿਉਂ ਹਾਰੀ? ਕਿਉਂਕਿ ਉਹ ਕੰਜਰਵੇਟਿਵ ਪਾਰਟੀ ਵਾਂਗ ਧਨ ਦੀ ਵਰਖਾ ਨਹੀਂ ਕਰ ਸਕੀ। ਆਨਲਾਈਨ ਇਸ਼ਤਿਹਾਰਬਾਜੀ ਦੇ ਖੇਤਰ 'ਚ ਬਹੁਤ ਪਿੱਛੇ ਰਹਿ ਗਈ। ਸਨ 2005 'ਚ ਉਹਨਾਂ ਨੇ ਚੋਣਾਂ 'ਚ ਜਿਵੇਂ ਧਨ ਦਾ ਮੀਂਹ ਵਰ੍ਹਾਇਆ ਸੀ, ਉਸ ਕਰ ਕੇ 25 ਮਿਲੀਅਨ ਪੌਂਡ ਕਰਜ਼ਾ ਚੜ੍ਹ ਗਿਆ ਸੀ।

ਲਿਹਾਜਾ ਸਥਿਤੀ ਅਸਾਵੀਂ ਹੋਣ ਕਰ ਕੇ ਉਹ 2010 ਦੀਆਂ ਚੋਣਾਂ 'ਚ ਸਿਰਫ 8 ਮਿਲੀਅਨ ਪੌਂਡ ਖ਼ਰਚ ਸਕੇ ਜਦ ਕਿ ਟੋਰੀਆਂ ਨੇ 17 ਮਿਲੀਅਨ ਖ਼ਰਚੇ। ਇਸੇ ਕਰਕੇ ਉਹ ਮਾਰ ਖਾ ਗਏ। ਸਭ ਨੂੰ ਪਤਾ ਹੈ ਕਿ ਧਨ ਚੋਣਾਂ ਜਿੱਤਣ 'ਚ ਸਭ ਤੋਂ ਵੱਧ ਪ੍ਰਭਾਵਸ਼ਾਲੀ ਢੰਗ ਨਾਲ ਮਦਦਗਾਰ ਸਾਬਤ ਹੁੰਦਾ ਹੈ। ਬਰਤਾਨੀਆ 'ਚ ਲੋਕਤੰਤਰ ਦੀ ਸ਼ਰੇਆਮ ਵਿਕਰੀ ਹੁੰਦੀ ਵੇਖੀ ਜਾ ਰਹੀ ਹੈ। ਇਸ ਨੂੰ ਰੋਕਣ ਲਈ ਬਰਤਾਨਵੀ ਚੋਣ ਕਮਿਸ਼ਨ ਨੇ ਗੋਰਡਨ ਬਰਾਉਨ ਦੀ ਅਗਵਾਈ ਹੇਠ ਕਮੇਟੀ ਗਠਤ ਕਰਕੇ ਧਨਾਢਾ ਵੱਲੋਂ ਚੰਦੇ ਦੀ ਸੀਮਾ ਨਿਰਧਾਰਿਤ ਕਰਨ ਦਾ ਯਤਨ ਕੀਤਾ ਪਰ ਇਹ ਗੱਲ ਅਜੇ ਤੱਕ ਕਿਸੇ ਤਣ ਪੱਤਣ ਨਹੀਂ ਲੱਗਦੀ ਦਿਖਾਈ ਦੇ ਰਹੀ। ਧਨਾਢਾਂ ਵੱਲੋਂ ਚੰਦੇ ਦੇ ਰੂਪ 'ਚ ਧੰਨ ਰਾਹੀਂ ਲੋਕਤੰਤਰ 'ਤੇ ਕਬਜ਼ੇ ਨੂੰ ਰੋਕਣ ਲਈ ਦਸੰਬਰ, 2025 'ਚ ਬਰਤਾਨੀਆ ਤੇ 59 ਹੋਰ ਦੇਸ਼ਾਂ ਨੇ ਯੂਐਨਓ 'ਚ ਪਹੁੰਚ ਕੀਤੀ ਕਿ ਲੋਕਤੰਤਰ 'ਚ ਚੰਦਿਆਂ ਦੀ ਹੱਦ ਨਿਰਧਾਰਤ ਕੀਤੀ ਜਾਵੇ।

ਇਸ ਸਬੰਧੀ ਕੈਨੇਡਾ ਨੇ ਸਲਾਨਾ ਪ੍ਰਤੀ ਵਿਅਕਤੀ ਜਾਂ ਕੰਪਨੀ ਨੂੰ ਰਾਜਨੀਤਿਕ ਪਾਰਟੀਆਂ ਨੂੰ ਚੰਦਾ ਦੇਣ ਦੀ ਦਰ 930, ਫਰਾਂਸ ਨੇ ਪਾਰਲੀਮੈਂਟਰੀ ਚੋਣਾਂ ਲਈ 6400 ਤੇ ਰਾਸ਼ਟਰਪਤੀ ਚੋਣ ਮੁਹਿੰਮ ਲਈ 3900, ਇਟਲੀ ਨੇ 85600 ਹਜ਼ਾਰ ਪੌਂਡ ਨਿਰਧਾਰਤ ਕੀਤੀ। ਬਰਤਾਨੀਆ ਨੇ 500000 ਪੌਂਡ ਨਿਰਧਾਰਿਤ ਕੀਤੀ ਜਦ ਕਿ ਸਤੰਬਰ 'ਚ ਸਟੇਲਾ ਕ੍ਰਿਜੀ ਅਤੇ 63 ਸਾਂਸਦਾਂ ਨੇ 100000 ਪਾਉਂਡ ਦੇ ਸਿਫਾਰਿਸ਼ ਕੀਤੀ। ਬਰਤਾਨੀਆ ਅੰਦਰ ਦੋ ਕਰਿਪਟੋ ਕਰੰਸੀ ਸਬੰਧੀ ਖਰਬਪਤੀਆਂ ਬੈਨ ਡੇਲੋ ਅਤੇ ਜੇ ਪੀ ਮਾਰਗਨ ਨੇ 72 ਮਿਲੀਅਨ ਪੌਂਡ ਰਿਫਾਰਮ ਪਾਰਟੀ, ਜਿਸ ਦੇ ਮੁਖੀ ਨੀਗਲ ਫੈਰਜ ਹਨ, ਚੰਦੇ ਵਜੋਂ ਦੇ ਕੇ ਬਰਤਾਨਵੀ ਰਾਜਨੀਤੀ ਅੰਦਰ ਤਹਿਲਕਾ ਮਚਾ ਕੇ ਰੱਖ ਦਿੱਤਾ ਹੈ। ਇਹ ਦੋਵੇਂ ਬਰਤਾਨੀਆ ਅੰਦਰ ਲੇਬਰ ਅਤੇ ਕੰਜਰਵੇਟਿਵ ਪਾਰਟੀ ਦਾ ਏਕਾਧਿਕਾਰ ਖਤਮ ਕਰਨਾ ਚਾਹੁੰਦੇ ਹਨ। ਉਹ ਬਰਤਨਵੀਂ ਲੋਕਤੰਤਰੀ ਰਾਜਨੀਤੀ 'ਚ ਆਪਣਾ ਏਕਾਧਿਕਾਰ ਸਥਾਪਿਤ ਕਰਨਾ ਚਾਹੁੰਦੇ ਹਨ। ਇਹ ਸਾਬਤ ਹੋ ਚੁੱਕਾ ਹੈ ਕਿ ਨੀਗਲ ਫੈਰਜ ਤੇ ਉਸ ਦੀ ਰਿਫਾਰਮ ਪਾਰਟੀ ਨੇ ਉਦਮੀਆ,ਕਾਰੋਬਾਰੀਆਂ, ਵਪਾਰੀਆਂ ਅਤੇ ਆਮ ਜਨਤਾ ਦੀ ਪ੍ਰਤੀਨਿਧਤਾ ਦਾ ਲਿਬਾਦਾ ਪਹਿਨ ਰੱਖਿਆ ਹੈ। ਹਕੀਕਤ 'ਚ ਧਨਾਢ ਵਿਅਕਤੀਆਂ ਦੇ ਧਨ ਨਾਲ ਚੋਣਾਂ ਜਿੱਤਣ ਦੇ ਜੁਗਾੜ 'ਚ ਹੈ। ਹੈਰਾਨਗੀ ਇਸ ਗੱਲ ਦੀ ਵੀ ਹੈ ਕਿ ਕੈਨੇਡਾ ਵਰਗੇ ਦੇਸ਼ 'ਚ ਸ਼ੋਪੀਫਾਈ ਕਾਰਪੋਰੇਸ਼ਨ ਮੁਖੀ ਟੋਬੀ ਲੁੱਟਕੇ ਲੋਕਤੰਤਰ ਅੰਦਰ ਇਕ ਵਿਅਕਤੀ ਇੱਕ ਵੋਟ ਦੀ ਥਾਂ ਧਨਾਢਾ ਦੇ ਬੋਲ-ਬਾਲੇ ਲਈ ਉਨ੍ਹਾਂ ਦੀ ਵੋਟ ਦੇ ਜ਼ਿਆਦਾ ਮੁੱਲ ਦੀ ਮੰਗ ਕਰ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਆਬਰਾਹਮ ਲਿੰਕਨ ਦੇ ਅਨੁਸਾਰ ਲੋਕਤੰਤਰ ਅੰਦਰ ਸਰਕਾਰ ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਨਹੀਂ ਰਹਿਣ ਵਾਲੀ। ਨਾ ਹੀ ਰਾਸ਼ਟਰਪਤੀ ਰੋਨਾਲਡ ਰੀਗਨ ਅਨੁਸਾਰ ਸਰਕਾਰ ਲੋਕਾਂ ਦੁਆਰਾ ਚਲਾਈ ਜਾਣ ਵਾਲੀ ਕਾਰ ਅਤੇ ਲੋਕਾਂ ਦੁਆਰਾ ਆਪਣੇ ਅਧਿਕਾਰਾਂ ਦੀ ਤਰਜਮਾਨੀ ਕਰਨ ਵਾਲੀ ਨਹੀਂ ਰਹਿਣ ਵਾਲੀ। ਅਮਰੀਕੀ ਸੈਨੇਟਰ ਬਰਨੀ ਸੈਂਡਰਜ ਨੇ ਪੂਰੇ ਵਿਸ਼ਵ ਅੱਗੇ ਟਲ ਵਜਾਉਂਦੇ ਹੋਕਾ ਦਿੱਤਾ ਹੈ ਕਿ ਜੁੰਡੀ ਰਾਜ ਸਮੱਸਿਆ ਸਿਰਫ ਅਮਰੀਕੀ ਮੁੱਦਾ ਨਹੀਂ ਹੈ। ਖਰਪਪਤੀ ਵਿਅਕਤੀ ਨਾ ਸਿਰਫ ਅਮਰੀਕੀ ਰਾਜਨੀਤੀ ਖ਼ਰੀਦ ਰਹੇ ਹਨ ਬਲਕਿ ਪੂਰੇ ਵਿਸ਼ਵ 'ਚ ਸੱਜੇ ਪੱਖੀਆਂ ਨੂੰ ਧਨ ਨਾਲ ਤਾਕਤਵਰ ਬਣਾ ਰਹੇ ਹਨ, ਜਿਸ 'ਚ ਬ੍ਰਿਟੇਨ ਦੀ ਰਿਫਾਰਮ ਪਾਰਟੀ ਸ਼ਾਮਿਲ ਹੈ।

ਲੋਕਤੰਤਰ ਤੋਂ ਭਾਵ ਹੈ ਇਕ ਵਿਅਕਤੀ ਇੱਕ ਵੋਟ। ਧਨਾਢ ਲੋਕਾਂ ਨੂੰ ਵਿਸ਼ਵ ਦੇ ਕਿਸੇ ਹਿੱਸੇ ਵਿੱਚ ਸਰਕਾਰ ਖਰੀਦਣ ਦੀ ਕਦਾਚਿਤ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਪਰ ਧਨਾਢਾ ਨਗਾਰਖਾਨੇ 'ਚ ਤੂਤੀ ਦੀ ਆਵਾਜ਼ ਕੋਈ ਮਾਇਨਾ ਨਹੀਂ ਰੱਖਦੀ। ਅਮਰੀਕੀ ਮੱਧਕਾਲੀ ਚੋਣਾਂ ਜਿੱਤਣ ਲਈ ਧਨਾਢਾ ਬਲਬੂਤੇ ਰਾਸ਼ਟਰਪਤੀ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ ਹਰ ਬਾਲਗ ਵਿਅਕਤੀ ਨੂੰ 5000 ਡਾਲਰ ਮਦਦ ਦੇਵੇਗਾ ਜੇਕਰ ਉਹ ਅਮਰੀਕੀ ਕਾਂਗਰਸ ਤੇ ਸੈਨਟ 'ਚ ਰਿਪਬਲੀਕਨਾ ਨੂੰ ਬਹੁਮਤ ਨਾਲ ਜਿਤਾਉਣਗੇ। ਹਕੀਕਤ 'ਚ ਧਨਾਢ ਵਿਅਕਤੀ ਪੂਰੇ ਵਿਸ਼ਵ ਦੀ ਰਾਜਨੀਤਿਕ, ਆਰਥਿਕ ਤੇ ਭੂਗੋਲਕ ਵਿਵਸਥਾ 'ਤੇ ਕਾਬਜ਼ ਹੋਣ ਲਈ ਘੁੰਡ ਉਤਾਰ ਕੇ ਸਾਮ, ਦਾਮ, ਦੰਡ, ਭੇਦ ਦੀ ਨੀਤੀ ਦਾ ਨਾਚ ਨੱਚ ਰਹੇ ਹਨ। ਯਾਰਵਿਨ ਅਤੇ ਲੈਂਡ ਅਨੁਸਾਰ ਲੋਕਤੰਤਰ, ਸਮਾਨਤਾਵਾਦ ਅਤੇ ਉਦਾਰਵਾਦ ਨੂੰ ਨਕਾਰ ਕੇ ਕਾਰੋਬਾਰ ਨੂੰ ਹਰ ਦੇਸ਼ ਤੇ ਵਿਸ਼ਵ ਅੰਦਰ ਮਾਲਿਕ ਸਥਾਪਿਤ ਕਰਨਾ ਚਾਹੁੰਦੇ ਹਨ।

# ਸਵਾਲਾਂ 'ਚ ਆਈਆਈਟੀ ਬੰਬੇ



ਸਰਬੋਤਮ ਤਕਨੀਕੀ ਸਿੱਖਿਆ ਸੰਸਥਾਨ ਆਈਆਈਟੀ ਬੰਬੇ ਵਿਚ ਇਕ ਵਿਦਿਆਰਥੀ ਦੀ ਖੁਦਕੁਸ਼ੀ ਨੂੰ ਲੈ ਕੇ ਜਿਸ ਤਰ੍ਹਾਂ ਸਿਆਸਤ ਹੋਣੀ ਸ਼ੁਰੂ ਹੋ ਗਈ ਹੈ, ਉਹ ਬੇਹੱਦ ਗ਼ਲਤ ਹੈ। ਸਿਆਸੀ ਦਲਾਂ ਨੂੰ ਘੱਟੋ ਘੱਟ ਅਜਿਹੇ ਕਿਸੇ ਮਾਮਲੇ 'ਤੇ ਸਿਆਸੀ ਰੋਟੀਆਂ ਸੇਕਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜਿਸ ਨਾਲ ਸਮਾਜ ਵਿਚ ਅਸੰਤੁਲਨ ਪੈਦਾ ਹੋਣ ਦਾ ਖ਼ਤਰਾ ਹੋਵੇ। ਇਹ ਇਸ ਲਈ ਹੋਰ ਵੀ ਜ਼ਿਆਦਾ ਜ਼ਰੂਰੀ ਹੈ ਕਿਉਂਕਿ ਹਾਲੇ ਇਹ ਸਪੱਸ਼ਟ ਨਹੀਂ ਹੈ ਕਿ ਵਿਦਿਆਰਥੀ ਸਾਹਿਲ ਰਵੇਂਦਰ ਵਾਕੋਡੇ ਨੇ ਖੁਦਕੁਸ਼ੀ ਕਿਉਂ ਕੀਤੀ ਹੈ। ਆਈਆਈਟੀ ਬੰਬੇ ਪ੍ਰਬੰਧਨ ਦੇ ਮੁਤਾਬਕ ਉਸ ਨੂੰ ਮੋਬਾਈਲ ਫੋਨ ਰਾਹੀਂ ਨਕਲ ਕਰਦਿਆਂ ਫੜਿਆ ਗਿਆ ਸੀ, ਪਰ ਉਸ ਦੇ ਖ਼ ?ਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ। ਬਾਅਦ ਵਿਚ ਉਸ ਨੇ ਹੋਸਟਲ ਦੇ ਕਮਰੇ ਵਿਚ ਆਤਮਹੱਤਿਆ ਕਰ ਲਈ। ਇਹ ਖ਼ਬਰ ਆਉਂਦਿਆਂ ਹੀ ਸਾਹਿਲ ਦੇ ਪਿਤਾ ਨੇ ਇਹ ਇਲਜ਼ਾਮ ਲਗਾਇਆ ਕਿ ਉਸ ਨੂੰ ਤਿੰਨ ਮਹੀਨੇ ਤੋਂ ਪਰੇਸ਼ਾਨ ਕੀਤਾ ਜਾ ਰਿਹਾ ਸੀ ਤੇ ਜਾਤੀ ਸੂਚਕ ਗਾਲਾਂ ਵੀ ਦਿੱਤੀਆਂ ਜਾ ਰਹੀਆਂ ਸਨ, ਪਰ ਇਸ ਦਾ ਹਾਲੇ ਜਵਾਬ ਨਹੀਂ ਮਿਲਿਆ ਹੈ ਕਿ ਇਸ ਦਾ ਜ਼ਿਕਰ ਪਹਿਲਾਂ ਕਿਉਂ ਨਹੀਂ ਕੀਤਾ ਗਿਆ ਤੇ ਸੰਸਥਾਨ ਦੇ ਐੱਸਸੀ-ਐੱਸਟੀ ਸੈੱਲ ਨੂੰ ਇਸ ਦੀ ਸ਼ਿਕਾਇਤ ਕਿਉਂ ਨਹੀਂ ਕੀਤੀ ਗਈ? ਇਹ ਠੀਕ ਨਹੀਂ ਹੈ ਕਿ ਇਨ੍ਹਾਂ ਸਵਾਲਾਂ ਦਾ ਉੱਤਰ ਸਾਹਮਣੇ ਆਉਣ ਤੇ ਜਾਂਚ ਪੂਰੀ ਹੋਣ ਤੋਂ ਪਹਿਲਾਂ ਹੀ ਸਾਹਿਲ ਨੂੰ ਨਕਲ ਕਰਦਿਆਂ ਫੜਨ ਵਾਲੇ ਅਧਿਆਪਕ ਸੂਰਿਆਨਾਰਾਇਣ ਦੂੱਲਾ 'ਤੇ ਐੱਸਸੀਐੱਸਟੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਆਖਰ ਜਦੋਂ ਆਈਆਈਟੀ ਬੰਬੇ ਪ੍ਰਬੰਧ ਤੰਤਰ ਦੇ ਨਾਲ ਮੁੰਬਈ ਕ੍ਰਾਈਮ ਬ੍ਰਾਂਚ ਘਟਨਾ ਦੀ ਜਾਚ ਕਰ ਰਹੀ ਹੈ ਤੇ ਇਸ ਜਾਂਚ ਦੇ ਚਲਦਿਆਂ ਪ੍ਰੋਫੈਸਰ ਦੁੱਲਾ ਨੂੰ ਡੀਨ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ, ਉਦੋਂ ਫਿਰ ਇਸ ਨਤੀਜੇ 'ਤੇ ਪਹੁੰਚਣ ਦਾ ਕੀ ਕਾਰਨ ਹੈ ਕਿ ਸਾਹਿਲ ਨੂੰ ਪਰੇਸ਼ਾਨ ਕਰਨ ਦੇ ਨਾਲ ਖੁਦਕੁਸ਼ੀ ਕਰਨ ਲਈ ਵੀ ਮਜ਼ਬੂਰ ਕੀਤਾ ਗਿਆ? ਠੀਕ ਇਹੀ ਹੋਵੇਗਾ ਕਿ ਆਤਮਹੱਤਿਆ ਕਰਨ ਵਾਲੇ ਵਿਦਿਆਰਥੀ ਦੇ ਪਰਿਵਾਰ ਵਾਲੇ ਆਈਆਈਟੀ ਬੰਬੇ ਦੇ ਵਿਦਿਆਰਥੀ ਅਤੇ ਸਿਆਸੀ ਦਲ ਸਾਹਿਲ ਦੀ ਮੌਤ ਦੀ ਜਾਂਚ ਦੀ ਉਡੀਕ ਕਰਨ। ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਆਈਆਈਟੀ ਵਰਗੇ ਸੰਸਥਾਨ ਉਨ੍ਹਾਂ ਕਾਰਨਾਂ ਦੀ ਪਛਾਣ ਕਰਨ ਕੇ ਉਨ੍ਹਾਂ ਦਾ ਹੱਲ ਕਰਨ, ਜਿਨ੍ਹਾਂ ਦੇ ਕਾਰਨ ਵਿਦਿਆਰਥੀ ਇਸ ਤਰੀਕੇ ਨਾਲ ਖੁਦਕੁਸ਼ੀਆਂ ਕਰ ਰਹੇ ਹਨ। ਇਹ ਆਮ ਗੱਲ ਨਹੀਂ ਹੈ ਕਿ ਬੀਤੇ ਕੁਝ ਮਹੀਨਿਆਂ ਵਿਚ ਹੀ ਆਈਆਈਟੀ ਬੰਬੇ ਦੇ ਹੀ ਚਾਰ ਵਿਦਿਆਰਥੀ ਆਤਮਹੱਤਿਆ ਕਰ ਚੁੱਕੇ ਹਨ। ਅਜਿਹੇ ਹੀ ਮਾਮਲੇ ਹੋਰ ਆਈਆਈਟੀ ਵਿਚ ਵੀ ਦੇਖਣ ਨੂੰ ਮਿਲੇ ਹਨ। ਕਿਉਂਕਿ ਖੁਦਕੁਸ਼ੀ ਕਰਨ ਵਾਲੇ ਵਿਦਿਆਰਥੀ ਸਾਰੇ ਵਰਗਾਂ ਦੇ ਰਹੇ ਹਨ ਇਸ ਲਈ ਇਸ ਨਤੀਜੇ 'ਤੇ ਪਹੁੰਚਣਾ ਸਹੀ ਨਹੀਂ ਹੈ ਕਿ ਇਨ੍ਹਾਂ ਸੰਸਥਾਨਾਂ ਵਿਚ ਵਰਗ ਵਿਸ਼ੇਸ਼ ਦੇ ਵਿਦਿਆਰਥੀਆਂ ਦੇ ਪ੍ਰਤੀ ਭੇਦਭਾਵ ਹੁੰਦਾ ਹੈ ਪਰ ਇੰਨਾ ਤਾਂ ਹੈ ਹੀ ਕਿ ਵਿਦਿਆਰਥੀਆਂ ਨੂੰ ਤਣਾਅ ਮੁਕਤ ਵਾਤਾਵਰਨ ਦੇਣ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਆਈਆਈਟੀ ਦੇਸ਼ ਦੇ ਸਭ ਤੋਂ ਸਰਬੋਤਮ ਸੰਸਥਾਨ ਹਨ। ਇਨ੍ਹਾਂ ਵਿਚ ਪੜ੍ਹਾਈ ਦਾ ਪੱਧਰ ਤੇ ਨਾਲ ਹੀ ਮਾਹੌਲ ਅਜਿਹਾ ਹੋਣਾ ਚਾਹੀਦਾ ਹੈ ਜਿਸ ਨਾਲ ਕਿਸੇ ਵੀ ਵਿਦਿਆਰਥੀ ਨੂੰ ਖ਼ੁਦਕੁਸ਼ੀ ਨਾ ਕਰਨੀ ਪਵੇ। ਇਸ ਲਈ ਵਿਦਿਆਰਥੀ ਤੇ ਅਧਿਆਪਕ ਅਨੁਪਾਤ ਬਿਹਤਰ ਕਰਨ ਦੇ ਨਾਲ ਹੀ ਪੜ੍ਹਾਈ ਵਿਚ ਕਮਜ਼ੋਰ ਤੇ ਕਿਸੇ ਕਾਰਨ ਮਾਨਸਿਕ ਰੂਪ ਤੋਂ ਪਰੇਸ਼ਾਨ ਵਿਦਿਆਰਥੀ ਦੀ ਕੌਂਸਲਿੰਗ ਦੇ ਤੰਤਰ ਨੂੰ ਸੁਧਾਰਿਆ ਜਾਣਾ ਚਾਹੀਦਾ ਹੈ। ਕਿਉਂਕਿ ਇਸ ਵਿਚ ਕਿਤੇ ਨਾ ਕਿਤੇ ਘਾਟ ਨਜ਼ਰ ਆ ਰਹੀ ਹੈ।

# ਮੁਲਕ ਦਾ ਰਾਹ ਡੱਕਦੀ ਅਦਾਲਤੀ ਸੁਸਤੀ

ਸੁਪਰੀਮ ਕੋਰਟ ਤੋਂ ਲੈ ਕੇ ਹੇਠਲੀਆਂ ਅਦਾਲਤਾਂ ਵਿਚ ਪੈਂਡਿੰਗ ਮੁਕੱਦਮਿਆਂ ਦੀ ਸੰਖਿਆ ਦਾ ਬਿਓਰਾ ਗਾਹੇ-ਬਗਾਹੇ ਸਾਡੇ ਸਾਹਮਣੇ ਆਉਂਦਾ ਹੀ ਰਹਿੰਦਾ ਹੈ ਤੇ ਕਿਸੇ ਨਾ ਕਿਸੇ ਪੱਧਰ 'ਤੇ ਚਿੰਤਾ ਪ੍ਰਗਟ ਕਤੀ ਜਾਂਦੀ ਹੈ ਤੇ ਫਿਰ ਸਾਰਾ ਕੁਝ ਪਹਿਲਾਂ ਵਾਂਗ ਤੁਰਨ ਲੱਗਦਾ ਹੈ। ਦੇਖਣਾ ਹੈ ਕਿ ਹਾਲ ਹੀ ਵਿੱਚ ਆਈ ਇਕ ਰਿਪੋਰਟ 'ਤੇ ਦੇਸ਼ ਦੇ ਨੀਤੀ ਘਾੜਿਆਂ ਦੀ ਸਿਰਫ਼ ਪ੍ਰਤਿਕਿਰਿਆ ਹੀ ਆਉਂਦੀ ਹੈ ਜਾਂ ਫਿਰ ਸਥਿਤੀਆਂ ਵਿਚ ਸੁਧਾਰ ਲਈ ਕੋਈ ਸਖ਼ਤ ਕਦਮ ਵੀ ਚੁੱਕੇ ਜਾਂਦੇ ਹਨ? ਇਸ ਰਿਪੋਰਟ ਦੇ ਮੁਤਾਬਕ ਦੇਸ਼ ਦੇ ਹਾਈ ਕੋਰਟਾਂ ਵਿਚ ਪੈਂਡਿੰਗ ਮਾਮਲਿਆਂ ਦੀ ਸੰਖਿਆ 65 ਲੱਖ ਤੋਂ ਵੱਧ ਹੋ ਗਈ ਹੈ। ਹਾਈ ਕੋਰਟਾਂ ਵਿਚ ਇੰਨੀ ਵੱਡੀ ਸੰਖਿਆ ਵਿਚ ਮੁਕੱਦਮਿਆਂ ਦੇ ਪੈਂਡਿੰਗ ਹੋਣ ਦਾ ਮਤਲਬ ਹੈ ਕਿ ਸਾਡੀ ਨਿਆਇਕ ਪ੍ਰਣਾਲੀ ਦੇਸ਼ ਦੇ ਵਿਕਾਸ ਵਿਚ ਇਕ ਤਰੀਕੇ ਨਾਲ ਅੜਿੱਕਾ ਬਣ ਰਹੀ ਹੈ। ਇਹ ਸਾਰਿਆਂ ਦੇ ਧਿਆਨ ਵਿਚ ਹੋਣਾ ਚਾਹੀਦਾ ਹੈ ਕਿ ਕਿਸੇ ਵੀ ਦੇਸ਼ ਤੇ ਵਿਸ਼ੇਸ਼ ਰੂਪ ਨਾਲ ਵਿਕਾਸਸ਼ੀਲ ਦੇਸ਼ ਵਿਚ ਜੇਕਰ ਤੁਰੰਤ ਨਿਆਂ ਨਹੀਂ ਹੁੰਦਾ ਤਾਂ ਸਮਾਜਿਕ ਪੱਧਰ 'ਤੇ ਕੁੜਨ ਵਧੇਗੀ ਹੀ, ਨਿਯਮਾਂ ਕਾਨੂੰਨਾਂ ਦਾ ਸਮੇਂ 'ਤੇ ਸਹੀ ਤਰ੍ਹਾਂ ਨਾਲ ਪਾਲਨ ਵੀ ਨਹੀਂ ਹੋ ਸਕੇਗਾ। ਇਹ ਸਥਿਤੀ ਸਿਰਫ਼ ਜਨਤਾ ਨੂੰ ਨਿਰਾਸ਼ ਕਰਨ ਦਾ ਹੀ ਕੰਮ ਨਹੀਂ ਕਰਦੀ, ਸਗੋਂ ਆਰਥਿਕ ਵਿਕਾਸ ਵਿਚ ਰੋੜਾ ਵੀ ਬਣਦੀ ਹੈ। ਸਮੱਸਿਆ ਸਿਰਫ਼ ਇਹ ਨਹੀਂ ਹੈ ਕਿ ਹਾਈ ਕੋਰਟਾਂ ਵਿਚ ਵੱਡੀ ਗਿਣਤੀ ਵਿਚ ਮੁਕੱਦਮੇ ਪੈਂਡਿੰਗ ਹਨ, ਸਮੱਸਿਆ ਇਹ ਵੀ ਹੈ ਕਿ ਸੁਪਰੀਮ ਕੋਰਟ ਵਿਚ ਵੀ ਪੈਂਡਿੰਗ ਮਾਮਲਿਆਂ ਦੀ ਗਿਣਤੀ 'ਚ ਨਿਰੰਤਰ ਵਾਧਾ ਹੁੰਦਾ ਜਾ ਰਿਹਾ ਹੈ ਤੇ ਹੇਠਲੀਆਂ ਅਦਾਲਤਾਂ ਵਿਚ ਵੀ ਹਾਲਾਤ ਬੇਹੱਦ ਕਮਜ਼ੋਰ ਸਥਿਤੀ ਵਿਚ ਹਨ। ਇਕ ਹੋਰ ਵਿਡੰਬਨਾ ਇਹ ਵੀ ਹੈ ਕਿ ਐਨਸੀਐਲਟੀ ਤੇ ਟ੍ਰਿਬਿਊਨਲਾਂ ਵਿਚ ਵੀ ਪੈਂਡਿੰਗ ਮਾਮਲਿਆਂ ਦੀ ਗਿਣਤੀ 'ਚ ਵਾਧਾ ਹੋ ਰਿਹਾ ਹੈ। ਇਹ ਕਹਿਣਾ ਸਹੀ ਹੋਵੇਗਾ ਕਿ ਇਨ੍ਹਾਂ ਵਿਚ ਸਰਕਾਰ ਤੇ ਕੰਪਨੀਆਂ ਅਤੇ ਸ਼ੇਅਰਧਾਰਕਾਂ ਵਿਚਾਲੇ ਦੇ ਵਿਵਾਦਿਤ ਮਾਮਲੇ, ਜਿਸ ਤਰੀਕੇ ਨਾਲ ਉਲਝਦੇ ਤੇ ਪੈਂਡਿੰਗ ਹੁੰਦੇ ਜਾ ਰਹੇ ਹਨ, ਉਸ ਨਾਲ ਵੀ ਸਥਿਤੀਆਂ ਖ਼ਰਾਬ ਤੋਂ ਬੇਹੱਦ ਖ਼ਰਾਬ ਹੋਣ ਵੱਲ ਵੱਧਦੀਆਂ ਦਿਸ ਰਹੀਆਂ ਹਨ। ਕੁਲ ਮਿਲਾ ਕੇ ਨਿਆਂ ਦੇ ਕਿਸੇ ਵੀ ਮੰਚ 'ਤੇ ਸਮੇਂ 'ਤੇ ਇਨਸਾਫ਼ ਨਹੀਂ ਮਿਲਣਾ ਔਖਾ ਹੁੰਦਾ ਜਾ ਰਿਹਾ ਹੈ।




ਹਾਈ ਕੋਰਟ ਵਿਚ ਪੈਂਡਿੰਗ ਮਾਮਲਿਆਂ ਦੀ ਗਿਣਤੀ ਨੂੰ ਦੱਸਣ ਵਾਲੀ ਰਿਪੋਰਟ ਦੇ ਮੁਤਾਬਕ ਸੁਪਰੀਮ ਕੋਰਟ ਵਿਚ ਅਜਿਹੀਆਂ ਪਟੀਸ਼ਨਾਂ ਆਉਂਦੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿਚ ਹਾਈ ਕੋਰਟ ਨੂੰ ਮਾਮਲਿਆਂ ਦੇ ਬਿਨਾਂ ਦੇਰੀ ਨਿਪਟਾਰੇ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੁੰਦੀ ਹੈ। ਇਹ ਰਿਪੋਰਟ ਇਹ ਵੀ ਦੱਸਦੀ ਹੈ ਕਿ ਹਾਈ ਕੋਰਟ ਵਿਚ ਸਭ ਤੋਂ ਵੱਧ ਪੈਂਡਿੰਗ ਮਾਮਲੇ ਹਾਈ ਕੋਰਟ ਤੇ ਰਾਜਸਥਾਨ ਹਾਈ ਕੋਰਟ ਵਿਚ ਹਨ। ਕੁਝ ਅਜਿਹਾ ਹੀ ਹਾਲ ਮੁੰਬਈ, ਮਦਰਾਸ ਤੇ ਮੱਧ ਪ੍ਰਦੇਸ਼ ਹਾਈ ਕੋਰਟ ਸਮੇਤ ਹੋਰ ਕਈ ਹਾਈ ਕੋਰਟਾਂ ਦਾ ਹੈ। ਇਲਾਹਾਬਾਦ ਹਾਈ ਕੋਰਟ ਵਿਚ ਹਰੇਕ ਜੱਜ ਦੀ ਬੈਂਚ ਕੋਲ ਔਸਤਨ ਡੇਢ-ਦੋ ਸੌ ਮਾਮਲਿਆਂ ਦੀ ਸੁਣਵਾਈ ਹੋਣੀ ਹੁੰਦੀ ਹੈ ਪਰ ਪੈਂਡਿੰਗ ਮਾਮਲਿਆਂ ਦੀ ਵੱਡੀ ਗਿਣਤੀ ਇਸ ਵਿਚ ਸਮੱਸਿਆ ਬਣੀ ਹੋਈ ਹੈ। ਸੁਪਰੀਮ ਕੋਰਟ ਦੀ ਸਮੱਸਿਆ ਇਹ ਹੈ ਕਿ ਉਹ ਹਾਈ ਕੋਰਟਾਂ ਨੂੰ ਕਿਸੇ ਮਾਮਲੇ ਦੀ ਛੇਤੀ ਸੁਣਵਾਈ ਲਈ ਨਿਰਦੇਸ਼ ਨਹੀਂ ਦੇ ਸਕਦਾ। ਇਸ ਦਾ ਕਾਰਨ ਇਹ ਹੈ ਕਿ ਜੇਕਰ ਉਹ ਕੁਝ ਮਾਮਲਿਆਂ ਵਿਚ ਅਜਿਹਾ ਕਰੇਗਾ ਤਾਂ ਉਸ ਦੇ ਇੱਥੇ ਅਜਿਹੀਆਂ ਪਟੀਸ਼ਨਾਂ ਦੀ ਬਹੁਤਾਤ ਹੋ ਜਾਵੇਗੀ, ਜਿਨ੍ਹਾਂ ਵਿਚ ਮਾਮਲਿਆਂ ਦੇ ਛੇਤੀ ਨਿਪਟਾਰੇ ਦੀ ਮੰਗ ਕੀਤੀ ਗਈ ਹੋਵੇਗੀ।

ਚੰਗਾ ਇਹ ਹੋਵੇਗਾ ਕਿ ਸਾਡੇ ਨੀਤੀ ਘਾੜੇ ਇਹ ਸਮਝਣ ਕਿ ਵਰਤਮਾਨ ਨਿਆਇਕ ਪ੍ਰਣਾਲੀ ਆਮ ਜਨਤਾ ਤੋਂ ਲੈ ਕੇ ਕਾਰਪੋਰੇਟ ਜਗਤ ਤੇ ਇੱਥੋਂ ਤੱਕ ਕਿ ਸਾਸ਼ਨ ਪ੍ਰਸ਼ਾਸਨ ਦੀਆਂ ਉਮੀਦਾਂ 'ਤੇ ਖਰੀ ਨਹੀਂ ਉੱਤਰ ਰਹੀ ਹੈ। ਸਮੱਸਿਆ ਸਿਰਫ਼ ਇੰਨੀ ਹੀ

**ਸੰਜੇ ਗੁਪਤ**

ਨਹੀਂ ਹੈ ਕਿ ਜੱਜਾਂ ਦੀ ਘਾਟ ਹੈ। ਸਮੱਸਿਆ ਅਦਾਲਤਾਂ ਵਿਚ ਸਾਧਨਾਂ ਦੀ ਘਾਟ ਦੀ ਵੀ ਹੈ। ਇਕ ਹੋਰ ਸਮੱਸਿਆ ਨਿਆਇਕ ਢੰਗ ਤਰੀਕਿਆਂ ਦੀ ਵੀ ਹੈ। ਇਨ੍ਹਾਂ ਤਰੀਕਿਆਂ ਦੇ ਕਾਰਨ ਹੀ ਤਾਰੀਕਾਂ 'ਤੇ ਤਰੀਕਾਂ ਪੈਣ ਦਾ ਸਿਲਸਿਲਾ ਕਾਇਮ ਰਹਿੰਦਾ ਹੈ। ਇਸ ਸਮੱਸਿਆ ਦਾ ਹੱਲ ਤਦ ਤੱਕ ਨਹੀਂ ਹੋਵੇਗਾ, ਜਦੋਂ ਤੱਕ ਸਰਕਾਰ, ਜੱਜ ਅਤੇ ਵਕੀਲ ਉਸ ਦੇ ਹੱਲ ਲਈ ਆਪਸ ਵਿਚ ਮਿਲ ਕੇ ਸਰਗਰਮ ਨਹੀਂ ਹੁੰਦੇ। ਇਸ ਸਮੱਸਿਆ ਨੂੰ ਲੈ ਕੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੇ ਨਾਲ ਕਾਰਜਪਾਲਕਾ ਤੇ ਵਿਧਾਇਕਾਂ ਦੇ ਸਿਖਰਲੇ ਅਹੁਦਿਆਂ 'ਤੇ ਬੈਠੇ ਲੋਕ ਵੀ ਆਪਣੀ ਚਿੰਤਾ ਪ੍ਰਗਟਾ ਚੁੱਕੇ ਹਨ, ਪਰ ਦੇਸ਼ ਦੀ ਵਿਵਸਥਾ ਦੇ ਤਿੰਨਾ ਅੰਗਾਂ ਯਾਨੀ ਕਿ ਨਿਆਪਾਲਿਕਾ, ਕਾਰਜਪਾਲਿਕਾ ਤੇ ਵਿਧਾਨਪਾਲਿਕਾ ਵਿਚਾਲੇ ਸਮੱਸਿਆ ਦੇ ਹੱਲ 'ਤੇ ਸਹਿਮਤੀ ਨਹੀਂ ਬਣ ਪਾ ਰਹੀ ਹੈ। ਸਾਰਿਆਂ ਨੂੰ ਸਮੇਂ 'ਤੇ ਨਿਆ ਸਹੂਲਤ ਦੇਣ ਵਿਚ ਪੈਸੇ ਦੀ ਘਾਟ ਤੋਂ ਵੱਧ ਰਾਜਨੀਤਕ ਇੱਛਾ ਸ਼ਕਤੀ ਦੀ ਘਾਟ ਵੀ ਜ਼ਿੰਮੇਵਾਰ ਹੈ। ਜੇਕਰ ਨਿਆਪਾਲਿਕਾ ਤੇ ਕਾਰਜਪਾਲਕਾ ਸਮੇਂ 'ਤੇ ਨਿਆ ਦੇਣ ਦੇ ਉਪਾਅ ਨੂੰ ਲੈ ਕੇ ਸਹਿਮਤੀ ਨਹੀਂ ਕਾਇਮ ਕਰ ਪਾਉਂਦੀ ਤਾਂ ਨਿਆਇਕ ਤੰਤਰ ਵਿਚ ਸੁਧਾਰ ਹੋਣਾ ਮੁਸ਼ਕਲ ਹੈ। ਅੱਜ ਜਦੋਂ ਦੇਸ਼ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ ਤੇ ਮੋਦੀ ਸਰਕਾਰ ਨੇ ਭਾਰਤ ਨੂੰ 2047 ਤੱਕ ਵਿਕਸਿਤ ਰਾਸ਼ਟਰ ਬਣਾਉਣ ਦਾ ਇਕ ਟੀਚਾ ਬਣਾ ਕੇ ਰੱਖਿਆ ਹੋਇਆ ਹੈ, ਉਦੋਂ ਤੁਰੰਤ ਨਿਆ ਦੇਣ ਵਾਲੀ ਪ੍ਰਕਿਰਿਆ ਦਾ ਨਿਰਮਾਣ ਕੀਤਾ ਜਾਣਾ ਜ਼ਰੂਰੀ ਹੀ ਨਹੀਂ, ਬੇਹੱਦ ਜ਼ਰੂਰੀ ਹੋ ਗਿਆ ਹੈ। ਨਿਆ ਪ੍ਰਣਾਲੀ ਵਿਚ ਸੁਧਾਰ ਨੂੰ ਲੈ ਕੇ ਸਭ ਤੋਂ ਵੱਡੀ ਪਹਿਲ ਦਿੱਤੀ ਜਾਣੀ ਚਾਹੀਦੀ ਹੈ, ਕਿਉਂਕਿ ਅਜਿਹੇ ਪੈਂਡਿੰਗ ਮਾਮਲਿਆਂ ਦੀ ਸੰਖਿਆ ਵੀ ਵਧ ਰਹੀ ਹੈ, ਜੋ ਇਕ ਡੇਢ ਜਾਂ ਦੋ ਦਹਾਕਾ ਪੁਰਾਣੇ ਹਨ। ਕਈ ਮਾਮਲਿਆਂ ਵਿਚ ਇਹ ਸਾਹਮਣੇ ਆ ਚੁੱਕਾ ਹੈ ਕਿ ਲੋਕ ਬਿਨਾਂ ਦੋਸ਼ ਸਾਬਤ ਹੋਣ ਤੋਂ ਕਈ ਸਾਲਾਂ ਤੱਕ ਜੇਲ੍ਹ ਵਿਚ ਬੰਦ ਰਹਿੰਦੇ ਹਨ ਤੇ ਬਾਅਦ ਵਿਚ ਨਿਰਦੋਸ਼ ਸਾਬਤ ਹੁੰਦੇ ਹਨ। ਕੁਝ ਚਰਚਿਤ ਮਾਮਲੇ ਵੀ ਸਾਲਾਂ ਤੱਕ ਪੈਂਡਿੰਗ ਰਹਿੰਦੇ ਹਨ। ਉਨ੍ਹਾਂ ਦੇ ਹੱਲ ਵਿਚ ਦੇਰੀ ਦਾ ਮਾਮਲਾ ਚਰਚਾ ਵਿਚ ਆਉਂਦਾ ਰਹਿੰਦਾ ਹੈ ਪਰ ਫ਼ੈਸਲੇ ਦੇ ਅੰਤਮ ਰੂਪ ਦੀ ਕੋਈ ਸ਼ਕਲ ਨਜ਼ਰ ਨਹੀਂ ਆਉਂਦੀ। ਇਸ ਦਾ ਕੋਈ ਮਤਲਬ ਨਹੀਂ ਹੈ ਕਿ ਇਕ ਗੰਭੀਰ ਸਮੱਸਿਆ ਨੂੰ ਲੈ ਕੇ ਹਰ ਪੱਧਰ 'ਤੇ ਚਿੰਤਾ ਤਾਂ ਪ੍ਰਗਟਾਈ ਜਾਵੇ ਪਰ ਇਸ ਦਾ ਕੋਈ ਪੱਕਾ ਹੱਲ ਨਿਕਲਦਾ ਨਜ਼ਰ ਨਾ ਆਵੇ। ਇਹ ਇਕ ਤੱਥ ਹੈ ਕਿ ਪੈਂਡਿੰਗ ਮੁਕੱਦਮਿਆਂ ਦੇ ਬੋਝ ਨੂੰ ਲੈ ਕੇ ਚਿੰਤਾ ਪ੍ਰਗਟਾਉਣ ਦਾ ਸਿਲਸਿਲਾ ਪਿਛਲੇ ਲਗਪਗ ਦੋ ਦਹਾਕਿਆਂ ਤੋਂ ਕਾਇਮ ਹੈ ਪਰ ਨਤੀਜਾ ਠੀਕ ਉਸੇ ਤਰ੍ਹਾਂ ਹੈ ਜਿਵੇਂ ਸਰਪੰਚਾਂ ਦਾ ਕਿਹਾ ਸਿਰਮੱਥੇ, ਪਰਨਾਲਾ ਓਥੇ ਦਾ ਓਥੇ। ਇਹ ਸੱਚਾਈ ਚਿੰਤਤ ਕਰਨ ਵਾਲੀ ਹੈ ਕਿ ਸਾਰੀਆਂ ਅਦਾਲਤਾਂ ਤੇ ਟ੍ਰਿਬਿਊਨਲਾਂ ਵਿਚ ਪੈਂਡਿੰਗ ਮੁਕੱਮਿਆਂ ਦੀ ਗਿਣਤੀ ਵਧਦੇ ਵਧਦੇ ਪੰਜ ਕਰੋੜ ਦੇ ਅੰਕੜੇ ਨੂੰ ਪਾਰ ਕਰ ਗਈ ਹੈ। ਜੇਕਰ ਕਿਸੇ ਮਾਮਲੇ ਨਾਲ ਪੰਜ ਲੋਕ ਵੀ ਜੁੜੇ ਹੋਣ ਤਾਂ ਇਸ ਦਾ ਮਤਲਬ ਹੈ ਕਿ ਲਗਪਗ 25 ਕਰੋੜ ਲੋਕ ਮੁਕੱਦਮੇਬਾਜ਼ੀ ਵਿਚ ਫਸੇ ਹੋਏ ਹਨ। ਤੱਥ ਇਹ ਵੀ ਹੈ ਕਿ ਤਮਾਮ ਪੈਂਡਿੰਗ ਮਾਮਲਿਆਂ ਤੇ ਖ਼ਾਸਕਰ ਟ੍ਰਿਬਿਊਨਲਾਂ ਵਿਚ ਪੈਂਡਿੰਗ ਮਾਮਲਿਆਂ ਵਿਚ ਲੱਖਾਂ ਕਰੋੜ ਰੁਪਏ ਦੀ ਰਾਸ਼ੀ ਵੀ ਫਸੀ ਹੋਈ ਹੈ। ਦੇਸ਼ ਤੇ ਸਮਾਜ ਦੇ ਹਿੱਤ ਵਿਚ ਨਿਆਪਾਲਿਕਾ ਤੇ ਕਾਰਜਪਾਲਿਕਾ ਨੂੰ ਮਿਲ ਕੇ ਬਿਨਾਂ ਕਿਸੇ ਦੇਰੀ ਦੇ ਕੋਈ ਸਖ਼ਤ ਰਾਹ ਲੱਭਣਾ ਹੋਵੇਗਾ, ਜਿਸ ਵਿਚ ਪੈਂਡਿੰਗ ਮੁਕੱਦਮੇ ਬਿਨਾਂ ਦੇਰੀ ਤੋਂ ਨਿਪਟਾਏ ਜਾ ਸਕਣ। ਮੁਕੱਦਮਿਆਂ ਨੂੰ ਇਕ ਤੈਅ ਸਮਾਂ ਹੱਦ ਵਿਚ ਹੱਲ ਕਰਨ ਦੀ ਕਿਸੇ ਵਿਵਸਥਾ ਦਾ ਨਿਰਮਾਣ ਅੱਜ ਦੀ ਫ਼ੌਰੀ ਲੋੜ ਬਣ ਗਈ ਹੈ। ਇਹ ਸਮਝਿਆ ਜਾਣਾ ਚਾਹੀਦਾ ਹੈ ਕਿ ਜੇਕਰ ਨਿਆ ਮਿਲਣ ਵਿਚ ਦੇਰੀ ਦਾ ਸਿਲਸਿਲਾ ਕਾਇਮ ਰਹਿੰਦਾ ਹੈ ਤਾਂ ਇਸ ਨਾਲ ਹਰ ਪੱਧਰ 'ਤੇ ਸਮੱਸਿਆਵਾਂ ਵਧਣਗੀਆਂ ਤੇ ਉਹ ਦੇਸ਼ ਦਾ ਰਾਹ ਰੋਕ ਕੇ ਭਾਰਤ ਦੇ ਵਿਕਸਤ ਰਾਸ਼ਟਰ ਬਣਨ ਵਿਚ ਅੜਿੱਕੇ ਪੈਦਾ ਕਰਨਗੀਆਂ।

# ਤਕਲੀਫ਼ ਤੋਂ ਤਜਰਬਾ ਬਣਿਆ ਤਬਾਦਲਾ




'ਜ਼ਿੰਦਗੀ ਮੇਂ ਗ਼ਮ ਹੈ, ਗ਼ਮ ਮੇਂ ਦਰਦ ਹੈ, ਦਰਦ ਮੇਂ ਮਜ਼ਾ ਹੈ, ਔਰ ਮਜ਼ੇ ਮੇਂ ਹਮ ਹੈਂ।' ਇਹ ਜੁਮਲਾ ਮਿਰਜ਼ਾ ਗ਼ਾਲਿਬ ਨਾਲ ਜੋੜਿਆ ਜਾਂਦਾ ਹੈ। ਪਹਿਲੀ ਵਾਰ ਜਦੋਂ ਮੈਂ ਫ਼ਾਜ਼ਿਲਕਾ ਤਬਾਦਲੇ ਦੀ ਖ਼ਬਰ ਸੁਣੀ ਤਾਂ ਇਹ ਜੁਮਲਾ ਸ਼ਾਇਦ ਮੇਰੇ ਮਨ ਦੇ ਹਾਲਾਤ ਨਾਲ ਬਿਲਕੁਲ ਉਲਟ ਸੀ। ਦੂਰਲਾ ਜ਼ਿਲ੍ਹਾ, ਘਰ ਤੋਂ ਲੰਮੀ ਦੂਰੀ, ਨਵੀਂ ਥਾਂ, ਨਵਾਂ ਮਾਹੌਲ-ਦਿਲ ਨੇ ਇਸ ਤਬਾਦਲੇ ਨੂੰ ਖ਼ੁਸ਼ੀ ਨਾਲ ਨਹੀਂ, ਇਕ ਬੋਝ ਵਾਂਗ ਲਿਆ। ਇਕ ਵਕਤ ਤਾਂ ਇਹ ਵੀ ਸੋਚਿਆ ਕਿ ਨੌਕਰੀ ਹੀ ਛੱਡ ਦਿੱਤੀ ਜਾਵੇ ਪਰ ਜ਼ਿੰਦਗੀ ਦੀ ਖ਼ੂਬਸੂਰਤੀ ਵੀ ਸ਼ਾਇਦ ਇਹੀ ਹੈ ਕਿ ਜਿਹੜੀਆਂ ਰਾਹਾਂ ਤੋਂ ਅਸੀਂ ਪਹਿਲਾਂ ਕਤਰਾਉਂਦੇ ਹਾਂ, ਕਈ ਵਾਰ ਉਹੀ ਰਾਹ ਸਾਨੂੰ ਅਜਿਹੇ ਲੋਕਾਂ, ਥਾਵਾਂ ਤੇ ਇਤਿਹਾਸ ਨਾਲ ਮਿਲਾ ਦਿੰਦੇ ਹਨ, ਜਿਨ੍ਹਾਂ ਦੀ ਕਲਪਨਾ ਵੀ ਨਹੀਂ ਕੀਤੀ ਹੁੰਦੀ। ਫ਼ਾਜ਼ਿਲਕਾ ਆਇਆ ਤਾਂ ਅਬੋਹਰ ਮੇਰੀ ਡਿਊਟੀ ਦਾ ਇਕ ਅਹਿਮ ਪੜਾਅ ਬਣ ਗਿਆ। ਪ੍ਰਸ਼ਾਸਕੀ ਕੰਮਕਾਜ ਤੇ ਪੱਤਰਕਾਰ ਵਜੋਂ ਸਰਗਰਮੀਆਂ ਕਰ ਕੇ ਇਸ ਸ਼ਹਿਰ ਦੇ ਗੇੜੇ ਵਾਰ-ਵਾਰ ਲੱਗਣ ਲੱਗੇ। ਹੌਲੀ-ਹੌਲੀ ਜਿਸ ਦੂਰੀ ਨੂੰ ਪਹਿਲਾਂ 'ਦੂਰਲਾ ਇਲਾਕਾ' ਸਮਝਦਾ ਸਾਂ, ਉਸੇ ਧਰਤੀ ਦੀ ਮਿੱਟੀ 'ਚ ਕੋਈ ਪੁਰਾਣੀ ਜਾਣ-ਪਛਾਣ ਜਿਹੀ ਮਹਿਸੂਸ ਹੋਣ ਲੱਗੀ। ਅਬੋਹਰ ਹੁਣ ਮੇਰੇ ਲਈ ਸਿਰਫ਼ ਫ਼ਾਜ਼ਿਲਕਾ ਜ਼ਿਲ੍ਹੇ ਦਾ ਇਕ ਮਹੱਤਵਪੂਰਨ ਸ਼ਹਿਰ ਨਹੀਂ ਰਿਹਾ; ਇਹ ਇਕ ਅਜਿਹਾ ਸਫ਼ਾ ਬਣ ਗਿਆ, ਜਿਸ ਨੂੰ ਜਿੰਨੀ ਵਾਰ ਪੜ੍ਹੋ, ਹਰ ਵਾਰ ਇਤਿਹਾਸ ਦੀ ਕੋਈ ਨਵੀਂ ਇਬਾਰਤ ਸਾਹਮਣੇ ਆ ਜਾਂਦੀ ਹੈ। ਇਹ ਮੇਰਾ ਸਰਕਾਰੀ ਸੇਵਾ 'ਚ ਨੌਵਾਂ ਜ਼ਿਲ੍ਹਾ ਹੈ। ਕਰੀਬ ਨੌਂ ਸਾਲਾਂ ਦੀ ਸਰਕਾਰੀ ਸੇਵਾ ਅਤੇ ਇਸ ਤੋਂ ਪਹਿਲਾਂ ਪੰਜਾਬ 'ਚ 17 ਸਾਲ ਪੱਤਰਕਾਰੀ ਦੇ ਤਜਰਬੇ ਨੇ ਮੈਨੂੰ ਪੰਜਾਬ ਦੇ ਕਈ ਰੰਗ ਨੇੜਿਓਂ ਵੇਖਣ ਦਾ ਮੌਕਾ ਦਿੱਤਾ ਹੈ ਪਰ ਅਬੋਹਰ ਨੇ ਇਕ ਵੱਖਰੀ ਕਿਸਮ ਦੀ ਉਤਸੁਕਤਾ ਜਗਾਈ-ਇਹ ਜਾਣਨ ਦੀ ਕਿ ਜਿਸ ਸ਼ਹਿਰ ਦੀਆਂ ਸੜਕਾਂ 'ਤੇ ਅੱਜ ਅਸੀਂ ਰੋਜ਼ਾਨਾ ਦੀ ਜ਼ਿੰਦਗੀ 'ਚੋਂ ਲੰਘ ਜਾਂਦੇ ਹਾਂ, ਉੱਥੋਂ ਸਦੀਆਂ ਪਹਿਲਾਂ ਇਕ ਅਜਿਹਾ ਮੁਸਾਫ਼ਰ ਵੀ ਲੰਘਿਆ ਸੀ, ਜਿਸ ਨੇ ਅੱਧੀ ਦੁਨੀਆ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਉਸ ਦਾ ਨਾਂ ਸੀ-ਇਬਨ ਬਤੂਤਾ। ਮੋਰੱਕੋ ਦੇ ਤਾਨਜੀਅਰ ਤੋਂ ਨਿਕਲਿਆ ਇਹ ਮਹਾਨ ਮੁਸਾਫ਼ਰ ਤਕਰੀਬਨ ਤਿੰਨ ਦਹਾਕਿਆਂ ਤੱਕ ਦੁਨੀਆ ਦੇ ਵੱਖ-ਵੱਖ

**ਗੁਰਦੀਪ ਸਿੰਘ ਮਾਨ**

ਹਿੱਸਿਆਂ 'ਚ ਘੁੰਮਦਾ ਰਿਹਾ। ਉਸ ਦੀ ਯਾਤਰਾ-ਕਥਾ ਰਿਹਲਾਮੱਧਕਾਲੀਨ ਦੁਨੀਆ ਨੂੰ ਸਮਝਣ ਲਈ ਇਕ ਅਨਮੋਲ ਦਸਤਾਵੇਜ਼ ਹੈ। ਭਾਰਤ ਦੀ ਧਰਤੀ 'ਤੇ ਪਹੁੰਚਣ ਤੋਂ ਬਾਅਦ ਉਸ ਦਾ ਰਸਤਾ ਮੁਲਤਾਨ ਤੋਂ ਦਿੱਲੀ ਵੱਲ ਸੀ ਅਤੇ ਇੱਥੇ ਆ ਕੇ ਅਬੋਹਰ ਇਤਿਹਾਸ ਦੇ ਪੰਨਿਆਂ 'ਚ ਅਚਾਨਕ ਚਮਕ ਪੈਂਦਾ ਹੈ। ਇਬਨ ਬਤੂਤਾ ਲਿਖਦਾ ਹੈ ਕਿ ਮੁਲਤਾਨ ਤੋਂ ਨਿਕਲਣ ਉਪਰੰਤ ਉਹ ਜਿਸ ਪਹਿਲੇ ਸ਼ਹਿਰ 'ਚ ਪਹੁੰਚਿਆ, ਉਹ 'ਅਬੂਹਰ' ਸੀ ਅਤੇ ਇਹ ਭਾਰਤ ਦੀ ਅਸਲ ਧਰਤੀ ਦਾ ਪਹਿਲਾ ਸ਼ਹਿਰ ਸੀ। ਇਹ ਇਕ ਸਧਾਰਨ ਜਿਹਾ ਵਾਕ ਨਹੀਂ। ਇਸ ਦੇ ਪਿੱਛੇ ਉਸ ਸਮੇਂ ਦੀ ਭੂਗੋਲਿਕ ਅਤੇ ਸਿਆਸੀ ਹਕੀਕਤ ਲੁਕੀ ਹੋਈ ਹੈ। ਅੱਜ ਜਿੱਥੇ ਪੰਜਾਬ-ਹਰਿਆਣਾ ਦੀ ਹੱਦ, ਜ਼ਿਲ੍ਹਿਆਂ ਤੇ ਸੂਬਿਆਂ ਦੀਆਂ ਰੇਖਾਵਾਂ ਹਨ, ਉੱਥੇ ਚੌਦ੍ਹਵੀਂ ਸਦੀ 'ਚ ਰਾਹਾਂ ਦੀ ਪਛਾਣ ਦਰਿਆਵਾਂ, ਰੇਗਿਸਤਾਨਾਂ, ਕਿਲ੍ਹਿਆਂ ਅਤੇ ਵਸੋਂ ਦੇ ਪੜਾਵਾਂ ਨਾਲ ਹੁੰਦੀ ਸੀ। ਮੁਲਤਾਨ ਤੋਂ ਦਿੱਲੀ ਨੂੰ ਜਾਂਦੇ ਪ੍ਰਾਚੀਨ ਰਸਤੇ ਉੱਤੇ ਅਬੋਹਰ ਇਕ ਮਹੱਤਵਪੂਰਨ ਪੜਾਅ ਸੀ। ਇਤਿਹਾਸਕ ਸਰੋਤ ਵੀ ਇਸ ਨੂੰ ਉਸ ਪੁਰਾਣੇ ਰਸਤੇ ਨਾਲ ਜੋੜਦੇ ਹਨ ਪਰ ਇਬਨ ਬਤੂਤਾ ਨੇ ਸਿਰਫ਼ ਅਬੋਹਰ ਦਾ ਨਾਂ ਨਹੀਂ ਲਿਆ। ਉਸ ਦੀ ਨਿਗ੍ਹਾ ਇਕ ਪੱਤਰਕਾਰ ਦੀ ਨਿਗ੍ਹਾ ਵਰਗੀ ਸੀ-ਜਿੱਥੇ ਜਾਂਦਾ, ਕੁਝ ਨਾ ਕੁਝ ਦਰਜ ਕਰਦਾ। ਉਸ ਨੇ ਅਬੋਹਰ ਨੂੰ ਛੋਟਾ ਪਰ ਸੁੰਦਰ, ਵੱਸਿਆ-ਵਸਾਇਆ ਅਤੇ ਪਾਣੀ ਦੀਆਂ ਧਾਰਾਂ ਤੇ ਰੁੱਖਾਂ ਨਾਲ ਭਰਪੂਰ ਥਾਂ ਵਜੋਂ ਦਰਸਾਇਆ।

ਇੱਥੇ ਮੈਨੂੰ ਇਕ ਅਜੀਬ ਜਿਹੀ ਗੱਲ ਮਹਿਸੂਸ ਹੁੰਦੀ ਹੈ। ਅੱਜ ਅਬੋਹਰ ਦਾ ਜ਼ਿਕਰ ਆਉਂਦੇ ਹੀ ਸਾਡੇ ਮਨ 'ਚ ਕਿੰਨੂਆਂ ਦੇ ਬਾਗ਼, ਰੇਤਲੀ ਹਵਾ, ਖੁੱਲ੍ਹੇ ਮੈਦਾਨ ਤੇ ਸਰਹੱਦੀ ਪੰਜਾਬ ਦਾ ਰੰਗ ਉੱਭਰਦਾ ਹੈ ਪਰ ਕਰੀਬ ਸੱਤ ਸਦੀਆਂ ਪਹਿਲਾਂ ਇਕ ਦੂਰ ਦੇਸ਼ ਤੋਂ ਆਇਆ ਮੁਸਾਫ਼ਰ ਇਸ ਧਰਤੀ ਨੂੰ ਪਾਣੀ ਅਤੇ ਰੁੱਖਾਂ ਨਾਲ ਭਰਪੂਰ ਵੇਖ ਰਿਹਾ ਸੀ। ਉਸ ਦੀ ਦਿਲਚਸਪੀ ਇੱਥੋਂ ਦੀ ਬਨਸਪਤੀ 'ਚ ਵੀ ਸੀ। ਉਸ ਨੇ ਭਾਰਤ ਦੇ ਰੁੱਖਾਂ ਤੇ ਫਲਾਂ ਦੀ ਤੁਲਨਾ ਆਪਣੇ ਦੇਸ਼ ਦੇ ਰੁੱਖਾਂ ਨਾਲ ਕੀਤੀ। ਅੰਗੂਰ, ਅਨਾਰ ਅਤੇ ਹੋਰ ਫਲਾਂ ਦਾ ਜ਼ਿਕਰ ਕਰਦਿਆਂ ਉਸ ਨੇ ਭਾਰਤ ਦੀ ਖ਼ੁਰਾਕੀ ਤੇ ਕੁਦਰਤੀ ਵਿਭਿੰਨਤਾ ਨੂੰ ਆਪਣੀ ਯਾਤਰਾ-ਕਥਾ 'ਚ ਥਾਂ ਦਿੱਤੀ। ਇਕ ਹੋਰ ਪੁਰਾਣੇ ਅਨੁਵਾਦ 'ਚ ਅਬੋਹਰ ਦੀ ਵਸੋਂ, ਪਾਣੀ ਅਤੇ ਬਾਗ਼ਾਂ ਦਾ ਜ਼ਿਕਰ ਬੜੇ ਮਨਮੋਹਕ ਢੰਗ ਨਾਲ ਆਉਂਦਾ ਹੈ। ਅਬੋਹਰ ਤੋਂ ਅੱਗੇ ਦਾ ਸਫ਼ਰ ਹਾਲਾਂਕਿ ਇੰਨਾ ਸੁਹਾਵਣਾ ਨਹੀਂ ਸੀ। ਇਬਨ ਬਤੂਤਾ ਦੱਸਦਾ ਹੈ ਕਿ ਸ਼ਹਿਰ ਤੋਂ ਅੱਗੇ ਇਕ ਅਜਿਹਾ ਵਿਸ਼ਾਲ ਮੈਦਾਨ ਆਇਆ, ਜੋ ਲਗਭਗ ਇਕ ਦਿਨ ਦੀ ਯਾਤਰਾ 'ਚ ਪਾਰ ਹੁੰਦਾ ਸੀ। ਇਸ ਦੇ ਕੰਢਿਆਂ 'ਤੇ ਪਹਾੜ ਸਨ ਤੇ ਉੱਥੇ ਅਜਿਹੇ ਹਥਿਆਰਬੰਦ ਟੋਲੇ ਰਹਿੰਦੇ ਸਨ, ਜੋ ਰਾਹਗੀਰਾਂ 'ਤੇ ਹਮਲੇ ਕਰਦੇ ਸਨ। ਅਬੋਹਰ ਛੱਡਣ ਤੋਂ ਬਾਅਦ ਉਸ ਦੇ ਛੋਟੇ ਜਿਹੇ ਕਾਫ਼ਲੇ 'ਤੇ ਵੀ ਹਮਲਾ ਹੋਇਆ। ਉਹ ਲਿਖਦਾ ਹੈ ਕਿ ਇਹ ਭਾਰਤ 'ਚ ਉਸ ਵੱਲੋਂ ਵੇਖੀ ਪਹਿਲੀ ਝੜਪ ਸੀ। ਉਸ ਵੇਲੇ ਉਸ ਦੇ ਨਾਲ ਕੇਵਲ 22 ਘੋੜ ਸਵਾਰ ਸਨ, ਜਿਨ੍ਹਾਂ 'ਚ ਅਰਬੀ, ਫ਼ਾਰਸੀ ਅਤੇ ਤੁਰਕੀ ਸਾਥੀ ਵੀ ਸ਼ਾਮਲ ਸਨ।

ਕਿੰਨਾ ਅਜੀਬ ਦ੍ਰਿਸ਼ ਹੋਵੇਗਾ-ਇਕ ਪਾਸੇ ਅਬੋਹਰ ਦੀ ਹਰਿਆਵਲ, ਪਾਣੀ ਤੇ ਰੁੱਖ; ਦੂਜੇ ਪਾਸੇ ਸ਼ਹਿਰ ਤੋਂ ਬਾਹਰ ਨਿਕਲਦਿਆਂ ਹੀ ਖ਼ਤਰੇ ਨਾਲ ਭਰਿਆ ਰਸਤਾ। ਇਹੀ ਤਾਂ ਇਤਿਹਾਸ ਦੀ ਖ਼ੂਬਸੂਰਤੀ ਹੈ। ਉਹ ਕਿਸੇ ਇਕ ਰੰਗ 'ਚ ਨਹੀਂ ਹੁੰਦਾ। ਉਸ 'ਚ ਖ਼ੁਸ਼ਬੂ ਵੀ ਹੁੰਦੀ ਹੈ, ਖ਼ੌਫ਼ ਵੀ; ਬਾਗ਼ ਵੀ ਹੁੰਦੇ ਹਨ, ਬਿਆਬਾਨ ਵੀ; ਮੇਲੇ ਵੀ ਹੁੰਦੇ ਹਨ ਤੇ ਮੈਦਾਨ-ਏ-ਜੰਗ ਵੀ। ਅਬੋਹਰ ਤੋਂ ਅੱਗੇ ਇਬਨ ਬਤੂਤਾ ਦਾ ਰਸਤਾ ਅਜੋਧਨ-ਅੱਜ ਦਾ ਪਾਕਪਟਨ-ਫਿਰ ਸਰਸਤੀ, ਹਿਸਾਰ ਦੇ ਇਲਾਕੇ ਅਤੇ ਆਖ਼ਿਰ ਦਿੱਲੀ ਵੱਲ ਜਾਂਦਾ ਹੈ। ਇਸ ਤਰ੍ਹਾਂ ਅਬੋਹਰ ਉਸ ਲੰਮੇ ਸਫ਼ਰ ਦਾ ਸਿਰਫ਼ ਇਕ ਪੜਾਅ ਨਹੀਂ ਸੀ; ਇਹ ਉਸ ਲਈ ਹਿੰਦੁਸਤਾਨ 'ਚ ਦਾਖ਼ਲੇ ਦੀ ਇਕ ਮਹੱਤਵਪੂਰਨ ਨਿਸ਼ਾਨੀ ਸੀ।

ਅੱਜ ਜਦੋਂ ਮੈਂ ਸਰਕਾਰੀ ਕੰਮ ਲਈ ਅਬੋਹਰ ਦੀ ਕਿਸੇ ਸੜਕ 'ਤੇ ਖੜ੍ਹਾ ਹੁੰਦਾ ਹਾਂ ਤਾਂ ਕਈ ਵਾਰ ਮਨ 'ਚ ਇਹ ਖ਼ਿਆਲ ਆਉਂਦਾ ਹੈ-ਇਨ੍ਹਾਂ ਹੀ ਰਾਹਾਂ ਦੇ ਕਿਸੇ ਰੂਪ 'ਤੇ ਸਦੀਆਂ ਪਹਿਲਾਂ ਇਕ ਮੁਸਾਫ਼ਰ ਆਪਣੇ ਘੋੜੇ 'ਤੇ ਸਵਾਰ ਹੋ ਕੇ ਲੰਘਿਆ ਹੋਵੇਗਾ। ਅਸੀਂ ਸੋਚਦੇ ਹਾਂ ਕਿ ਅਸੀਂ ਥਾਂ ਬਦਲ ਰਹੇ ਹਾਂ; ਅਸਲ 'ਚ ਕਈ ਵਾਰ ਥਾਂ ਸਾਨੂੰ ਬਦਲ ਰਹੀ ਹੁੰਦੀ ਹੈ। ਫ਼ਾਜ਼ਿਲਕਾ ਆਉਂਦਿਆਂ ਮਨ 'ਚ ਜੋ ਗਿਲਾ ਸੀ, ਅੱਜ ਉਸ ਦੀ ਥਾਂ ਇਕ ਅਜੀਬ ਜਿਹੀ ਰੁਚੀ ਨੇ ਲੈ ਲਈ ਹੈ। ਸ਼ਾਇਦ ਮੇਰੇ ਲਈ ਫ਼ਾਜ਼ਿਲਕਾ ਦਾ ਤਬਾਦਲਾ ਇਹੀ ਸਬਕ ਲੈ ਕੇ ਆਇਆ-ਜਿਹੜੀ ਥਾਂ ਪਹਿਲੀ ਨਜ਼ਰ 'ਚ ਸਿਰਫ਼ ਮੰਜ਼ਿਲ-ਏ-ਮਜਬੂਰੀ ਲੱਗੇ, ਹੋ ਸਕਦਾ ਹੈ, ਉਹੀ ਥਾਂ ਬਾਅਦ 'ਚ ਯਾਦਾਂ ਦੀ ਖ਼ੂਬਸੂਰਤ ਮੰਜ਼ਿਲ ਬਣ ਜਾਵੇ। ਅਬੋਹਰ ਨੂੰ ਸਦੀਆਂ ਪਹਿਲਾਂ ਇਕ ਮੁਸਾਫ਼ਰ ਨੇ ਹਿੰਦੁਸਤਾਨ ਦੀ ਪਹਿਲੀ ਝਲਕ ਵਜੋਂ ਵੇਖਿਆ ਸੀ ਤੇ ਅੱਜ, ਉਸੇ ਸ਼ਹਿਰ 'ਚੋਂ ਲੰਘਦਿਆਂ, ਮੈਂ ਆਪਣੇ ਹੀ ਪੰਜਾਬ ਨੂੰ ਨਵੀਂ ਨਿਗ੍ਹਾ ਨਾਲ ਵੇਖਣਾ ਸਿੱਖ ਰਿਹਾ ਹਾਂ।

# ਅਮਰੀਕੀ ਧੌਂਸ ਅੱਗੇ ਨਹੀਂ ਝੁਕੇਗਾ ਭਾਰਤ

ਅਜੈ ਮਲਹੋਤਰਾ

ਅਮਰੀਕੀ ਪ੍ਰਤੀਨਿਧ ਸਦਨ (ਹਾਊਸ ਆਫ ਰਿਪ੍ਰਜ਼ੈਂਟੇਟਿਵਜ਼) ਨੇ 16 ਸਤੰਬਰ ਨੂੰ 159 ਦੇ ਮੁਕਾਬਲੇ 262 ਵੋਟਾਂ ਨਾਲ 'ਲਿੰਡਸੇ ਓ. ਗ੍ਰਾਹਮ ਸੈਂਕਸ਼ਨਿੰਗ ਰਸ਼ੀਆ ਐਂਡ ਇਰਾਨ ਐਕਟ-2026' ਪਾਸ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਸੈਨੇਟ ਵੀ ਇਸ ਨੂੰ 11 ਦੇ ਮੁਕਾਬਲੇ 86 ਵੋਟਾਂ ਨਾਲ ਮਨਜ਼ੂਰੀ ਦੇ ਚੁੱਕੀ ਹੈ। ਹੁਣ ਇਹ ਬਿੱਲ ਡੋਨਲਡ ਟਰੰਪ ਕੋਲ ਜਾਵੇਗਾ, ਜਿਸ ਤਹਿਤ ਰਾਸ਼ਟਰਪਤੀ ਨੂੰ ਉਨ੍ਹਾਂ ਦੇਸ਼ਾਂ 'ਤੇ 100 ਫ਼ੀਸਦੀ ਤੱਕ ਦੀ ਭਾਰੀ ਦਰਾਮਦ ਡਿਊਟੀ (ਟੈਰਿਫ਼) ਲਗਾਉਣ ਦਾ ਅਧਿਕਾਰ ਮਿਲ ਜਾਵੇਗਾ, ਜੋ ਰੂਸ ਤੋਂ ਲਗਾਤਾਰ ਵੱਡੀ ਮਾਤਰਾ ਵਿੱਚ ਕੱਚਾ ਤੇਲ ਜਾਂ ਕੁਦਰਤੀ ਗੈਸ ਖ਼ਰੀਦ ਰਹੇ ਹਨ। ਰੂਸੀ ਤੇਲ ਦੇ ਵੱਡੇ ਖ਼ਰੀਦਦਾਰ ਹੋਣ ਵਜੋਂ ਭਾਰਤ ਸਿੱਧਾ ਇਸ ਦੇ ਨਿਸ਼ਾਨੇ 'ਤੇ ਹੈ। ਇਹ ਬਿੱਲ ਪਾਸ ਹੋਣ ਮਗਰੋਂ ਸੈਨੇਟਰ ਰਿਚਰਡ ਬਲੂਮੈਂਥਲ ਨੇ ਧੌਂਸ ਜਮਾਉਂਦਿਆਂ ਆਖਿਆ ਸੀ, "ਚੀਨ ਅਤੇ ਭਾਰਤ, ਤੁਸੀਂ ਆਪਣਾ ਤੇਲ ਤੇ ਗੈਸ ਕਿਸੇ ਹੋਰ ਪਾਸਿਉਂ ਖ਼ਰੀਦ ਲਵੋ।"ਉਹ ਸ਼ਾਇਦ ਭੁੱਲ ਗਏ ਸਨ ਕਿ ਭਾਰਤ ਸਿਰਫ਼ ਸੰਯੁਕਤ ਰਾਸ਼ਟਰ (ਯੂ ਐੱਨ) ਵੱਲੋਂ ਲਗਾਈਆਂ ਗਈਆਂ ਪਾਬੰਦੀਆਂ ਨੂੰ ਹੀ ਮੰਨਦਾ ਹੈ, ਕਿਸੇ ਵੱਲੋਂ ਇਕਪਾਸੜ ਤਰੀਕੇ ਨਾਲ ਥੋਪੇ ਗਏ ਦਾਬਿਆਂ ਨੂੰ ਨਹੀਂ।

ਨਵੇਂ ਕਾਨੂੰਨ ਦੀ ਧਾਰਾ 113 ਤਹਿਤ ਪਿਛਲੇ 12 ਮਹੀਨਿਆਂ ਦੇ ਅੰਕੜਿਆਂ ਦੇ ਆਧਾਰ 'ਤੇ ਰੂਸੀ ਕੱਚੇ ਤੇਲ ਜਾਂ ਕੁਦਰਤੀ ਗੈਸ ਦੇ ਪੰਜ ਸਭ ਤੋਂ ਵੱਡੇ ਦਰਾਮਦਕਾਰਾਂ ਅਤੇ ਪਾਬੰਦੀਆਂ ਤੋਂ ਬਚਣ ਵਿੱਚ ਮਦਦ ਕਰਨ ਵਾਲੇ ਚੋਟੀ ਦੇ ਪੰਜ ਦੇਸ਼ਾਂ 'ਤੇ ਇਹ ਟੈਰਿਫ਼ ਲਗਾਏ ਜਾ ਸਕਦੇ ਹਨ। ਰੂਸੀ ਕੁਦਰਤੀ ਗੈਸ ਲਈ ਇੱਕ ਸੀਮਿਤ ਛੋਟ ਜ਼ਰੂਰ ਰੱਖੀ ਗਈ ਹੈ, ਜਿੱਥੇ ਦਰਾਮਦ ਰੂਸ ਦੇ ਕੁੱਲ ਸਾਲਾਨਾ ਨਿਰਯਾਤ ਦੇ 15 ਫ਼ੀਸਦੀ ਤੋਂ ਘੱਟ ਹੋਵੇ ਅਤੇ ਸਬੰਧਿਤ ਦੇਸ਼ ਇਸ ਨੂੰ ਘਟਾਉਣ ਲਈ ਠੋਸ ਕਦਮ ਚੁੱਕ ਰਿਹਾ ਹੋਵੇ। ਕੱਚੇ ਤੇਲ ਲਈ ਅਜਿਹੀ ਕੋਈ ਛੋਟ ਨਹੀਂ ਹੈ। ਧਾਰਾ 115 ਤਹਿਤ ਰਾਸ਼ਟਰਪਤੀ ਨੂੰ ਇਹ ਅਧਿਕਾਰ ਮਿਲਦਾ ਹੈ ਕਿ ਉਹ ਪਾਬੰਦੀਆਂ ਜਾਂ ਟੈਰਿਫ਼ ਤੋਂ ਛੋਟ ਦੇ ਸਕਦੇ ਹਨ, ਪਰ ਇਸ ਲਈ ਕਾਂਗਰਸ ਨੂੰ ਲਿਖਤੀ ਰੂਪ ਵਿੱਚ ਇਹ ਭਰੋਸਾ ਦੇਣਾ ਪਵੇਗਾ ਕਿ ਅਜਿਹਾ ਕਰਨਾ ਅਮਰੀਕਾ ਦੇ ਕੌਮੀ ਹਿੱਤਾਂ ਵਿੱਚ ਹੈ। ਇਹ ਟੈਰਿਫ਼ ਆਪਣੇ-ਆਪ ਲਾਗੂ ਨਹੀਂ ਹੋਵੇਗਾ ਸਗੋਂ ਇਸ ਦਾ ਫ਼ੈਸਲਾ ਵਾਸ਼ਿੰਗਟਨ ਦੇ ਹੱਥ ਵਿੱਚ ਹੋਵੇਗਾ। ਕਾਨੂੰਨੀ ਪੱਖ ਤੋਂ ਇਹ ਧੱਕੇਸ਼ਾਹੀ ਨਾਲ ਵਪਾਰ ਥੋਪਣ ਵਰਗਾ ਹੈ, ਜਿੱਥੇ ਪਾਬੰਦੀਆਂ, ਵਿੱਤੀ ਦਬਾਅ ਅਤੇ ਦਾਬਿਆਂ ਨੂੰ ਖ਼ੁਦਮੁਖ਼ਤਿਆਰ ਦੇਸ਼ਾਂ ਦੇ ਵਪਾਰਕ ਫ਼ੈਸਲਿਆਂ ਨੂੰ ਆਪਣੇ ਹਿਸਾਬ ਨਾਲ ਮੋੜਨ ਲਈ ਕਾਨੂੰਨੀ ਹਥਿਆਰ ਬਣਾਇਆ ਜਾ ਰਿਹਾ ਹੈ। ਇਹ ਕਾਨੂੰਨ ਚੀਨ ਨੂੰ ਵੀ ਨਿਸ਼ਾਨੇ 'ਤੇ ਲੈਂਦਾ ਹੈ ਅਤੇ 24 ਸਤੰਬਰ ਦੇ ਚੀਨੀ ਰਾਸ਼ਟਰਪਤੀ ਸ਼ੀ ਜਿੰਨਪਿੰਗ ਦੇ ਅਮਰੀਕੀ ਦੌਰੇ 'ਤੇ ਵੀ ਇਸ ਦਾ ਅਸਰ ਪੈ ਸਕਦਾ ਹੈ। ਰੂਸੀ ਊਰਜਾ ਨੂੰ ਲੈ ਕੇ ਅਮਰੀਕੀ ਦਬਾਅ ਦਾ ਸਾਹਮਣਾ ਭਾਰਤ ਅਤੇ ਚੀਨ ਦੋਵਾਂ ਨੂੰ ਕਰਨਾ ਪੈ ਰਿਹਾ ਹੈ, ਜਿਸ ਨਾਲ ਇੱਥੇ ਹਿੱਤਾਂ ਦੇ ਸਾਂਝੇ ਹੋਣ ਦਾ ਇੱਕ ਸੀਮਿਤ ਦਾਇਰਾ ਬਣਦਾ ਹੈ। ਜਿੱਥੇ ਹਿੱਤ ਆਪਸ ਵਿੱਚ ਮਿਲਦੇ ਹੋਣ, ਉੱਥੇ ਬਿਨਾਂ ਕਿਸੇ ਰਸਮੀ ਸਮਝੌਤੇ ਤੋਂ ਆਪਸੀ ਤਾਲਮੇਲ ਰੱਖਣਾ ਹੀ ਅਕਲਮੰਦੀ ਹੁੰਦੀ ਹੈ। ਇਹ ਕਾਨੂੰਨ ਅਮਰੀਕੀ ਨੀਤੀ ਦੇ ਉਸ ਵਿਆਪਕ ਰੁਝਾਨ ਦੀ ਤਾਜ਼ਾ ਉਦਾਹਰਣ ਹੈ। ਅਗਸਤ 2025 ਵਿੱਚ ਵਾਸ਼ਿੰਗਟਨ ਨੇ ਰੂਸੀ ਤੇਲ ਦੀ ਖ਼ਰੀਦ ਨੂੰ ਲੈ ਕੇ ਭਾਰਤੀ ਵਸਤਾਂ 'ਤੇ 25 ਫ਼ੀਸਦੀ ਵਾਧੂ ਟੈਰਿਫ਼ ਲਗਾ ਦਿੱਤਾ ਸੀ, ਜਿਸ ਨਾਲ 27 ਅਗਸਤ ਤੱਕ ਕੁੱਲ ਟੈਰਿਫ਼ ਵਧ ਕੇ 50 ਫ਼ੀਸਦੀ ਹੋ ਗਿਆ। ਫਰਵਰੀ 2026 ਵਿੱਚ ਰੂਸੀ ਤੇਲ ਨਾਲ ਜੁੜਿਆ ਵਾਧੂ ਟੈਰਿਫ਼ ਹਟਾ ਲਿਆ ਗਿਆ ਅਤੇ ਅਮਰੀਕਾ-ਭਾਰਤ ਵਪਾਰਕ ਢਾਂਚੇ ਤਹਿਤ 18 ਫ਼ੀਸਦੀ ਆਪਸੀ ਟੈਰਿਫ਼ ਦਾ ਐਲਾਨ ਕੀਤਾ ਗਿਆ। ਵ ?ਹਾਈਟ ਹਾਊਸ ਨੇ ਆਖਿਆ ਸੀ ਕਿ ਭਾਰਤ ਨੇ ਰੂਸੀ ਤੇਲ ਦੀ ਦਰਾਮਦ ਬੰਦ ਕਰਨ ਦੀ ਵਚਨਬੱਧਤਾ ਜਤਾਈ ਹੈ ਅਤੇ ਉਹ ਪੰਜ ਸਾਲਾਂ ਵਿੱਚ 500 ਅਰਬ ਡਾਲਰ ਦਾ ਅਮਰੀਕੀ ਸਾਮਾਨ ਖ਼ਰੀਦੇਗਾ। ਭਾਰਤ ਨੇ ਕਦੇ ਵੀ ਜਨਤਕ ਤੌਰ 'ਤੇ ਅਜਿਹੀ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਸ ਵਪਾਰਕ ਢਾਂਚੇ ਦਾ ਸਵਾਗਤ ਕਰਦਿਆਂ ਜਾਰੀ ਕੀਤੇ ਗਏ ਬਿਆਨ ਵਿੱਚ ਰੂਸੀ ਤੇਲ ਦੀ ਖ਼ਰੀਦ ਖ਼ਤਮ ਕਰਨ ਬਾਰੇ ਕੋਈ ਜ਼ਿਕਰ ਨਹੀਂ ਸੀ ਕੀਤਾ ਗਿਆ। ਇਹ ਸਿਲਸਿਲਾ ਇੱਕ ਦਹਾਕਾ ਪੁਰਾਣਾ ਹੈ। ਸਾਲ 2017 ਵਿੱਚ ਬਣੇ 'ਕਾਟਸਾ' (ਸੀ ਏ ਏ ਟੀ ਐੱਸ ਏ) ਕਾਨੂੰਨ ਨੇ ਰੂਸ ਤੋਂ ਐੱਸ-400 ਮਿਜ਼ਾਈਲ ਸਿਸਟਮ ਖ਼ਰੀਦਣ ਨੂੰ ਲੈ ਕੇ ਭਾਰਤ 'ਤੇ ਦਬਾਅ ਬਣਾਇਆ ਸੀ। ਸਾਲ 2019 ਵਿੱਚ ਵਾਸ਼ਿੰਗਟਨ ਨੇ ਉਨ੍ਹਾਂ ਰਿਆਇਤਾਂ ਨੂੰ ਖ਼ਤਮ ਕਰ ਦਿੱਤਾ, ਜਿਨ੍ਹਾਂ ਸਹਾਰੇ ਭਾਰਤ ਇਰਾਨ ਤੋਂ ਕੱਚਾ ਤੇਲ ਖ਼ਰੀਦਦਾ ਸੀ। ਇਸ ਕਾਰਨ ਉਹ ਦਰਾਮਦ ਬੰਦ ਹੋ ਗਈ। ਸਾਲ 2025 ਵਿੱਚ ਅਮਰੀਕਾ ਨੇ ਚਾਬਹਾਰ ਬੰਦਰਗਾਹ ਸਬੰਧੀ ਪਾਬੰਦੀਆਂ 'ਤੇ ਦਿੱਤੀ ਗਈ ਰਿਆਇਤ ਰੱਦ ਕਰ ਦਿੱਤੀ। ਇਸ ਤੋਂ ਬਾਅਦ ਸ਼ਰਤਾਂ ਤਹਿਤ ਛੋਟ ਦਿੱਤੀ ਗਈ, ਜਿਸ ਦੀ ਮਿਆਦ 26 ਅਪਰੈਲ 2026 ਨੂੰ ਪੁੱਗ ਗਈ। ਅਕਤੂਬਰ 2024 ਵਿੱਚ ਵਾਸ਼ਿੰਗਟਨ ਨੇ ਰੂਸ ਦੇ ਫ਼ੌਜੀ-ਉਦਯੋਗਿਕ ਢਾਂਚੇ ਨੂੰ ਕਥਿਤ ਸਹਿਯੋਗ ਦੇਣ ਬਦਲੇ 19 ਭਾਰਤੀ ਇਕਾਈਆਂ ਅਤੇ ਦੋ ਵਿਅਕਤੀਆਂ 'ਤੇ ਪਾਬੰਦੀਆਂ ਲਗਾ ਦਿੱਤੀਆਂ ਸਨ। ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਮਿਲਾ ਕੇ ਦੇਖੀਏ ਤਾਂ ਇੱਕ ਪੁਰਾਣੀ ਸਮੱਸਿਆ ਸਾਹਮਣੇ ਆਉਂਦੀ ਹੈ ਕਿ ਅਮਰੀਕੀ ਨੀਤੀਆਂ ਨੇ ਉਨ੍ਹਾਂ ਫ਼ੈਸਲਿਆਂ ਦੇ ਦਾਇਰੇ ਨੂੰ ਸੀਮਿਤ ਕਰ ਦਿੱਤਾ ਹੈ, ਜਿਨ੍ਹਾਂ ਨੂੰ ਭਾਰਤ ਆਪਣੇ ਪ੍ਰਭੂਸੱਤਾ ਸੰਪੰਨ, ਆਰਥਿਕ ਅਤੇ ਰਣਨੀਤਕ ਫ਼ੈਸਲਿਆਂ ਵਜੋਂ ਵੇਖਦਾ ਹੈ।

ਨਵੇਂ ਬਿੱਲ 'ਤੇ ਭਾਰਤ ਦਾ ਪ੍ਰਤੀਕਰਮ ਦ੍ਰਿੜ੍ਹ ਪਰ ਸੰਜਮ ਵਾਲਾ ਰਿਹਾ ਹੈ। ਇਸ ਨੇ ਬਾਜ਼ਾਰ ਦੇ ਬਦਲਦੇ ਹਾਲਾਤ ਦੇ ਆਧਾਰ 'ਤੇ ਵੱਖ-ਵੱਖ ਸਰੋਤਾਂ ਤੋਂ ਤੇਲ ਪ੍ਰਾਪਤ ਕਰਨਾ ਸ਼ੁਰੂ ਕਰਕੇ 140 ਕਰੋੜ ਲੋਕਾਂ ਲਈ ਊਰਜਾ ਸੁਰੱਖਿਆ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਕਦਮ ਪੁੱਟਿਆ ਹੈ। ਭਾਰਤ ਨੇ ਇਹ ਮਾਮਲਾ ਅਮਰੀਕੀ ਅਧਿਕਾਰੀਆਂ ਨਾਲ ਉੱਚ ਪੱਧਰ 'ਤੇ ਉਠਾਇਆ ਹੈ ਅਤੇ ਦੇਸ਼ ਆਪਣੇ ਵਪਾਰਕ ਤੇ ਆਰਥਿਕ ਹਿੱਤਾਂ ਦੀ ਰਾਖੀ ਲਈ ਸਾਰੇ ਲੋੜੀਂਦੇ ਕਦਮ ਚੁੱਕੇਗਾ। ਇਸ ਪ੍ਰਤੀਕਰਮ ਵਿੱਚ ਬੇਲੋੜੀ ਤਲਖ਼ੀ ਤੋਂ ਬਚਦਿਆਂ ਕੂਟਨੀਤੀ ਲਈ ਪੂਰੀ ਗੁੰਜਾਇਸ਼ ਛੱਡੀ ਗਈ ਹੈ।

ਆਰਥਿਕ ਦਾਅ ਬਹੁਤ ਵੱਡੇ ਹਨ। ਇਸ ਸਾਲ ਦੇ ਸ਼ੁਰੂ ਵਿੱਚ ਹੋਰ ਵੀ ਉੱਚੇ ਪੱਧਰ 'ਤੇ ਪਹੁੰਚਣ ਮਗਰੋਂ ਅਗਸਤ 2026 ਵਿੱਚ ਰੂਸੀ ਕੱਚਾ ਤੇਲ ਭਾਰਤ ਦੀ ਕੱਚੇ ਤੇਲ ਦੀ ਕੁੱਲ ਦਰਾਮਦ ਦਾ 45 ਫ਼ੀਸਦੀ ਰਿਹਾ ਹੈ। ਭਾਰਤ ਅਜੇ ਵੀ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਤੇਲ ਦਰਾਮਦਕਾਰ ਦੇਸ਼ ਹੈ, ਜੋ ਆਪਣੀ ਲੋੜ ਦਾ 88 ਫ਼ੀਸਦੀ ਕੱਚਾ ਤੇਲ ਬਾਹਰੋਂ ਮੰਗਵਾਉਂਦਾ ਹੈ। ਰੂਸੀ ਕੱਚੇ ਤੇਲ ਨੂੰ ਬਿਨਾਂ ਕਿਸੇ ਮਾੜੇ ਅਸਰ ਦੇ ਰਾਤੋ-ਰਾਤ ਨਹੀਂ ਬਦਲਿਆ ਜਾ ਸਕਦਾ ਕਿਉਂਕਿ ਇਸ ਦਾ ਸਿੱਧਾ ਅਸਰ ਰਿਫਾਈਨਰੀਆਂ ਦੇ ਅਰਥਚਾਰੇ, ਦਰਾਮਦ ਬਿੱਲ ਅਤੇ ਘਰੇਲੂ ਕੀਮਤਾਂ 'ਤੇ ਪੈਂਦਾ ਹੈ। ਇਸ ਦੀ ਅਹਿਮੀਅਤ ਸਿਰਫ਼ ਕੀਮਤ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਇਹ ਉਪਲਬਧਤਾ, ਰਿਫਾਈਨਰੀਆਂ ਦੀ ਬਣਤਰ, ਮਾਲ ਭਾੜੇ ਅਤੇ ਵਿਭਿੰਨਤਾ ਨਾਲ ਵੀ ਜੁੜੀ ਹੋਈ ਹੈ।

ਸੌ ਫ਼ੀਸਦੀ ਟੈਰਿਫ਼ ਲਗਾਉਣ ਦੀ ਧਮਕੀ ਦੇ ਕੇ ਭਾਰਤ ਨੂੰ ਰੂਸੀ ਕੱਚਾ ਤੇਲ ਛੱਡਣ ਲਈ ਕਹਿਣਾ ਬਹੁਤ ਹੀ ਗ਼ੈਰ-ਵਾਜਬ ਅਤੇ ਬੇਲੋੜਾ ਹੈ, ਖ਼ਾਸਕਰ ਉਸ ਸਮੇਂ ਜਦੋਂ ਅਮਰੀਕਾ ਅਤੇ ਇਰਾਨ ਹੋਰਮੁਜ਼ ਜਲਡਮਰੂ ਕੋਲ ਆਹਮੋ-ਸਾਹਮਣੇ ਹਨ ਅਤੇ ਹੂਤੀ ਤਾਕਤਾਂ ਨੇ ਬਾਬ-ਅਲ-ਮੰਦੇਬ ਖਾੜੀ ਦੇ ਯਮਨੀ ਪਾਸੇ 'ਤੇ ਆਪਣਾ ਕੰਟਰੋਲ ਹੋਰ ਵਧਾ ਲਿਆ ਹੈ। ਭਾਰਤ ਦੀ ਰਣਨੀਤੀ ਨੂੰ ਸਿਰਫ਼ ਉਨ੍ਹਾਂ ਨਿਰਯਾਤ ਖੇਤਰਾਂ ਦੇ ਆਧਾਰ 'ਤੇ ਪਰਖਣਾ (ਜੋ ਅਮਰੀਕੀ ਟੈਰਿਫਾਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ) ਵੱਡੀ ਆਰਥਿਕ ਤਸਵੀਰ ਨੂੰ ਨਜ਼ਰਅੰਦਾਜ਼ ਕਰਨਾ ਹੈ। ਹੀਰਿਆਂ, ਕੱਪੜਿਆਂ, ਫਾਰਮਾਸਿਊਟੀਕਲਜ਼ ਅਤੇ ਆਈ ਟੀ ਵੱਲ ਧਿਆਨ ਦੇਣ ਦੀ ਲੋੜ ਹੈ, ਪਰ ਟੈਰਿਫ਼ ਦਾ ਬੋਝ ਕੀਮਤਾਂ, ਪੂੰਜੀ ਦੇ ਪ੍ਰਵਾਹ ਅਤੇ ਕਰਜ਼ੇ ਦੀਆਂ ਲਾਗਤਾਂ ਰਾਹੀਂ ਪੂਰੀ ਅਰਥਵਿਵਸਥਾ ਵਿੱਚ ਫੈਲ ਜਾਂਦਾ ਹੈ। ਭਾਰਤ ਸਰਕਾਰ ਨੂੰ ਸਿਰਫ਼ ਅਮਰੀਕੀ ਬਾਜ਼ਾਰ 'ਤੇ ਨਿਰਭਰ ਸੈਕਟਰਾਂ ਦੇ ਹੀ ਨਹੀਂ ਸਗੋਂ ਸਾਰੇ ਭਾਰਤੀਆਂ ਦੇ ਹਿੱਤਾਂ ਨੂੰ ਮੁੱਖ ਰੱਖਣਾ ਪੈਂਦਾ ਹੈ। ਕੁਝ ਕੁ ਨਿਰਯਾਤ ਉਦਯੋਗਾਂ ਦੇ ਵਪਾਰਕ ਹਿੱਤ ਸਾਰੇ ਭਾਰਤੀਆਂ ਦੇ ਆਰਥਿਕ, ਊਰਜਾ ਅਤੇ ਰਣਨੀਤਕ ਹਿੱਤਾਂ ਤੋਂ ਉੱਤੇ ਨਹੀਂ ਹੋ ਸਕਦੇ। ਜਦੋਂ ਦੇਸ਼ ਦੇ ਮੁੱਖ ਕੌਮੀ ਹਿੱਤ ਦਾਅ 'ਤੇ ਲੱਗੇ ਹੋਣ ਤਾਂ ਬਾਹਰੀ ਦਬਾਅ ਹੇਠ ਭਾਰਤ ਦੀ ਊਰਜਾ ਸੁਰੱਖਿਆ ਬਾਰੇ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਤੇਲ ਦੀ ਖ਼ਰੀਦ ਦੇ ਫ਼ੈਸਲੇ ਕੀਮਤ, ਕਿਸਮ (ਗਰੇਡ), ਉਪਲਬਧਤਾ, ਭਰੋਸੇਯੋਗਤਾ, ਅਦਾਇਗੀ ਪ੍ਰਬੰਧਾਂ ਅਤੇ ਸਪਲਾਈ ਦੀ ਸੁਰੱਖਿਆ ਦੇ ਆਧਾਰ 'ਤੇ ਹੋਣੇ ਚਾਹੀਦੇ ਹਨ, ਨਾ ਕਿ ਵਿਦੇਸ਼ੀ ਤਰਜੀਹਾਂ ਦੇ ਆਧਾਰ 'ਤੇ। ਇੱਕ ਮਜ਼ਬੂਤ ਅਤੇ ਸੁਰੱਖਿਅਤ ਭਾਰਤ ਕਿਸੇ ਇੱਕ ਧਿਰ ਦਾ ਪਿਛਲੱਗ ਨਹੀਂ ਬਣ ਸਕਦਾ। ਅਮਰੀਕਾ ਅੱਗੇ ਗੋਡੇ ਟੇਕਣ ਦਾ ਮਤਲਬ ਇਹ ਹੋਵੇਗਾ ਕਿ ਅਮਰੀਕੀ ਬਾਜ਼ਾਰ ਤੱਕ ਪਹੁੰਚ ਦੇ ਡਰ ਤਹਿਤ ਇਹ ਤੈਅ ਕੀਤਾ ਜਾਵੇ ਕਿ ਭਾਰਤ ਰੂਸ ਤੋਂ ਕਿੰਨਾ ਤੇਲ ਖ਼ਰੀਦ ਸਕਦਾ ਹੈ, ਕਿਹੜੇ ਰੱਖਿਆ ਸਬੰਧ ਕਾਇਮ ਰੱਖ ਸਕਦਾ ਹੈ ਜਾਂ ਕਿਹੜੇ ਕੁਨੈਕਟੀਵਿਟੀ ਪ੍ਰੋਜੈਕਟਾਂ ਨੂੰ ਅੱਗੇ ਵਧਾ ਸਕਦਾ ਹੈ। ਇਹ ਆਪਸੀ ਨਿਰਭਰਤਾ ਨੂੰ ਗ਼ੁਲਾਮੀ ਵਿੱਚ ਬਦਲਣ ਦੇ ਬਰਾਬਰ ਹੋਵੇਗਾ ਅਤੇ ਇਸ ਨੂੰ ਸਵੀਕਾਰ ਕਰਨ ਦਾ ਅਰਥ ਇਹ ਹੋਵੇਗਾ ਕਿ ਭਾਰਤ ਦੀਆਂ ਵਿਦੇਸ਼ ਨੀਤੀਆਂ ਬਾਰੇ ਫ਼ੈਸਲੇ ਕਿਸੇ ਬਾਹਰੀ ਤਾਕਤ ਦੀ ਵੀਟੋ 'ਤੇ ਨਿਰਭਰ ਹਨ।




ਭਾਰਤ ਨੂੰ ਪਹਿਲਾਂ ਵੀ ਅਜਿਹੇ ਦਬਾਅ ਦਾ ਸਾਹਮਣਾ ਕਰਨਾ ਪਿਆ ਹੈ। ਸਾਲ 1971 ਵਿੱਚ ਜਦੋਂ ਬੰਗਲਾਦੇਸ਼ ਦਾ ਸੰਕਟ ਯੁੱਧ ਵਿੱਚ ਬਦਲ ਗਿਆ ਸੀ ਤਾਂ ਅਮਰੀਕਾ ਨੇ ਬੰਗਾਲ ਦੀ ਖਾੜੀ ਵਿੱਚ ਆਪਣਾ ਜਲ ਸੈਨਾ ਬੇੜਾ ਭੇਜ ਦਿੱਤਾ ਸੀ ਜਦੋਂਕਿ ਸੋਵੀਅਤ ਯੂਨੀਅਨ (ਯੂ ਐੱਸ ਐੱਸ ਆਰ) ਨੇ ਭਾਰਤ ਦੀ ਹਮਾਇਤ ਵਿੱਚ ਸੁਰੱਖਿਆ ਪ੍ਰੀਸ਼ਦ ਵਿੱਚ ਆਪਣੀ ਵੀਟੋ ਤਾਕਤ ਦੀ ਵਰਤੋਂ ਕੀਤੀ ਸੀ। ਸਾਲ 1998 ਦੇ ਪਰਮਾਣੂ ਤਜਰਬਿਆਂ ਤੋਂ ਬਾਅਦ ਵਾਸ਼ਿੰਗਟਨ ਨੇ ਦੂਰਗਾਮੀ ਸਿੱਟਿਆਂ ਵਾਲੀਆਂ ਪਾਬੰਦੀਆਂ ਲਗਾ ਦਿੱਤੀਆਂ ਸਨ ਜਦੋਂਕਿ ਰੂਸ ਨੇ ਭਾਰਤ ਨਾਲ ਆਪਣੇ ਸਬੰਧ ਕਾਇਮ ਰੱਖੇ ਸਨ। ਇਨ੍ਹਾਂ ਦੋਵਾਂ ਮੌਕਿਆਂ 'ਤੇ ਥੋੜ੍ਹੇ ਸਮੇਂ ਦੇ ਨੁਕਸਾਨ ਨੂੰ ਝੱਲਣ ਦੀ ਭਾਰਤ ਦੀ ਇੱਛਾ ਸ਼ਕਤੀ ਨੇ ਹੀ ਦੇਸ਼ ਦੀ ਕਾਰਵਾਈ ਕਰਨ ਦੀ ਆਜ਼ਾਦੀ ਨੂੰ ਬਚਾਈ ਰੱਖਿਆ ਅਤੇ ਇਸ ਦੇ ਲੰਮੇ ਸਮੇਂ ਦੇ ਹਿੱਤਾਂ ਨੂੰ ਸਾਰਥਕ ਕੀਤਾ। ਅਮਰੀਕਾ ਅਤੇ ਰੂਸ ਨਾਲ ਭਾਰਤ ਦੇ ਸਬੰਧ ਅਜਿਹੇ ਨਹੀਂ ਹਨ, ਜਿੱਥੇ ਇੱਕ ਦੀ ਜਿੱਤ ਨੂੰ ਦੂਜੇ ਦੀ ਹਾਰ ਸਮਝਿਆ ਜਾਵੇ। ਦੋਵੇਂ ਦੇਸ਼ ਅਹਿਮ ਹਨ, ਪਰ ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਇੱਕ-ਦੂਜੇ ਪ੍ਰਤੀ ਭਾਰਤ ਦੇ ਨਜ਼ਰੀਏ ਨੂੰ ਤੈਅ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਮਲਟੀ-ਅਲਾਈਨਮੈਂਟ (ਸਭ ਨਾਲ ਸਾਂਝ) ਦਾ ਮਤਲਬ ਹੀ ਇਹ ਹੈ ਕਿ ਬਿਨਾਂ ਕੋਈ ਇੱਕ ਪੱਖ ਚੁਣਨ ਦੇ ਦਬਾਅ ਹੇਠ ਆਇਆਂ ਵੱਖ-ਵੱਖ ਭਾਈਵਾਲਾਂ ਨਾਲ ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਦੀ ਆਜ਼ਾਦੀ ਨੂੰ ਕਾਇਮ ਰੱਖਣਾ ਹੈ।

ਰਣਨੀਤਕ ਖ਼ੁਦਮੁਖ਼ਤਿਆਰੀ ਦੀ ਵੀ ਆਪਣੀ ਕੀਮਤ ਚੁਕਾਉਣੀ ਪੈਂਦੀ ਹੈ। ਇਸ ਦਾ ਮਤਲਬ ਇਹ ਸਵੀਕਾਰ ਕਰਨਾ ਹੈ ਕਿ ਭਾਰਤ ਦੇ ਆਪਣੇ ਫ਼ੈਸਲਿਆਂ ਕਾਰਨ ਕਈ ਵਾਰ ਕੁਝ ਬਾਜ਼ਾਰਾਂ, ਤਕਨੀਕਾਂ ਅਤੇ ਭਾਈਵਾਲੀ 'ਤੇ ਰੋਕਾਂ ਲੱਗ ਸਕਦੀਆਂ ਹਨ। ਅਮਰੀਕਾ ਦੇ ਇਸ ਤਾਜ਼ਾ ਕਾਨੂੰਨ ਪ੍ਰਤੀ ਪ੍ਰਤੀਕਰਮ ਗੱਲਬਾਤ ਕਰਨ, ਬਾਜ਼ਾਰਾਂ ਤੇ ਊਰਜਾ ਸਰੋਤਾਂ ਵਿੱਚ ਵਿਭਿੰਨਤਾ ਲਿਆਉਣ, ਘਰੇਲੂ ਸਮਰੱਥਾ ਨੂੰ ਮਜ਼ਬੂਤ ਕਰਨ ਅਤੇ ਕਾਰਵਾਈ ਕਰਨ ਲਈ ਆਪਣੀ ਗੁੰਜਾਇਸ਼ ਬਣਾਈ ਰੱਖਣ ਦੇ ਆਧਾਰ 'ਤੇ ਦ੍ਰਿੜ੍ਹ ਅਤੇ ਸਿਧਾਂਤਕ ਹੋਣਾ ਚਾਹੀਦਾ ਹੈ। ਜੇਕਰ ਵਾਸ਼ਿੰਗਟਨ ਇਸ ਗੱਲ 'ਤੇ ਅੜਿਆ ਰਹਿੰਦਾ ਹੈ ਤਾਂ ਭਾਰਤ ਨੂੰ ਸਪੱਸ਼ਟ ਅਤੇ ਮਜ਼ਬੂਤ ਤਰੀਕੇ ਨਾਲ ਮੋੜਵਾਂ ਜਵਾਬ ਦੇਣਾ ਚਾਹੀਦਾ ਹੈ। ਮੂਲ ਸਿਧਾਂਤ ਬਹੁਤ ਸਰਲ ਹੈ ਕਿ ਕੌਮੀ ਹਿੱਤ ਸਭ ਤੋਂ ਉੱਤੇ ਮੰਨੇ ਜਾਣ ਅਤੇ ਸਰੋਤਾਂ ਵਿੱਚ ਵਿਭਿੰਨਤਾ ਬਣਾਈ ਰੱਖਦਿਆਂ ਬਾਹਰੀ ਧੱਕੇਸ਼ਾਹੀ ਜਾਂ ਧਮਕੀਆਂ ਨੂੰ ਕੋਈ ਅਹਿਮੀਅਤ ਨਾ ਦਿੱਤੀ ਜਾਵੇ।

## ਅਮਰੀਕਾ ਦੀ ਮਨਮਰਜ਼ੀ

ਆਖ਼ਰਕਾਰ ਅਮਰੀਕੀ ਪ੍ਰਤੀਨਿਧੀ ਸਭਾ ਨੇ ਵੀ ਰੂਸ ਤੋਂ ਤੇਲ ਦਰਾਮਦ ਕਰਨ ਵਾਲੇ ਭਾਰਤ ਸਮੇਤ ਪੰਜ ਪ੍ਰਮੁੱਖ ਦੇਸ਼ਾਂ 'ਤੇ ਸੌ ਫੀਸਦ ਟੈਰਿਫ ਲਗਾਉਣ ਵਾਲੇ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਸੀਨੇਟ ਵੀ ਇਸ ਬਿੱਲ ਨੂੰ ਮਨਜ਼ੂਰੀ ਦੇ ਚੁਕੀ ਹੈ। ਜੇਕਰ ਅਮਰੀਕੀ ਰਾਸ਼ਟਰਪਤੀ ਇਸ 'ਤੇ ਦਸਤਖ਼ਤ ਕਰ ਦਿੰਦੇ ਹਨ ਤਾਂ ਭਾਰਤ, ਚੀਨ ਤੋਂ ਇਲਾਵਾ ਹੰਗਰੀ, ਸਲੋਵਾਕੀਆ ਅਤੇ ਅਜ਼ਰਬੈਜਾਨ 'ਤੇ ਅਮਰੀਕੀ ਟੈਰਿਫ ਹੋਰ ਵਧ ਜਾਵੇਗਾ। ਦੇਖਣਾ ਇਹ ਹੋਵੇਗਾ ਕਿ ਇਹ ਸੌ ਫ਼ੀਸਦ ਹੁੰਦਾ ਹੈ ਜਾਂ ਉਸ ਤੋਂ ਘੱਟ ? ਦੇਖਣਾ ਇਹ ਵੀ ਹੈ ਕਿ ਕੀ ਅਮਰੀਕੀ ਰਾਸ਼ਟਰਪਤੀ ਇਸ ਬਿੱਲ 'ਤੇ ਦਸਤਖ਼ਤ ਕਰਦੇ ਹਨ ਜਾਂ ਉਸ ਨੂੰ ਰੂਸ ਤੋਂ ਤੇਲ ਖਰੀਦਣ ਵਾਲੇ ਦੇਸ਼ਾਂ ਨੂੰ ਸਿਰਫ਼ ਦਬਾਅ ਵਿਚ ਲੈਣ ਦਾ ਜ਼ਰੀਆ ਬਣਾਉਣਾ ਚਾਹੁੰਦੇ ਹਨ। ਜੋ ਵੀ ਹੋਵੇ, ਜੇਕਰ ਅਮਰੀਕਾ ਭਾਰਤ 'ਤੇ ਮਨਮਰਜ਼ੀ ਦੇ ਤਰੀਕੇ ਨਾਲ ਟੈਰਿਫ ਲਗਾਉਂਦਾ ਹੈ ਤਾਂ ਆਪਣੇ ਹੰਕਾਰ ਦੀ ਹੀ ਪ੍ਰਮਾਣ ਦੇਵੇਗਾ। ਅਮਰੀਕੀ ਰਾਸ਼ਟਰਪਤੀ ਤੇ ਉਕਤ ਬਿੱਲ ਦਾ ਸਮਰਥਨ ਕਰਨ ਵਾਲੀਆਂ ਧਿਰਾਂ ਤੇ ਵਿਰੋਧੀਆਂ ਦੇ ਸੰਸਦ ਮੈਂਬਰਾਂ ਦਾ ਇਹ ਮੰਨਣਾ ਹੈ ਕਿ ਰੂਸ ਤੋਂ ਤੇਲ ਖ਼ਰੀਦਣ ਵਾਲੇ ਦੇਸ਼ਾਂ ਨੂੰ ਟੈਰਿਫ ਰਾਹੀਆਂ ਸਜ਼ਾ ਦੇਣ ਨਾਲ ਉਹ ਰੂਸ ਦੇ ਖ਼ਿਲਾਫ਼ ਆਪਣਾ ਯੁੱਧ ਜਾਰੀ ਰੱਖਣ ਵਿਚ ਅਸਮਰੱਥ ਹੋ ਜਾਵੇਗਾ। ਇਹ ਸਹੀ ਹੈ ਕਿ ਉਹ ਰੂਸ ਯੂਕਰੇਨ ਦੇ ਖ਼ ?ਲਾਫ਼ ਇਕ ਅੰਤਹੀਣ ਤੇ ਇਕ ਤਰ੍ਹਾਂ ਦੀ ਬੇਅਰਥ ਲੜਾਈ ਲੜ ਰਿਹਾ ਹੈ, ਪਰ ਇਹ ਕਹਿਣਾ ਸਮੱਸਿਆ ਨੂੰ ਸੌਖਾ ਕਰਦਾ ਹੈ ਕਿ ਇਹ ਯੁੱਧ ਭਾਰਤ, ਚੀਨ ਵਰਗੇ ਦੇਸ਼ਾਂ ਦੇ ਕਾਰਨ ਜਾਰੀ ਹੈ। ਕੀ ਇਹ ਵਿਲੱਖਣ ਨਹੀਂ ਕਿ ਅਮਰੀਕਾ ਆਪਣੇ ਹੀ ਵੱਲੋਂ ਈਰਾਨ ਦੇ ਖ਼ ?ਲਾਫ਼ ਛੇੜੇ ਗਏ ਯੁੱਧ ਨੂੰ ਤਾਂ ਰੋਕ ਨਹੀਂ ਪਾ ਰਿਹਾ ਤੇ ਭਾਰਤ, ਚੀਨ ਆਦਿ 'ਤੇ ਇਸ ਦਾ ਦੋਸ਼ ਮੜ੍ਹ ਰਿਹਾ ਹੈ ਕਿ ਉਹ ਯੂਕਰੇਨ ਦੇ ਖ਼ ?ਲਾਫ਼ ਯੁੱਧ ਜਾਰੀ ਰੱਖਣ ਵਿਚ ਰੂਸ ਦੀ ਸਹਾਇਤਾ ਕਰ ਰਹੇ ਹਨ ? ਇਹ ਚੰਗਾ ਹੋਇਆ ਕਿ ਭਾਰਤ ਨੇ ਅਮਰੀਕਾ ਦੀ ਮਨਮਰਜ਼ੀ ਦਾ ਸਬੂਤ ਦੇਣ ਵਾਲੇ ਬਿੱਲ 'ਤੇ ਦੋ ਟੁੱਕ ਕਿਹਾ ਕਿ ਉਹ ਆਪਣੇ ਊਰਜਾ ਹਿੱਤਾਂ ਦੀ ਰੱਖਿਆ ਲਈ ਬਚਨਬੱਧ ਹੈ। ਭਾਰਤ ਨੇ ਇਹ ਕਹਿਣ ਵਿਚ ਵੀ ਸੰਕੋਚ ਨਹੀਂ ਕੀਤਾ ਕਿ ਉਹ ਆਪਣੇ ਆਰਥਿਕ ਹਿੱਤਾਂ ਦੀ ਰਾਖੀ ਲਈ ਹਰ ਸੰਭਵ ਹੱਲ ਕਰੇਗਾ। ਇਸ ਦਾ ਸੰਕੇਤ ਇਹ ਹੈ ਕਿ ਜੇਕਰ ਅਮਰੀਕਾ ਰੂਸ ਤੋਂ ਤੇਲ ਖਰੀਦਣ ਦੇ ਕਾਰਨ ਭਾਰਤ 'ਤੇ ਸਚਮੁੱਚ ਟੈਰਿਫ ਵਧਾਉਂਦਾ ਹੈ ਤਾਂ ਉਸ ਨੂੰ ਇਸ ਦਾ ਜਵਾਬ ਦਿੱਤਾ ਜਾਵੇਗਾ। ਹਾਲਾਂਕਿ ਇਹ ਕੋਈ ਪਹਿਲਾਂ ਮੌਕਾ ਨਹੀਂ ਹੈ ਜਦੋਂ ਅਮਰੀਕਾ ਭਾਰਤ ਤੇ ਹੋਰ ਮੁਲਕਾਂ ਸਾਹਮਣੇ ਅਜਿਹੀਆਂ ਮੁਸ਼ਕਲਾਂ ਖੜ੍ਹੀਆਂ ਕਰ ਰਿਹਾ ਹੈ। ਇਹ ਸੰਭਵ ਨਹੀਂ ਕਿ ਅਮਰੀਕਾ ਮਨਮਰਜ਼ੀ ਕਰਦਾ ਰਹੇ ਅਤੇ ਭਾਰਤ ਚੁੱਪਚਾਪ ਇਸ ਨੂੰ ਸਹਿਣ ਕਰਦਾ ਰਹੇ। ਜੇਕਰ ਅਮਰੀਕਾ ਨੇ ਆਪਣਾ ਰਵੱਈਆ ਨਹੀਂ ਬਦਲਿਆ ਤਾਂ ਭਾਰਤ ਦੇ ਨਾਲ ਉਸ ਦੇ ਸਬੰਧ ਹੋਰ ਵਿਗੜਨੇ ਤੈਅ ਹਨ। ਇਹ ਵੀ ਸੰਭਵ ਹੈ ਕਿ ਅਮਰੀਕਾ ਦੇ ਨਾਲ ਹੋਣ ਵਾਲਾ ਵਪਾਰ ਸਮਝੌਤਾ ਅੰਤਿਮ ਰੂਪ ਲੈ ਹੀ ਨਾ ਸਕੇ। ਅਮਰੀਕਾ ਨੂੰ ਇਹ ਸਮਝਣਾ ਪਵੇਗਾ ਕਿ ਇਹ ਸਮਝੌਤਾ ਹੋਵੇਗਾ ਕਿ ਤਾੜੀ ਇਕ ਹੱਥ ਨਾਲ ਨਹੀਂ ਵੱਜਦੀ। ਜੇਕਰ ਉਹ ਭਾਰਤ ਨਾਲ ਆਪਣੇ ਸਬੰਧ ਸੁਧਾਰਨਾ ਚਾਹੁੰਦਾ ਹੈ ਤਾਂ ਉਹ ਨੂੰ ਮਿੱਤਰਤਾ ਵਾਲਾ ਵਿਹਾਰ ਤਾਂ ਕਰਨਾ ਹੀ ਪਵੇਗਾ। ਇਸ ਦੇ ਨਾਲ ਹੀ ਉਸ ਨੂੰ ਇਸ ਗੱਲ ਦਾ ਵੀ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ ਭਾਰਤ ਰੂਸ ਤੋਂ ਤੇਲ ਖ਼ਰੀਦਣਾ ਬੰਦ ਕਰ ਦੇਵੇ ਤਾਂ ਇਕ ਤਾਂ ਉਸ ਦੇ ਊਰਜਾ ਹਿੱਤ ਖ਼ਤਰੇ ਵਿਚ ਪੈ ਜਾਣਗੇ ਤੇ ਦੂਸਰੇ ਅੰਤਰਰਾਸ਼ਟਰੀ ਬਾਜ਼ਾਰ ਵਿਚ ਤੇਲ ਦੇ ਰੇਟ ਹੋਰ ਵਧ ਜਾਣਗੇ। ਧਿਆਨ ਰਹੇ ਕਿ ਪੱਛਮੀ ਏਸ਼ੀਆ ਸੰਕਟ ਦੇ ਕਾਰਨ ਇਹ ਪਹਿਲਾਂ ਤੋਂ ਹੀ ਹੱਦੋਂ ਬਾਹਰ ਵਧੇ ਹੋਏ ਹਨ ਅਤੇ ਇਹ ਵੀ ਹੈ ਕਿ ਇਹ ਸੰਕਟ ਵੀ ਅਮਰੀਕਾ ਨੇ ਹੀ ਖੜ੍ਹਾ ਕੀਤਾ ਹੈ।

# ਜਦੋਂ ਜੀਵਨ ਹੀ ਇਲਾਜ ਬਣ ਜਾਂਦਾ ਹੈ

ਡਾ. ਪ੍ਰਦੀਪ ਨੰਗਲੂ

ਕਈ ਵਾਰ ਇਲਾਜ ਦੀ ਸ਼ੁਰੂਆਤ ਕਿਸੇ ਦਵਾਈ ਤੋਂ ਨਹੀਂ ਹੁੰਦੀ। ਕਈ ਵਾਰ ਇਹ ਕਿਸੇ ਬੰਦ ਕਮਰੇ ਵਿੱਚ ਬੈਠ ਕੇ ਕੀਤੀ ਗੱਲਬਾਤ ਤੋਂ ਵੀ ਸ਼ੁਰੂ ਨਹੀਂ ਹੁੰਦਾ। ਕਈ ਵਾਰ ਇਲਾਜ ਸਿਰਫ਼ ਇੰਨਾ ਹੁੰਦਾ ਹੈ ਕਿ ਧਰਤੀ ਉੱਤੇ ਬੈਠਿਆ ਜਾਵੇ, ਮਿੱਟੀ ਨੂੰ ਛੂਹਿਆ ਜਾਵੇ, ਖੁੱਲ੍ਹੇ ਅਸਮਾਨ ਵੱਲ ਵੇਖਿਆ ਜਾਵੇ ਅਤੇ ਉਸ ਕੁਦਰਤੀ ਸਰੋਤ ਨਾਲ ਮੁੜ ਜੁੜਿਆ ਜਾਵੇ, ਜਿਸ ਨਾਲ ਮਨੁੱਖ ਦਾ ਰਿਸ਼ਤਾ ਕਦੇ ਬਹੁਤ ਗਹਿਰਾ ਹੁੰਦਾ ਸੀ।



ਮਿੱਟੀ ਸਿਰਫ਼ ਮਿੱਟੀ ਨਹੀਂ। ਇਹ ਯਾਦ ਹੈ। ਇਹ ਜੜ੍ਹ ਹੈ। ਇਹ ਉਹ ਸਪਰਸ਼ ਹੈ ਜੋ ਮਨੁੱਖ ਨੂੰ ਉਸ ਦੀ ਮੂਲ ਹੋਂਦ ਨਾਲ ਜੋੜਦਾ ਹੈ। ਜਿੱਥੋਂ ਸਰੀਰ ਬਣਿਆ, ਜਿੱਥੋਂ ਅੰਨ ਉੱਗਿਆ, ਜਿੱਥੋਂ ਸਾਹ ਲਈ ਹਵਾ ਮਿਲੀ ਅਤੇ ਜਿੱਥੇ ਆਖ਼ਰਕਾਰ ਸਰੀਰ ਨੇ ਵਾਪਸ ਜਾਣਾ ਹੈ, ਉਸੇ ਧਰਤੀ ਨਾਲ ਜੀਵਨ ਦਾ ਸਭ ਤੋਂ ਪੁਰਾਣਾ ਰਿਸ਼ਤਾ ਹੈ, ਪਰ ਆਧੁਨਿਕ ਜੀਵਨ ਨੇ ਇਸ ਰਿਸ਼ਤੇ ਵਿੱਚ ਇੱਕ ਵੱਡੀ ਦੂਰੀ ਪੈਦਾ ਕਰ ਦਿੱਤੀ ਹੈ।

ਅਸੀਂ ਕੁਦਰਤ ਤੋਂ ਦੂਰ ਹੋ ਗਏ ਹਾਂ। ਅਸੀਂ ਮਿੱਟੀ ਤੋਂ ਦੂਰ ਹੋ ਗਏ ਹਾਂ। ਅਸੀਂ ਇੱਕ-ਦੂਜੇ ਤੋਂ ਵੀ ਦੂਰ ਹੋ ਗਏ ਹਾਂ। ਚਾਰ ਦੀਵਾਰਾਂ, ਸਕਰੀਨਾਂ, ਲਗਾਤਾਰ ਦੌੜ ਅਤੇ ਅੰਦਰਲੀ ਬੇਚੈਨੀ ਨੇ ਜੀਵਨ ਨੂੰ ਇਸ ਤਰ੍ਹਾਂ ਘੇਰ ਲਿਆ ਹੈ ਕਿ ਕਈ ਵਾਰ ਮਨੁੱਖ ਆਪਣੇ ਹੀ ਅੰਦਰੋਂ ਅਜਨਬੀ ਹੋ ਜਾਂਦਾ ਹੈ। ਇਸ ਟੁੱਟਣ ਨੂੰ ਸਿਰਫ਼ ਇੱਕ ਮਨੋਵਿਗਿਆਨਕ ਸਮੱਸਿਆ ਵਜੋਂ ਦੇਖਣਾ ਸ਼ਾਇਦ ਕਾਫ਼ੀ ਨਹੀਂ। ਇਸ ਨੂੰ ਇੱਕ ਵਿਛੋੜੇ ਵਜੋਂ ਵੀ ਸਮਝਣ ਦੀ ਲੋੜ ਹੈ। ਕੁਦਰਤ ਤੋਂ ਵਿਛੋੜਾ, ਸਬੰਧਾਂ ਤੋਂ ਵਿਛੋੜਾ, ਸਰੀਰ ਤੋਂ ਵਿਛੋੜਾ ਅਤੇ ਆਪਣੇ ਅੰਦਰਲੇ ਜੀਵੰਤ ਅਨੁਭਵ ਤੋਂ ਵਿਛੋੜਾ।

ਇਸੇ ਥਾਂ ਹੋਲਿਸਟਿਕ ਸੋਚ ਇੱਕ ਨਵਾਂ ਦਰਵਾਜ਼ਾ ਖੋਲ੍ਹਦੀ ਹੈ। ਹੋਲਿਸਟਿਕ ਦ੍ਰਿਸ਼ਟੀ ਇਹ ਨਹੀਂ ਪੁੱਛਦੀ ਕਿ 'ਸਮੱਸਿਆ ਕਿੱਥੇ ਹੈ?' ਇਹ ਪੁੱਛਦੀ ਹੈ ਕਿ 'ਜੀਵਨ ਕਿੱਥੇ ਟੁੱਟਿਆ ਹੈ?' ਕਈ ਵਾਰ ਮਨ ਦੀ ਬੇਚੈਨੀ ਨੂੰ ਸਮਝਣ ਲਈ ਸ਼ਬਦਾਂ ਦੀ ਲੋੜ ਹੁੰਦੀ ਹੈ। ਕਈ ਵਾਰ ਚੁੱਪ ਦੀ। ਕਈ ਵਾਰ ਸੰਗੀਤ ਦੀ। ਕਈ ਵਾਰ ਰੰਗਾਂ ਦੀ। ਕਈ ਵਾਰ ਕਵਿਤਾ ਦੀ ਅਤੇ ਕਈ ਵਾਰ ਸਿਰਫ਼ ਕਿਸੇ ਦੇ ਕੋਲ ਜ਼ਮੀਨ ਉੱਤੇ ਬੈਠ ਜਾਣ ਦੀ।

ਜਦੋਂ ਕਿਸੇ ਦੇ ਨਾਲ ਉਸੇ ਧਰਤੀ ਉੱਤੇ ਬੈਠ ਕੇ ਗੱਲ ਕੀਤੀ ਜਾਂਦੀ ਹੈ, ਜਿਸ ਧਰਤੀ ਨੇ ਉਸ ਨੂੰ ਪਾਲਿਆ ਹੈ ਤਾਂ ਗੱਲਬਾਤ ਸਿਰਫ਼ ਸ਼ਬਦਾਂ ਤੱਕ ਸੀਮਤ ਨਹੀਂ ਰਹਿੰਦੀ। ਉੱਥੇ ਇੱਕ ਅਨੁਭਵ ਪੈਦਾ ਹੁੰਦਾ ਹੈ-ਬਰਾਬਰੀ ਦਾ, ਨੇੜਤਾ ਦਾ ਅਤੇ ਸਵੀਕਾਰਤਾ ਦਾ। ਉੱਥੇ ਕੋਈ ਉੱਚਾ ਨਹੀਂ, ਕੋਈ ਨੀਵਾਂ ਨਹੀਂ। ਸਿਰਫ਼ ਦੋ ਜੀਵਨ ਇੱਕੋ ਧਰਤੀ ਨੂੰ ਛੂਹ ਰਹੇ ਹੁੰਦੇ ਹਨ। ਸ਼ਾਇਦ ਇੱਥੋਂ ਹੀ ਅਸਲ ਸਬੰਧ ਦੀ ਸ਼ੁਰੂਆਤ ਹੁੰਦੀ ਹੈ।

ਇਸ ਦਾ ਅਰਥ ਇਹ ਨਹੀਂ ਕਿ ਮਨੋਚਿਕਿਤਸਾ, ਕਾਊਂਸਲਿੰਗ ਜਾਂ ਬੰਦ ਕਮਰੇ ਵਿੱਚ ਹੋਣ ਵਾਲੀ ਥੈਰੇਪੀ ਦੀ ਕੋਈ ਮਹੱਤਤਾ ਨਹੀਂ। ਇਹ ਸਾਰੇ ਮਹੱਤਵਪੂਰਨ ਸਾਧਨ ਹੋ ਸਕਦੇ ਹਨ, ਪਰ ਹਰ ਮਨੁੱਖ ਦੀ ਪੀੜ ਨੂੰ ਸਿਰਫ਼ ਇੱਕੋ ਢੰਗ ਨਾਲ ਨਹੀਂ ਸਮਝਿਆ ਜਾ ਸਕਦਾ। ਕੁਝ ਅਨੁਭਵ ਅਜਿਹੇ ਹੁੰਦੇ ਹਨ ਜੋ ਗੱਲਬਾਤ ਤੋਂ ਅੱਗੇ ਜਾਂਦੇ ਹਨ। ਜਿੱਥੇ ਸ਼ਬਦ ਰੁਕ ਜਾਂਦੇ ਹਨ, ਉੱਥੇ ਕਲਾ ਬੋਲ ਸਕਦੀ ਹੈ। ਜਿੱਥੇ ਅੱਖਾਂ ਰੋ ਨਹੀਂ ਸਕਦੀਆਂ, ਉੱਥੇ ਸੰਗੀਤ ਵਹਿ ਸਕਦਾ ਹੈ। ਜਿੱਥੇ ਸਰੀਰ ਜਕੜ ਜਾਂਦਾ ਹੈ, ਉੱਥੇ ਨਾਚ ਮੁੜ ਗਤੀ ਪੈਦਾ ਕਰ ਸਕਦਾ ਹੈ। ਜਿੱਥੇ ਅੰਦਰਲੀ ਆਵਾਜ਼ ਦੱਬ ਜਾਂਦੀ ਹੈ, ਉੱਥੇ ਕਵਿਤਾ ਉਸ ਨੂੰ ਦੁਬਾਰਾ ਜਗਾ ਸਕਦੀ ਹੈ ਅਤੇ ਜਿੱਥੇ ਜੀਵਨ ਬੇਰੰਗ ਹੋ ਜਾਂਦਾ ਹੈ, ਉੱਥੇ ਇੱਕ ਪੇਂਟਿੰਗ ਰੰਗਾਂ ਰਾਹੀਂ ਉਹ ਕੁਝ ਕਹਿ ਸਕਦੀ ਹੈ ਜੋ ਸ਼ਬਦ ਨਹੀਂ ਕਹਿ ਸਕਦੇ।

ਇਸ ਲਈ ਰਚਨਾਤਮਕਤਾ ਨੂੰ ਸਿਰਫ਼ ਮਨੋਰੰਜਨ ਸਮਝਣਾ ਠੀਕ ਨਹੀਂ। ਰਚਨਾਤਮਕਤਾ ਜੀਵਨ ਦੀ ਇੱਕ ਕੁਦਰਤੀ ਭਾਸ਼ਾ ਹੈ। ਨਾਚ ਸਿਰਫ਼ ਸਰੀਰ ਦੀ ਹਰਕਤ ਨਹੀਂ ਬਲਕਿ ਇਹ ਅੰਦਰਲੀ ਰੁਕਾਵਟ ਨੂੰ ਗਤੀ ਵਿੱਚ ਬਦਲ ਸਕਦਾ ਹੈ। ਸੰਗੀਤ ਸਿਰਫ਼ ਆਵਾਜ਼ ਨਹੀਂ, ਇਹ ਅੰਦਰਲੇ ਬਿੱਖਰੇ ਹੋਏ ਤਾਲ ਨੂੰ ਇੱਕ ਲੈਅ ਦੇ ਸਕਦਾ ਹੈ। ਕਵਿਤਾ ਸਿਰਫ਼ ਸ਼ਬਦਾਂ ਦੀ ਸਜਾਵਟ ਨਹੀਂ, ਇਹ ਅਣਕਹੇ ਅਨੁਭਵ ਨੂੰ ਆਵਾਜ਼ ਦੇ ਸਕਦੀ ਹੈ। ਪੇਂਟਿੰਗ ਸਿਰਫ਼ ਰੰਗ ਨਹੀਂ, ਇਹ ਅੰਦਰਲੇ ਸੰਸਾਰ ਦਾ ਇੱਕ ਦਰਪਣ ਬਣ ਸਕਦੀ ਹੈ।

ਮਨੁੱਖੀ ਰਿਸ਼ਤੇ ਸਿਰਫ਼ ਸਮਾਜਿਕ ਲੋੜ ਨਹੀਂ, ਇਹ ਮਾਨਸਿਕ ਸਿਹਤ ਦੀਆਂ ਬੁਨਿਆਦੀ ਜੜ੍ਹਾਂ ਵਿੱਚੋਂ ਇੱਕ ਹਨ। ਜਦੋਂ ਕਿਸੇ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਸ ਨੂੰ ਸੁਣਿਆ ਜਾ ਰਿਹਾ ਹੈ, ਸਮਝਿਆ ਜਾ ਰਿਹਾ ਹੈ ਅਤੇ ਬਿਨਾਂ ਫ਼ੈਸਲਾ ਕੀਤੇ ਸਵੀਕਾਰਿਆ ਜਾ ਰਿਹਾ ਹੈ ਤਾਂ ਅੰਦਰ ਕੁਝ ਹੌਲੀ-ਹੌਲੀ ਨਰਮ ਹੋਣ ਲੱਗਦਾ ਹੈ। ਸ਼ਾਇਦ ਹੀਲਿੰਗ ਦਾ ਸਭ ਤੋਂ ਡੂੰਘਾ ਅਰਥ ਇਹੀ ਹੈ-ਟੁੱਟੇ ਹੋਏ ਸਬੰਧਾਂ ਨੂੰ ਮੁੜ ਜੀਵੰਤ ਕਰਨਾ। ਇਹ ਕੁਦਰਤ ਨਾਲ ਸਬੰਧ, ਸਰੀਰ ਨਾਲ ਸਬੰਧ, ਭਾਵਨਾਵਾਂ ਨਾਲ ਸਬੰਧ, ਦੂਜਿਆਂ ਨਾਲ ਸਬੰਧ ਅਤੇ ਆਖ਼ਰਕਾਰ ਜੀਵਨ ਨਾਲ ਸਬੰਧ ਹੈ। ਮਨੁੱਖ ਨੂੰ ਸਿਰਫ਼ ਉਸ ਦੇ ਲੱਛਣਾਂ ਰਾਹੀਂ ਨਹੀਂ ਸਮਝਿਆ ਜਾ ਸਕਦਾ। ਇੱਕ ਉਦਾਸੀ ਦੇ ਪਿੱਛੇ ਇੱਕ ਕਹਾਣੀ ਹੋ ਸਕਦੀ ਹੈ। ਇੱਕ ਗੁੱਸੇ ਦੇ ਪਿੱਛੇ ਕੋਈ ਅਣਸੁਣੀ ਪੀੜ ਹੋ ਸਕਦੀ ਹੈ। ਇੱਕ ਇਕੱਲੇਪਣ ਦੇ ਪਿੱਛੇ ਸਬੰਧਾਂ ਦੀ ਕਮੀ ਹੋ ਸਕਦੀ ਹੈ ਅਤੇ ਕਈ ਵਾਰ ਇੱਕ ਬੇਚੈਨ ਮਨ ਦੇ ਪਿੱਛੇ ਕੁਦਰਤ ਤੋਂ ਲੰਬੇ ਸਮੇਂ ਦਾ ਵਿਛੋੜਾ ਵੀ ਹੋ ਸਕਦਾ ਹੈ। ਇਸ ਲਈ ਸਵਾਲ ਸਿਰਫ਼ ਇਹ ਨਹੀਂ ਹੋਣਾ ਚਾਹੀਦਾ ਕਿ 'ਇਸ ਨੂੰ ਕਿਵੇਂ ਠੀਕ ਕੀਤਾ ਜਾਵੇ?' ਸਵਾਲ ਇਹ ਹੋਣਾ ਚਾਹੀਦਾ ਹੈ, 'ਇਸ ਨੂੰ ਮੁੜ ਜੀਵਨ ਨਾਲ ਕਿਵੇਂ ਜੋੜਿਆ ਜਾਵੇ?' ਇਹ ਜੋੜ ਕਿਸੇ ਇੱਕ ਤਕਨੀਕ ਦਾ ਨਾਮ ਨਹੀਂ। ਇਹ ਜੀਵਨ ਜਿਊਣ ਦਾ ਢੰਗ ਹੈ।

ਕਦੇ ਸਵੇਰੇ ਨੰਗੇ ਪੈਰ ਘਾਹ ਉੱਤੇ ਤੁਰਨਾ। ਕਦੇ ਮਿੱਟੀ ਨੂੰ ਹੱਥਾਂ ਨਾਲ ਛੂਹਣਾ। ਕਦੇ ਰੁੱਖ ਹੇਠ ਬੈਠ ਕੇ ਚੁੱਪ ਰਹਿਣਾ। ਕਦੇ ਕਿਸੇ ਨਾਲ ਬਿਨਾਂ ਕਿਸੇ ਮਕਸਦ ਦੇ ਗੱਲ ਕਰਨੀ। ਕਦੇ ਗਾਉਣਾ। ਕਦੇ ਨੱਚਣਾ। ਕਦੇ ਲਿਖਣਾ। ਕਦੇ ਰੰਗ ਭਰਨਾ। ਕਦੇ ਹੱਸਣਾ ਅਤੇ ਕਦੇ ਸਿਰਫ਼ ਸਾਹ ਨੂੰ ਮਹਿਸੂਸ ਕਰਨਾ। ਇਹ ਛੋਟੀਆਂ ਲੱਗਣ ਵਾਲੀਆਂ ਕਰਿਆਵਾਂ ਜੀਵਨ ਦੇ ਵੱਡੇ ਟੁੱਟੇ ਹੋਏ ਪੁਲਾਂ ਨੂੰ ਦੁਬਾਰਾ ਬਣਾਉਣ ਵਿੱਚ ਸਹਾਇਕ ਹੋ ਸਕਦੀਆਂ ਹਨ।

ਦਰਅਸਲ, ਸਵਾਲ ਸ਼ਾਇਦ ਇਹ ਨਹੀਂ ਕਿ ਹੀਲਿੰਗ ਕਿੱਥੇ ਹੁੰਦੀ ਹੈ। ਅਸਲ ਸਵਾਲ ਇਹ ਹੈ ਕਿ ਹੀਲਿੰਗ ਲਈ ਜੀਵਨ ਵਿੱਚ ਕਿੰਨੀ ਥਾਂ ਛੱਡੀ ਗਈ ਹੈ। ਜੇ ਜੀਵਨ ਵਿੱਚ ਸਿਰਫ਼ ਕੰਮ ਹੈ, ਪਰ ਖੇਡ ਨਹੀਂ, ਸਿਰਫ਼ ਜਾਣਕਾਰੀ ਹੈ, ਪਰ ਅਨੁਭਵ ਨਹੀਂ, ਸਿਰਫ਼ ਸਫਲਤਾ ਹੈ, ਪਰ ਸਬੰਧ ਨਹੀਂ, ਸਿਰਫ਼ ਦੌੜ ਹੈ, ਠਹਿਰਾਅ ਨਹੀਂ ਤਾਂ ਅੰਦਰਲਾ ਸੰਤੁਲਨ ਹੌਲੀ-ਹੌਲੀ ਕਮਜ਼ੋਰ ਹੋ ਸਕਦਾ ਹੈ।

ਹੋਲਿਸਟਿਕ ਹੀਲਿੰਗ ਦਾ ਰਸਤਾ ਸ਼ਾਇਦ ਮਨੁੱਖ ਨੂੰ 'ਠੀਕ' ਕਰਨ ਤੋਂ ਪਹਿਲਾਂ ਉਸ ਨੂੰ ਮੁੜ ਜਿਊਣ ਦੀ ਯਾਦ ਦਿਵਾਉਂਦਾ ਹੈ। ਇਸ ਲਈ ਮਿੱਟੀ ਨਾਲ ਬੈਠੋ। ਅਸਮਾਨ ਵੱਲ ਵੇਖੋ। ਸਾਹ ਨੂੰ ਸੁਣੋ। ਕਿਸੇ ਦਾ ਹੱਥ ਫੜੋ। ਕੋਈ ਧੁਨ ਗਾਓ। ਕੋਈ ਕਵਿਤਾ ਲਿਖੋ। ਕੋਈ ਰੰਗ ਭਰੋ। ਥੋੜ੍ਹਾ ਨੱਚੋ। ਥੋੜ੍ਹਾ ਹੱਸੋ ਅਤੇ ਸਭ ਤੋਂ ਵੱਧ ਜੀਵਨ ਨੂੰ ਆਪਣੇ ਅੰਦਰੋਂ ਮੁੜ ਵਹਿਣ ਦਿਓ। ਕਿਉਂਕਿ ਜਦੋਂ ਮਨੁੱਖ ਕੁਦਰਤ ਤੋਂ ਟੁੱਟਦਾ ਹੈ ਤਾਂ ਸਿਰਫ਼ ਬਾਹਰਲਾ ਸਬੰਧ ਨਹੀਂ ਟੁੱਟਦਾ; ਕਈ ਵਾਰ ਅੰਦਰਲੀ ਲੈਅ ਵੀ ਖੋ ਜਾਂਦੀ ਹੈ ਅਤੇ ਜਦੋਂ ਉਹੀ ਲੈਅ ਮੁੜ ਮਿਲ ਜਾਂਦੀ ਹੈ ਤਾਂ ਕਈ ਵਾਰ ਇਲਾਜ ਕਿਸੇ ਬਾਹਰਲੀ ਥਾਂ ਤੋਂ ਨਹੀਂ ਆਉਂਦਾ। ਜੀਵਨ ਆਪ ਇਲਾਜ ਬਣ ਜਾਂਦਾ ਹੈ।






# ਪੰਜਾਬੀ ਜਨਜੀਵਨ ਵਿੱਚ ਅਖਾਣਾਂ ਦੀ ਮਹੱਤਤਾ



ਅਖਾਣਾਂ ਦੀ ਪੰਜਾਬੀ ਜਨਜੀਵਨ ਅਤੇ ਸੱਭਿਆਚਾਰ ਵਿੱਚ ਬਹੁਤ ਜ਼ਿਆਦਾ ਮਹੱਤਤਾ ਹੈ। ਇਹ ਲੋਕ ਸਾਹਿਤ ਦਾ ਬਹੁਤ ਹੀ ਖ਼ੂਬਸੂਰਤ ਅਤੇ ਮਹੱਤਵਪੂਰਨ ਅੰਗ ਹਨ। ਹਰ ਅਖਾਣ ਦੇ ਪਿਛੋਕੜ ਵਿੱਚ ਕੋਈ ਘਟਨਾ, ਕਥਾ, ਸਾਕਾ ਜਾਂ ਪ੍ਰਸੰਗ ਹੁੰਦਾ ਹੈ। ਅਖਾਣ ਨੂੰ ਅਖਾਉਤ, ਲੋਕੋਕਤੀ ਅਤੇ ਕਹਾਵਤ ਵੀ ਆਖਿਆ ਜਾਂਦਾ ਹੈ। ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ- 'ਸੰਜਮ ਅਤੇ ਲੈਅ ਭਰਪੂਰ ਚੁਸਤ ਵਾਕ, ਜਿਨ੍ਹਾਂ ਵਿੱਚ ਜੀਵਨ ਬਾਰੇ ਕੋਈ ਤੱਥ ਜਾਂ ਨਿਰਣਾ ਪ੍ਰਭਾਵਸ਼ਾਲੀ ਵਿਧੀ ਨਾਲ ਸਮੋਇਆ ਹੋਵੇ, 'ਅਖਾਣ' ਹਨ।'

ਅਖਾਣਾਂ ਨੂੰ ਘੜਨ ਵਾਲੇ ਕੋਈ ਵਿਸ਼ੇਸ਼ ਡਿਗਰੀਆਂ ਪ੍ਰਾਪਤ ਵਿਦਵਾਨ ਨਹੀਂ ਸਨ। ਸਗੋਂ ਪਿੰਡਾਂ ਵਿੱਚ ਰਹਿਣ ਵਾਲੇ ਜਨ-ਸਧਾਰਨ ਲੋਕਾਂ ਵਿੱਚੋਂ ਕੁਝ ਬਹੁਤ ਹੀ ਤੀਖਣ ਬੁੱਧੀ ਦੇ ਮਾਲਕ ਹੁੰਦੇ ਸਨ। ਇਨ੍ਹਾਂ ਤੀਖਣ ਬੁੱਧੀ ਵਾਲੇ ਵਿਅਕਤੀਆਂ ਵਿੱਚੋਂ ਕਿਸੇ ਇੱਕ ਦੇ ਮੂੰਹੋਂ ਸਹਿਜ ਸੁਭਾਅ ਕੋਈ ਵਾਕ ਨਿਕਲ ਜਾਂਦਾ ਸੀ। ਸਹਿਜ ਸੁਭਾਅ ਨਿਕਲਿਆ ਇਹੋ ਵਾਕ ਜਦੋਂ ਵਾਰ-ਵਾਰ ਆਮ ਲੋਕਾਂ ਵੱਲੋਂ ਵਰਤਿਆ ਜਾਂਦਾ ਸੀ, ਤਦ ਸਮਾਂ ਪਾ ਕੇ ਉਹ ਅਖਾਣ ਦਾ ਰੂਪ ਧਾਰਨ ਕਰ ਜਾਂਦਾ ਸੀ। ਫਿਰ ਸਾਰਾ ਸਮਾਜ ਉਸ ਨੂੰ ਵਰਤਣਾ ਸ਼ੁਰੂ ਕਰ ਦਿੰਦਾ ਸੀ। ਇਸ ਤਰ੍ਹਾਂ ਅਖਾਣਾਂ ਦੀ ਸਿਰਜਣਾ ਸਹਿਜ ਸੁਭਾਅ ਹੁੰਦੀ ਰਹੀ ਹੈ। ਇਹ ਵੀ ਇੱਕ ਤੱਥ ਹੈ ਕਿ ਪੁਰਸ਼ਾਂ ਨਾਲੋਂ ਸੁਆਣੀਆਂ ਅਖਾਣ ਘੜਨ ਵਿੱਚ ਵਧੇਰੇ ਦਿਲਚਸਪੀ ਰੱਖਦੀਆਂ ਰਹੀਆਂ ਹਨ।

ਅਖਾਣਾਂ ਨੂੰ ਮੁੱਖ ਤੌਰ 'ਤੇ ਦੋ ਵਰਗਾਂ ਵਿੱਚ ਵੰਡਿਆ ਜਾਂਦਾ ਹੈ। ਇੱਕ ਉਹ ਅਖਾਣ ਹਨ, ਜੋ ਸੁਤੇ ਸਿੱਧ ਹੋਂਦ ਵਿੱਚ ਆਉਂਦੇ ਹਨ। ਇਹ ਲੋਕਾਂ ਦੁਆਰਾ ਆਪਣੇ ਆਪ ਸਿਰਜੇ ਜਾਂਦੇ ਹਨ। ਕਿਸੇ ਸਿਆਣੇ ਸੁਲਝੇ ਹੋਏ ਇਨਸਾਨ ਦੇ ਮੂੰਹੋਂ ਕਿਸੇ ਖ਼ਾਸ ਪ੍ਰਸੰਗ ਜਾਂ ਪਰਿਸਥਿਤੀ ਵਿੱਚ ਆਪ ਮੁਹਾਰੇ ਕੋਈ ਵਾਕ ਨਿਕਲ ਜਾਂਦਾ ਹੈ, ਜੋ ਆਪਣੀ ਠੁੱਕ ਅਤੇ ਅਨੁਰੂਪਤਾ ਕਾਰਨ ਲੋਕ ਸੂਝ ਉੱਤੇ ਛਾ ਜਾਂਦਾ ਹੈ। ਇਹੋ ਲੋਕ ਮੁੱਖ ਦੀ ਟਕਸਾਲ ਦਾ ਸਿੱਕਾ ਸੁਤੇ ਸਿੱਧ ਹੋਂਦ ਵਿੱਚ ਆਉਣ ਵਾਲਾ 'ਅਖਾਣ' ਹੈ। ਇਸ ਦੇ ਵਿਕਾਸ ਦੀਆਂ ਤਿੰਨ ਅਵਸਥਾਵਾਂ ਮੰਨੀਆਂ ਗਈਆਂ ਹਨ- ਪਹਿਲੀ ਬੀਜ ਰੂਪ ਵਾਲੀ, ਜਦੋਂ ਕਿਸੇ ਸਿਆਣੇ ਵਿਅਕਤੀ ਦੇ ਮੂੰਹੋਂ ਅਖਾਣ ਬਣਨ ਵਾਲਾ ਵਾਕ ਨਿਕਲਦਾ ਹੈ। ਦੂਜੀ, ਜਦੋਂ ਉਹ ਵਾਕ ਜਾਂ ਕਥਨ ਉਸੇ ਵਰਗੀਆਂ ਪਰਿਸਥਿਤੀਆਂ ਵਿੱਚ ਵਰਤਿਆ ਜਾਣ ਲੱਗਦਾ ਹੈ। ਤੀਜੀ, ਉਸ ਵਿੱਚੋਂ ਕੋਈ ਵਾਧੂ ਸ਼ਬਦ ਮੁੱਖ ਸਿਧਾਂਤ ਦੇ ਸੰਦ ਦੁਆਰਾ ਛਿੱਲੇ ਤਰਾਸ਼ੇ ਜਾਣ ਉਪਰੰਤ ਆਪਣਾ ਸਿੱਕੇਬੰਦ ਰੂਪ ਧਾਰਨ ਕਰਦਾ ਹੈ। ਵੰਨਗੀ ਦੇ ਤੌਰ 'ਤੇ ਕੁਝ ਅਖਾਣ ਦੇਖੇ ਜਾ ਸਕਦੇ ਹਨ- ਸੌ ਸਿਆਣੇ ਇੱਕੋ ਮਤ, ਮੂਰਖ ਆਪੋ ਆਪਣੀ, ਸੌ ਸੁਨਿਆਰ ਦੀ, ਇੱਕ ਲੁਹਾਰ ਦੀ, ਸੌ ਚਾਚਾ ਇੱਕ ਪਿਉ, ਸੌ ਦਾਰੂ ਇੱਕ ਘਿਉ, ਸੌ ਦਿਨ ਚੋਰ ਦੇ, ਇੱਕ ਦਿਨ ਸਾਧ ਦਾ, ਹੱਥ ਕਾਰ ਵੱਲ, ਚਿੱਤ ਯਾਰ ਵੱਲ, ਹੱਥ ਪੁਰਾਣੇ ਖੌਂਸੜੇ ਬਸੰਤੇ ਹੋਰੀਂ ਆਏ, ਹਥਿਆਰ ਉਹ ਜਿਹੜਾ ਵੇਲੇ ਸਿਰ ਕੰਮ ਆਏ, ਹਮਸਾਏ ਮਾਂ ਪਿਉ ਜਾਏ, ਜੋੜੀਆਂ ਜੱਗ ਥੋੜ੍ਹੀਆਂ ਸਿਰ ਨਰੜ ਬਥੇਰੇ, ਲਾਈਏ ਤਾਂ ਤੋੜ ਨਿਭਾਈਏ, ਲੱਲੂ ਕਰੇ ਕਵੱਲੀਆਂ ਰੱਬ ਸਿੱਧੀਆਂ ਪਾਵੇ ਆਦਿ।

ਦੂਜੀ ਕਿਸਮ ਦੇ ਅਖਾਣ ਚੇਤਨ ਤੌਰ 'ਤੇ ਹੋਂਦ ਵਿੱਚ ਆਉਂਦੇ ਹਨ। ਇਨ੍ਹਾਂ ਦੀ ਸਿਰਜਣਾ ਸ੍ਰੇਸ਼ਠ ਸਾਹਿਤਕਾਰਾਂ ਦੁਆਰਾ ਕੀਤੀ ਹੁੰਦੀ ਹੈ। ਜਦੋਂ ਕੋਈ ਸਾਹਿਤਕਾਰ ਮਨੁੱਖੀ ਸੁਭਾਅ 'ਤੇ ਆਧਾਰਿਤ ਜਾਂ ਜੀਵਨ ਦੇ ਕਿਸੇ ਵੀ ਪੱਖ ਬਾਰੇ ਸਾਲਾਂ ਬੱਧੀ ਅਨੁਭਵ ਦੇ ਨਿਚੋੜ ਵਜੋਂ ਹਾਸਲ ਕੀਤੇ ਸੱਚ ਨੂੰ ਸੁੰਦਰ ਸ਼ਬਦ ਯੋਜਨਾ ਨਾਲ ਵਾਕ ਵਿੱਚ ਬੀੜ ਦਿੰਦਾ ਹੈ ਤਾਂ ਉਹ ਸਤਿ ਕਥਨ ਵਾਰ-ਵਾਰ ਲੋਕਾਂ ਵਿੱਚ ਵਰਤੇ ਜਾਣ ਨਾਲ ਅਖਾਣ ਬਣਨ ਦਾ ਅਧਿਕਾਰੀ ਹੋ ਜਾਂਦਾ ਹੈ। ਧਰਮ ਅਤੇ ਸਦਾਚਾਰ ਨਾਲ ਸਬੰਧਿਤ ਨੀਤੀ ਕਥਨ ਵੀ ਇਸੇ ਵਰਗ ਅਧੀਨ ਆ ਜਾਂਦੇ ਹਨ। ਲੋਕ ਅਖਾਣਾਂ ਨਾਲੋਂ ਇਨ੍ਹਾਂ ਅਖਾਣਾਂ ਦਾ ਓਨਾ ਹੀ ਫ਼ਰਕ ਹੁੰਦਾ ਹੈ, ਜਿੰਨਾ ਜੰਗਲ ਵਿੱਚ ਉੱਗੇ ਸਹਿਜ ਸੁਭਾਵਿਕ ਫੁੱਲ ਦਾ ਅਤੇ ਬਗੀਚੇ ਦੇ ਫੁੱਲ ਵਿੱਚ ਹੁੰਦਾ ਹੈ। ਪਹਿਲੇ ਦਾ ਸੁਹਜ ਕੁਦਰਤੀ ਹੁੰਦਾ ਹੈ ਅਤੇ ਦੂਜੇ ਦਾ ਕਲਾਤਮਕ। ਪਹਿਲੇ ਉੱਤੇ ਲੋਕ ਸੂਝ ਦੀ ਮੋਹਰ ਲੱਗੀ ਹੁੰਦੀ ਹੈ ਅਤੇ ਦੂਜੇ ਉੱਤੇ ਸਾਹਿਤਕਾਰ ਦੀ ਪ੍ਰਤਿਭਾ ਦੀ ਛਾਪ ਲੱਗੀ ਹੁੰਦੀ ਹੈ, ਪ੍ਰੰਤੂ ਵਰਤੋਂ ਦੇ ਲਿਹਾਜ਼ ਨਾਲ ਇਨ੍ਹਾਂ ਦੋਵਾਂ ਵਿੱਚ ਕੋਈ ਫ਼ਰਕ ਨਹੀਂ ਹੁੰਦਾ। ਪੰਜਾਬੀ ਸਾਹਿਤ ਵਿੱਚ ਬਾਬਾ ਸ਼ੇਖ਼ ਫ਼ਰੀਦ ਦੀ ਰਚਨਾ ਵਿੱਚ ਕਈ ਵਾਕ ਅਖਾਣਾਂ ਦਾ ਰੂਪ ਧਾਰਨ ਕਰ ਗਏ ਹਨ-ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ, ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ, ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ। ਸਿੱਖ ਗੁਰੂ ਸਾਹਿਬਾਨ ਵੱਲੋਂ ਰਚੀਆਂ ਗੁਰਬਾਣੀ ਦੀਆਂ ਸੈਂਕੜੇ ਤੁਕਾਂ ਸੁਚੱਜੇ ਅਖਾਣਾਂ ਦਾ ਰੂਪ ਧਾਰਨ ਕਰ ਗਈਆਂ ਹਨ- ਆਪੇ ਬੀਜਿ ਆਪੇ ਹੀ ਖਾਹੁ, ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ, ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ, ਦੁਖੁ ਦਾਰੂ ਸੁਖੁ ਰੋਗੁ ਭਇਆ, ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ, ਰੋਟੀਆ ਕਾਰਣਿ ਪੂਰਹਿ ਤਾਲ, ਨਿਵੈ ਸੁ ਗਉਰਾ ਹੋਇਨ।। ਆਦਿ।

ਭਾਈ ਗੁਰਦਾਸ ਜੀ ਵੱਲੋਂ ਰਚੀਆਂ 39 ਅਧਿਆਤਮਕ ਵਾਰਾਂ ਅਖਾਣਾਂ ਨਾਲ ਭਰਪੂਰ ਹਨ। ਉਨ੍ਹਾਂ ਵੱਲੋਂ ਰਚੀ ਹਰ ਪਉੜੀ ਵਿੱਚ ਇੱਕ ਜਾਂ ਦੋ ਅਖਾਣ ਸਹਿਜ ਸੁਭਾਅ ਮਿਲ ਜਾਂਦੇ ਹਨ, ਜਿਵੇਂ ਕੁੱਤਾ ਰਾਜ ਬਹਾਲੀਐ ਫਿਰਿ ਚੱਕੀ ਚੱਟੈ, ਸੱਪੈ ਦੁਧੁ ਪਿਆਲੀਐ ਵਿਹੁ ਮੁਖਹੁ ਸੱਟੈ। ਉਨ੍ਹਾਂ ਨੇ ਕੁਝ ਕਥਾ ਪ੍ਰਸੰਗਾਂ ਦੇ ਆਧਾਰ 'ਤੇ ਵੀ ਅਖਾਣਾਂ ਦੀ ਸਿਰਜਣਾ ਕੀਤੀ ਹੈ। ਉਦਾਹਰਣ ਵਜੋਂ 'ਕਾਵਾਂ ਰੌਲੀ ਮੂਰਖ ਸੰਗੈ' ਅਖਾਣ ਨੂੰ ਚਿਤਰਣ ਵੇਲੇ ਉਨ੍ਹਾਂ ਨੇ ਪੂਰੀ ਪਉੜੀ ਲਿਖੀ ਹੈ;

**ਠੰਢੇ ਖੂਹਹੁੰ ਨ੍ਹਾਇਕੈ ਪਗੁ ਵਿਸਾਰ**
**ਆਯਾ ਸਿਰ ਨੰਗੈ।**
**ਘਰ ਵਿੱਚ ਰੰਨਾਂ ਕਮਲੀਆਂ**
**ਧੁੱਸੀ ਲੀਤੀ ਦੇਖ ਕੁਢੰਗੈ।**
**ਰੰਨਾਂ ਦੇਖ ਪਿਟੰਦੀਆਂ ਢਾਹਾਂ ਮਾਰੈ ਹੋਇ**
**ਨਿਸੰਗੈ।**

**ਡਾ: ਇਕਬਾਲ ਸਿੰਘ ਸਕਰਾਉਦੀ**

**ਲੋਕ ਸਿਆਪੇ ਆਇਆ ਰੰਨਾਂ**
**ਪੁਰਸ਼ ਜੁੜੇ ਲੈ ਪੰਗੈ।**
**ਨਾਇਣ ਪੁੱਛਦੀ ਪਿਟਦੀਆਂ ਕਿਤ ਦੇ**
**ਨਾਇਕ ਅਲਾਹਨੀ ਅੰਗੈ।**
**ਸਹੁਰੇ ਪੁਛਹੁ ਜਾਇ ਕੈ ਕਉਣ**
**ਮੂਆ ਨੂੰਹ ਉੱਤਰ ਮੰਗੈ।**
**ਕਾਂਵਾਂ ਰੌਲੀ ਮੂਰਖ ਸੰਗੈ।**

ਪੰਜਾਬੀ ਕਿੱਸਾ ਸਾਹਿਤ ਵਿੱਚ ਅਨੇਕ ਸਤਿ ਕਥਨ ਅਖਾਣ ਵਜੋਂ ਪ੍ਰਸਿੱਧੀ ਹਾਸਲ ਕਰ ਚੁੱਕੇ ਹਨ। ਵਾਰਿਸਸ਼ਾਹ ਦੀ ਹੀਰ ਅਤੇ ਹਾਸ਼ਮ ਸ਼ਾਹ ਦੇ ਰਚੇ ਸੱਸੀ ਪੁੰਨੂੰ ਦੇ ਕਿੱਸੇ ਦੀਆਂ ਅਨੇਕਾਂ ਤੁਕਾਂ ਸੁੰਦਰ ਅਖਾਣਾਂ ਵਜੋਂ ਪੰਜਾਬੀਆਂ ਦੀ ਜ਼ੁਬਾਨ 'ਤੇ ਚੜ੍ਹ ਗਈਆਂ ਹਨ- ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ, ਵਾਰਿਸ ਸ਼ਾਹ ਜਦ ਨੈਣਾਂ ਦਾ ਦਾਅ ਲੱਗੇ ਕੋਈ ਬਚੇ ਨਾ ਜੂਏ ਦੀ ਖਾਰ ਵਿੱਚੋਂ, ਵਾਰਿਸ ਸ਼ਾਹ ਛੁਪਾਈਏ ਜੱਗ ਕੋਲੋਂ, ਭਾਵੇਂ ਆਪਣਾ ਹੀ ਗੁੜ ਖਾਈਏ ਜੀ, ਹਾਸ਼ਮ ਹੋਣ ਜਿਨ੍ਹਾਂ ਦਿਨ ਉਲਟੇ, ਸਭ ਉਲਟੀ ਬਣ ਜਾਵੇ, ਹਾਸ਼ਮ ਦੋਸ਼ ਨਹੀਂ ਕਰਵਾਨਾ, ਇਸ਼ਕ ਕਈ ਘਰ ਗਾਲੇ। ਹਾਸ਼ਮ ਖ਼ਾਕ ਰੁਲਾਵੇ ਗਲੀਆਂ ਇਹ ਕਾਫ਼ਿਰ ਇਸ਼ਕ ਮਜਾਜ਼ੀ।

ਸੂਫ਼ੀ ਕਵੀ ਬੁੱਲ੍ਹੇ ਸ਼ਾਹ ਨੂੰ ਰੱਬ ਦੀ ਪ੍ਰਾਪਤੀ ਲਈ ਸੰਸਾਰਕ ਪ੍ਰਪੰਚ ਤੋਂ ਮਨ ਨੂੰ ਹਟਾ ਕੇ ਅਧਿਆਤਮਿਕਤਾ ਵਿੱਚ ਲਗਾਉਣ ਦਾ ਕਿੰਨਾ ਸਰਲ ਅਤੇ ਸੌਖਾ ਉਪਾਅ ਉਸ ਦੇ ਮੁਰਸ਼ਿਦ ਸ਼ਾਹ ਅਨਾਇਤ ਦੁਆਰਾ ਸਮਝਾਇਆ ਗਿਆ ਹੈ- ਰੱਬ ਦਾ ਕੀ ਪਾਉਣਾ, ਇੱਧਰੋਂ ਪੁੱਟਣਾ ਤੇ ਉੱਧਰ ਲਾਉਣਾ।

ਪੰਜਾਬ ਦੀ ਬਹੁਤੀ ਵਸੋਂ ਪਿੰਡਾਂ ਵਿੱਚ ਹੋਣ ਕਾਰਨ ਅਤੇ ਪੇਂਡੂ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਨਾਲ ਹੋਣ ਕਾਰਨ ਬਹੁਤ ਸਾਰੇ ਅਖਾਣ ਪੇਂਡੂ ਜਨਜੀਵਨ ਅਤੇ ਖੇਤੀ ਨਾਲ ਸਬੰਧਿਤ ਹੋਂਦ ਵਿੱਚ ਆ ਗਏ ਹਨ, ਜਿਵੇਂ ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ, ਉੱਜੜੇ ਖੇਤਾਂ ਦੇ ਗਾਲ੍ਹੜ ਪਟਵਾਰੀ, ਦੱਬ ਕੇ ਵਾਹ ਤੇ ਰੱਜ ਕੇ ਖਾ, ਕਰ ਮਜ਼ੂਰੀ ਤੇ ਖਾ ਚੂਰੀ, ਖੇਤੀ ਖ਼ਸਮਾਂ ਸੇਤੀ, ਜਿਹਾ ਡੋਡਾ ਪਿਆ ਤਿਹਾ ਚਿੜੀਆਂ ਚੁਗ ਲਿਆ। ਇਨ੍ਹਾਂ ਅਖਾਣਾਂ ਤੋਂ ਪੰਜਾਬੀਆਂ ਦੇ ਮਨ ਦੀਆਂ ਅਵਸਥਾਵਾਂ ਦਾ ਵੀ ਝਲਕਾਰਾ ਮਿਲਦਾ ਹੈ। ਭੂਗੋਲ ਅਤੇ ਇਤਿਹਾਸ ਨਾਲ ਸਬੰਧਿਤ ਅਖਾਣ ਵੀ ਪੰਜਾਬੀ ਸੱਭਿਆਚਾਰ ਵਿੱਚ ਉਪਲੱਬਧ ਹਨ, ਜਿਵੇਂ-ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ, ਕਾਬਲ ਦਾ ਸਰਦਾ, ਫ਼ਿਰੋਜ਼ਪੁਰ ਦਾ ਗਰਦਾ, ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ, ਆਏ ਨੀਂ ਨਿਹੰਗ ਬੂਹੇ ਖੋਲ੍ਹ ਦੇ ਨਿਸੰਗ। ਬੇਸ਼ੱਕ ਬਹੁਤੇ ਅਖਾਣ ਗੱਦਾਤਮਕ ਵਾਕਾਂ ਦੇ ਰੂਪ ਵਿੱਚ ਮਿਲਦੇ ਹਨ, ਪ੍ਰੰਤੂ ਕੁਝ ਅਖਾਣਾਂ ਵਿੱਚ ਕਾਵਿਕ ਲੈਅ ਵੀ ਬੜੀ ਕਮਾਲ ਦੀ ਹੁੰਦੀ ਹੈ;

**ਤਿੱਤਰ ਖੰਭੀ ਬੱਦਲੀ ਰੰਨ ਮਲਾਈ ਖਾਇ।**
**ਉਹ ਵੱਸੇ, ਉਹ ਉੱਧਲੇ,**
**ਖਾਲੀ ਮੂਲ ਨਾ ਜਾਇ।**

ਇਸ ਪ੍ਰਕਾਰ ਪੰਜਾਬੀ ਅਖਾਣਾਂ ਵਿੱਚ ਪੰਜਾਬੀਆਂ ਦੇ ਸਮੁੱਚੇ ਜਨਜੀਵਨ ਦਾ ਬਿੰਬ ਉਜਾਗਰ ਹੁੰਦਾ ਹੈ। ਪੰਜਾਬੀਆਂ ਦੇ ਜੀਵਨ ਦਾ ਕੋਈ ਵੀ ਪੱਖ ਅਖਾਣਾਂ ਤੋਂ ਬਾਂਝਾ ਨਹੀਂ ਰਿਹਾ ਹੈ। ਜਿੰਨੀ ਵੰਨ-ਸੁਵੰਨਤਾ ਪੰਜਾਬੀ ਅਖਾਣਾਂ ਵਿੱਚ ਹੈ, ਇੰਨੀ ਹੋਰ ਭਾਸ਼ਾਵਾਂ ਦੇ ਸਾਹਿਤ ਵਿੱਚ ਘੱਟ ਹੀ ਨਜ਼ਰ ਪੈਂਦੀ ਹੈ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file



CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX
IFTA
Amarjit S Bir
amarjit@uscipp.org
Lic#0I15593CA
Ph: (925)318-1247

## ਰੂਹਾਂ ਦੇ ਰਿਸ਼ਤੇ

ਉੱਡਾਂ ਪੀੜਾਂ ਦੇ ਸੰਗ ਸੰਗ,
ਇੱਕ ਗੀਤ ਸੁਣਾ ਦੇਵਾਂ ਮੈਂ।
ਲੱਗਾ ਦਾਗ ਬੇਵਫ਼ਾ ਵਾਲਾ,
ਤੇਰੇ ਮੁੱਖ ਤੋਂ ਹਟਾ ਦੇਵਾਂ ਮੈਂ।

ਜੱਗ ਕਹੇ ਨਾ ਸੱਜਣ ਮੇਰਾ,
ਇੱਕ ਦਗੇਬਾਜ਼ ਫਰੇਬੀ ਸੀ।
ਚੰਨ ਦੇ ਮੁੱਖੜੇ 'ਤੋਂ ਕਾਲਖ,
ਸਦਾ ਲਈ ਮਿਟਾ ਦੇਵਾਂ ਮੈਂ।

ਜਾਹ ਕੀਤੇ ਮਾਫ਼ ਗੁਨਾਹ,
ਤੂੰ ਵੀ ਕੀ ਯਾਦ ਰੱਖੇਂਗਾ,
ਬਲੀ ਪਿਆਰਾਂ ਦੀ ਦੇ ਕੇ,
ਰੂਹ ਪਾਕ ਬਣਾ ਦੇਵਾਂ ਮੈਂ।

ਪਰ ਦਿਲ ਆਸ ਰੱਖੀਏ,
ਮਿਲੀਏ ਦੂਜੇ ਜਨਮ ਫੇਰ,
ਉਡੀਕ ਕਿਆਮਤ ਤੋੜੀ,
ਯਾਰਾ ਤੈਨੂੰ ਸੁਣਾ ਦੇਵਾਂ ਮੈਂ।

ਕਿਤੇ ਭੁੱਲ ਨ ਜਾਵੀਂ ਇਹ,
ਵਾਅਦਾ ਮੁਆਫ਼ ਬਣ ਕੇ,
ਅਦਾਲਤ ਜੰਨਤ ਵਾਲੀ 'ਚ,
ਅਗਾਊਂ ਕੇਸ ਲਗਾ ਦੇਵਾਂ ਮੈਂ।

ਸੇਵਾ ਸਿੰਘ 'ਨੂਰਪੁਰੀ'

## ਭੋਜਨ ਦੇ ਤੱਤ

ਭੋਜਨ ਹੁੰਦਾ ਮਨੁੱਖੀ ਜ਼ਿੰਦਗੀ
ਦਾ ਸਭ ਤੋਂ ਵੱਡਾ ਆਧਾਰ।
ਤੰਦਰੁਸਤ ਸਰੀਰ ਲਈ ਹੈ
ਕੁਦਰਤ ਦਾ ਅਨਮੋਲ ਉਪਹਾਰ।।

ਕਾਰਬੋਹਾਈਡ੍ਰੇਟ ਦੇਣ ਊਰਜਾ
ਕੰਮ ਕਰਨ ਦੀ ਤਾਕਤ ਵਧਾਏ।
ਰੋਟੀ, ਚਾਵਲ ਤੇ ਆਲੂ ਖਾ ਕੇ
ਸਰੀਰ ਵਿੱਚ ਚੁਸਤੀ ਆਏ।।

ਪ੍ਰੋਟੀਨ ਸਰੀਰ ਬਣਾਉਂਦਾ
ਮਾਸਪੇਸ਼ੀਆਂ ਨੂੰ ਦਿੰਦਾ ਬਲ।
ਦਾਲਾਂ, ਦੁੱਧ ਅਤੇ ਅੰਡਿਆਂ ਵਿੱਚ
ਇਸ ਦਾ ਮਿਲਦਾ ਕੀਮਤੀ ਫਲ।।

ਚਰਬੀ ਵੀ ਹੁੰਦੀ ਹੈ ਜ਼ਰੂਰੀ
ਊਰਜਾ ਦਾ ਹੁੰਦੀ ਭੰਡਾਰ।
ਜੇ ਮਿਕਦਾਰ ਨਾਲ ਖਾਈਏ
ਤੰਦਰੁਸਤੀ ਰਹੇ ਬਰਕਰਾਰ।।

ਵਿਟਾਮਿਨ ਸਰੀਰ ਦੇ ਰੱਖਿਅਕ
ਬਿਮਾਰੀਆਂ ਤੋਂ ਕਰਦੇ ਬਚਾਅ।
ਫਲ ਤੇ ਸਬਜ਼ੀਆਂ ਖਾ ਕੇ ਬੱਚਿਓ
ਸਿਹਤ ਚੰਗੀ ,ਦੂਰ ਰਹੇ ਤਣਾਅ।।

ਕੈਲਸ਼ੀਅਮ ਹੱਡੀਆਂ ਕਰਦਾ ਮਜ਼ਬੂਤ
ਲੋਹਾ ਕੋਲ ਖ਼ੂਨ ਬਣਾਉਣ ਦਾ ਕੰਮ।
ਆਇਓਡੀਨ, ਜ਼ਿੰਕ ਅਤੇ ਖਣਿਜ
ਸਰੀਰ ਲਈ ਹਨ ਵੱਡੇ ਥੰਮ੍ਹ।।

ਪਾਣੀ ਜੀਵਨ ਦੀ ਲੋੜ ਲਾਜ਼ਮੀ
ਹਰ ਕੋਸ਼ਿਕਾ ਦਾ ਇਹ ਸਹਾਰਾ।
ਰੋਜ਼ ਪੀਓ ਸਾਫ਼ ਪਾਣੀ ਬੱਚਿਓ
ਖਿੜਿਆ ਰਹਿੰਦਾ ਚੰਮ੍ਹ ਸਾਰਾ।।

ਰੇਸ਼ੇਦਾਰ ਭੋਜਨ ਪਾਚਣ ਸੁਧਾਰੇ
ਕਬਜ਼ ਤੋਂ ਇਹ ਕਰੇ ਬਚਾਅ।
ਸੰਤੁਲਿਤ ਖ਼ੁਰਾਕ ਅਪਣਾਈਏ
ਸਿਹਤਮੰਦ ਜੀਵਨ ਪਾਈਏ।।

ਭੋਜਨ ਦੇ ਇਹ ਸਾਰੇ ਤੱਤ
ਜੀਵਨ ਦੇ ਹਨ ਸੱਚੇ ਮਿੱਤਰ।
ਸਹੀ ਮਾਤਰਾ, ਸਹੀ ਸਮੇਂ ਖਾਣ ਨਾਲ
ਤੰਦਰੁਸਤ ਬਣਦੀ ਦੇਹ ਤੇ ਚਰਿੱਤਰ।।

ਆਓ ਬੱਚਿਓ ਮਿਲ ਕੇ ਸਾਰੇ
ਜੰਕ ਫੂਡ ਤੋਂ ਖਹਿੜਾ ਛੁਡਾਈਏ।
ਪੌਸ਼ਟਿਕ ਭੋਜਨ ਅਪਣਾ ਕੇ
ਖ਼ੁਸ਼ਹਾਲ ਜੀਵਨ ਤੇ ਉਮਰ ਵਧਾਈਏ।।

ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

## ਸੁੱਤੀ ਕੌਮ ਨੂੰ ਹਲੂਣਾ

ਅੱਜ ਕੌਮ ਸਾਡੀ, ਕਿਓ ਨੀਂਦ ਗੂੜ੍ਹੀ
ਪਈ ਆ ਲੰਮੀਆਂ ਤਾਣ ਪੱਤੋ।

ਪਾਣੀ ਸਿਰ ਦੇ ਉੱਤੋਂ ਦੀ ਲੰਘੀ ਜਾਵੇ,
ਪਏ ਆਪਣੇ ਹੀ ਖੋਰ ਲਾਣ ਪੱਤੋ।

ਬਣੀ ਇਹ ਤਮਾਸ਼ਾ ਸਾਰੇ ਜੱਗ ਅੰਦਰ,
ਘੱਟ ਰਿਹਾ ਇਸ ਦਾ ਮਾਣ ਪੱਤੋ।

ਨਾ ਇੱਥੇ ਹੁਕਮ ਨੂੰ ਕੋਈ ਮੰਨਦਾ ਹੈ,
ਮਰਯਾਦਾ ਦਾ ਕਰਦੇ ਘਾਣ ਪੱਤੋ।

ਸਭ ਕੁਰਸੀ-ਕੁਰਸੀ ਨੇ ਕਰੀ ਜਾਂਦੇ,
ਡੱਫਲੀ ਆਪਣੀ ਪਏ ਵਜਾਣ ਪੱਤੋ।

ਕਦੇ ਕਾਬਲ ਕੰਧਾਰ ਪਏ ਕੰਬਦੇ ਸੀ,
ਪਠਾਣੀਆਂ ਬੱਚੇ ਡਰਾਣ ਪੱਤੋ।

ਪੈਦਾ ਇਸ ਕੌਮ ਨੇ ਮਰਦ ਦਲੇਰ ਕੀਤੇ,
ਵੱਲ ਜਾਵੇ ਕਿਉਂ ਨਿਮਾਣ ਪੱਤੋ।

ਭੋਲ਼ਿਓ! ਫਰਕ ਨੀਂ ਇਸ ਕੌਮ ਤਾਈ,
ਉਹ ਆਪਣਾ ਮਾਣ ਘਟਾਣ ਪੱਤੋ।

ਇਹ ਭੂਪਤ ਰਾਜੇ ਦਿਨ ਚਾਰ ਰਹਿਣੇ,
ਰਹਿਣੀ ਸਦਾ ਨਾ ਹੱਥ ਕਮਾਣ ਪੱਤੋ।

ਹਰਪ੍ਰੀਤ ਪੱਤੋ
94658-21417

## ਮੇਰੀ ਮਾਂ ਨਾ ਦੂਰ ਕਰੀ

ਮੈਂ ਬਾਬਾ ਜੀ ਅਰਦਾਸ ਕਰਾ
ਖੜਕੇ ਤੇਰੇ ਪਾਸ ਕਰਾ,
ਤੂੰ ਭੇਟਾ ਜੋ ਵੀ ਮੰਗਲੈ
ਹੱਥ ਆਵਦੇ ਵੀ ਰੰਗਲੈ,
ਪਰ ਇੱਕ ਰੂਪ ਸੋਹਣਾ
ਮੇਰੀ ਬੁੱਕਲ ਚ ਧਰੀ
ਮੇਰਾ ਸਭ ਕੁੱਝ ਖੋਹ ਲੈ ਰੱਬਾ
ਪਰ ਮੇਰੀ ਮਾਂ ਨਾ ਦੂਰ ਕਰੀ,

ਉਹਦੇ ਹੁੰਦੇ ਅੱਖ ਨਾ ਅੱਥਰੂ ਆਵੇ
ਕੁਵੇਲੇ ਜਾਵਾ ਜਿੰਦ ਘਬਰਾਵੇ,
ਫਿਕਰ ਵਾਲਾ ਕਰਦੀ ਹੈ
ਕਦੇ ਕਦੇ ਓਹ ਲੜਦੀ ਹੈ,
ਮੇਰੇ ਬਿਨ ਰੋਟੀ ਨਾ ਖਾਵੇ
ਦੇਖੀ ਜਾਵੇ ਮੋੜ ਤੇ ਖੜੀ
ਮੇਰਾ ਸਭ ਕੁੱਝ ਖੋਹ ਲੈ ਰੱਬਾ
ਪਰ ਮੇਰੀ ਮਾਂ ਨਾ ਦੂਰ ਕਰੀ,

ਬੇਸ਼ੱਕ ਮੈਨੂੰ ਵੀ ਤੂੰ ਲੈ ਜਾਵੀ,
ਮਾਂ ਦੇ ਜਿੰਨੇ ਸਾਹ ਉਧਾਰੇ ਦੇ ਜਾਵੀ,
ਜਿੰਨਾ ਚਿਰ ਵੀ ਜੀਣਾ ਮਾਂ ਦੇ ਨਾਲ
ਉਹਦਾ ਕਦੇ ਵਿੰਗਾ ਨਾ ਹੋਵੇ ਵਾਲ,
ਉਹ ਮੇਰੇ ਲਈ ਦੇਵੀ ਹੈ
ਅਰਸਾ ਤੋਂ ਆਈ ਹੈ ਪਰੀ
ਮੇਰਾ ਸਭ ਕੁੱਝ ਖੋਹ ਲੈ ਰੱਬਾ
ਪਰ ਮੇਰੀ ਮਾਂ ਨਾ ਦੂਰ ਕਰੀ,

ਦਿਲ ਮੇਰੇ ਦੀਆ ਸਭ ਜਾਣੇ ਅੰਮੀ
ਮੈਂ ਕਿਉ ਉਹਤੋਂ ਕੁੱਝ ਲੁਕੋਵਾ,
ਧੱਕੇ ਨਾਲ ਮੈਂ ਉਮਰ ਲਿਖਾਵਾ
ਜੇ ਬਾਬਾ ਕੋਲ ਤੇਰੇ ਮੈਂ ਹੋਵਾਂ
ਇਥੇ ਵੀ ਤਾਂ ਹੋਣੀ ਤੇਰੀ ਪੂਜਾ
ਮੈਂ ਕਰਦਾ ਤੇਰੇ ਨਾਲ ਅੜੀ
ਮੇਰਾ ਸਭ ਕੁੱਝ ਖੋਹ ਲੈ ਰੱਬਾ
ਪਰ ਮੇਰੀ ਮਾਂ ਨਾ ਦੂਰ ਕਰੀ,

ਮਾਵਾਂ ਦੇ ਬਿਨ ਦੁੱਖ ਨਾ ਕੋਈ ਸੁਣਦਾ
ਕੱਲਯੁਗੀ ਬੰਦੇ ਮਾੜਾ ਵਕਤ ਹੁਣ ਦਾ,
ਭੁੱਖੇ ਰਹਿਣਾ ਪੈਂਦਾ ਰੋਟੀ ਨਾ ਕੋਈ ਪੁੱਛੇ
ਕੋਲ ਹੋਵੇ ਬਸ, ਰਾਜੀ ਰਹੇ,ਚਾਹੇ ਗੁੱਸੇ,
ਨਿਹਾਲਗੜ੍ਹ ਵਾਲਾ ਗੁਰੀ
ਬਾਬਾ ਜੀ ਜਾਂਦਾ ਹੈ ਡਰੀ
ਮੇਰਾ ਸਭ ਕੁੱਝ ਖੋਹ ਲੈ ਰੱਬਾ
ਪਰ ਮੇਰੀ ਮਾਂ ਨਾ ਦੂਰ ਕਰੀ

ਗੁਰਪ੍ਰੀਤ ਸਿੰਘ ਗੁਰੀ

## ਮਾਂ ਬੋਲੀ ਪੰਜਾਬੀ ਦੀ ਪੁਕਾਰ

ਮੈਂ ਅਜੇ ਵੀ ਜਿਉਂਦੀ ਹਾਂ,
ਮਿੱਟੀ ਦੀ ਖ਼ੁਸ਼ਬੂ ਵਿੱਚ ਵੱਸਦੀ ਹਾਂ।
ਜਿੱਥੇ ਵੀ ਮੈਨੂੰ ਕੋਈ ਦਿਲੋਂ ਤੋਂ ਬੋਲ ਲਵੇ,
ਉਸ ਫਿਰ ਫਿਰ ਤੋਂ ਖਿੜਦੀ ਹਾਂ।

ਲੋੜ ਨਹੀਂ ਮੈਨੂੰ ਦਇਆ ਦੀ,
ਲੋੜ ਹੈ ਸਿਰਫ਼ ਅਪਣਾਉਣ ਦੀ।
ਮੈਨੂੰ ਮਾਣ ਨਾਲ ਬੋਲਣ ਦੀ,
ਮੈਨੂੰ ਮਾਣ ਨਾਲ ਸਿਖਾਉਣ ਦੀ।

ਕਿਉਂਕਿ ਜੇ ਬੋਲੀ ਮੁੱਕ ਗਈ,
ਤਾਂ ਪਛਾਣ ਵੀ ਖੋ ਜਾਵੇਗੀ।
ਜਿਸ ਮਿੱਟੀ 'ਤੇ ਖੜ੍ਹੇ ਹਾਂ ਅਸੀਂ,
ਉਹ ਵੀ ਪਰਾਈ ਕਹਾਵੇਗੀ।

ਮੈਂ ਸਿਰਫ਼ ਅੱਖਰਾਂ ਦੀ ਲੜੀ ਨਹੀਂ,
ਸਦੀਆਂ ਦੇ ਸਾਹਾਂ ਦੀ ਧੜਕਨ ਹਾਂ।
ਇਤਿਹਾਸ ਦੀ ਝੰਕਾਰ ਹਾਂ ਮੈਂ,
ਰੂਹ ਦੀ ਅਸਲੀ ਪਛਾਣ ਹਾਂ ਮੈਂ।

ਮੇਰੇ ਵਿਚ ਵੱਸਦਾ ਵੀਰਾਂ ਦਾ ਜੋਸ਼,
ਮੇਰੇ ਵਿਚ ਸੂਫ਼ੀਆਂ ਦੀ ਤਰੰਗ ਹੈ।
ਮੇਰੇ ਹਰ ਲਫ਼ਜ਼ ਵਿੱਚ ਵੱਸਦਾ,
ਇੱਕ ਜੀਉਂਦਾ ਜਾਗਦਾ ਰੰਗ ਹੈ।

ਜਦੋਂ ਬੱਚਾ ਪਹਿਲੀ ਵਾਰ 'ਮਾਂ' ਹੈ ਕਹਿੰਦਾ,
ਉਹ ਮੇਰਾ ਹੀ ਰਾਗ ਹੈ ਹੁੰਦਾ।
ਜਦੋਂ ਦਰਦ ਹੰਝੂ ਬਣ ਕੇ ਝਲਕਦੇ,
ਉਹ ਵੀ ਮੇਰਾ ਹੀ ਸੁਆਂਗ ਹੈ ਹੁੰਦਾ।

ਮੈਨੂੰ ਕਿਤਾਬਾਂ ਤੱਕ ਸੀਮਿਤ ਨਾ ਰੱਖੋ,
ਮੈਨੂੰ ਘਰਾਂ ਵਿਚਲੀ ਗੱਲ ਬਣਨ ਦਿਓ।
ਮੈਨੂੰ ਰੋਜ਼ਮਰਾ ਦੀ ਬੋਲੀ ਬਣਾਓ,
ਮੈਨੂੰ ਆਪਣੀ ਸ਼ਾਨ ਬਣਨ ਦਿਓ।

ਜੇ ਤੁਸੀਂ ਮੈਨੂੰ ਅਪਣਾ ਲਵੋਗੇ,
ਤਾਂ ਮੈਂ ਫਿਰ ਚੜ੍ਹਦੀ ਕਲਾ ਵਿੱਚ ਹੋ ਜਾਵਾਂਗੀ।
ਹਰ ਦਿਲ ਵਿੱਚ ਜੋਤ ਜਗਾ ਕੇ,
ਫਿਰ ਸੰਸਾਰ ਵਿੱਚ ਛਾ ਜਾਵਾਂਗੀ।

ਕਿਉਂਕਿ ਬੋਲੀ ਸਿਰਫ਼ 'ਬੋਲ' ਨਹੀਂ ਹੁੰਦੀ,
ਇੱਕ ਕੌਮ ਦੀ ਰੂਹ ਹੁੰਦੀ ਹੈ।
ਜਿਸ ਦਿਨ ਰੂਹ ਮਰ ਜਾਵੇ,
ਉਹ ਦਿਨ ਕੌਮ ਵੀ ਖ਼ਾਮੋਸ਼ ਹੁੰਦੀ ਹੈ।

ਆਓ!!
ਅੱਜ ਇੱਕ ਵਾਅਦਾ ਕਰੀਏ,
ਨਾ ਮੈਨੂੰ ਝੁਕਣ ਦੇਵਾਂਗੇ, ਨਾ ਹੀ ਮੁੱਕਣ ਦੇਵਾਂਗੇ।
ਪੰਜਾਬੀ ਹਾਂ, ਪੰਜਾਬੀ ਹੀ ਰਹਾਂਗੇ,
ਤੇ ਪੰਜਾਬੀ ਬੋਲੀ ਨੂੰ ਦਿਲੋਂ ਜਿਉਂਦਾ ਰੱਖਾਂਗੇ।

-ਰੁਪਿੰਦਰ ਕੌਰ ਰੂਪ

## ਮਿਹਨਤਕਸ਼ ਬੰਦੇ

ਤੰਗੀ ਤੁਰਸ਼ੀ ਚਲਦੀ ਰਹਿੰਦੀ,
ਅੱਗ ਦੁੱਖਾਂ ਦੀ ਬਲਦੀ ਰਹਿੰਦੀ,
ਰੁੱਤ ਬਹਾਰ ਦੀ ਢਲਦੀ ਰਹਿੰਦੀ।
ਮਾੜੇ ਲੇਖਾਂ ਨੂੰ ਰੋਈ ਨਾ,
ਤੂੰ ਰੱਬ ਤੋਂ ਮੁਨਕਰ ਹੋਈ ਨਾ।
ਮੈਂ ਮੰਨਦਾ ਤੇਰੀ ਅਜ਼ਲ ਤੋਂ,
ਦੁਖਦਾਇਕ ਕਹਾਣੀ।
ਮੈਂ ਸੁੱਕ ਕੇ ਹਰੀ ਹੁੰਦੀ ਦੇਖੀਏ,
ਇਕ ਰੁੱਖ ਦੀ ਟਾਹਣੀ।

ਫ਼ਿਕਰਾਂ ਵਿੱਚ ਡੁੱਬ ਡੁੱਬ ਕੇ,
ਇਨਸਾਨ ਹੋਵੇ ਭਾਵੇਂ ਘਾਹ,
ਪੀਲਾ ਪੈ ਜਾਂਦਾ।
ਪਰਵਰਦਿਗਾਰ ਜਦ ਨਾਲ ਹੋਵੇ ,
ਦੀਵਾ ਗੁੱਲ ਹੁੰਦਾ ਹੁੰਦਾ ਰਹਿ ਜਾਂਦਾ।
ਮਿਹਨਤਕਸ਼ ਨਹੀਂਓ ਹਾਰ ਦੇ ਹੁੰਦੇ,
ਕਦੇ ਵੀ ਪ੍ਰਾਣੀ ।
ਮੈਂ ਸੁੱਕ ਕੇ ਹਰੀ ਹੁੰਦੀ ਦੇਖੀਏ,
ਇਕ ਰੁੱਖ ਦੀ ਟਾਹਣੀ॥

ਮਨਦੀਪ ਖਾਨਪੁਰੀ

## ਸ਼ਕਲ ਮੋਮਨਾਂ ਕੰਮ ਕਾਫਰਾਂ !

ਛਿੱਟ ਕਾਂਜੀ ਦੀ ਇੱਕ ਹੀ ਬਹੁਤ ਹੁੰਦੀ
ਦੁੱਧ ਫਟ ਜਾਂਦਾ ਸਾਰੇ ਹੀ ਮੱਟ ਦਾ ਏ।
ਵੱਡੇ ਅਹੁਦੇ 'ਤੇ ਬੈਠ ਕੁਕਰਮ ਕਰਦਾ
ਸੰਸਥਾ ਲਈ ਕਲੰਕ ਉਹ ਖੱਟਦਾ ਏ।
ਸ਼ਕਲ ਮੋਮਨਾਂ ਕੰਮ ਪਰ 'ਕਾਫਰਾਂ' ਦੇ
ਸਾਰਾ ਜੱਗ ਅਖਾਣ ਇਹ ਰੱਟਦਾ ਏ।
ਭਾਅ ਥੋਕ ਦੇ ਪੈਂਦੀਆਂ ਲਾਹਣਤਾਂ ਨੂੰ
ਸੁਣ ਸੁਣ ਕੌਮ ਦਾ ਕਾਲਜਾ ਫਟਦਾ ਏ।
ਬਣਿਆ ਹੁੰਦਾ ਜੋ ਅਕਸ ਮਹਾਨਤਾ ਦਾ
ਮੁੱਕੇ ਸ਼ਰਧਾ ਸਤਿਕਾਰ ਵੀ ਘਟਦਾ ਏ।
ਲਾ ਸਿਰਾਂ ਦੀ ਬਾਜੀ ਇਤਿਹਾਸ ਬਣਦਾ
ਆ 'ਫੁਕਰਾ' ਕੋਈ ਛੱਜ ਵਿੱਚ ਛੱਟਦਾ ਏ।



-ਤਰਲੋਚਨ ਸਿੰਘ ਦੁਪਾਲ ਪੁਰ
001-408-905-5517

## ਚਰਖਾ



ਚਰਖਿਆ ਜਿਸ ਨੇ ਵੀ ਤੂੰ ਗੋਲਾਕਾਰ ਬਣਾਇਆ ਸੀ।
ਹਰ ਘਰਦਾ ਵੇ ਸੋਹਣਾ ਜਾ ਸ਼ਿੰਗਾਰ ਬਣਾਇਆ ਸੀ।
ਮਾਲ੍ਹ ਜੇ ਢਿੱਲੀ ਪੇ ਜੇ ਆਉਂਦੀ ਕੱਸਣ ਵਾਲੀ ਨੂੰ।
ਖੁਦ ਤੇ ਮਾਣ ਸੀ ਹੁੰਦਾ ਚਰਖਾ ਕੱਤਣ ਵਾਲੀ ਨੂੰ।

ਕਾਠ ਨਾ ਜੁੜੇ ਮੁੰਨੇ ਮੇਰੀਏ ਸੱਸੇ ਹੁੰਦੇ ਸੀ।
ਲੱਠ ਮਝੇਰੂ ਥੇੜ ਨੇ ਰਲ਼ਕੇ ਕੱਸੇ ਹੁੰਦੇ ਸੀ।
ਸਦਕੇ ਜਾਵਾਂ ਅੱਗੋਂ ਸੱਸ ਉਹ ਡੱਕਣ ਵਾਲੀ ਨੂੰ।
ਖੁਦ ਤੇ ਮਾਣ ਸੀ ਹੁੰਦਾ ਚਰਖਾ ਕੱਤਣ ਵਾਲੀ ਨੂੰ।

ਸ਼ੀਸ਼ੇ ਜੜ ਕੇ ਕਿੱਤੀ ਮੀਨਾਕਾਰੀ ਹੁੰਦੀ ਸੀ।
ਸੋਨੇ ਰੰਗੀ ਉੱਤੇ ਚਿੱਤਰਕਾਰੀ ਹੁੰਦੀ ਸੀ।
ਤੱਕਲ਼ੇ ਤੇ ਜਦ ਪੂਣੀ ਜੱਚਦੀ ਜੱਚਣ ਵਾਲੀ ਨੂੰ।
ਖੁਦ ਤੇ ਮਾਣ ਸੀ ਹੁੰਦਾ ਚਰਖਾ ਕੱਤਣ ਵਾਲੀ ਨੂੰ।

ਗੁੱਡੀ ਚਰਮਖਾਂ ਉਸ ਚਰਖੇ ਦੇ ਗਹਿਣੇ ਹੁੰਦੇ ਸੀ।
ਉਸ ਦੌਰ ਦੇ ਧੰਨਿਆਂ ਓਏ ਕੀ ਕਹਿਣੇ ਹੁੰਦੇ ਸੀ।
ਪੀੜ ਹੁੰਦੀ ਸੀ ਜਦੋਂ ਗਵਾਢਣ ਮੱਚਣ ਵਾਲੀ ਨੂੰ।
ਖੁਦ ਤੇ ਮਾਣ ਸੀ ਹੁੰਦਾ ਚਰਖਾ ਕੱਤਣ ਵਾਲੀ ਨੂੰ।

- ਧੰਨਾ ਧਾਲੀਵਾਲ

## ਰੰਗ ਬਸੰਤੀ

ਰੰਗ ਬਸੰਤੀ ਬੰਨ ਸਿਰਾਂ ਤੇ,
ਹਾਂ.. ਤੇਰੀਆਂ ਪੈੜਾਂ ਛਾਣ ਰਹੇ
ਲੋਕ ਸਿਆਸਤ ਕਰ ਭਗਤ ਸਿੰਹਾਂ,
ਥਾਪੜ ਹਿੱਕਾਂ ਤਾਣ ਰਹੇ
ਰੰਗ ਬਸੰਤੀ ਬੰਨ ਸਿਰਾਂ ਤੇ....

ਖੇਤਾਂ ਵਿੱਚ ਕਿਸਾਨ ਮਰੇ ਤੇ,
ਕੰਮੀ ਮਾਰੇ ਭੁੱਖਾਂ ਨੇ
ਵਿਹਲੜ ਕਰਨ ਸਿਆਸਤ ਲੱਗੇ,
ਜੰਮੇ ਲਫੰਗੇ ਕੁੱਖਾਂ ਨੇ
ਸੋਚ ਬੜੀ ਦੂਰ ਕਿਤੇ ਤੇਰੀ,
ਇਹ ਥਾਪ ਨਹੀਂ ਪਹਿਚਾਣ ਰਹੇ
ਰੰਗ ਬਸੰਤੀ ਬੰਨ ਸਿਰਾਂ ਤੇ....

ਤੇਰੀਆਂ ਲਿਖਤਾਂ ਕੌਣ ਪੜ੍ਹੇ,
ਵਕਤ ਨਹੀਂ ਇਤਿਹਾਸ ਲਈ
ਯਾਦ ਕਰਾਂ ਓਸ ਤਸੱਦਦ ਨੂੰ,
ਦਿਲ ਨਹੀਂ ਅਹਿਸਾਸ ਲਈ
ਤੇਰੇ ਨਾਅਰੇ ਇਨਕਲਾਬੀ ਦਾ,
ਕਰ ਅਸੀਂ ਸਭ ਘਾਣ ਰਹੇ
ਰੰਗ ਬਸੰਤੀ ਬੰਨ ਸਿਰਾਂ 'ਤੇ....

ਮੰਗੇ ਹੱਕ ਜਦ ਹਕੂਮਤ ਤੋਂ,
ਆਖ ਨਕਸਲੀ ਮਾਰੇ ਹਾਂ ਅੱਤਵਾਦੀ ਤੇ
ਵੱਖਵਾਦੀ ਕਹਿ, ਮਾਰ ਗੋਲੀਆਂ ਠਾਰੇ ਹਾਂ
ਤੇਰੀ ਸੋਚ ਚਿਰਾਗਾਂ ਵਰਗੀ,
ਮਾਰ ਸਬਦ ਤੇਰੇ ਬਾਣ ਰਹੇ
ਰੰਗ ਬਸੰਤੀ ਬੰਨ ਸਿਰਾਂ 'ਤੇ....

"ਬਾਲੀ" ਵਾਰਿਸ ਬਣ ਜਾਵੇ ਜੇ,
ਕਾਸ਼! ਜਵਾਨੀ ਚੜ੍ਹਦੀ ਏ
ਸਾਂਭ ਵਿਰਾਸਤ ਲਵੇ ਰੇਤਗੜ੍ਹ,
ਨਸ਼ਿਆਂ ਦੇ ਵਿੱਚ ਹੜ੍ਹ ਦੀ ਏ
ਸ਼ਹੀਦੋ ਰਿਣੀ ਤੁਹਾਡਾ,
ਖੇਤ ਰਹੇ ਖਲਿਆਣ ਰਹੇ
ਰੰਗ ਬਸੰਤੀ ਬੰਨ ਸਿਰਾਂ ਤੇ....

ਬਾਲੀ ਰੇਤਗੜ੍ਹ

# ਸੁਆਦ ਬਨਾਮ ਸਿਹਤ



ਕਿਸੇ ਦਾ ਜਨਮ ਦਿਨ ਹੋਵੇ, ਵਿਆਹ ਸਮਾਗਮ ਹੋਵੇ ਜਾਂ ਕੋਈ ਹੋਰ ਸਮਾਗਮ, ਅੱਜ ਹਰ ਤਰ੍ਹਾਂ ਦੇ ਜਸ਼ਨਾਂ ਵਿੱਚ 'ਫਾਸਟ ਫੂਡ' ਦੀ ਮੌਜੂਦਗੀ ਲਾਜ਼ਮੀ ਹੋ ਗਈ ਹੈ। ਸਾਡੇ ਸਮਿਆਂ ਵਿੱਚ, ਹਲਵਾ ਪੁਰੀ ਅਤੇ ਪੁਦੀਨੇ ਦੀ ਚਟਨੀ ਹੁਣ ਰੁਝਾਨ ਤੋਂ ਬਾਹਰ ਹੋ ਗਈ ਹੈ ਅਤੇ 'ਪੱਛੜੇ' ਸਵਾਦ ਦਾ ਭੋਜਨ ਮੰਨਿਆ ਜਾਂਦਾ ਹੈ। ਹੁਣ ਕੋਈ ਉਨ੍ਹਾਂ ਦਾ ਜ਼ਿਕਰ ਵੀ ਨਹੀਂ ਕਰਨਾ ਚਾਹੁੰਦਾ। ਪੀਜ਼ਾ ਅਤੇ ਬਰਗਰ ਸਿਰਫ਼ ਕਸਬਿਆਂ ਵਿੱਚ ਹੀ ਨਹੀਂ ਸਗੋਂ ਹਰ ਪਿੰਡ ਵਿੱਚ ਪਹੁੰਚ ਗਏ ਹਨ। ਇਸ ਲਈ ਹੁਣ ਪਿੰਡਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਪੇਸਟਰੀਆਂ ਅਤੇ ਪਾਸਤਾ ਲਈ ਸ਼ਹਿਰ ਵੱਲ ਭੱਜਣ ਦੀ ਲੋੜ ਨਹੀਂ ਹੈ। ਪੇਸ਼ੇਵਰ ਤਿਆਰ ਭੋਜਨ ਘਰਕੂਝ ਡਿਲੀਵਰੀ ਕੰਪਨੀਆਂ ਇੰਨੀਆਂ ਵਧੀਆ ਅਤੇ ਤਕਨਾਲੋਜੀ ਵਿੱਚ ਨਿਪੁੰਨ ਹਨ ਕਿ ਉਨ੍ਹਾਂ ਨੇ ਬਹੁਤ ਘੱਟ ਸਮੇਂ ਵਿੱਚ ਆਪਣੀ ਛਾਪ ਛੱਡ ਦਿੱਤੀ ਹੈ। ਇੱਥੇ ਵੀ ਬੱਚਿਆਂ ਦੇ ਸਵਾਦ ਬਦਲਦੇ ਆ ਰਹੇ ਹਨ। ਅੱਜ ਭਾਰਤ ਦੇ 24 ਹਜ਼ਾਰ ਤੋਂ ਵੱਧ ਪਿੰਡਾਂ ਦੇ ਨਾਂ ਪੰਜ ਫਾਸਟ ਫੂਡ ਡਿਲਿਵਰੀ ਕੰਪਨੀਆਂ ਕੋਲ ਰਜਿਸਟਰਡ ਹਨ। ਹੋਰ ਤਿਆਰੀਆਂ ਵੀ ਚੱਲ ਰਹੀਆਂ ਹਨ। ਸ਼ਾਇਦ ਪਿੰਡ ਵਿੱਚ ਪ੍ਰੋਗਰਾਮ ਕਰਵਾ ਕੇ ਹੋਰਨਾਂ ਪਿੰਡਾਂ ਵਿੱਚ ਵੀ ਜਾਗਰੂਕਤਾ ਫੈਲਾਉਣ ਦਾ ਮਕਸਦ ਹੈ। ਮਾਪਿਆਂ ਦੇ ਨਾਂ, ਪਾਸਤਾ ਅਤੇ ਸੈਂਡਵਿਚ ਦੀਆਂ ਕਿਸਮਾਂ ਹੁਣ ਸਕੂਲ ਜਾਣ ਵਾਲੇ ਕਈ ਪੰਜ ਸਾਲ ਦੇ ਬੱਚਿਆਂ ਨੂੰ ਯਾਦ ਹਨ। ਲਗਭਗ ਪੰਜ ਸਾਲ ਦੀ ਉਮਰ ਦੇਅਤੇ ਬੱਚੇ ਵੀ ਮੰਚੂਰੀਅਨ ਨੂੰ ਪਛਾਣਦੇ ਹਨ। ਅੱਜ ਭਾਰਤੀ ਸਮਾਜ ਵਿੱਚ ਇਨ੍ਹਾਂ ਮਿੱਠੇ ਅਤੇ ਨਮਕੀਨ ਫਾਸਟ ਫੂਡਜ਼ ਨੇ ਬੱਚਿਆਂ ਦੇ ਸੁਆਦ ਵਿੱਚ ਓਨੀ ਹੀ ਡੂੰਘੀ ਥਾਂ ਬਣਾ ਲਈ ਹੈ, ਜਿੰਨੀ ਦੇਸੀ ਪਕਵਾਨਾਂ ਜਿਵੇਂ ਕਿ ਨਵਰਤਨ ਦੀ ਚਟਨੀ, ਘਿਓ ਦੇ ਆਟੇ ਦਾ ਹਲਵਾ, ਲੱਡੂ, ਨਾਰੀਅਲ ਦੀ ਖੀਰ, ਪਕੌੜੇ, ਮਸਾਲੇਦਾਰ ਆਲੂ ਆਦਿ। ਨਾ ਬਣਾਓ. ਇਹ ਪੁਰਾਣੀਆਂ ਗੱਲਾਂ ਹੁਣ ਭੁਲਾਈਆਂ ਜਾ ਰਹੀਆਂ ਹਨ। ਇੰਸਟੈਂਟ ਫੂਡ ਜਾਂ ਫਾਸਟ ਫੂਡ ਦੇ ਕਾਰੋਬਾਰ ਵਿੱਚ ਨਿੱਤ ਨਵੇਂ ਤਜਰਬੇ ਕੀਤੇ ਜਾ ਰਹੇ ਹਨ। ਇਨ੍ਹਾਂ ਦੀ ਸ਼ਕਲ, ਰਸਾਇਣਾਂ ਦੀ ਕਿਸਮ, ਸੁਆਦ, ਮਹਿਕ, ਰੰਗ, ਵੰਨ-ਸੁਵੰਨਤਾ ਅਤੇ ਖਾਣ-ਪੀਣ ਦੀ ਸਹੂਲਤ ਫਾਸਟ ਫੂਡ ਦੀ ਪ੍ਰਸਿੱਧੀ ਦੇ ਮੁੱਖ ਕਾਰਨ ਹਨ। ਇਹ ਬਿਨਾਂ ਕਾਰਨ ਨਹੀਂ ਹੈ ਕਿ ਰਵਾਇਤੀ ਭੋਜਨ ਅਤੇ ਭੋਜਨ ਸ਼ੈਲੀਆਂ ਲਈ ਜਗ੍ਹਾ ਹੁਣ ਤੇਜ਼ੀ ਨਾਲ ਸੁੰਗੜ ਰਹੀ ਹੈ। ਲੋਕਾਂ ਦੇ ਸਵਾਦ ਬਦਲ ਰਹੇ ਹਨ। ਇਸ ਪ੍ਰਤੀ ਅਜਿਹੀ ਖਿੱਚ ਪੈਦਾ ਹੋ ਗਈ ਹੈ ਕਿ ਕੁਝ ਲੋਕ ਇਹ ਮੰਨਣ ਲੱਗ ਪਏ ਹਨ ਕਿ ਇਹ ਦੱਬੀ ਹੋਈ ਭੁੱਖ ਨੂੰ ਜਗਾਉਂਦਾ ਹੈ। ਜਿਵੇਂ ਹੀ ਪੀਜ਼ਾ ਜਾਂ ਬਰਗਰ ਦਾ ਨਾਮ ਆਉਂਦਾ ਹੈ, ਕੁਝ ਲੋਕਾਂ ਦੇ ਮਨ ਵਿੱਚ ਇੱਕ ਸੁਆਦੀ ਚਿੱਤਰ ਬਣਨਾ ਸ਼ੁਰੂ ਹੋ ਜਾਂਦਾ ਹੈ। ਇਹ ਪਤਾ ਲਗਾਉਣ ਲਈ ਇੱਕ ਨਸ਼ਾ-ਵਰਗੀ ਰੁਚੀ ਦਾ ਅਧਿਐਨ ਕਰਨ ਦੀ ਜ਼ਰੂਰਤ ਹੈ ਕਿ ਇਹ ਕਿਉਂ ਹੁੰਦਾ ਹੈ ਜੇਕਰ ਅਜਿਹਾ ਹੁੰਦਾ ਹੈ. ਇਸ ਵਿੱਚ ਕੀ ਵਰਤਿਆ ਗਿਆ ਹੈ ਜੋ ਲੋਕਾਂ ਨੂੰ ਅਜਿਹਾ ਸੋਚਣ ਲਈ ਮਜਬੂਰ ਕਰਦਾ ਹੈ? ਅੱਜ ਹਾਲਾਤ ਇਹ ਹਨ ਕਿ ਬਰਗਰ ਦਾ ਟੁਕੜਾ ਮੂੰਹ ਵਿੱਚ ਹੈ। ਜੇਕਰ ਕੋਈ ਵਿਅਕਤੀ ਅੱਖਾਂ ਬੰਦ ਰੱਖ ਕੇ ਖ਼ੁਸ਼ੀ ਨਾਲ ਪਰਾਂਠਾ ਖਾਂਦਾ ਹੈ ਤਾਂ ਉਸ ਨੂੰ ਬੇਰੁਖੀ ਮਹਿਸੂਸ ਹੋ ਸਕਦੀ ਹੈ। ਜਦੋਂ ਕਿ ਪਰਾਠੇ ਦੇ ਗੁਣ ਪੀਜ਼ਾ ਨਾਲੋਂ ਕਈ ਗੁਣਾ ਵੱਧ ਹਨ। ਪਰ ਲੋਕ ਸ਼ਾਇਦ ਹੁਣ ਇਸ ਬਾਰੇ ਸੋਚਦੇ ਵੀ ਨਹੀਂ ਹਨ। ਦੋ-ਤਿੰਨ ਦਹਾਕੇ ਪਹਿਲਾਂ ਤੱਕ ਭੋਜਨ ਦੀ ਗੁਣਵੱਤਾ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਸੀ। ਇਹ ਵੀ ਦੇਖਿਆ ਗਿਆ ਕਿ ਇਹ ਤਾਜ਼ਾ ਸੀ. ਹੁਣ ਤਾਜ਼ੇ ਜਾਂ ਬਾਸੀ ਦਾ ਕੋਈ ਫਾਇਦਾ ਨਹੀਂ। ਬਾਸੀ ਸੈਂਡਵਿਚ ਨੂੰ 'ਓਵਨ' 'ਚ ਕੁਝ ਹੀ ਸਕਿੰਟਾਂ 'ਚ ਗਰਮ ਅਤੇ ਤਾਜ਼ਾ ਬਣਾਇਆ ਜਾ ਸਕਦਾ ਹੈ। ਇਕ ਅੰਕੜੇ ਮੁਤਾਬਕ ਇਕੱਲੇ ਰਾਜਧਾਨੀ ਨੂੰ ਘੱਟੋ-ਘੱਟ 20 ਲੱਖ 'ਫਾਸਟ ਫੂਡ' ਦੇ ਡੱਬੇ ਜਾਂ ਪਾਰਸਲ ਸਪਲਾਈ ਕੀਤੇ ਗਏ। ਇਹ ਦਿੱਲੀ ਵਿੱਚ ਵਾਪਰਦਾ ਹੈ। ਇਨ੍ਹਾਂ ਵਿੱਚ ਖਾਸ ਤੌਰ 'ਤੇ ਸੈਂਡਵਿਚ, ਪੀਜ਼ਾ, ਬਰਗਰ ਆਦਿ ਸ਼ਾਮਲ ਹਨ। ਇਹ ਹੈਰਾਨੀਜਨਕ ਹੋ ਸਕਦਾ ਹੈ, ਪਰ ਕੋਲਡ ਡਰਿੰਕਸ ਦੀ ਵਿਕਰੀ ਦੇ ਅੰਕੜੇ ਹੋਰ ਵੀ ਹੈਰਾਨੀਜਨਕ ਹੋ ਸਕਦੇ ਹਨ। ਸਵਾਦਾਂ ਅਤੇ ਸੁਆਦਾਂ ਦੀ ਦੁਨੀਆ ਵਿੱਚ ਡੁੱਬੋ ਅਤੇ ਸਿਹਤ ਨੂੰ ਭੁੱਲ ਜਾਓ, ਇਹ ਫਾਸਟ ਫੂਡ ਕਾਰੋਬਾਰ ਦਾ ਉਦੇਸ਼ ਹੈ। ਪਾਰਸਲ ਖੋਲ੍ਹਣਾ ਅਤੇ ਉਸ ਵਿੱਚੋਂ ਗਰਮ ਭੋਜਨ ਕੱਢਣਾ ਅਤੇ ਫਿਰ ਆਰਾਮ ਨਾਲ ਬੈਠਣਾ ਅਤੇ ਉਸ ਦੇ ਇੱਕ-ਇੱਕ ਮੂੰਹ ਨੂੰ ਦੰਦਾਂ ਨਾਲ ਕੱਟਣਾ, ਆਪਣੀ ਜੀਭ ਨਾਲ ਰਸੀਲਾ ਬਣਾਉਣਾ, ਇੱਕ ਕਿਸਮ ਦੀ ਖੁਸ਼ੀ ਹੈ ਅਤੇ ਇਸ ਵਿੱਚ ਗੁਆਚ ਜਾਣਾ। ਕੁਝ ਸਮਾਂ ਪਹਿਲਾਂ ਇੱਕ ਪੱਛਮੀ ਗਾਇਕ ਇੱਕ ਫਾਸਟ ਫੂਡ ਦਾ ਪ੍ਰਚਾਰ ਕਰ ਰਿਹਾ ਸੀ। ਇਸ ਨੂੰ ਸੁਆਦ ਨਾਲ ਖਾਧਾ ਜਾ ਰਿਹਾ ਸੀ। ਉਸ ਦਾ ਇੱਕ ਸੰਕੇਤ ਇਹ ਸੀ ਕਿ ਭੋਜਨ ਦੀ ਚਿੰਤਾ ਕਿਉਂ ਕਰਨੀ ਚਾਹੀਦੀ ਹੈ? ਉਸ ਨੂੰ ਇਸ ਤਰ੍ਹਾਂ ਦੇਖਣ ਵਾਲੇ ਲੋਕ ਵੀ ਦਾਲ, ਚੌਲ, ਰੋਟੀ, ਸਾਗ, ਰਾਇਤਾ, ਪਾਪੜ ਅਤੇ ਚਟਨੀ ਭੁੱਲ ਜਾਣਗੇ ਅਤੇ ਉਸੇ ਭੋਜਨ ਵਿਚ ਰੁੱਝ ਜਾਣਗੇ। ਕੋਈ ਆਕਰਸ਼ਕ ਇਸ਼ਤਿਹਾਰ ਦੇਖ ਕੇ ਮਜ਼ਬੂਤ ਮਨ ਵੀ ਉਸ ਦੇ ਨਾਲ-ਨਾਲ ਚੱਲਣ ਲੱਗਦਾ ਹੈ। ਬੱਚੇ ਹੋਣ ਜਾਂ ਕਿਸ਼ੋਰ, ਨੌਜਵਾਨ ਜਾਂ ਬਾਲਗ, ਉਹ ਫਾਸਟ ਫੂਡ ਦੇ ਜਾਲ ਵਿਚ ਫਸ ਜਾਂਦੇ ਹਨ, ਜਿਸ ਨੂੰ ਰੁਤਬੇ ਦਾ ਮਾਪਦੰਡ ਮੰਨਿਆ ਜਾਂਦਾ ਹੈ, ਜਿਵੇਂ ਸੱਪ ਨੂੰ ਰੱਸੀ ਨਾਲ ਉਲਝਾਇਆ ਜਾਂਦਾ ਹੈ। ਵਿਡੰਬਨਾ ਇਹ ਹੈ ਕਿ ਅਜਿਹੀ ਅਗਿਆਨਤਾ ਆਪਣੇ ਨੁਕਸਾਨ ਝੱਲਣ ਦੇ ਬਾਵਜੂਦ ਕਾਇਮ ਰਹਿੰਦੀ ਹੈ। ਇਸ ਨੂੰ ਠੀਕ ਨਹੀਂ ਕੀਤਾ ਜਾਣਾ ਚਾਹੇ ਕਬਜ਼ ਹੋਵੇ, ਦਸਤ, ਗਲੇ ਦੀ ਖਰਾਸ਼, ਰਸਾਇਣਾਂ ਵਾਲੇ ਭੋਜਨ ਕਾਰਨ ਸਰੀਰ ਵਿੱਚ ਦਰਦ, ਵਾਲਾਂ ਦਾ ਝੜਨਾ, ਦੰਦਾਂ ਦਾ ਖਰਾਬ ਹੋਣਾ, ਕੰਨਾਂ ਵਿੱਚ ਦਰਦ ਹੋਣਾ। ਪਰ ਲੋਕ ਆਪਣੀ ਅਗਲੀ ਭੁੱਖ ਦੀ ਪੂਰਤੀ ਲਈ ਵਾਰ-ਵਾਰ ਉਸੇ ਸੰਮੋਹਨ ਵਿਚ ਡੁੱਬੇ ਰਹਿਣਾ ਪਸੰਦ ਕਰਦੇ ਹਨ। ਅੱਜ-ਕੱਲ੍ਹ ਛੋਟੇ-ਛੋਟੇ ਬੱਚੇ ਇਸ ਤਰ੍ਹਾਂ ਦੇ ਖਾਣ-ਪੀਣ ਦੇ ਸ਼ੌਕੀਨ ਹੁੰਦੇ ਜਾ ਰਹੇ ਹਨ ਅਤੇ ਇਸ ਦੇ ਅੱਧੇ-ਕਾਲਪਨਿਕ, ਅੱਧੇ ਜਾਣੇ-ਪਛਾਣੇ, ਅੱਧ-ਸੱਚ ਦੇ ਭਰਮ ਵਿਚ ਆਪਣੀ ਸਿਹਤ ਨੂੰ ਨੁਕਸਾਨ ਪਹੁੰਚਾ ਰਹੇ ਹਨ। ਕਿਸੇ ਨੂੰ ਆਪਣੇ ਭਵਿੱਖ ਦੀ ਚਿੰਤਾ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਦਾ ਭੋਜਨ ਖਾਣ ਦਾ ਮਕਸਦ ਨਾ ਤਾਂ ਕਿਸੇ ਦੀ ਸਿਹਤ ਸੁਧਾਰਨਾ ਹੈ ਅਤੇ ਨਾ ਹੀ ਭੋਜਨ ਰਾਹੀਂ ਚੰਗੇ ਔਸ਼ਧੀ ਗੁਣ ਪ੍ਰਦਾਨ ਕਰਨਾ ਹੈ। ਵਾਲੇ ਪਕਵਾਨ ਪਰੋਸੇ ਜਾਣੇ ਚਾਹੀਦੇ ਹਨ। ਸਾਡੇ ਰਵਾਇਤੀ ਭੋਜਨ ਵਿੱਚ ਰਾਇਤਾ ਅਤੇ ਚੌਲ ਖਾਣ ਨਾਲ ਦਸਤ ਪੂਰੀ ਤਰ੍ਹਾਂ ਠੀਕ ਹੋ ਜਾਂਦੇ ਹਨ। ਜੇਕਰ ਸੁਆਦੀ ਮੂੰਗੀ ਦਾਲ ਚੀਲਾ ਪੁਦੀਨੇ ਦੀ ਚਟਨੀ ਦੇ ਨਾਲ ਖਾਧਾ ਜਾਵੇ ਤਾਂ ਇਹ ਪੇਟ ਦੀਆਂ ਸਮੱਸਿਆਵਾਂ ਯਾਨੀ ਬਦਹਜ਼ਮੀ ਅਤੇ ਕਬਜ਼ ਨੂੰ ਵੀ ਠੀਕ ਕਰਦਾ ਹੈ। ਜੇਕਰ ਨਾਰੀਅਲ ਦੀ ਚਟਨੀ ਅਤੇ ਛੋਲਿਆਂ ਦੀ ਰੋਟੀ ਜਾਂ ਕਰੇਲੇ ਨੂੰ ਮਸਤੀ ਨਾਲ ਖਾਧਾ ਜਾਵੇ ਤਾਂ ਪੇਟ ਦੇ ਕੀੜੇ ਮਰ ਜਾਂਦੇ ਹਨ। ਪਿਆਜ਼ ਦਾ ਸਲਾਦ ਖਾਣ ਨਾਲ ਹੀਟਸਟ੍ਰੋਕ ਤੋਂ ਬਚਿਆ ਜਾਂਦਾ ਹੈ। ਮੇਥੀ ਦੀ ਰੋਟੀ ਜਾਂ ਪਕੌੜਾ ਸਰੀਰ ਦੇ ਦਰਦ ਤੋਂ ਰਾਹਤ ਦਿਵਾਉਂਦਾ ਹੈ। ਸਵਾਲ ਇਹ ਹੈ ਕਿ ਹਰ ਪਾਸੇ ਫੈਲਿਆ ਬਾਜ਼ਾਰ ਦਾ ਇੰਸਟੈਂਟ ਫੂਡ ਖਾਣ ਨਾਲ ਸਿਹਤ ਵਿੱਚ ਕਿੰਨਾ ਸੁਧਾਰ ਹੁੰਦਾ ਹੈ? ਜੇ ਸਿਰਫ ਸੁਆਦ ਅਤੇਜੇਕਰ ਤੁਸੀਂ ਆਕਰਸ਼ਨ ਵਿੱਚ ਡੁੱਬ ਜਾਂਦੇ ਹੋ, ਤਾਂ ਤੁਸੀਂ ਨਾ ਸਿਰਫ਼ ਆਪਣਾ ਪੈਸਾ ਗੁਆਓਗੇ, ਸਗੋਂ ਤੁਹਾਡੀ ਸਿਹਤ ਵੀ ਦਾਅ 'ਤੇ ਲੱਗ ਜਾਵੇਗੀ।



ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

# ਵਿਕਾਸ ਜਾਂ ਕੁਦਰਤ ਤੋਂ ਵਧ ਰਹੀ ਦੂਰੀ ?

ਮਿੱਟੀ ਦੀ ਖ਼ੁਸ਼ਬੂ ਨੂੰ ਕਦੇ ਪੁਰਾਣਾ ਨਾ ਸਮਝੀਂ ਕਿਉਂਕਿ ਇਹੀ ਖ਼ੁਸ਼ਬੂ ਮਨੁੱਖ ਨੂੰ ਉਸ ਦੀਆਂ ਅਸਲ ਜੜ੍ਹਾਂ ਨਾਲ ਜੋੜਦੀ ਹੈ। ਬੀਤੇ ਸਮੇਂ ਵਿੱਚ ਕੱਚੇ ਮਕਾਨ ਪੂਰੀ ਤਰ੍ਹਾਂ ਕੁਦਰਤੀ ਵਸਤਾਂ ਨਾਲ ਤਿਆਰ ਕੀਤੇ ਜਾਂਦੇ ਸਨ। ਸੁੱਕੇ ਹੋਏ ਟੋਭਿਆਂ ਵਿੱਚੋਂ ਮਿੱਟੀ ਦੇ ਛੋਟੇ-ਵੱਡੇ ਡਲਿਆਂ ਨੂੰ ਬਾਹਰ ਕੱਢ ਕੇ ਚੀਕਣੀ ਮਿੱਟੀ ਵਿੱਚ ਤੂੜੀ ਅਤੇ ਗੋਹਾ ਮਿਲਾ ਕੇ ਕੰਧਾਂ ਤੇ ਵਿਹੜਿਆਂ ਨੂੰ ਲਿੱਪਿਆ ਜਾਂਦਾ ਸੀ। ਘਰਾਂ ਦੀਆਂ ਛੱਤਾਂ ਲੱਕੜ ਦੀਆਂ ਸ਼ਤੀਰੀਆਂ, ਬਾਲਿਆਂ, ਸਰਕੰਡੇ ਜਾਂ ਫੂਸ ਨਾਲ ਬਣਾਈਆਂ ਜਾਂਦੀਆਂ ਸਨ।

ਇਹ ਕੁਦਰਤੀ ਮਕਾਨ ਗਰਮੀਆਂ ਵਿੱਚ ਠੰਢੇ ਅਤੇ ਸਰਦੀਆਂ ਵਿੱਚ ਨਿੱਘੇ ਰਹਿੰਦੇ ਸਨ, ਜਿਸ ਨਾਲ ਇਨ੍ਹਾਂ ਵਿੱਚ ਰਹਿਣਾ ਬੇਹੱਦ ਆਰਾਮਦਾਇਕ ਹੁੰਦਾ ਸੀ। ਮੀਂਹ ਦੇ ਮੌਸਮ ਤੋਂ ਪਹਿਲਾਂ ਲੋਕ ਆਪਣੇ ਘਰਾਂ ਨੂੰ ਮੁੜ ਮਿੱਟੀ ਅਤੇ ਗੋਹੇ ਨਾਲ ਲਿੱਪ ਲੈਂਦੇ ਸਨ ਤਾਂ ਜੋ ਮੀਂਹ ਵਿੱਚ ਛੱਤਾਂ ਚੋਣ ਜਾਂ ਤਿਪਕਣ ਨਾ। ਉਸ ਦੌਰ ਵਿੱਚ ਨਾ ਤਾਂ ਪੱਖਿਆਂ, ਕੂਲਰਾਂ ਜਾਂ ਏਅਰ ਕੰਡੀਸ਼ਨਰਾਂ ਦੀ ਲੋੜ ਪੈਂਦੀ ਸੀ ਅਤੇ ਨਾ ਹੀ ਅਜੋਕੇ ਸਮੇਂ ਵਾਂਗ ਸਰਦੀਆਂ ਲਈ ਹੀਟਰਾਂ ਦੀ। ਇਨਸਾਨੀ ਜ਼ਿੰਦਗੀ ਲਈ ਕੁਦਰਤ ਆਪ ਹੀ ਸਭ ਕੁਝ ਸੀ।

ਕੁਦਰਤੀ ਵਾਤਾਵਰਨ ਨੂੰ ਮੁੱਖ ਰੱਖਦਿਆਂ ਘਰਾਂ ਦੀ ਉਸਾਰੀ ਸਮੇਂ ਰੌਸ਼ਨਦਾਨ, ਖੁੱਲ੍ਹੀਆਂ ਖਿੜਕੀਆਂ ਅਤੇ ਵੱਡੇ-ਵੱਡੇ ਵਿਹੜੇ ਘਰ ਦਾ ਲਾਜ਼ਮੀ ਹਿੱਸਾ ਹੁੰਦੇ ਸਨ, ਜਿਸ ਨਾਲ ਘਰ ਹਰ ਵੇਲੇ ਹਵਾਦਾਰ ਰਹਿੰਦੇ ਸਨ। ਘਰਾਂ ਦੇ ਆਸ-ਪਾਸ ਨਿੰਮ, ਟਾਹਲੀ, ਅੰਬ, ਜਾਮਣ ਅਤੇ ਕਿੱਕਰ ਵਰਗੇ ਸੰਘਣੇ ਛਾਂਦਾਰ ਰੁੱਖ ਲਾਏ ਜਾਂਦੇ ਸਨ। ਇਹ ਰੁੱਖ ਸਿਰਫ਼ ਛਾਂ ਹੀ ਨਹੀਂ ਦਿੰਦੇ ਸਨ ਸਗੋਂ ਘਰਾਂ ਦੇ ਆਲੇ-ਦੁਆਲੇ ਦੇ ਤਾਪਮਾਨ ਨੂੰ ਸੰਤੁਲਿਤ ਰੱਖਣ, ਸ਼ੁੱਧ ਆਕਸੀਜਨ ਦੇਣ ਅਤੇ ਮਨੁੱਖਾਂ ਦੇ ਨਾਲ-ਨਾਲ ਪਸ਼ੂ-ਪੰਛੀਆਂ ਲਈ ਵੀ ਵੱਡਾ ਆਸਰਾ ਬਣਦੇ ਸਨ।

ਇੱਕੀਵੀਂ ਸਦੀ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੀ ਬਦੌਲਤ ਮਨੁੱਖ ਦੇ ਰਹਿਣ-ਸਹਿਣ, ਖਾਣ-ਪੀਣ ਅਤੇ ਪਹਿਨਣ ਵਿੱਚ ਵੱਡੀਆਂ ਤਬਦੀਲੀਆਂ ਆਈਆਂ ਹਨ। ਅੱਜ ਆਧੁਨਿਕ ਤਕਨੀਕ ਦੀ ਵਰਤੋਂ ਕਰਦਿਆਂ ਮਕਾਨ ਅਤੇ ਕੋਠੀਆਂ ਇੱਟਾਂ, ਸੀਮਿੰਟ, ਲੋਹੇ ਅਤੇ ਕੰਕਰੀਟ ਦੀ ਮਦਦ ਨਾਲ ਉਸਾਰੇ ਜਾ ਰਹੇ ਹਨ।



ਵਾਤਾਵਰਨ ਦਾ ਸੰਤੁਲਨ ਵਿਗੜਨ ਅਤੇ ਗਰਮੀ ਵਧਣ ਕਾਰਨ ਤਾਪਮਾਨ ਨੂੰ ਕਾਬੂ ਹੇਠ ਰੱਖਣ ਲਈ ਹੁਣ ਘਰ-ਘਰ ਏਅਰ ਕੰਡੀਸ਼ਨਰਾਂ ਅਤੇ ਸਰਦੀਆਂ ਵੇਲੇ ਹੀਟਰਾਂ ਦੀ ਅੰਨ੍ਹੇਵਾਹ ਵਰਤੋਂ ਹੋਣ ਲੱਗੀ ਹੈ। ਇਸ ਨਵੇਂ ਰੁਝਾਨ ਨੂੰ ਵੇਖਦਿਆਂ ਆਰਕੀਟੈਕਟਾਂ ਅਤੇ ਇੰਜੀਨੀਅਰਾਂ ਵੱਲੋਂ ਪੂਰੀ ਕੋਠੀ ਨੂੰ ਏਸੀ-ਯੁਕਤ ਬਣਾਉਣ ਲਈ ਹੁਣ ਰੌਸ਼ਨਦਾਨਾਂ ਨੂੰ ਗ਼ੈਰ-ਜ਼ਰੂਰੀ ਸਮਝ ਕੇ ਬਿਲਕੁਲ ਖ਼ਤਮ ਕਰ ਦਿੱਤਾ ਗਿਆ ਹੈ ਜਦੋਂਕਿ ਪੁਰਾਣੇ ਸਮੇਂ ਵਿੱਚ ਘਰਾਂ ਅੰਦਰ ਰੌਸ਼ਨਦਾਨ ਬਣਾਉਣਾ ਸਭ ਤੋਂ ਅਹਿਮ ਮੰਨਿਆ ਜਾਂਦਾ ਸੀ। ਅੱਜ ਕਈ ਨਵੇਂ ਘਰਾਂ ਦੇ ਨਕਸ਼ਿਆਂ ਵਿੱਚੋਂ ਰੌਸ਼ਨਦਾਨ ਸਿਰਫ਼ ਗਾਇਬ ਹੀ ਨਹੀਂ ਹੋਏ ਸਗੋਂ ਖਿੜਕੀਆਂ ਵਿੱਚ ਵੱਡੇ-ਵੱਡੇ ਪੱਕੇ ਸ਼ੀਸ਼ੇ ਲਗਾ ਦਿੱਤੇ ਜਾਂਦੇ ਹਨ ਅਤੇ ਹਵਾ ਆਉਣ ਲਈ ਖਿੜਕੀਆਂ ਵੀ ਬਹੁਤ ਛੋਟੀਆਂ ਰੱਖੀਆਂ ਜਾਂਦੀਆਂ ਹਨ। ਇਸ ਕਾਰਨ ਕੋਠੀ ਦੇ ਅੰਦਰ ਕੁਦਰਤੀ ਹਵਾ ਦਾ ਦਾਖ਼ਲਾ ਨਾਮੁਮਕਿਨ ਹੋ ਜਾਂਦਾ ਹੈ। ਕਮਰਿਆਂ ਵਿੱਚੋਂ ਗੰਦੀ ਅਤੇ ਬਾਸੀ ਹਵਾ ਬਾਹਰ ਨਿਕਲਣ ਲਈ ਕੋਈ ਵੀ ਰੌਸ਼ਨਦਾਨ ਨਾ ਹੋਣ ਕਾਰਨ ਇਹ ਸਥਿਤੀ ਮਨੁੱਖੀ ਸਿਹਤ ਉੱਤੇ ਬਹੁਤ ਮਾੜਾ ਪ੍ਰਭਾਵ ਪਾ ਰਹੀ ਹੈ।

ਲਖਵਿੰਦਰ ਪਾਲ ਗਰਗ

ਬੇਸ਼ੱਕ ਆਰ ਸੀ ਸੀ ਲੈਂਟਰ ਵਾਲੇ ਸੀਮਿੰਟ ਅਤੇ ਕੰਕਰੀਟ ਦੇ ਬਣੇ ਇਹ ਘਰ ਪੁਰਾਣੇ ਜ਼ਮਾਨੇ ਦੇ ਕੱਚੇ ਮਕਾਨਾਂ ਨਾਲੋਂ ਕਈ ਗੁਣਾ ਵੱਧ ਮਜ਼ਬੂਤ ਹਨ ਪਰ ਇਹ ਗਰਮੀ ਵਿੱਚ ਬਹੁਤ ਜਲਦੀ ਤਪ ਜਾਂਦੇ ਹਨ ਅਤੇ ਸਰਦੀਆਂ ਵਿੱਚ ਬਹੁਤ ਜ਼ਿਆਦਾ ਠੰਢੇ ਹੋ ਜਾਂਦੇ ਹਨ। ਇਸ ਦੇ ਨਤੀਜੇ ਵਜੋਂ ਏਅਰ ਕੰਡੀਸ਼ਨਰ, ਕੂਲਰ, ਹੀਟਰ ਅਤੇ ਹੋਰ ਬਿਜਲੀ ਦੇ ਸਾਧਨਾਂ ਉੱਤੇ ਨਿਰਭਰ ਰਹਿਣਾ ਪੈਂਦਾ ਹੈ। ਸਵਾਲ ਇਹ ਹੈ ਕਿ ਕੀ ਅਸੀਂ ਆਧੁਨਿਕ ਸੁੱਖ-ਸਹੂਲਤਾਂ ਨੂੰ ਹਾਸਲ ਕਰਦੇ-ਕਰਦੇ ਅਸਲ ਵਿੱਚ ਕੁਦਰਤ ਤੋਂ ਬਹੁਤ ਦੂਰ ਹੋ ਗਏ ਹਾਂ?

ਮਨੁੱਖ ਵੱਲੋਂ ਵਿਕਾਸ ਦੇ ਨਾਂ 'ਤੇ ਰੁੱਖਾਂ ਦੀ ਕੀਤੀ ਜਾ ਰਹੀ ਅੰਨ੍ਹੇਵਾਹ ਕਟਾਈ ਅੱਜ ਇੱਕ ਬੇਹੱਦ ਗੰਭੀਰ ਚਿੰਤਾ ਦਾ ਵਿਸ਼ਾ ਬਣ ਚੁੱਕੀ ਹੈ। ਜਿੰਨੀ ਤੇਜ਼ੀ ਨਾਲ ਦਰੱਖ਼ਤ ਵੱਢੇ ਜਾ ਰਹੇ ਹਨ, ਉਸ ਮੁਤਾਬਿਕ ਨਵੇਂ ਰੁੱਖ ਨਹੀਂ ਲਗਾਏ ਜਾ ਰਹੇ। ਇਸ ਦਾ ਭਾਰੀ ਖ਼ਮਿਆਜ਼ਾ ਵਧਦੇ ਤਾਪਮਾਨ, ਬਦਲਦੇ ਮੌਸਮੀ ਚੱਕਰ ਅਤੇ ਗਰਮੀਆਂ ਦੀ ਤੀਬਰਤਾ ਵਿੱਚ ਵਾਧੇ ਵਜੋਂ ਸਾਹਮਣੇ ਆ ਰਿਹਾ ਹੈ। ਇਸ ਤੋਂ ਇਲਾਵਾ ਸਿੰਗਲ-ਯੂਜ਼ ਪਲਾਸਟਿਕ ਨੇ ਮਿੱਟੀ, ਪਾਣੀ ਅਤੇ ਜੀਵ-ਜੰਤੂਆਂ ਲਈ ਅਨੇਕਾਂ ਨਵੀਆਂ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਇਨਸਾਨੀ ਸਹੂਲਤਾਂ ਲਈ ਬਣਾਈਆਂ ਗਈਆਂ ਕਈ ਚੀਜ਼ਾਂ ਅੱਜ ਕੁਦਰਤ ਲਈ ਵੱਡਾ ਸਰਾਪ ਬਣ ਗਈਆਂ ਹਨ।

ਅੱਜ ਕਈ ਲੋਕ ਆਪਣੇ ਫਾਰਮ ਹਾਊਸਾਂ ਵਿੱਚ ਮਿੱਟੀ, ਗਾਰੇ, ਲੱਕੜ, ਗਾਰਡਰ, ਕਾਨਿਆਂ ਅਤੇ ਬਾਲਿਆਂ ਦੀ ਮਦਦ ਨਾਲ ਇੱਕ-ਦੋ ਕੱਚੇ ਕਮਰੇ ਤਿਆਰ ਕਰਵਾ ਰਹੇ ਹਨ। ਉਹ ਉੱਥੇ ਕੁਝ ਸਮਾਂ ਬਿਤਾ ਕੇ ਉਸ ਕੁਦਰਤੀ ਸਕੂਨ ਦੀ ਭਾਲ ਕਰਦੇ ਹਨ, ਜੋ ਉਨ੍ਹਾਂ ਨੂੰ ਕੰਕਰੀਟ ਅਤੇ ਸੀਮਿੰਟ ਦੀਆਂ ਮਹਿੰਗੀਆਂ ਕੋਠੀਆਂ ਵਿੱਚੋਂ ਨਹੀਂ ਮਿਲਦਾ। ਕੱਚੇ ਫ਼ਰਸ਼ਾਂ ਦੀ ਥਾਂ ਹੁਣ ਸੰਗਮਰਮਰ, ਗ੍ਰੇਨਾਈਟ ਅਤੇ ਚਮਕਦਾਰ ਟਾਈਲਾਂ ਨੇ ਲੈ ਲਈ ਹੈ।

ਆਧੁਨਿਕ ਘਰਾਂ ਵਿੱਚ ਬੈੱਡਰੂਮ ਨਾਲ ਟਾਇਲਟ ਜੋੜਨ ਦਾ ਰੁਝਾਨ ਵੀ ਵਧਿਆ ਹੈ ਜਦੋਂਕਿ ਪੁਰਾਣੇ ਬਜ਼ੁਰਗ ਟਾਇਲਟ ਰਹਿਣ ਵਾਲੇ ਕਮਰਿਆਂ ਤੋਂ ਦੂਰ ਬਣਾਉਂਦੇ ਸਨ ਤਾਂ ਜੋ ਬਦਬੂ ਅਤੇ ਨੁਕਸਾਨਦੇਹ ਪ੍ਰਭਾਵਾਂ ਤੋਂ ਬਚਿਆ ਜਾ ਸਕੇ। ਪਹਿਲਾਂ ਬੱਚੇ ਮਿੱਟੀ ਵਿੱਚ ਖੇਡਦੇ, ਰੁੱਖਾਂ 'ਤੇ ਚੜ੍ਹਦੇ ਅਤੇ ਖੁੱਲ੍ਹੇ ਵਿਹੜਿਆਂ ਵਿੱਚ ਦੌੜਦੇ ਸਨ, ਪਰ ਅੱਜ ਉਹ ਚਾਰਦੀਵਾਰੀ ਅੰਦਰ ਪੱਕੇ ਫ਼ਰਸ਼ਾਂ, ਮਹਿੰਗੇ ਖਿਡੌਣਿਆਂ ਅਤੇ ਮੋਬਾਈਲ ਫੋਨਾਂ ਦੀਆਂ ਡਿਜੀਟਲ ਸਕਰੀਨਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਏ ਹਨ ਜਦੋਂਕਿ ਮਾਹਿਰਾਂ ਦਾ ਮੰਨਣਾ ਹੈ ਕਿ ਬੱਚਿਆਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਸਿਰਫ਼ ਕੁਦਰਤੀ ਮਾਹੌਲ ਵਿੱਚ ਰਹਿ ਕੇ ਹੀ ਮੁਮਕਿਨ ਹੈ।

ਪੁਰਾਣੇ ਕੱਚੇ ਘਰਾਂ ਦੀਆਂ ਆਪਣੀਆਂ ਸੀਮਾਵਾਂ ਸਨ, ਪਰ ਆਧੁਨਿਕ ਘਰਾਂ ਦੀ ਮਜ਼ਬੂਤੀ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਸਮੱਸਿਆ ਦਾ ਹੱਲ ਪੁਰਾਣੇ ਜਾਂ ਨਵੇਂ ਵਿੱਚੋਂ ਕਿਸੇ ਇੱਕ ਨੂੰ ਚੁਣਨਾ ਨਹੀਂ ਸਗੋਂ ਦੋਵਾਂ ਦੀਆਂ ਖ਼ੂਬੀਆਂ ਨੂੰ ਅਪਣਾ ਕੇ ਇੱਕ ਅਜਿਹਾ ਘਰ ਬਣਾਉਣਾ ਹੈ ਜੋ ਹਰ ਮੌਸਮ ਦੇ ਅਨੁਕੂਲ ਹੋਵੇ। ਅੱਜ ਲੋੜ ਹੈ ਕਿ ਨਵੇਂ ਘਰਾਂ ਦੀ ਉਸਾਰੀ ਸਮੇਂ ਰੌਸ਼ਨਦਾਨਾਂ, ਕੁਦਰਤੀ ਹਵਾ, ਵਰਖਾ ਦੇ ਪਾਣੀ ਦੀ ਸੰਭਾਲ, ਕੂੜਾ ਪ੍ਰਬੰਧਨ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਨੂੰ ਪਹਿਲ ਦਿੱਤੀ ਜਾਵੇ। ਜੇ ਵਿਕਾਸ ਨੂੰ ਕੁਦਰਤ ਨਾਲ ਜੋੜਿਆ ਜਾਵੇਗਾ ਤਾਂ ਹੀ ਸਾਡੇ ਘਰ ਸਿਹਤਮੰਦ ਅਤੇ ਵਾਤਾਵਰਣ ਸੁਰੱਖਿਅਤ ਰਹਿ ਸਕੇਗਾ।

Dosanjh Family
AUTO GROUP

Cadillac
CHEVROLET
INFINITI
KIA
NISSAN
BUICK
GMC
LIVERMORE TOYOTA
HYUNDAI
Fremont Hyundai
TOYOTA
Ford
ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD